# ਚਿਰਾਗ

ਜਨਵਰੀ-ਜੂਨ 2011

**January - June 2011**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਵਿਗਾੜ

## ਇੰਟਰਵੀਊ ਵਿਸ਼ੇਸ਼ ਅੰਕ



ਪਾਬਲੋ ਨੇਰੂਦਾ ਤੇ ਉਸ ਦੀ ਪਤਨੀ ਯਰੂਤੀਆ - 1964


50 ਰੁਪਏ

75-76

ਜਨਵਰੀ- ਜੂਨ 2011



ਸੰਪਾਦਕ - ਹਰਭਜਨ ਸਿੰਘ ਹੁੰਦਲ

# ਚਿਰਾ.ਗ ਤਿਮਾਹੀ

**ਜਨਵਰੀ- ਜੂਨ 2011**



ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ,
ਲਾਲ ਸਿੰਘ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ
ਪ੍ਰਤੀਨਿਧ- ਗਿਆਨ ਸਿੰਘ ਬਿਲਗਾ, ਯੂ.ਐਸ.ਏ., ਨਵਤੇਜ ਸਿੰਘ (ਕੈਨੇਡਾ)


## ਤਤਕਰਾ


1. ਇੰਟਰਵੀਊ ਦੀ ਮੇਰੀ ਤਲਾਸ਼ - ਹਰਭਜਨ ਸਿੰਘ ਹੁੰਦਲ
2. ਮੁਲਾਕਾਤ- ਪਾਬਲੋ ਨੇਰੂਦਾ / ਗੀਤਾ ਸਵੇਤ
3. ਅਲੈਂਗਜਾਂਦਰੋਸ ਪਾਨਾਗਾਊਲੀਸ / ਓਰੀਆਨਾ ਫਲਾਸੀ
4. ਮੁਲਖ ਰਾਜ ਆਨੰਦ / ਸਾਰੋਸ ਨਾਵਸਕੀ
5. ਫੈਜ਼ ਅਹਿਮਦ ਫੈਜ਼ / ਕ੍ਰਿਸ਼ਨ ਗੋਲਡ
6. ਹਬੀਬ ਤਨਵੀਰ / ਸ਼ਾਹਿਦ ਅਨਵਰ
7. ਮਾਰਜ਼ੀਏ ਅਸ਼ਰਫ਼ ਮੁਰਤਜ਼ਾਈ / ਥੀਓਡੋਰ ਸਟੈਂਗਰ
8. ਹਾਂਸ ਆਈਸਲਰ / ਪੱਤਰਕਾਰ
9. ਅਰਪਨਾ ਕੌਰ / ਬੇਲੂ ਮਹੇਸ਼ਵਰੀ
10.. ਹੈਦਰ ਰਜ਼ਾ / ਊਸ਼ਾ ਮਹਾਜਨ
11. ਪਾਲ ਵਿੰਟਰ / ਯਵਗਾਨੀ ਯਵਤੂ ਸ਼ੈਂਕੋ
12. ਚੰਗੇਜ਼ ਐਟਮਾਤੋਵ / ਨਿਕਲਾਈ ਖੋਖਲੋਵ
13. ਮੇਰੀ ਹੈਮਿੰਗਵੇ / ਓਰੀਆਨਾ ਫਲਾਸੀ
14. ਕੁਮਾਰ ਵਿਕਲ / ਮਹਾਂਵੀਰ ਅਗਰਵਾਲ
15. ਸਰਗੇਈ ਮੀਖਾਲ ਕੋਵ / ਪੱਤਰਕਾਰ
16. ਅਲੈਗਜ਼ਾਂਦਰ ਸੋਲਜ਼ੇਨਿਤਸਨ / ਕ੍ਰਿਸਟੀਨੀਅਨ ਕੀਫ਼
17. ਹਬੀਬ ਜਾਲਿਬ / ਸੁਹੇਲ ਵਾਹੀਦ
18. ਮਹਿਮੂਦ ਦਰਵੇਸ਼ / ਫਰਾਂਜ਼ ਚੌਧਾਂ



Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188
(M) 99150-42242
Website : www.punjabilokyan.com



ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰੋਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |

Email : kjskurukshetra@yahoo.com

ਚੰਦਾ ਸਿਰ.ਫ ਮਨੀ ਆਰਡਰ ਰਾਹੀਂ ਭੇਜਿਆ ਜਾਵੇ।

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।



ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।



ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 282 -ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ - 31 ਜਨਵਰੀ, 2011

ਨੋਟ— ਇਸ ਅੰਕ ਦੇ ਸਾਰੇ ਅਨੁਵਾਦ ਹਰਭਜਨ ਸਿੰਘ ਹੁੰਦਲ ਦੇ ਕੀਤੇ ਹੋਏ ਹਨ


ਸੰਪਾਦਕੀ ਟਿੱਪਣੀ

# ਇੰਟਰਵਿਊ ਦੀ ਤਲਾਸ਼

ਚਿਰਾ.ਗ ਦੇ ਸੰਪਾਦਕੀ ਮੰਡਲ ਨੇ ਫੈਸਲਾ ਕੀਤਾ ਸੀ ਕਿ ਅੱਗੇ ਤੋਂ ਹਰ ਅੰਕ ਵਿਚ ਪੰਜਾਬੀ ਲੇਖਕਾਂ ਵਿਚੋਂ ਕਿਸੇ ਇੱਕ ਪ੍ਰਸਿੱਧ ਲੇਖਕ ਨਾਲ ਕੀਤਾ ਗਿਆ ਇੰਟਰਵਿਊ ਛਾਪਿਆ ਜਾਇਆ ਕਰੇ। ਇਹ ਕੰਮ ਫੀਲਡ ਵਰਕ ਦਾ ਸੀ। ਲੇਖਕ ਦੀ ਚੋਣ ਕਰਨੀ, ਉਸ ਕੋਲੋਂ ਵਕਤ ਲੈਣਾ, ਪੁੱਛੇ ਜਾਣ ਵਾਲੇ ਸਵਾਲਾਂ ਦੀ ਸੂਚੀ ਬਣਾਉਣੀ ਤੇ ਟੇਪ ਰਿਕਾਰਡ ਕੀਤੀ ਗਈ ਇੰਟਰਵਿਊ ਦਾ ਉਤਾਰਾ ਕਰਨਾ। ਇਹ ਕੰਮ ਕਿਸੇ ਨੌਜਵਾਨ ਉਤਸ਼ਾਹੀ ਤੇ ਜਨੂੰਨੀ ਦਾ ਸੀ, ਜੋ ਮੈਂ ਹੁਣ ਬੁਢਾਪੇ ਕਾਰਨ ਨਹੀਂ ਸੀ ਕਰ ਸਕਦਾ। (ਇਹ ਖੇਤਰ ਅਜੇ ਵੀ ਕਿਸੇ ਹਿੰਮਤੀ ਅਥਵਾ ਉੱਦਮੀ ਲੇਖਕ ਨੂੰ ਉਡੀਕ ਰਿਹਾ ਹੈ। ਕੋਈ ਸੰਸਥਾ ਜੇ ਇਸ ਕੰਮ ਨੂੰ ਆਰੰਭ ਕਰ ਸਕੇ ਤਾਂ ਬਹੁਤ ਕੁਝ ਸਾਂਭਿਆ ਜਾ ਸਕਦਾ ਹੈ।)

ਮੈਂ ਇਸ ਦੇ ਟਾਕਰੇ ਉੱਤੇ ਇੱਕ ਸੌਖਾ ਤਰੀਕਾ ਲੱਭਣ ਦਾ ਯਤਨ ਕੀਤਾ। ਮੈਂ ਆਪਣੀ ਨਿਜੀ ਲਾਇਬ੍ਰੇਰੀ ਵਿਚ ਪਈਆਂ ਕੀਮਤੀ ਪੁਸਤਕਾਂ, ਪੁਰਾਣੇ ਰਸਾਲਿਆਂ ਅਤੇ ਮੇਰੀਆਂ ਨਿਜੀ ਫਾਈਲਾਂ ਵਿਚ ਪਏ ਤੇ ਕੱਟਕੇ ਰੱਖੇ ਪੁਰਾਣੇ ਇੰਟਰਵਿਊਆਂ ਨੂੰ ਲੱਭਣਾ ਤੇ ਤਲਾਸ਼ ਕਰਨਾ ਆਰੰਭ ਕਰ ਦਿੱਤਾ। ਇਹ ਕਈ ਭਾਸ਼ਾਵਾਂ ਵਿਚ ਸਨ। ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿਚ। ਮੈਂ ਇਹ ਸਾਰੇ ਇੰਟਰਵਿਊ ਜਦ ਇਕੱਤਰ ਕਰ ਲਏ ਤਾਂ ਇਹਨਾਂ ਦੀ ਗਿਣਤੀ ਮੇਰੇ ਅਨੁਮਾਨ ਤੇ ਲੋੜ ਤੋਂ ਕਿਤੇ ਵੱਧ ਸੀ। ਇਹ ਕਈ ਦੇਸ਼ਾਂ ਤੇ ਕੌਮਾਂ ਦੇ ਲੇਖਕਾਂ, ਚਿੰਤਕਾਂ, ਬੁੱਧੀਜੀਵੀਆਂ ਤੇ ਕਲਾਕਾਰਾਂ ਨਾਲ ਸਬੰਧਿਤ ਸਨ। ਮੈਂ ਅਨੁਭਵ ਕੀਤਾ ਹੈ ਕਿ ਜੇ ਇਸ ਖੇਤਰ ਵਿਚ ਕੋਈ ਉਤਸ਼ਾਹੀ ਤੇ ਉੱਦਮੀ ਨੌਜਵਾਨ ਲੇਖਕ ਇਹਨਾਂ ਖਿੰਡੇ-ਪੁੰਡੇ ਇੰਟਰਵਿਊਆਂ ਨੂੰ ਇਕੱਤਰ ਕਰਨ ਦਾ ਟੀਚਾ ਮਿੱਥ ਲਵੇ ਤਾਂ ਬੜੀ ਕੀਮਤੀ ਸਾਹਿਤਕ ਤੇ ਵਿਚਾਰਧਾਰਕ ਸਮੱਗਰੀ ਇਕੱਠੀ ਕਰਕੇ ਛਪਵਾਈ ਜਾ ਸਕਦੀ ਹੈ। ਇਸ ਕਾਰਜ-ਖੇਤਰ ਦੀ ਕੋਈ ਪ੍ਰਾਂਤਕ, ਕੌਮੀ ਤੇ ਕੌਮਾਂਤਰੀ ਸੀਮਾ ਨਹੀਂ ਹੈ। ਦੇਸ਼ਾਂ ਤੇ ਕੌਮਾਂ ਦੀਆਂ ਰੋਕਾਂ ਤੇ ਹੱਦ ਬੰਦੀਆਂ ਨੂੰ ਉਲੰਘ ਕੇ ਬਹੁਤ ਕੁਝ ਕੀਮਤੀ ਲੱਭਿਆ ਤੇ ਪ੍ਰਕਾਸ਼ਿਤ ਕੀਤਾਂ ਜਾ ਸਕਦਾ ਹੈ। ਇਥੇ ਫਿਰ ਸੰਸਥਾਈ ਪ੍ਰੇਰਨਾ ਤੇ ਸਹਾਇਤਾ ਦੀ ਲੋੜ ਪ੍ਰਤੀਤ ਹੁੰਦੀ ਹੈ।

ਆਪਣੀ ਵਿੱਤ ਤੇ ਸੀਮਾ ਵਿਚ ਰਹਿ ਕੇ ਮੈਂ ਇਹ ਕੁਝ ਸਮੱਗਰੀ ਇਕੱਠੀ ਕੀਤੀ ਹੈ। ਇਸੇ ਹੀ ਤਲਾਸ਼ ਦੇ ਸਿੱਟੇ ਵਜੋਂ ਮੈਨੂੰ ਆਪਣੇ ਅਜ਼ੀਜ ਤੇ ਪੱਤਰਕਾਰ ਦੋਸਤ ਗੁਰਦਿਆਲ

ਸਿੰਘ ਬੱਲ ਕੋਲੋਂ ਇਟਲੀ ਦੀ ਚਮਤਕਾਰੀ ਤੇ ਰੌਸ਼ਨ-ਦਿਮਾਗ ਜਗਤ ਪ੍ਰਸਿੱਧ ਇੰਟਰਵੀਊਕਾਰ 'ਓਰੀਆਨਾ ਫਲਾਸੀ' ਦੀ ਸੁਪ੍ਰਸਿੱਧ ਪੁਸਤਕ Interview with History (ਇਤਿਹਾਸ ਨਾਲ ਗੁਫ਼ਤਗੂ) ਦੀ ਦੱਸ ਪਈ। ਇਸ ਅਜ਼ੀਮ ਪੁਸਤਕ ਨੂੰ ਪੜ੍ਹਕੇ ਮੈਨੂੰ ਅਨੁਭਵ ਹੋਇਆ ਕਿ ਸਾਹਿਤ ਦੇ ਇਸ ਰੂਪ ਵਿਚ ਕਿੰਨੀਆਂ ਅਸੀਮ ਸੰਭਾਵਨਾਵਾਂ ਲੁਕੀਆਂ ਹੋਈਆਂ ਹਨ। ਇਸ ਪੁਸਤਕ ਦੇ ਪਾਠ ਤੋਂ ਪ੍ਰਭਾਵਿਤ ਹੋ ਕੇ ਮੈਂ ਆਪਣੇ ਕੈਨੇਡਾ ਵਸਦੇ ਸਪੁੱਤਰ ਹਰਿੰਦਰ ਪਾਲ ਸਿੰਘ ਰਾਹੀਂ ਫਲਾਸੀ ਦੀ ਇੰਟਰਵਿਊਆਂ ਦੀ ਦੂਸਰੀ ਪੁਸਤਕ The Egoists ਮੰਗਵਾਈ। ਇਹ ਔਰਤ ਆਪਣਾ ਟੇਪ ਰਿਕਾਰਡ ਲੈ ਕੇ ਯੂਰਪ, ਏਸ਼ੀਆ, ਉੱਤਰੀ ਅਮਰੀਕਾ ਤੇ ਦੱਖਣੀ ਅਫ਼ਰੀਕਾ ਤੀਕ ਜਾਂਦੀ ਸੀ ਤੇ ਲੰਮੇ-ਲੰਮੇ ਇੰਟਰਵਿਊ ਕਰਕੇ ਆਪਣੀ ਪੱਤ੍ਰਿਕਾ ਵਿਚ ਛਾਪਦੀ ਸੀ। ਉਹ ਖ਼ੁਦ ਬੜੀ ਤਿੱਖੀ ਸੋਚ ਦੀ ਮਾਲਕ ਤੇ ਅਦੁੱਤੀ ਪ੍ਰਤਿਭਾ ਵਾਲੀ ਲੇਖਿਕਾ ਸੀ। ਵਿਚਾਰ-ਅਧੀਨ ਵਿਅਕਤੀ ਨੂੰ ਤਿੱਖੇ ਤੇ ਅਲੋਕਾਰ ਪ੍ਰਸ਼ਨ ਪੁੱਛਣ ਵੇਲੇ ਉਹ ਭੁੱਟੋ ਤੇ ਇੰਦਰਾ ਗਾਂਧੀ ਵਰਗਿਆਂ ਦੇ ਥੰਮ੍ਹ ਹਿਲਾ ਦਿੰਦੀ ਸੀ। ਮੈਂ ਉਸ ਦੇ ਦੋ ਇੰਟਰਵਿਊ ਦੋਵਾਂ ਹੀ ਪੁਸਤਕਾਂ ਵਿਚੋਂ ਲੈ ਕੇ ਅਨੁਵਾਦ ਕੀਤੇ ਹਨ।

ਮੇਰਾ ਇਹ ਕੰਮ ਗੋਹੜੇ ਵਿਚੋਂ ਪੂਣੀ ਕੱਤਣ ਵਰਗਾ ਹੈ। ਇਸ ਸਾਹਿਤਕ ਰੂਪ ਦਾ ਖੇਤਰ ਧਰਤੀ ਜਿੰਨਾ ਵਿਸ਼ਾਲ ਤੇ ਸਮੁੰਦਰ ਜਿੰਨਾ ਡੂੰਘਾ ਹੈ। ਮੈਂ ਤੇ ਸਿਰਫ਼ ਸ਼ੁਰੂਆਤ ਹੀ ਕੀਤੀ ਹੈ। ਮੇਰੇ ਬਾਅਦ ਆਉਣ ਵਾਲੇ ਲੇਖਕ ਤੇ ਚਿੰਤਕ ਇਸ ਖੇਤਰ ਨੂੰ ਹੋਰ ਮੋਕਲਾ ਤੇ ਡੂੰਘਾ ਕਰ ਸਕਦੇ ਹਨ। ਮੈਂ ਮੁੱਖ ਤੌਰ ਉੱਤੇ ਕਲਾ ਤੇ ਸਾਹਿਤ ਦੇ ਖੇਤਰ ਨੂੰ ਹੀ ਛੋਹਿਆ ਹੈ, ਪਰ ਚਿੰਤਨ ਦੇ ਹੋਰ ਖੇਤਰਾਂ ਤੀਕ ਵੀ ਇਸ ਯਤਨ ਨੂੰ ਫੈਲਾਇਆ ਜਾ ਸਕਦਾ ਹੈ।

ਇੰਟਰਵਿਊ ਤੇ ਰੇਖਾ-ਚਿੱਤਰ ਦੋ ਐਸੇ ਸਾਹਿਤਕ ਰੂਪ ਹਨ, ਜੋ ਨਾਵਲਾਂ ਵਾਂਗ ਸਭ ਤੋਂ ਵੱਧ ਪੜ੍ਹੇ ਜਾਂਦੇ ਹਨ। ਆਖਰ ਇਸਦਾ ਕਾਰਨ ਕੀ ਹੈ? ਸ਼ਾਇਦ ਪਾਠਕ ਵਿਚਾਰ ਅਧੀਨ ਕਲਾਕਾਰ ਦੀ ਅੰਦਰਲੀ ਮਨੋਸਥਿਤੀ ਨੂੰ ਜਾਨਣ ਤੇ ਸਮਝਣ ਲਈ ਉਤਸੁਕ ਹੁੰਦਾ ਹੈ।

ਆਸ ਹੈ ਪੰਜਾਬੀ ਪਾਠਕਾਂ ਨੂੰ ਮੇਰਾ ਇਹ ਉਪਰਾਲਾ ਪਸੰਦ ਆਵੇਗਾ।

ਅੰਤ ਉੱਤੇ ਮੈਂ ਉਹਨਾਂ ਸਾਰੇ ਲੇਖਕਾਂ, ਪੱਤਰਕਾਰਾਂ ਅਤੇ ਉਹਨਾਂ ਪੱਤਰਕਾਵਾਂ ਦੇ ਸੰਪਾਦਕਾਂ ਅਤੇ ਇੰਟਰਵਿਊ ਕਰਨ ਵਾਲੇ ਟਿੱਪਣੀਕਾਰਾਂ ਦਾ ਧੰਨਵਾਦੀ ਹਾਂ, ਜਿਨ੍ਹਾਂ ਦੀ ਕੀਤੀ ਸਾਹਿਤਕ ਘਾਲਣਾ ਨੂੰ ਪੰਜਾਬੀ ਵਿਚ ਅਨੁਵਾਦ ਕਰਕੇ ਮੈਂ ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ।

**- ਹਰਭਜਨ ਸਿੰਘ ਹੁੰਦਲ**





## ਪਾਬਲੋ ਨੇਰੂਦਾ ਨਾਲ ਮੁਲਾਕਾਤ

ਪ੍ਰਸ਼ਨ ਕਰਤਾ ਗੀਤਾ ਲੇਵੇਤ (1971)

? : **ਤੁਸਾਂ ਆਪਣਾ ਨਾਮ ਕਿਉਂ ਬਦਲਿਆ ਤੇ ਪਾਬਲੋ ਨੇਰੂਦਾ ਕਿਉਂ ਰੱਖਿਆ?**

ਨੇਰੂਦਾ : ਯਾਦ ਨਹੀਂ, ਮੈਂ ਕੋਈ ਤੇਰਾਂ ਜਾਂ ਚੌਦਾਂ ਸਾਲਾਂ ਦਾ ਹੋਵਾਂਗਾ। ਏਨਾ ਹੀ ਯਾਦ ਹੈ ਕਿ ਮੇਰੀ ਲੇਖਕ ਬਣਨ ਦੀ ਇੱਛਾ ਤੋਂ ਮੇਰੇ ਪਿਤਾ ਬਹੁਤ ਪ੍ਰੇਸ਼ਾਨ ਸੀ। ਆਪਣੀ ਪੂਰੀ ਨੇਕ ਨੀਤੀ ਨਾਲ ਉਹਨਾਂ ਨੂੰ ਲੱਗਿਆ ਕਿ ਮੇਰਾ ਲਿਖਣਾ ਪਰਿਵਾਰ ਨੂੰ ਤੇ ਮੈਨੂੰ ਵੀ ਤਬਾਹ ਕਰ ਦੇਵੇਗਾ। ਖ਼ਾਸ ਤੌਰ ਤੇ ਮੇਰੀ ਜ਼ਿੰਦਗੀ ਇਸ ਨਾਲ ਪੂਰੀ ਤਰ੍ਹਾਂ ਨਕਾਰਾ ਹੋ ਜਾਵੇਗੀ। ਉਹਨਾਂ ਦੀ ਇਸ ਸ਼ੰਕਾ ਪਿੱਛੇ ਕੋਈ ਘਰੇਲੂ ਕਾਰਨ ਸੀ। ਜਿਸ ਦੀ ਗੰਭੀਰਤਾ ਦਾ ਮੈਨੂੰ ਕੋਈ ਬਹੁਤਾ ਅਹਿਸਾਸ ਨਹੀਂ ਸੀ। ਉਸ ਲਈ ਜੋ ਬਚਾਅ ਵਾਲੀਆਂ ਕਾਰਵਾਈਆਂ ਮੈਂ ਕੀਤੀਆਂ, ਉਹਨਾਂ ਵਿਚੋਂ ਪਹਿਲੀ ਸੀ, ਆਪਣਾ ਨਾਂ ਬਦਲਣਾ।

? : **ਆਪ ਨੇ ਨੇਰੂਦਾ ਚੈੱਕ ਕਵੀ ਯਾਨ ਨੇਰੂਦਾ ਤੋਂ ਪ੍ਰੇਰਿਤ ਹੋ ਕੇ ਇਹ ਨਾਂ ਅਪਣਾਇਆ ਸੀ?**

ਨੇਰੂਦਾ : ਯਾਨ ਨੇਰੂਦਾ ਦੀ ਇੱਕ ਕਹਾਣੀ ਮੈਂ ਪੜ੍ਹੀ ਸੀ। ਉਸਦੀ ਕਵਿਤਾ ਮੈਂ ਕਦੀ ਨਹੀਂ ਪੜ੍ਹੀ। ਪਰ "ਮਾਲਾ ਸਤਰਾਨਾ ਦੀਆਂ ਕਥਾਵਾਂ" ਨਾਂ ਦੀ ਉਹਨਾਂ ਦੀ ਇੱਕ ਕਿਤਾਬ ਹੈ। ਪ੍ਰਾਗ ਦੇ ਆਸ-ਪਾਸ ਦੇ ਲੋਕਾਂ ਦੇ ਬਾਰੇ ਵਿਚ। ਸੰਭਵ ਹੈ ਕਿ ਮੈਂ ਉਸੇ ਤੋਂ ਆਪਣਾ ਨਾਂ ਲਿਆ ਹੋਵੇ। ਜਿਵੇਂ ਮੈਂ ਦੱਸਿਆ ਹੈ, ਇਹ ਸਭ ਮੇਰੀ ਯਾਦ ਵਿਚ ਏਨਾ ਦੂਰ ਚਲੇ ਗਿਆ ਹੈ ਕਿ ਮੈਨੂੰ ਬਿਲਕੁਲ ਯਾਦ ਨਹੀਂ ਆ ਰਿਹਾ। ਪਰ ਚੈਕੋਸਲੋਵਾਕੀਆ ਦੀ ਜਨਤਾ ਮੈਨੂੰ ਆਪਣਾ ਹੀ ਮੰਨਦੀ ਹੈ। ਆਪਣੇ ਦੇਸ਼ ਦੇ ਇਕ ਅੰਗ ਵਾਂਗੂ ਤੇ ਮੇਰੀ ਉਸ ਦੇਸ਼ ਨਾਲ ਡੂੰਘੀ ਮਿੱਤਰਤਾ ਹੈ।

? : **ਜੇ ਤੁਸੀਂ ਚਿੱਲੀ ਦੇ ਰਾਸ਼ਟਰਪਤੀ ਚੁਣੇ ਜਾਓ, ਕੀ ਤਾਂ ਵੀ ਲਿਖਣਾ ਜਾਰੀ ਰੱਖੋਗੇ?**

ਨੇਰੂਦਾ : ਲਿਖਣਾ ਮੇਰੇ ਲਈ ਸਾਹ ਲੈਣ ਬਰਾਬਰ ਹੈ। ਸਾਹ ਲੈਣ ਤੋਂ ਬਿਨਾਂ ਮੈਂ ਜਿਊਂਦਾ ਨਹੀਂ ਰਹਿ ਸਕਦਾ ਤੇ ਲਿਖੇ ਬਿਨਾਂ ਮੈਂ ਜੀਵੰਤ ਨਹੀਂ ਰਹਿ ਸਕਦਾ।

? : **ਐਸੇ ਕਿਹੜੇ ਕਵੀ ਹਨ ਜੋ ਉੱਚੇ ਰਾਜਨੀਤਕ ਅਹੁਦਿਆਂ ਤੀਕ ਗਏ ਹੋਣ, ਤਾਂ ਸਫਲ ਵੀ ਰਹੇ ਹੋਣ?**

ਨੇਰੂਦਾ : ਸਾਡਾ ਦੌਰ ਕਵੀ-ਸ਼ਾਸਕਾਂ ਦਾ ਦੌਰ ਹੈ। ਮਾਓ ਜੇ ਤੁੰਗ ਤੇ ਹੋ-ਚੀ-ਮਿੰਨ ਦਾ। ਮਾਓ ਵਿਚ ਤਾਂ ਦੂਸਰੀਆਂ ਵਿਸ਼ੇਸ਼ਤਾਈਆਂ ਵੀ ਹਨ, ਜੋ ਤੁਸੀਂ ਜਾਣਦੇ ਵੀ ਹੋ। ਉਹ ਮਹਾਨ ਤੈਰਾਕ ਵੀ ਹੈ, ਜੋ ਮੈਂ ਨਹੀਂ ਹਾਂ। ਹੋਰ ਵੀ ਇੱਕ ਵੱਡੇ ਕਵੀ ਹਨ, ਲੀਓਪੋਲਡ ਸੇਗੋਰਾ। ਉਹ ਸੇਨੇਗਲ ਦੇ ਰਾਸ਼ਟਰਪਤੀ ਹਨ। ਇੱਕ ਹੋਰ ਸੁਰ-ਰੀਏਲਿਸਟ ਕਵੀ ਇਸੇ ਸੇਜ਼ਾਰ ਮਾਰਤੀਨੀਕ ਵਿਚ ਪੋ-ਦਾ ਫਰਾਂਸ ਦੇ ਮੇਅਰ ਹਨ।

ਮੇਰੇ ਦੇਸ਼ ਵਿਚ ਭਾਵੇਂ ਕੋਈ ਰਾਸ਼ਟਰਪਤੀ ਨਹੀਂ ਹੈ, ਪਰ ਇਥੋਂ ਦੀ ਰਾਜਨੀਤੀ ਵਿਚ ਕਵੀਆਂ ਦਾ ਹਮੇਸ਼ਾਂ ਹੀ ਦਖਲ ਰਿਹਾ ਹੈ, ਦੂਸਰੇ ਪਾਸੇ ਲਾਤੀਨੀ ਅਮਰੀਕਾ ਦੇ ਕਈ ਲੇਖਕ ਰਾਸ਼ਟਰਪਤੀ ਹੋਏ ਹਨ, ਰੋਮੀਓ ਖਾਖੋਸ ਵੈਨਜੁਏਲਾ ਦੇ ਰਾਸ਼ਟਰਪਤੀ ਸਨ।

? : **ਤੁਸੀਂ ਆਪਣੀ ਰਾਸ਼ਟਰਪਤੀ ਦੀ ਚੋਣ ਮੁਹਿਮ ਕਿਵੇਂ ਚਲਾ ਰਹੇ ਹੋ?**

ਨੇਰੂਦਾ : ਇਕ ਮੰਚ ਤਿਆਰ ਕੀਤਾ ਜਾਂਦਾ ਹੈ। ਪਹਿਲਾਂ ਹਮੇਸ਼ਾਂ ਲੋਕ-ਗੀਤ ਗਾਏ ਜਾਂਦੇ ਹਨ। ਫਿਰ ਕੋਈ ਬੁਲਾਰਾ ਚੋਣ ਮੁਹਿਮ ਦੇ ਨਿਸ਼ਚਿਤ ਰਾਜਨੀਤਕ ਮਨੋਰਥ ਬਾਰੇ ਸਮਝਾਉਂਦਾ ਹੈ। ਉਸ ਪਿੱਛੋਂ ਸਥਾਨਕ ਲੋਕਾਂ ਨਾਲ ਬਾਤਚੀਤ ਕਰਨ ਲਈ ਮੈਂ ਜੋ ਬਿਆਨ ਦਿੰਦਾ ਹਾਂ, ਉਹ ਕਾਫੀ ਕਾਵਿਕ ਹੁੰਦਾ ਹੈ। ਉਹ ਕਾਵਿਮਈ ਜ਼ਿਆਦਾ ਹੁੰਦਾ ਹੈ। ਅੰਤ ਉੱਤੇ ਮੈਂ ਕਵਿਤਾ-ਪਾਠ ਕਰਦਾ ਹਾਂ। ਕਵਿਤਾ ਨਾ ਪੜ੍ਹਾਂ ਤਾਂ ਲੋਕ ਨਿਰਾਸ਼ ਹੋ ਕੇ ਚਲੇ ਜਾਂਦੇ ਹਨ। ਨਿਰਸੰਦੇਹ ਉਹ ਮੇਰਾ ਰਾਜਨੀਤਕ ਵਿਚਾਰ ਵੀ ਸੁਣਨਾ ਚਾਹੁੰਦੇ ਹਨ, ਪਰ ਮੈਂ ਰਾਜਨੀਤਕ ਤੇ ਆਰਥਿਕ ਪੱਖਾਂ ਬਾਰੇ ਬਹੁਤਾ ਧਿਆਨ ਨਹੀਂ ਦਿੰਦਾ, ਕਿਉਂਕਿ ਜਨਤਾ ਇੱਕ ਦੂਸਰੀ ਤਰ੍ਹਾਂ ਦੀ ਭਾਸ਼ਾ ਵੀ ਚਾਹੁੰਦੀ ਹੈ।

? : **ਤੁਹਾਡੇ ਕਵਿਤਾ-ਪਾਠ ਸਮੇਂ ਲੋਕਾਂ ਦੀ ਕੀ ਪ੍ਰਤੀਕਿਰਿਆ ਹੁੰਦੀ ਹੈ?**

ਨੇਰੂਦਾ : ਉਹ ਮੈਨੂੰ ਬੜੇ ਭਾਵੁਕ ਢੰਗ ਨਾਲ ਪਿਆਰ ਕਰਦੇ ਹਨ। ਕੁਝ ਥਾਵਾਂ ਉੱਤੇ ਤਾਂ ਮੇਰਾ ਆਉਣਾ-ਜਾਣਾ ਔਖਾ ਹੋ ਜਾਂਦਾ ਹੈ। ਭੀੜ ਤੋਂ ਬਚਾਉਣ ਲਈ ਮੇਰੇ ਨਾਲ ਇੱਕ ਵਿਸ਼ੇਸ਼ ਬਾਡੀ-ਗਾਰਡ ਹੁੰਦਾ ਹੈ, ਕਿਉਂਕਿ ਜਨਤਾ ਇਕ ਦੂਸਰੀ ਤਰ੍ਹਾਂ ਦੀ ਭਾਸ਼ਾ ਵੀ ਚਾਹੁੰਦੀ ਹੈ, ਹਰ ਥਾਂ ਇੰਝ ਹੀ ਹੁੰਦਾ ਹੈ।

? : **ਨੋਬਲ ਪੁਰਸਕਾਰ, ਜਿਸ ਵਿਚ ਆਪ ਦਾ ਨਾਂ ਆਮ ਹੀ ਲਿਆ ਜਾਂਦਾ ਹੈ, ਤੇ ਚਿੱਲੀ ਦੇ ਰਾਸ਼ਟਰਪਤੀ ਦਾ ਅਹੁਦਾ, ਦੋਵਾਂ ਵਿਚੋਂ ਜੇ ਇੱਕ ਦੀ ਚੋਣ ਕਰਨੀ ਪਵੇ ਤਾਂ ਆਪ ਕੀ ਕਰੋਗੇ?**

ਨੇਰੂਦਾ : ਇਸ ਤਰ੍ਹਾਂ ਦੀਆਂ ਕਾਲਪਨਿਕ ਚੀਜ਼ਾਂ ਦੀ ਚੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

? : **ਪਰ ਜੇ ਰਾਸ਼ਟਰਪਤੀ ਦਾ ਅਹੁਦਾ ਤੇ ਨੋਬਲ ਪੁਰਸਕਾਰ ਮੇਜ਼ ਉੱਤੇ ਰੱਖ ਦਿੱਤੇ ਜਾਣ ਤਾਂ?**

ਨੇਰੂਦਾ : ਤਾਂ ਮੈਂ ਉੱਠ ਕੇ ਦੂਸਰੀ ਮੇਜ਼ ਉੱਤੇ ਚਲਾ ਜਾਵਾਂਗਾ।

? : **ਤੁਹਾਡੇ ਵਿਚਾਰ ਵਿਚ ਕੀ ਸੈਮੁਅਲ ਬੈਕਟ ਨੂੰ ਪੁਰਸਕਾਰ ਦਿੱਤਾ ਜਾਣਾ ਠੀਕ ਸੀ?**

ਨੇਰੂਦਾ : ਮੇਰੇ ਖ਼ਿਆਲ ਵਿਚ ਠੀਕ ਹੈ। ਬੈਕਟ ਸੂਖਮ ਪਰ ਡੂੰਘੀਆਂ ਚੀਜ਼ਾਂ ਲਿਖਦੇ ਹਨ। ਨੋਬਲ ਪੁਰਸਕਾਰ, ਜਿਸ ਕਿਸੇ ਨੂੰ ਵੀ ਮਿਲੇ, ਉਹ ਹਮੇਸ਼ਾਂ ਸਾਹਿਤ ਦਾ ਸਨਮਾਨ



ਹੈ। ਪੁਰਸਕਾਰ ਨੂੰ ਲੈ ਕੇ ਜੋ ਲੋਕੀਂ ਇਹ ਬਹਿਸ ਕਰਦੇ ਹਨ ਕਿ ਪੁਰਸਕਾਰ ਸਹੀ ਆਦਮੀ ਨੂੰ ਮਿਲਿਆ ਹੈ ਜਾਂ ਨਹੀਂ, ਮੈਂ ਉਹਨਾਂ ਵਿਚੋਂ ਨਹੀਂ ਹਾਂ। ਇਸ ਪੁਰਸਕਾਰ ਦਾ ਜੇ ਮਹੱਤਵ ਹੈ ਤਾਂ ਇਹ ਹੈ ਕਿ ਉਹ ਲੇਖਕ ਨਾਂ ਦੀ ਸੰਸਥਾ ਨੂੰ ਸਨਮਾਨ ਨਾਲ ਸ਼ਿੰਗਾਰਨਾ ਹੈ। ਇਹ ਚੀਜ਼ ਮਹੱਤਵਪੂਰਨ ਹੈ।

? : **ਤੁਹਾਡੀਆਂ ਸਭ ਤੋਂ ਸ਼ਕਤੀਸ਼ਾਲੀ ਯਾਦਾਂ ਕਿਹੜੀਆਂ ਹਨ?**

ਨੇਰੂਦਾ : ਪਤਾ ਨਹੀਂ। ਸਭ ਤੋਂ ਅਭੁੱਲ ਯਾਦਾਂ ਸ਼ਾਇਦ ਸਪੇਨ ਵਿਚ ਬੀਤੀ ਜ਼ਿੰਦਗੀ ਦੀਆਂ ਹਨ। ਕਵੀਆਂ ਦੀ ਉਸ ਮਹਾਨ ਬਿਰਾਦਰੀ ਦੀਆਂ। ਸਾਡੇ ਇਸ ਅਮਰੀਕੀ ਜਗਤ ਵਿਚ ਮੈਂ ਕਦੇ ਵੀ ਅਜਿਹੀ ਭਾਈਚਾਰਕ ਮੰਡਲੀ ਨਹੀਂ ਵੇਖੀ। ਬਿਓ-ਨੋ-ਮਾਇਰਸ ਦੇ ਮੁਹਾਵਰੇ ਵਿਚ ਆਖਾਂ ਤਾਂ ਇਸ ਕਦਰ ਗਪੌੜੀਆਂ ਨਾਲ ਭਰੀ ਹੋਈ। ਫਿਰ ਪਿੱਛੋਂ ਇਹ ਵੇਖਣਾ ਕਿੰਨਾ ਭਿਆਨਕ ਸੀ ਕਿ ਮਿੱਤਰਾਂ ਨੇ ਇਸ ਲੋਕ-ਰਾਜ ਨੂੰ ਗ੍ਰਹਿ-ਯੁੱਧ ਵਿਚ ਬਦਲ ਕਰ ਦਿੱਤਾ। ਜਿਸ ਵਿਚ ਫਾਸਿਸਟ ਦੌਰ ਦੀ ਭਿਆਨਕ ਸੱਚਾਈ ਸਾਹਮਣੇ ਆਈ। ਸਾਰੇ ਦੋਸਤ ਖਿੰਡ-ਪੁੰਡ ਗਏ। ਕਈ ਉੱਥੇ ਹੀ ਮਾਰ ਦਿੱਤੇ ਗਏ। ਮਿਸਾਲ ਵਜੋਂ ਗਾਰਸ਼ੀਆ ਲੋਰਕਾ ਤੇ ਮੀਖੇਲ ਏਰਨਾਦੇਸ। ਕਈਆਂ ਦੀ ਮੌਤ ਜਲਾਵਤਨੀ ਵਿਚ ਹੋਈ ਤੇ ਕਈ ਅਜੇ ਤੱਕ ਜਲਾਵਤਨ ਵਜੋਂ ਹੀ ਦਿਨ ਕੱਟ ਰਹੇ ਹਨ। ਮੇਰੀ ਜ਼ਿੰਦਗੀ ਦਾ ਉਹ ਸਮੁੱਚਾ ਦੌਰ, ਘਟਨਾਵਾਂ ਨਾਲ ਤੇ ਡੂੰਘੀਆਂ ਭਾਵਨਾਵਾਂ ਨਾਲ ਭਰਪੂਰ ਰਿਹਾ ਤੇ ਉਸ ਦੌਰ ਨੇ ਮੇਰੇ ਜੀਵਨ ਦੀ ਤੋਰ ਵਿਚ ਫੈਸਲਾਕਾਰੂ ਤਬਦੀਲੀ ਲਿਆਂਦੀ।

? : **ਕੀ ਤੁਹਾਨੂੰ ਹੁਣ ਸਪੇਨ ਜਾਣ ਦੀ ਆਗਿਆ ਮਿਲ ਜਾਵੇਗੀ?**

ਨੇਰੂਦਾ : ਉੱਥੇ ਮੇਰਾ ਜਾਣਾ ਸਰਕਾਰੀ ਤੌਰ ਤੇ ਵਰਜਤ ਨਹੀਂ ਹੈ। ਇੱਕ ਵਾਰੀ ਮੈਨੂੰ ਚਿੱਲੀ ਦੇ ਦੂਤਾਵਾਸ ਨੇ ਕਵਿਤਾ-ਪਾਠ ਵਾਸਤੇ ਬੁਲਾਇਆ ਵੀ ਸੀ। ਬਹੁਤ ਸੰਭਵ ਹੈ ਕਿ ਉਹ ਮੈਨੂੰ ਜਾਣ ਦੀ ਆਗਿਆ ਦੇ ਦੇਣ। ਪਰ ਮੈਂ ਇਸਨੂੰ ਕੋਈ ਸਿਧਾਂਤਕ ਮੁੱਦਾ ਨਹੀਂ ਬਣਾਉਣਾ ਚਾਹੁੰਦਾ। ਇਸ ਵਾਸਤੇ ਕਿ ਸਪੇਨ ਦੀ ਸਰਕਾਰ ਬੜੀ ਸੌਖ ਨਾਲ, ਅਜਿਹੇ ਲੋਕਾਂ ਨੂੰ ਜੋ ਉਸਦੇ ਵਿਰੁੱਧ ਜ਼ਬਰਦਸਤ ਢੰਗ ਨਾਲ ਲੜੇ ਸੀ, ਆਪਣੇ ਇੱਥੇ ਆਉਣ ਦੀ ਆਗਿਆ ਦੇ ਕੇ, ਲੋਕ ਤਾਂਤਰਿਕ ਭਾਵਨਾਵਾਂ ਦਾ ਵਿਖਾਲਾ ਕਰ ਸਕਦੀ ਹੈ। ਮੈਨੂੰ ਇਨ੍ਹਾਂ ਦੇਸ਼ਾਂ ਵਿਚ ਜਾਣ ਤੋਂ ਰੋਕਿਆ ਗਿਆ ਹੈ ਅਤੇ ਇਨ੍ਹਾਂ ਦੇਸ਼ਾਂ 'ਚੋਂ ਕੱਢਿਆ ਗਿਆ ਹੈ ਕਿ ਹੁਣ ਇਸ ਨਾਲ ਮੈਨੂੰ ਕਤਈ ਦੁੱਖ ਨਹੀਂ ਹੁੰਦਾ, ਜਿੰਨਾ ਕਿ ਪਹਿਲਾਂ ਹੁੰਦਾ ਸੀ।

? : **ਗਾਰਸ਼ੀਆ ਲੋਰਕਾਂ ਦੇ ਲਿਖੇ ਗਏ ਗੀਤ ਵਿਚ ਇੱਕ ਤਰ੍ਹਾਂ ਨਾਲ ਉਸਦੀ ਦੁਖਦਾਈ ਮੌਤ ਦੀ ਭਵਿੱਖਬਾਣੀ ਹੈ।**

ਨੇਰੂਦਾ : ਹਾਂ ਇਹ ਵਚਿੱਤਰ ਕਵਿਤਾ ਹੈ। ਵਚਿੱਤਰ ਇਸ ਵਾਸਤੇ ਕਿ ਉਹ ਏਨਾ ਪ੍ਰਸੰਨ

ਵਿਅਕਤੀ ਸੀ, ਏਨਾ ਪ੍ਰਫੁੱਲਤ ਜੀਵ। ਮੈਂ ਉਹੋ ਜਿਹੇ ਲੋਕੀਂ ਘੱਟ ਵੇਖੇ ਹਨ। ਉਹ ਸੱਚਮੁੱਚ ਅਵਤਾਰ ਸੀ ..... ਸਫਲਤਾ ਦਾ ਨਹੀਂ, ਜ਼ਿੰਦਗੀ ਨਾਲ ਪਿਆਰ ਕਰਨ ਵਾਲਾ ਅਵਤਾਰ। ਆਪਣੀ ਹੋਂਦ ਦੇ ਹਰੇਕ ਛਿਣ ਨੂੰ ਜੀਣ ਵਾਲਾ। ਉਹ ਪ੍ਰਸੰਨਤਾ ਦੇ ਭੰਡਾਰ ਨੂੰ ਖਾਲੀ ਹੱਥ ਲੁਟਾਉਣ ਵਾਲਾ ਆਦਮੀ ਸੀ। ਇਸ ਕਾਰਨ ਵੀ ਉਸਦੇ ਕਤਲ ਦਾ ਅਪਰਾਧ ਫਾਸਿਜ਼ਮ ਦੇ ਸਭ ਤੋਂ ਭਿਆਨਕ ਅਪਰਾਧਾਂ ਵਿਚੋਂ ਸੀ।

? : **ਤੁਹਾਡੀਆਂ ਕਵਿਤਾਵਾਂ ਵਿਚ ਉਸ ਦਾ ਅਕਸਰ ਜ਼ਿਕਰ ਹੋਇਆ ਹੈ ਤੇ ਮੀਖੇਲ ਏਰਨਾਦੇਸ਼ ਦਾ ਵੀ।**

ਨੇਰੂਦਾ : ਏਰਨਾਦੇਸ਼ ਮੇਰੇ ਪੁੱਤਰ ਵਾਂਗੂ ਸੀ। ਕਵੀ ਦੇ ਰੂਪ ਵਿਚ ਉਹ ਮੇਰੇ ਲਈ ਸਿਖਿਆਰਥੀ ਸੀ ਤੇ ਉਹ ਮੇਰੇ ਹੀ ਘਰ ਰਹਿੰਦਾ ਹੁੰਦਾ ਸੀ। ਉਹ ਜੇਲ੍ਹ ਗਿਆ ਤੇ ਉੱਥੇ ਹੀ ਮਰ ਗਿਆ, ਕਿਉਂਕਿ ਉਸਨੇ ਗਾਰਸ਼ੀਆ ਲੋਰਕਾ ਦੀ ਮੌਤ ਲਈ ਦੱਸੇ ਗਏ ਸਰਕਾਰੀ ਕਾਰਨ ਨੂੰ ਮੰਨਿਆ ਨਹੀਂ ਸੀ। ਫਾਸਿਸਟ ਸਰਕਾਰ ਦੇ ਬਿਆਨ ਵਿੱਚ ਜੇ ਸੱਚਾਈ ਸੀ ਤਾਂ ਉਸਨੇ ਮੀਖੇਲ ਏਰਨਾਦੇਸ਼ ਦੀ ਮੌਤ ਤੀਕ ਉਸ ਨੂੰ ਸੀਖਾਂ ਵਿਚ ਬੰਦ ਕਿਉਂ ਰੱਖਿਆ ਗਿਆ? ਉਸਨੇ ਚਿੱਲੀ ਦੇ ਦੂਤਾਵਾਸ ਦਾ ਇਹ ਸੁਝਾਉ ਕਿਉਂ ਪ੍ਰਵਾਨ ਨਹੀਂ ਕੀਤਾ ਕਿ ਉਸਨੂੰ ਹਸਪਤਾਲ ਵਿਚ ਲਿਜਾਇਆ ਜਾਵੇ? ਮੀਖੇਲ ਏਰਨਾਦੇਸ਼ ਦੀ ਮੌਤ ਵੀ ਇਕ ਕਤਲ ਹੀ ਸੀ।

? : **ਭਾਰਤ-ਪ੍ਰਵਾਸ ਦੀਆਂ ਕਿਹੜੀਆਂ ਗੱਲਾਂ ਤੁਹਾਨੂੰ ਬਹੁਤੀਆਂ ਯਾਦ ਆਉਂਦੀਆਂ ਨੇ?**

ਨੇਰੂਦਾ : ਉੱਥੇ ਆਪਣੇ ਪ੍ਰਵਾਸ ਦੇ ਦਿਨੀਂ ਮੈਂ ਜੋ ਕੁਝ ਦੇਖਿਆ, ਉਸ ਲਈ ਮੈਂ ਤਿਆਰ ਨਹੀਂ ਸੀ। ਉਸ ਬੇਗਾਨੇ ਮਹਾਂਦੀਪ ਦੇ ਅਨੁਭਵ ਨੇ ਹਾਲਾਂਕਿ ਮੈਨੂੰ ਪ੍ਰਭਾਵਿਤ ਕੀਤਾ, ਪਰ ਉੱਥੇ ਮੇਰੀ ਜ਼ਿੰਦਗੀ ਏਨੀ ਲੰਮੀ ਤੇ ਇਕੱਲੀ ਸੀ ਕਿ ਮੈਂ ਭਿਅੰਕਰ ਨਿਰਾਸ਼ਾ ਵਿਚ ਰਿਹਾ। ਕਦੇ ਇੰਝ ਲੱਗਦਾ ਸੀ ਜਿਵੇਂ ਮੈਂ ਕਿਸੇ ਅੰਤਹੀਣ ਰੰਗ-ਬਿਰੰਗੀ ਫਿਲਮ ਵਿਚ ਫਸ ਗਿਆ ਹਾਂ, ਇੱਕ ਵਿਲੱਖਣ ਫਿਲਮ ਵਿਚ, ਜਿਸ ਵਿਚੋਂ ਬਾਹਰ ਨਹੀਂ ਆਇਆ ਜਾ ਸਕਦਾ। ਭਾਰਤ ਵਿਚ ਮੈਨੂੰ ਕਦੇ ਇਹ ਰਹੱਸਆਤਮਿਕਾ ਦਾ ਅਨੁਭਵ ਨਹੀਂ ਹੋਇਆ, ਜਿਸਨੇ ਕਿੰਨੇ ਹੀ ਦੱਖਣੀ ਅਮਰੀਕੀਆਂ ਤੇ ਦੂਸਰੇ ਵਿਦੇਸ਼ੀਆਂ ਨੂੰ ਰਾਹ ਵਿਖਾਇਆ ਹੈ, ਜੋ ਲੋਕ ਆਪਣੀਆਂ ਚਿੰਤਾਵਾਂ ਦੇ ਕਿਸੇ ਧਾਰਮਿਕ ਹੱਲ ਦੀ ਖੋਜ ਵਿਚ ਭਾਰਤ ਜਾਂਦੇ ਹਨ, ਉਹ ਚੀਜ਼ਾਂ ਨੂੰ ਹੋਰ ਤਰ੍ਹਾਂ ਨਾਲ ਵੇਖਦੇ ਹਨ। ਪਰ ਮੇਰੇ ਉੱਤੇ ਸਮਾਜ-ਸ਼ਾਸਤਰੀ ਪਰਸਥਿਤੀਆਂ ਦਾ ਡੂੰਘਾ ਅਸਰ ਹੋਇਆ। ਵਿਸ਼ਾਲ, ਰਾਸ਼ਟਰ ਬੇਹੱਦ ਅਸੁਰੱਖਿਅਤ ਆਪਣੇ ਸ਼ਾਹੀ ਜੂਲੇ ਨੂੰ ਗਲ ਪਾਈ। ਇਥੋਂ ਤੀਕ ਕਿ ਅੰਗਰੇਜ਼ੀ ਸੰਸਕ੍ਰਿਤੀ ਵੀ, ਜਿਸ ਨਾਲ ਮੈਨੂੰ ਵਾਹਵਾ ਪਿਆਰ ਸੀ, ਉੱਥੇ ਘ੍ਰਿਣਾਯੋਗ ਲੱਗੀ। ਕਿਉਂਕਿ ਉਸ ਵੇਲੇ ਇਸਨੇ ਕਿੰਨੇ ਹੀ



ਹਿੰਦੂਆਂ ਨੂੰ ਬੌਧਿਕ ਗੁਲਾਮੀ ਦੇ ਲਈ ਬੇਬੱਸ ਕਰ ਦਿੱਤਾ ਸੀ। ਮੈਂ ਉਸ ਮਹਾਂਦੀਪ ਦੇ ਵਿਦਰੋਹੀ ਨੌਜਵਾਨਾਂ ਦੇ ਵਿਚ ਰਿਹਾ। ਆਪਣੇ ਕੌਂਸਲਰ ਰੂਪ ਦੇ ਬਾਵਜੂਦ ਉਸ ਵੱਡੇ ਸੰਘਰਸ਼ ਦੇ ਸਭ ਕ੍ਰਾਂਤੀਕਾਰੀਆਂ ਨਾਲ ਮੇਰੀ ਮੁਲਾਕਾਤ ਸੀ, ਜਿਸਨੇ ਅੰਤ ਆਜ਼ਾਦੀ ਪ੍ਰਾਪਤ ਕੀਤੀ।

? : **ਧਰਤੀ ਉੱਤੇ 'ਰਿਹਾਇਸ਼ ਦੀਆਂ ਕਵਿਤਾਵਾਂ' ਤੁਸਾਂ ਭਾਰਤ ਵਿਚ ਲਿਖੀਆਂ?**

ਨੇਰੂਦਾ : ਹਾਂ, ਹਾਲਾਂਕਿ ਕਵਿਤਾ ਉੱਤੇ ਭਾਰਤ ਦਾ ਬੌਧਿਕ ਪ੍ਰਭਾਵ ਘੱਟ ਪਿਆ।

? : **'ਆਰਖਤੀਨਾ ਏਕਤੋਰ ਆਯੰਦੀ ਦੇ ਨਾਂ' ਦਿਲ ਨੂੰ ਛੂਹਣ ਵਾਲੇ ਪੱਤਰ ਤੁਸਾਂ ਭਾਰਤ ਵਿਚ ਲਿਖੇ ਸੀ?**

ਨੇਰੂਦਾ : ਹਾਂ, ਉਹ ਮੇਰੇ ਜੀਵਨ ਦੇ ਬੜੇ ਮਹੱਤਵਪੂਰਨ ਪੱਤਰ ਸਨ। ਉਸ ਨਾਲ ਮੇਰੀ ਲੇਖਕ ਦੇ ਰੂਪ ਵਿਚ ਵਿਅਕਤੀਗਤ ਵਾਕਫੀਅਤ ਨਹੀਂ ਸੀ। ਫਿਰ ਵੀ ਇੱਕ ਚੰਗੇ ਉਪਕਾਰੀ ਵਾਂਗੂ ਉਹਨਾਂ ਨੇ ਮੈਨੂੰ ਸਮਾਚਾਰ ਪੱਤਰ ਭੇਜਣ, ਤੇ ਮੇਰੀ ਗੰਭੀਰ ਇਕੱਲਤਾ ਨੂੰ ਘੱਟ ਕਰਨ ਦਾ ਜ਼ਿੰਮਾ ਲਿਆ। ਮੈਨੂੰ ਆਪਣੀ ਭਾਸ਼ਾ ਨਾਲ ਸੰਪਰਕ ਟੁੱਟ ਜਾਣ ਦੀ ਸ਼ੰਕਾ ਸੀ। ਵਰ੍ਹਿਆਂ ਤੀਕ ਮੈਨੂੰ ਇੱਕ ਵੀ ਅਜਿਹਾ ਆਦਮੀ ਨਹੀਂ ਮਿਲਿਆ, ਜਿਸ ਨਾਲ ਮੈਂ ਸਪੇਨੀ ਭਾਸ਼ਾ ਵਿਚ ਗੱਲ ਕਰ ਸਕਾਂ। ਰਾਫਾਈਲ ਅਲਬੇਰਤੀ ਨੂੰ ਮੈਂ ਇੱਕ ਪੱਤਰ ਵਿਚ ਸਪੇਨੀ ਭਾਸ਼ਾ ਦਾ ਇੱਕ ਸ਼ਬਦ-ਕੋਸ਼ ਭੇਜਣ ਲਈ ਲਿਖਿਆ ਸੀ। ਮੈਂ ਉੱਥੇ ਕੌਂਸਲ ਦੇ ਅਹੁਦੇ ਉੱਤੇ ਨਿਯੁਕਤ ਹੋਇਆ ਸੀ, ਪਰ ਉਹ ਹੇਠਲੀ ਸ਼੍ਰੇਣੀ ਦਾ ਅਹੁਦਾ ਸੀ ਤੇ ਕੋਈ ਭੱਤਾ ਨਹੀਂ ਮਿਲਦਾ ਸੀ। ਉੱਥੇ ਮੈਂ ਘੋਰ ਗਰੀਬੀ ਵਿਚ ਰਿਹਾ ਤੇ ਉਸ ਤੋਂ ਵੀ ਵੱਧ ਇਕੱਲਤਾ ਵਿਚ। ਹਫਤਿਆਂ ਤੀਕ ਕਿਸੇ ਬੰਦੇ ਦੇ ਦਰਸ਼ਨ ਨਹੀਂ ਹੁੰਦੇ ਸੀ।

? : **ਉੱਥੇ ਆਪ ਦਾ 'ਖੋਸੀਏ ਬਿਲਸ' ਨਾਲ ਬਹੁਤ ਤਕੜਾ ਪ੍ਰੇਮ ਹੋਇਆ। ਤੁਹਾਡੀਆਂ ਅਨੇਕ ਕਵਿਤਾਵਾਂ ਵਿਚ ਉਸਦਾ ਜ਼ਿਕਰ ਹੈ।**

ਨੇਰੂਦਾ : ਹਾਂ, ਖੋਸੀਏ ਬਿਲਸ ਇੱਕ ਐਸੀ ਇਸਤਰੀ ਸੀ, ਜਿਸਦਾ ਮੇਰੀ ਕਵਿਤਾ ਉੱਤੇ ਕਾਫੀ ਡੂੰਘਾ ਪ੍ਰਭਾਵ ਪਿਆ। ਮੈਂ ਉਸ ਦਾ ਵਰਨਣ ਕਰਦਾ ਰਿਹਾ ਹਾਂ, ਆਪਣੀਆਂ ਤਾਜ਼ਾ ਪੁਸਤਕਾਂ ਵਿਚ ਵੀ।

? : **ਤੁਹਾਡੀਆਂ ਰਚਨਾਵਾਂ ਦਾ ਤੁਹਾਡੀ ਵਿਅਕਤੀਗਤ ਜ਼ਿੰਦਗੀ ਨਾਲ ਬੜਾ ਸੰਘਣਾ ਸੰਬੰਧ ਹੈ?**

ਨੇਰੂਦਾ : ਬਿਲਕੁਲ, ਕਵਿਤਾ ਵਿਚ ਕਵੀ ਦੇ ਜੀਵਨ ਦਾ ਪ੍ਰਤੀਬਿੰਬ ਹੁੰਦਾ ਹੈ, ਇਹ ਕਲਾ ਦਾ ਨੇਮ ਹੈ ਤੇ ਕਵਿਤਾ ਦਾ ਵੀ।

? : **ਆਪ ਦੀਆਂ ਰਚਨਾਵਾਂ ਨੂੰ ਵੱਖ-ਵੱਖ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ ਜਾਂ ਨਹੀਂ?**

ਨੇਰੂਦਾ : ਇਸ ਬਾਰੇ ਵਿਚ ਮੈਨੂੰ ਖਾਸੀ ਉਲਝਣ ਹੈ। ਮੈਨੂੰ ਵੱਖਰੇ-ਵੱਖਰੇ ਭਾਗਾਂ ਦਾ ਕੋਈ ਅਹਿਸਾਸ ਨਹੀਂ ਹੈ। ਉਹਨਾਂ ਨੂੰ ਆਲੋਚਕ ਵੇਖਦੇ ਹਨ। ਜੇ ਮੈਂ ਕੁਝ ਕਹਿ ਸਕਦਾ ਹਾਂ ਤਾਂ ਇਹ ਕਿ ਮੇਰੀ ਕਵਿਤਾ ਵਿਚ ਇੱਕ ਖ਼ਾਸ ਗੁਣ ਰਿਹਾ ਹੈ। ਜਦ ਮੈਂ ਬੱਚਾ ਸੀ ਤਾਂ ਇੱਕ ਬਾਲਾਂ ਵਰਗੀ ਸੀ, ਜਦ ਜਵਾਨ ਸੀ ਤਾਂ ਦੁੱਖਾਂ ਭਰਿਆ ਤੇ ਉਦਾਸ ਸੀ, ਜਦੋਂ ਸਮਾਜਿਕ ਸੰਘਰਸ਼ ਵਿਚ ਸ਼ਾਮਿਲ ਹੋਣਾ ਪਿਆ ਤਾਂ ਜ਼ਿੰਦਗੀ ਜੁਝਾਰੂ ਹੋ ਗਈ, ਮੇਰੀ ਹੁਣ ਦੀ ਕਵਿਤਾ ਵਿਚ ਇਹਨਾਂ ਪ੍ਰਵਿਰਤੀਆਂ ਦੀ ਮਿਲੀ-ਜੁਲੀ ਛਾਇਆ ਹੈ। ਮੈਂ ਹਮੇਸ਼ਾਂ ਆਪਣੀ ਆਂਤਰਿਕ ਲੋੜ ਅਨੁਸਾਰ ਲਿਖਿਆ ਹੈ ਤੇ ਮੇਰਾ ਖ਼ਿਆਲ ਹੈ ਕਿ ਹਰ ਲੇਖਕ ਦੇ ਨਾਲ ਇੰਝ ਹੁੰਦਾ ਹੈ, ਕਵੀਆਂ ਨਾਲ ਖ਼ਾਸ ਤੌਰ ਤੇ।

**? : ਮੈਂ ਤੁਹਾਨੂੰ ਕਾਰ ਵਿਚ ਵੀ ਲਿਖਦੇ ਵੇਖਿਆ ਹੈ?**

ਨੇਰੂਦਾ : ਹੁਣ ਵੀ ਮੈਂ ਜਿੱਥੇ ਲਿਖ ਸਕਾਂ, ਲਿਖ ਲੈਂਦਾ ਹਾਂ। ਪਰ ਲਿਖਦਾ ਅਵੱਸ ਹਾਂ। ਮੈਨੂੰ ਜ਼ਿੰਦਗੀ ਦੇ ਕਾਰੋਬਾਰ ਵਿਚ, ਆਪਣੇ ਘਰ, ਰਾਜਨੀਤੀ ਅਤੇ ਪ੍ਰਕਿਰਤੀ ਦੀਆਂ ਹਲਚਲਾਂ ਵਿਚ ਭਿਆਲ ਹੋਣਾ ਜ਼ਿਆਦਾ ਚੰਗਾ ਲੱਗਦਾ ਹੈ। ਮੈਂ ਹਮੇਸ਼ਾਂ ਆਉਂਦਾ ਤੇ ਜਾਂਦਾ ਰਹਿੰਦਾ ਹਾਂ। ਪਰ ਮੈਂ ਜਦੋਂ ਵੀ ਤੇ ਜਿੱਥੇ ਵੀ ਸਹੂਲਤ ਹੋਵੇ, ਤੇਜ਼ੀ ਨਾਲ ਲਿਖਦਾ ਹਾਂ। ਚਾਰੇ ਪਾਸੇ ਬਹੁਤ ਸਾਰੇ ਲੋਕ ਹੋਣ, ਤਾਂ ਵੀ ਮੈਨੂੰ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ।

**? : ਕੀ ਤੁਸੀਂ ਆਪਣੇ ਆਪ ਨੂੰ ਆਸ-ਪਾਸ ਦੀਆਂ ਚੀਜ਼ਾਂ ਨਾਲੋਂ ਕੱਟ ਲੈਂਦੇ ਹੋ?**

ਨੇਰੂਦਾ : ਕੱਟ ਲੈਂਦਾ ਹਾਂ ਤੇ ਫਿਰ ਜੇ ਅਚਾਨਕ ਸ਼ਾਂਤੀ ਹੋ ਜਾਵੇ ਤਾਂ ਮੈਨੂੰ ਰੁਕਾਵਟ ਜਿਹੀ ਅੰਨੁਭਵ ਹੁੰਦੀ ਹੈ।

**? : ਕੀ ਆਪ ਹਰ ਚੀਜ਼ ਹੱਥ ਨਾਲ ਲਿਖਦੇ ਹੋ?**

ਨੇਰੂਦਾ : ਇੱਕ ਦੁਰਘਟਨਾ ਵਿਚ ਜਦੋਂ ਮੇਰੀ ਇੱਕ ਉਂਗਲੀ ਟੁੱਟ ਗਈ ਤੇ ਕੁਝ ਮਹੀਨੇ ਮੈਂ ਟਾਈਪ ਰਾਈਟਰ ਉੱਤੇ ਨਹੀਂ ਲਿਖ ਸਕਿਆ ਸੀ, ਤਦ ਮੈਂ ਆਪਣੀ ਜਵਾਨੀ ਵੇਲੇ ਦਾ ਤਰੀਕਾ ਅਪਣਾਇਆ ਤੇ ਹੱਥ ਨਾਲ ਲਿਖਣਾ ਸ਼ੁਰੂ ਕੀਤਾ। ਉਂਗਲੀ ਠੀਕ ਹੋਣ ਉੱਤੇ ਫਿਰ ਤੋਂ ਟਾਈਪ ਕਰਨ ਉੱਤੇ ਮੈਨੂੰ ਲੱਗਿਆ ਕਿ ਜੋ ਕਵਿਤਾਵਾਂ ਮੈਂ ਹੱਥ ਨਾਲ ਲਿਖੀਆਂ ਸਨ, ਉਹ ਜ਼ਿਆਦਾ ਸੰਵੇਦਨਸ਼ੀਲ ਬਣ ਗਈਆਂ ਸਨ। ਉਹਨਾਂ ਦੇ ਲਚਕੀਲੇ ਰੂਪ ਸੌਖੀ ਤਰ੍ਹਾਂ ਬਦਲੇ ਜਾ ਸਕਦੇ ਹਨ। ਰਾਬਰਟ ਗ੍ਰੇਵਸ ਨੇ ਕਿਸੇ ਇੰਟਰਵਿਊ ਵਿਚ ਕਿਹਾ ਹੈ ਕਿ ਚਿੰਤਨ ਕਰਨ ਲਈ ਆਦਮੀ ਨੂੰ ਆਪਣੇ ਇਰਦ-ਗਿਰਦ ਐਸੀ ਚੀਜ਼ ਘੱਟ ਤੋਂ ਘੱਟ ਰੱਖਣੀ ਚਾਹੀਦੀ ਹੈ ਜੋ ਹੱਥ ਨਾਲ ਬਣੀ ਨਾ ਹੋਵੇ। ਮੈਂ ਐਨੀ ਗੱਲ ਹੋਰ ਜੋੜ ਦਿੰਦਾ ਹਾਂ ਕਿ ਕਵਿਤਾ ਹੱਥ ਨਾਲ ਹੀ ਲਿਖਣੀ ਚਾਹੀਦੀ ਹੈ। ਟਾਈਪ ਰਾਈਟਰ ਨੇ ਮੈਨੂੰ ਕਵਿਤਾ ਨਾਲ ਡੂੰਘੀ ਨੇੜਤਾ ਨਾਲੋਂ ਕੁਝ ਕੱਟ ਦਿੱਤਾ ਹੈ। ਹੱਥ ਨਾਲ ਲਿਖਣ ਸਦਕਾ ਉਹ ਨੇੜਤਾ ਜਿਵੇਂ ਵਾਪਸ



ਪਰਤ ਆਈ।

**? : ਤੁਹਾਡਾ ਲਿਖਣ ਦਾ ਸਮਾਂ ਕਿਹੜਾ ਹੈ?**

ਨੇਰੂਦਾ : ਕੋਈ ਨਿਸ਼ਚਿਤ ਸਮਾਂ ਨਹੀਂ। ਪਰ ਮੈਂ ਸਵੇਰੇ ਲਿਖਣਾ ਜ਼ਿਆਦਾ ਪਸੰਦ ਕਰਦਾ ਹਾਂ। ਅਰਥਾਤ ਜੇ ਤੂੰ ਮੇਰਾ ਤੇ ਆਪਣਾ ਸਮਾਂ ਹੁਣ ਖਰਾਬ ਨਾ ਕਰ ਰਹੀ ਹੁੰਦੀ ਤਾਂ ਮੈਂ ਲਿਖ ਰਿਹਾ ਹੁੰਦਾ। ਦਿਨ ਵੇਲੇ ਮੈਂ ਜ਼ਿਆਦਾ ਨਹੀਂ ਪੜ੍ਹਦਾ। ਸਗੋਂ ਮੈਂ ਸਾਰਾ ਦਿਨ ਲਿਖ ਸਕਦਾ ਹਾਂ। ਪਰ ਅਕਸਰ ਕਿਸੇ ਵਿਚਾਰ, ਕਿਸੇ ਪ੍ਰਗਟਾਵੇ ਜਾਂ ਅੰਦਰੋਂ ਕਿਸੇ ਬਹੁਤ ਉਤੇਜਨਾ ਨਾਲ ਆਈ ਹੋਈ ਕਿਸੇ ਗੱਲ ਦਾ ਪੂਰਣਤਾ, ਆਪ ਉਸਨੂੰ ਪ੍ਰੇਰਨਾ ਜਿਹਾ ਪੁਰਾਣਾ ਨਾਮ ਵੀ ਦੇ ਸਕਦੇ ਹੋ - ਮੈਨੂੰ ਪੂਰੀ ਤਰ੍ਹਾਂ ਸੰਤੁਸ਼ਟ ਕਰ ਜਾਂਦੀ ਹੈ, ਜਾਂ ਨਿਚੋੜ ਕੇ ਰੱਖ ਦਿੰਦੀ ਹੈ ਜਾਂ ਸ਼ਾਂਤ ਜਾਂ ਖਾਲੀ ਕਰ ਜਾਂਦੀ ਹੈ। ਮਤਲਬ ਇਹ ਕਿ ਮੈਂ ਜ਼ਿਆਦਾ ਨਹੀਂ ਚੱਲ ਸਕਦਾ। ਇਸ ਤੋਂ ਬਿਨਾਂ ਦਿਨ ਭਰ ਲਗਾਤਾਰ ਮੇਜ਼ ਉੱਤੇ ਝੁਕੇ ਰਹਿਣਾ ਮੈਨੂੰ ਪਸੰਦ ਨਹੀਂ ਹੈ। ਉਸ ਲੇਖਕ ਲਈ ਜਿਸ ਦੇ ਨਾਲ ਪੰਜਾਹ ਸਾਲ ਦੀ ਸਿਰਜਣਾ ਹੈ। ਲੋਕ ਆਖਦੇ ਰਹਿੰਦੇ ਨੇ, "ਵੇਖੋ ਉਹ ਕਿਸ ਤਰ੍ਹਾਂ ਰਹਿੰਦਾ ਹੈ? ਸਮੁੰਦਰ ਵੱਲ ਖੁੱਲਦਾ ਮਕਾਨ ਹੈ ਤੇ ਪੀਣ ਲਈ ਵਧੀਆ ਸ਼ਰਾਬ" ਅੱਵਲ ਤਾਂ ਚਿੱਲੀ ਵਿਚ ਕੋਈ ਘਟੀਆ ਸ਼ਰਾਬ ਪੀ ਵੀ ਨਹੀਂ ਸਕਦਾ, ਕਿਉਂਕਿ ਇਥੋਂ ਦੀਆਂ ਲਗਭਗ ਸਾਰੀਆਂ ਸ਼ਰਾਬਾਂ ਚੰਗੀਆਂ ਹੁੰਦੀਆਂ ਹਨ। ਇਹ ਇੱਕ ਅਜਿਹੀ ਗੱਲ ਹੈ ਜੋ ਉਜਾਗਰ ਕਰਨੀ ਹੈ ਕਿ ਸਾਡਾ ਦੇਸ਼ ਘੱਟ-ਵਿਕਸ਼ਿਤ ਦੇਸ਼ ਹੈ। ਕੁੱਲ ਮਿਲਾਕੇ ਇਹ ਕਿ ਸਾਡੇ ਤਰੀਕੇ ਸਤਈ ਹਨ। ਤੁਸੀਂ ਹੀ ਮੈਨੂੰ ਦੱਸਿਆ ਹੈ ਕਿ ਇੱਕ ਪਾਸੇ ਉੱਤਰੀ ਅਮਰੀਕਾ (ਯੂ. ਐਸ. ਏ.) ਵਿਚ ਇੱਕ ਪੱਤ੍ਰਿਕਾ ਨੇ ਨਾਰਮਲ ਮੇਲਰ ਨੂੰ ਤਿੰਨ ਲੇਖਾਂ ਦੇ ਨਾਲ ਨੱਬੇ ਹਜ਼ਾਰ ਡਾਲਰ ਦਿੱਤੇ। ਇਥੇ ਕਿਸੇ ਲਾਤੀਨੀ ਅਮਰੀਕੀ ਲੇਖਕ ਨੂੰ ਆਪਣੀ ਰਚਨਾ ਉੱਤੇ ਜੇ ਏਨਾ ਇਵਜ਼ਾਨਾ ਮਿਲ ਜਾਵੇ ਤਾਂ ਇਸ ਉੱਤੇ ਪ੍ਰਸੰਨ ਹੋਣ ਦੀ ਥਾਂ ਕਿ ਕਿਸੇ ਲੇਖਕ ਨੂੰ ਏਨਾ ਪੈਸਾ ਵੀ ਮਿਲ ਸਕਦਾ ਹੈ, ਦੂਸਰੇ ਲੇਖਕਾਂ ਵਿਚ ਵਿਰੋਧ ਦੀ ਲਹਿਰ ਫੈਲ ਜਾਏਗੀ। ਇਹ ਕਿੰਨੀ ਘ੍ਰਿਣਤ ਗੱਲ ਹੈ, ਕਿੰਨੀ ਭਿਅੰਕਰ। ਇਹੀ ਕਿਹਾ ਜਾਵੇਗਾ। ਖ਼ੈਰ, ਜਿਵੇਂ ਮੈਂ ਆਖਿਆ ਹੈ ਇਹ ਮੰਦੇ ਭਾਗ ਹਨ, ਜੋ ਸਭਿਆਚਾਰਕ ਪਛੜੇਪਨ ਦੇ ਨਾਂ ਉੱਤੇ ਚੱਲਦੇ ਰਹਿੰਦੇ ਹਨ।

**? : ਕੀ ਇਹ ਦੂਸ਼ਣ ਇਸ ਲਈ ਵਜ਼ਨਦਾਰ ਨਹੀਂ ਕਿ ਆਪ ਕਮਿਊਨਿਸਟ ਪਾਰਟੀ ਵਿਚ ਹੋ?**

ਨੇਰੂਦਾ : ਬਿਲਕੁਲ ਨਹੀਂ। ਅਨੇਕ ਵਾਰ ਆਖਿਆ ਗਿਆ ਹੈ ਕਿ ਜਿਸ ਦੇ ਪਾਸ ਕੁਝ ਨਹੀਂ ਹੈ, ਉਸਦੇ ਪਾਸ ਗਵਾਉਣ ਲਈ ਜੰਜੀਰਾਂ ਦੇ ਸਿਵਾ ਕੁਝ ਨਹੀਂ ਹੁੰਦਾ। ਮੇਰਾ ਜੀਵਨ, ਮੇਰਾ ਵਿਅਕਤੀਤੱਵ ਤੇ ਮੇਰੇ ਕੋਲ ਜੋ ਕੁਝ ਵੀ ਹੈ, ਉਹ ਸਭ ਕੁਝ ਦਾਅ

ਤੇ ਲੱਗਾ ਰਹਿੰਦਾ ਹੈ। ਮੇਰੀਆਂ ਕਿਤਾਬਾਂ, ਮੇਰਾ ਘਰ। ਮੇਰਾ ਘਰ ਸਾੜ ਦਿੱਤਾ ਗਿਆ, ਮੇਰੇ ਉੱਤੇ ਦੂਸ਼ਣ ਲਾਏ ਗਏ। ਮੈਨੂੰ ਇੱਕ ਨਹੀਂ, ਕਈ ਵਾਰ ਹਿਰਾਸਤ ਵਿੱਚ ਰੱਖਿਆ ਗਿਆ। ਹਜ਼ਾਰਾਂ ਪੁਲਿਸ ਵਾਲਿਆਂ ਨੂੰ ਮੇਰੀ ਤਲਾਸ਼ ਰਹੀ। ਠੀਕ ਹੈ, ਮੇਰੇ ਕੋਲ ਜੋ ਕੁਝ ਹੈ, ਉਸ ਵਿਚ ਮੈਨੂੰ ਕੋਈ ਚੈਨ ਨਹੀਂ। ਸੋ ਜੋ ਕੁਝ ਮੇਰੇ ਪਾਸ ਹੈ, ਉਸਨੂੰ ਮੈਂ ਜਨਤਾ ਨੂੰ, ਉਸਦੇ ਸੰਘਰਸ਼ਾਂ ਨੂੰ ਸੌਂਪ ਦਿੱਤਾ ਹੈ ਤੇ ਇਹ ਮਕਾਨ, ਜਿੱਥੇ ਤੂੰ ਬੈਠੀ ਹੈ, ਮੈਂ ਵੀਹ ਵਰ੍ਹੇ ਪਹਿਲਾਂ ਇੱਕ ਸਰਵ-ਜਨਮ ਪ੍ਰਵਾਨੇ ਦੇ ਰਾਹੀਂ ਪਾਰਟੀ ਨੂੰ ਦੇ ਦਿੱਤਾ ਹੈ। ਵੀਹ ਸਾਲ ਤੱਕ ਪਾਰਟੀ ਦੀ ਜਾਇਦਾਦ ਰਿਹਾ। ਮੈਂ ਆਪਨੀ ਪਾਰਟੀ ਦੀ ਮੈਂਬਰੀ ਦੇ ਚੱਲਦੇ ਹੋਏ ਇਥੇ ਰਹਿ ਰਿਹਾ ਹਾਂ। ਮੇਰੀ ਭੰਡੀ ਕਰਨ ਵਾਲੇ ਵੀ ਅਜਿਹਾ ਕਰ ਵਿਖਾਉਣ। ਜੇ ਹੋਰ ਨਹੀਂ ਤਾਂ ਆਪਣੀਆਂ ਜੁੱਤੀਆਂ ਹੀ ਕਿਤੇ ਛੱਡ ਦੇਣ, ਤਾਂ ਕਿ ਕਿਸੇ ਦੂਸਰੇ ਦੇ ਕੰਮ ਆ ਸਕਣ।

? : **ਆਪ ਨੇ ਅਨੇਕ ਪੁਸਤਕ ਭੰਡਾਰ ਦਾਨ ਕੀਤੇ ਹਨ। ਕੀ ਇਹ ਸੱਚ ਹੈ ਕਿ ਇਹਨਾਂ ਦਿਨਾਂ ਵਿਚ ਆਪ ਦੀ 'ਈਸਲਾ ਨੇਗਰਾ' ਵਿਚ ਇੱਕ ਲੇਖਕ ਬਸਤੀ ਬਣਾਉਣ ਦੀ ਯੋਜਨਾ ਸੀ?**

ਨੇਰੂਦਾ : ਮੈਂ ਦੇਸ਼ ਦੇ ਵਿਸ਼ਵ-ਵਿਦਿਆਲੇ ਨੂੰ ਇੱਕ ਤੋਂ ਵੱਧ ਪੁਸਤਕ ਭੰਡਾਰ ਭੇਂਟ ਕੀਤੇ ਹਨ। ਮੈਂ ਆਪਣੀਆਂ ਪੁਸਤਕਾਂ ਤੋਂ ਹੋਣ ਵਾਲੀ ਰਾਇਲਟੀ ਉੱਤੇ ਗੁਜ਼ਾਰਾ ਕਰਦਾ ਹਾਂ। ਮੇਰੇ ਕੋਲ ਕਿਸੇ ਕਿਸਮ ਦੀ ਬੱਚਤ ਨਹੀਂ ਹੈ। ਹਰ ਮਹੀਨੇ ਕਿਤਾਬਾਂ ਤੋਂ ਮਿਲਣ ਵਾਲੇ ਧਨ ਤੋਂ ਬਿਨਾਂ ਮੇਰੇ ਕੋਲ ਖਰਚਣ ਲਈ ਕੁਝ ਵੀ ਨਹੀਂ ਹੋਵੇਗਾ। ਬਹੁਤ ਪਿੱਛੋਂ ਜਾ ਕੇ ਮੈਂ ਸਮੁੰਦਰੀ ਤੱਟ ਉੱਤੇ ਜ਼ਮੀਨ ਦਾ ਇੱਕ ਟੁਕੜਾ ਪ੍ਰਾਪਤ ਕੀਤਾ, ਤਾਂ ਕਿ ਭਵਿੱਖ ਵਿਚ ਲੇਖਕ ਉੱਥੇ ਗਰਮੀਆਂ ਦਾ ਮੌਸਮ ਕੱਟ ਸਕਣ ਤੇ ਅਸਾਧਾਰਨ ਖੂਬਸੂਰਤੀ ਦੇ ਉਸ ਵਾਤਾਵਰਨ ਵਿਚ ਆਪਨਾ ਰਚਨਾਤਮਕ ਕੰਮ ਕਰ ਸਕਣ। ਇਸਦਾ ਨਾਂ ਕਾਂਤਾਲਾਸ ਫਾਊਂਡੇਸ਼ਨ ਹੋਵੇਗਾ ਤੇ ਉਸਦੇ ਨਿਰਦੇਸ਼ਕਾਂ ਵਿਚ ਵਿਸ਼ਵ-ਵਿਦਿਆਲੇ ਅਤੇ ਸੋਸਾਇਟੀ ਆਫ ਆਰਟਸ ਦੇ ਲੋਕ ਹੋਣਗੇ।

? : **ਤੁਹਾਡੇ ਪਹਿਲੇ ਸੰਗ੍ਰਹਿਆਂ ਵਿਚ ਇੱਕ ਸੰਗ੍ਰਹਿ "ਵੀਹ ਪਿਆਰ ਕਵਿਤਾਵਾਂ ਤੇ ਇੱਕ ਨਿਰਾਸ਼ਾ ਦਾ ਗੀਤ" ਲੱਖਾਂ ਪਾਠਕਾਂ ਦਆਰਾ ਪੜ੍ਹਿਆ ਗਿਆ ਤੇ ਪੜ੍ਹਿਆ ਜਾ ਰਿਹਾ ਹੈ।**

ਨੇਰੂਦਾ : ਜਿਸ ਐਡੀਸ਼ਨ ਨਾਲ ਉਸ ਪੁਸਤਕ ਦੀਆਂ 10 ਲੱਖ ਕਾਪੀਆਂ ਦਾ ਪ੍ਰਕਾਸ਼ਨ ਪੂਰਾ ਹੋਇਆ, ਉਸਦੀ ਭੂਮਿਕਾ ਵਿਚ ਮੈਂ ਲਿਖਿਆ ਸੀ ਕਿ ਮੈਨੂੰ ਸੱਚਮੁੱਚ ਪਤਾ ਨਹੀਂ ਕਿ ਇਹ ਸਭ ਕਿਸਦੀ ਬਾਬਤ ਹੈ। ਕਿਉਂ ਪ੍ਰੇਮ ਦੀ ਉਦਾਸੀ, ਪ੍ਰੇਮ ਦੀ ਪੀੜਾ ਦੀ ਇਹ ਪੁਸਤਕ ਏਨੇ ਸਾਰੇ ਲੋਕਾਂ, ਏਨੇ ਨੌਜਵਾਨਾਂ ਦੁਆਰਾ ਪੜ੍ਹੀ ਜਾਂਦੀ ਹੈ। ਸੱਚ, ਮੈਨੂੰ ਸਮਝ ਵਿਚ ਨਹੀਂ ਆਈ, ਸ਼ਾਇਦ ਇਹ ਕਈ ਸਾਰੇ ਰਹੱਸਾਂ ਦਾ ਇੱਕ



ਜਵਾਨ ਅੰਦਾਜ਼ ਪੇਸ਼ ਕਰਦੀ ਹੈ। ਸ਼ਾਇਦ ਇਹ ਉਹਨਾਂ ਬੁਝਾਰਤਾਂ ਦਾ ਹੱਲ ਪੇਸ਼ ਕਰਦੀ ਹੋਵੇ। ਇਹ ਇੱਕ ਸੋਗਮਈ ਸੰਗ੍ਰਹਿ ਹੈ। ਪਰ ਇਸਦੀ ਖਿੱਚ ਪੁਰਾਣੀ ਨਹੀਂ ਹੋਈ।

? : **ਤੁਸੀਂ ਉਹਨਾਂ ਕਵੀਆਂ ਵਿਚੋਂ ਹੋ, ਜਿਹਨਾਂ ਦੀਆਂ ਰਚਨਾਵਾਂ ਦੇ ਸਭ ਤੋਂ ਵੱਧ ਅਨੁਵਾਦ ਹੋਏ ਹਨ। ਕੋਈ ਤੀਹ ਭਾਸ਼ਾਵਾਂ ਵਿਚ। ਸਭ ਤੋਂ ਚੰਗਾ ਅਨੁਵਾਦ ਕਿਸ ਭਾਸ਼ਾ ਵਿਚ ਹੋਇਆ?**

ਨੇਰੂਦਾ : ਮੇਰੇ ਵਿਚਾਰ ਵਿਚ ਇਤਾਲਵੀ ਵਿਚ, ਸ਼ਾਇਦ ਇਸ ਲਈ ਕਿ ਦੋਵਾਂ ਭਾਸ਼ਾਵਾਂ ਵਿਚ ਸਮਾਨਤਾ ਬਹੁਤ ਹੈ। ਇਤਾਲਵੀ ਤੋਂ ਬਿਨਾਂ ਮੈਂ ਅੰਗਰੇਜ਼ੀ ਤੇ ਫਰਾਂਸੀਸੀ ਜਾਣਦਾ ਹਾਂ, ਪਰ ਇਹਨਾਂ ਭਾਸ਼ਾਵਾਂ ਦਾ ਸਪੇਨੀ ਨਾਲ ਕੋਈ ਤਾਲਮੇਲ ਨਹੀਂ ਹੈ। ਨਾ ਉਚਾਰਣ, ਨਾ ਸੰਯੋਜਨ ਵਿਚ, ਨਾ ਰੰਗਤ, ਨਾ ਸ਼ਬਦਾਂ ਦੇ ਵਜ਼ਨ ਵਿਚ, ਪਰ ਅਨੁਵਾਦ ਵਿਚ ਅਰਥਾਂ ਦੀ ਯਥਾਰਥਕਤਾ, ਕਵਿਤਾ ਦਾ ਨਾਸ਼ ਵੀ ਮਾਰ ਸਕਦੀ ਹੈ। ਫਰਾਂਸੀਸੀ ਵਿਚ ਹੋਏ ਕਈ ਅਨੁਵਾਦਾਂ ਵਿਚ, ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਅਨੁਵਾਦਾਂ ਵਿਚ, ਮੇਰੀ ਕਵਿਤਾ ਗੁੰਮ ਹੋ ਜਾਂਦੀ ਹੈ, ਕੁਝ ਬਚਿਆ ਨਹੀਂ ਰਹਿੰਦਾ। ਕੋਈ ਚਾਰਾ ਵੀ ਨਹੀਂ ਹੈ ਕਿਉਂਕਿ ਅਨੁਵਾਦ ਵੀ ਉਹੀ ਗੱਲ ਕਹਿੰਦਾ ਹੈ, ਜੋ ਮੂਲ ਵਿਚ ਲਿਖਿਆ ਗਿਆ ਹੈ। ਪਰ ਇਹ ਸਾਫ਼ ਹੈ ਕਿ ਮੈਂ ਜੇ ਫਰਾਂਸੀਸੀ ਕਵੀ ਹੁੰਦਾ ਤਾਂ ਉਸ ਕਵਿਤਾ ਵਿਚ ਮੈਂ ਜੋ ਆਖਿਆ ਹੈ, ਉਹ ਨਾ ਕਿਹਾ ਹੁੰਦਾ। ਕਿਉਂਕਿ ਫਰਾਂਸੀਸੀ ਵਿਚ ਸ਼ਬਦਾਂ ਦਾ ਵਜ਼ਨ ਐਨਾ ਵੱਖਰਾ ਹੈ ਤਾਂ ਮੈਂ ਕੁਝ ਹੋਰ ਹੀ ਲਿਖਿਆ ਹੁੰਦਾ।

? : **ਤੇ ਅੰਗਰੇਜ਼ੀ ਵਿਚ?**

ਨੇਰੂਦਾ : ਅੰਗਰੇਜ਼ੀ ਮੈਨੂੰ ਲੱਗਦਾ ਹੈ ਕਿ ਸਪੇਨੀ ਨਾਲੋਂ ਐਨੀ ਵੱਖਰੀ ਹੈ, ਏਨਾ ਵਿਰੋਧ ਹੈ ਕਿ ਮੇਰੀ ਕਵਿਤਾ ਦਾ ਅਰਥ ਤਾਂ ਉਸ ਵਿਚ ਆ ਜਾਂਦਾ ਹੈ, ਪਰ ਉਸਦੇ ਵਾਤਾਵਰਣ ਨੂੰ ਉਹ ਪ੍ਰਗਟ ਨਹੀਂ ਕਰ ਸਕਦੀ। ਸ਼ਾਇਦ ਕਿਸੇ ਅੰਗਰੇਜ਼ੀ ਕਵੀ ਦਾ ਸਪੇਨੀ ਭਾਸ਼ਾ ਵਿਚ ਅਨੁਵਾਦ ਕਰਦੇ ਹੋਏ ਵੀ ਅਜਿਹਾ ਹੁੰਦਾ ਹੈ।

? : **ਵਾਰਤਕ ਨੂੰ ਆਪਨੇ ਕਦੇ ਜ਼ਿਆਦਾ ਮਹੱਤਵ ਨਹੀਂ ਦਿੱਤਾ।**

ਨੇਰੂਦਾ : ਵਾਰਤਕ ...... ਮੈਨੂੰ ਆਪਣੀ ਜ਼ਿੰਦਗੀ ਵਿਚ ਕਵਿਤਾ ਹੀ ਲਿਖਣ ਦੀ ਜ਼ਰੂਰਤ ਅਨੁਭਵ ਹੁੰਦੀ ਰਹੀ ਹੈ। ਵਾਰਤਕਮਈ ਪ੍ਰਗਟਾਵੇ ਵਿਚ ਮਨ ਨਹੀਂ ਲੱਗਦਾ। ਵਾਰਤਕ ਦਾ ਸਹਾਰਾ ਮੈਂ ਕਿਸੇ ਖ਼ਾਸ ਤਰ੍ਹਾਂ ਦੀ ਉੱਡਦੀ ਹੋਈ ਭਾਵਨਾ, ਜਾਂ ਘਟਨਾ ਦਾ ਪ੍ਰਗਟਾਵਾ ਕਰਨ ਲਈ ਲੈਂਦਾ ਹਾਂ। ਜਿਸ ਵਿਚ ਕਿਸੇ ਵਰਣਾਤਮਿਕਤਾ ਦੀ ਸੰਭਾਵਨਾ ਹੋਵੇ। ਸੱਚ ਤਾਂ ਇਹ ਹੈ ਕਿ ਮੈਂ ਗਦ ਲਿਖਣਾ ਇੱਕ ਦਮ ਛੱਡ ਸਕਦਾ ਹਾਂ। ਬੱਸ ਕਦੇ-ਕਦੇ ਹੀ ਲਿਖਦਾ ਹਾਂ।

**? : ਜੇ ਕਦੇ ਆਪ ਦੀਆਂ ਰਚਨਾਵਾਂ ਨੂੰ ਅੱਗ ਪੈ ਜਾਵੇ ਤਾਂ ਤੁਸੀਂ ਕਿਹੜੀ ਰਚਨਾ ਨੂੰ ਬਚਾਉਗੇ।**

ਨੇਰੂਦਾ : ਸ਼ਾਇਦ ਉਹਨਾਂ ਵਿਚੋਂ ਕੋਈ ਵੀ ਨਹੀਂ। ਉਹ ਮੇਰੇ ਕਿਸ ਕੰਮ ਆਉਣਗੀਆਂ? ਉਹਨਾਂ ਦੀ ਥਾਂ ਮੈਂ ਇੱਕ ਲੜਕੀ ਨੂੰ ਬਚਾਉਣਾ ਚਾਹਾਂਗਾ..... ਜਾਂ ਜਸੂਸੀ ਕਹਾਣੀਆਂ ਦੀ ਕਿਸੇ ਵਧੀਆ ਕਿਤਾਬ ਨੂੰ। ਉਸ ਨਾਲ ਮੇਰਾ ਆਪਣੀਆਂ ਰਚਨਾਵਾਂ ਦੇ ਟਾਕਰੇ ਉੱਤੇ ਕਿਤੇ ਵੱਧ ਮਨ ਪ੍ਰਚਾਵਾ ਹੋਵੇਗਾ।

**? : ਆਪਦੀਆਂ ਰਚਨਾਵਾਂ ਨੂੰ ਕਿਸ ਆਲੋਚਕ ਨੇ ਸਭ ਤੋਂ ਚੰਗੀ ਤਰ੍ਹਾਂ ਸਮਝਿਆ ਹੈ?**

ਨੇਰੂਦਾ : ਓ ਯਾਰ, ਮੇਰੇ ਆਲੋਚਕਾਂ ਨੇ ਤਾਂ ਦੁਨੀਆਂ ਭਰ ਦੀ ਨਫ਼ਰਤ ਜਾਂ ਪ੍ਰੇਮ ਨਾਲ ਮੇਰੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ ਹਨ। ਕਲਾ ਦੀ ਤਰ੍ਹਾਂ, ਜ਼ਿੰਦਗੀ ਵਿਚ ਵੀ ਤੁਸੀਂ ਹਰ ਇੱਕ ਨੂੰ ਖੁਸ਼ ਨਹੀਂ ਰੱਖ ਸਕਦੇ। ਤੇ ਇਹ ਇੱਕ ਐਸੀ ਸਥਿਤੀ ਹੈ ਜੋ ਹਮੇਸ਼ਾਂ ਬਣੀ ਰਹਿੰਦੀ ਹੈ। ਤੁਹਾਨੂੰ ਹਮੇਸ਼ਾਂ ਹੀ ਚੋਭ ਅਤੇ ਕੰਡੇ ਮਿਲ ਰਹੇ ਹਨ, ਲਾਡ ਤੇ ਦੁਲੱਤੇ ਮਿਲ ਰਹੇ ਹਨ ਤੇ ਇਹੀ ਕਵੀ ਦੀ ਜ਼ਿੰਦਗੀ ਹੈ। ਜਿਸ ਗੱਲ ਤੋਂ ਮੈਨੂੰ ਪ੍ਰੇਸ਼ਾਨੀ ਹੁੰਦੀ ਹੈ, ਉਹ ਹੈ ਤੁਹਾਡੀ ਕਵਿਤਾ ਜਾਂ ਜ਼ਿੰਦਗੀ ਦੀਆਂ ਘਟਨਾਵਾਂ ਦੀ ਤੋੜ-ਮਰੋੜ ਕੇ ਕੀਤੀ ਗਈ ਵਿਆਖਿਆ। ਉਦਾਹਰਨ ਲਈ, ਨਿਊਯਾਰਕ ਵਿਚ ਪੀ. ਈ. ਐਨ. ਕਲੱਬ ਦੇ ਸਮਾਗਮ ਵਿਚ ਜਿੱਥੇ ਅਨੇਕ ਥਾਵਾਂ ਤੋਂ ਅਨੇਕ ਲੋਕਾਂ ਨੂੰ ਇਕੱਠੇ ਹੋਣ ਦਾ ਅਵਸਰ ਮਿਲਿਆ ਸੀ, ਮੈਂ ਉੱਥੇ ਆਪਣੀਆਂ ਸਮਾਜਿਕ ਕਵਿਤਾਵਾਂ ਪੜ੍ਹੀਆਂ ਸਨ ਤੇ ਉਸ ਤੋਂ ਵੀ ਵੱਧ ਸ਼ਿਕਾਗੋ ਵਿਚ ਪੜ੍ਹੀਆਂ। ਇਹ ਕਵਿਤਾਵਾਂ ਕਿਊਬਾ ਨੂੰ ਸਮਰਪਿਤ ਸਨ, ਉਹਨਾਂ ਦੀ ਕ੍ਰਾਂਤੀ ਦੇ ਪ੍ਰਸੰਗ ਵਿਚ ਸੀ। ਪਰ ਕਿਊਬਾ ਦੇ ਲੇਖਕਾਂ ਨੇ ਲੱਖਾਂ ਦੀ ਗਿਣਤੀ ਵਿਚ ਇੱਕ ਪਰਚਾ ਛਪਵਾ ਕੇ ਵੰਡਿਆ, ਜਿਸ ਵਿਚ ਮੇਰੇ ਵਿਚਾਰਾਂ ਉੱਤੇ ਸੰਦੇਹ ਪ੍ਰਗਟ ਕੀਤਾ ਗਿਆ ਤੇ ਮੈਨੂੰ ਉੱਤਰੀ ਅਮਰੀਕੀਆਂ ਦੀ ਛਤਰ-ਛਾਇਆ ਵਿਚ ਰਹਿਣ ਵਾਲਾ ਜੀਵ ਕਰਾਰ ਦਿੱਤਾ ਗਿਆ। ਉਸ ਵਿਚ ਇਥੋਂ ਤੀਕ ਕਿਹਾ ਗਿਆ ਕਿ ਮੈਨੂੰ ਅਮਰੀਕਾ ਸੱਦਿਆ ਜਾਣਾ ਵੀ ਇੱਕ ਤਰ੍ਹਾਂ ਇਨਾਮ ਹੈ। ਇਹ ਝੂਠਾ ਦੂਸ਼ਣ ਨਹੀਂ ਤਾਂ ਸਰਾਸਰ ਮੂਰਖਤਾਪੂਰਨ ਗੱਲ ਹੈ, ਕਿਉਂਕਿ ਸਮਾਜਵਾਦੀ ਦੇਸ਼ਾਂ ਦੇ ਵੀ, ਅਨੇਕ ਲੇਖਕ ਉਥੇ ਬਿਰਾਜਮਾਨ ਸਨ ਤੇ ਕਿਊਬਾ ਦੇ ਲੇਖਕਾਂ ਤੱਕ ਦੇ ਆਉਣ ਦੀ ਸੰਭਾਵਨਾ ਸੀ। ਨਿਊਯਾਰਕ ਜਾਣ ਨਾਲ ਮੇਰੇ ਸਾਮਰਾਜ ਵਿਰੋਧੀ ਚਰਿੱਤਰ ਵਿਚ ਕੋਈ ਤਬਦੀਲੀ ਨਹੀਂ ਆ ਗਈ। ਫਿਰ ਵੀ ਜਾਂ ਤੇ ਹੜ-ਬੜਾ ਕੇ, ਜਾਂ ਕਿਸੇ ਬਦਨੀਤੀ ਦੇ ਕਾਰਨ ਕਿਊਬਾਈ ਲੇਖਕਾਂ ਵਲੋਂ ਅਜਿਹਾ ਕਿਹਾ ਗਿਆ। ਅਜੇ ਮੈਂ ਆਪਣੀ ਪਾਰਟੀ ਵਲੋਂ ਲੋਕ-ਰਾਜ ਦੇ ਰਾਸ਼ਟਰਪਤੀ ਦੇ ਅਹੁੱਦੇ ਲਈ ਖਲੋਤਾ ਹਾਂ ਤੇ ਇਸ ਤੋਂ ਵੀ ਸਪੱਸ਼ਟ ਹੈ ਕਿ ਮੇਰਾ ਇੱਕ ਕ੍ਰਾਂਤੀਕਾਰੀ ਇਤਿਹਾਸ ਰਿਹਾ ਹੈ। ਇਸ ਪੱਤਰ ਉੱਤੇ



ਜਿਹਨਾਂ ਲੇਖਕਾਂ ਦੇ ਦਸਤਖਤ ਸਨ, ਉਹਨਾਂ ਵਿਚੋਂ ਇੱਕ ਵੀ ਐਸਾ ਨਹੀਂ ਹੈ ਕਿ ਜੋ ਕ੍ਰਾਂਤੀਕਾਰੀ ਕੰਮਾਂ ਪ੍ਰਤੀ ਐਨਾ ਨਿਸ਼ਚੇਵਾਨ ਰਿਹਾ ਹੋਵੇ, ਜਾਂ ਜਿੰਨਾ ਕੰਮ ਤੇ ਸੰਘਰਸ਼ ਮੈਂ ਕੀਤਾ ਹੈ, ਉਸਦੇ ਸੌਵੇਂ ਹਿੱਸੇ ਦੇ ਬਰਾਬਰ ਵੀ ਕਰਨ ਸਕਿਆ ਹੋਵੇ।

**? : ਤੁਹਾਡੇ ਰਹਿਣ-ਸਹਿਣ ਅਤੇ ਆਰਥਿਕ ਸਥਿਤੀ ਨੂੰ ਲੈ ਕੇ ਆਲੋਚਨਾ ਹੁੰਦੀ ਰਹੀ ਹੈ?**

ਨੇਰੂਦਾ : ਇਹ ਸਾਰਾ ਕੁਝ ਮਿਲਾ ਕੇ ਮਨਘੜਤ ਹੈ। ਇੱਕ ਅਰਥ ਵਿਚ ਸਾਨੂੰ ਸਪੇਨ ਤੋਂ ਇੱਕ ਬੁਰੀ ਵਿਰਾਸਤ ਮਿਲੀ ਹੈ। ਅਸੀਂ ਇਹ ਬਰਦਾਸ਼ਤ ਨਹੀਂ ਕਰ ਸਕਦੇ ਕਿ ਸਾਡੇ ਲੋਕੀ ਸਾਧਾਰਨ ਤੋਂ ਵੱਧ ਹੋਣ ਜਾਂ ਕਿਸੇ ਖੇਤਰ ਵਿਚ ਵਿਸ਼ੇਸ਼ਤਾ ਪ੍ਰਾਪਤ ਕਰ ਲੈਣ। ਕ੍ਰਿਸਟੋਫਰ ਕੋਲੰਬਸ ਜਦੋਂ ਪਰਤ ਕੇ ਸਪੇਨ ਮੁੜਿਆ ਤਾਂ ਜ਼ੰਜੀਰਾਂ ਵਿਚ ਜਕੜ ਦਿੱਤਾ ਗਿਆ। ਇਹ ਈਰਖਾ ਪੈਟੀ ਬੁਰਜੂਆਂ ਦੀ ਦੇਣ ਹੈ। ਜਿਸ ਅਧੀਨ ਬੱਸ ਇਹੀ ਖ਼ਿਆਲ ਘੁੰਮਦੇ ਰਹਿੰਦੇ ਹਨ ਕਿ ਦੂਸਰਿਆਂ ਦੇ ਪਾਸ ਕੀ ਹੈ ਅਤੇ ਇਹ ਕਿ ਸਾਡੇ ਕੋਲ ਕੀ ਨਹੀਂ ਹੈ? ਜਿਥੋਂ ਤੀਕ ਮੇਰੀ ਗੱਲ ਹੈ, ਮੈਂ ਆਪਣੀ ਜ਼ਿੰਦਗੀ ਜਨਤਾ ਦੇ ਕਲਿਆਣ ਵਾਸਤੇ ਸਮਰਪਿਤ ਕੀਤੀ ਹੈ ਤੇ ਮੇਰੇ ਘਰ ਵਿਚ ਜੋ ਕੁਝ ਵੀ ਹੈ .... ਅਰਥਾਤ ਕਿਤਾਬਾਂ... ਉਹ ਮੇਰੀ ਕਲਮ ਦੀ ਮਿਹਨਤ ਦਾ ਸਿੱਟਾ ਹੈ। ਜਿਸ ਤਰ੍ਹਾਂ ਦੇ ਉਲ੍ਹਮੇਂ ਮੈਨੂੰ ਮਿਲਦੇ ਹਨ, ਅਜਿਹੇ ਉਹਨਾਂ ਲੇਖਕਾਂ ਨੂੰ ਵੀ ਨਹੀਂ ਮਿਲਦੇ, ਅਮੀਰੀ ਜਿਨ੍ਹਾਂ ਦੇ ਜਨਮ-ਸਿੱਧ ਅਧਿਕਾਰ ਹੈ। ਉਹਨਾਂ ਦੀ ਥਾਂ ਸਾਰੀ ਨਿੰਦਿਆ ਮੇਰੇ ਹਿੱਸੇ ਆ ਜਾਂਦੀ ਹੈ।

**? : ਲਾਤੀਨੀ ਅਮਰੀਕਾ ਵਿਚ ਸਾਹਿਤਕ ਸਰਗਰਮੀਆਂ ਬਾਰੇ ਮੈਂ ਆਪ ਦੇ ਵਿਚਾਰ ਜਾਨਣਾ ਚਾਹੂੰਗੀ।**

ਨੇਰੂਦਾ : ਕੋਈ ਵੀ ਪ੍ਰਤ੍ਰਿਕਾ ਉਠਾਓ, ਭਾਵੇਂ ਉਹ ਔਂਦੂਰਾਸ ਤੋਂ ਛੱਪਦੀ ਹੋਵੇ ਜਾਂ ਨਿਊਯਾਰਕ ਤੋਂ, ਸਪੇਨੀ ਵਿਚ ਹੋਵੇ ਜਾਂ ਮੋਤੇਵਿਕੀਓ ਵਿਚੋਂ ਜਾਂ ਨਵਾਗਾਕਿਲ ਤੋਂ। ਉਸ ਵਿਚ ਈਲੀਅਟ ਤੇ ਕਾਫਕਾ ਦੇ ਪ੍ਰਭਾਵ ਹੇਠ ਲਿਖੇ ਗਏ ਫੈਸ਼ਨੀ ਸਾਹਿਤ ਦੀ ਭਰਮਾਰ ਮਿਲੇਗੀ। ਇਹ ਸਾਂਸਕ੍ਰਿਤਕ ਬਸਤੀਵਾਦ ਦਾ ਇੱਕ ਨਮੂਨਾ ਹੈ। ਅਸੀਂ ਅਜੇ ਤੱਕ ਬਿਹਤਰ ਯੂਰਪੀ ਸੱਭਿਆਚਾਰ ਦੀ ਜਕੜ ਵਿਚ ਹਾਂ। ਉਦਾਹਰਣ ਦੇ ਤੌਰ ਤੇ, ਚਿੱਲੀ ਦੀਆਂ ਘਰੇਲੂ ਔਰਤਾਂ ਤੁਹਾਨੂੰ ਕੋਈ ਵੀ ਚੀਜ਼ ਜਿਵੇਂ ਚੀਨੀ ਦੀਆਂ ਪਲੇਟਾਂ ਵਿਖਾਉਂਦੇ ਹੋਏ ਇੱਕ ਤ੍ਰਿਪਤ ਮੁਸਕਾਨ ਨਾਲ ਦੱਸਣਗੀਆਂ ਕਿ ਇਹ ਵਿਦੇਸ਼ੀ ਹਨ। ਚਿੱਲੀ ਦੇ ਲੱਖਾਂ ਘਰਾਂ ਵਿਚ ਸਜੇ ਹੋਏ ਚੀਨੀ ਮਿੱਟੀ ਦੇ ਬਰਤਨ ਜਾਂ ਬਾਹਰੋਂ ਆਏ ਹੋਏ ਹਨ ਤੇ ਉਹ ਵੀ ਬਹੁਤ ਹੀ ਘਟੀਆ ਭਾਂਤ ਦੇ। ਜਰਮਨੀ ਜਾਂ ਫਰਾਂਸ ਦੇ ਬਣੇ ਹੁੰਦੇ ਹਨ। ਮੂਰਖਤਾ ਦਾ ਇਹ ਮਾਲ ਉਚ ਕੋਟੀ ਦਾ ਮੰਨਿਆ ਜਾਂਦਾ ਹੈ। ਇਸ ਕਰਕੇ ਕਿ ਇਹ ਵਿਦੇਸ਼ ਤੋਂ ਮੰਗਵਾਇਆ ਜਾਂਦਾ ਹੈ।

**? : ਕੀ ਅਲੱਗ-ਥਲੱਗ ਹੋ ਜਾਣ ਦੀ ਸ਼ੰਕਾ ਇਸ ਲਈ ਜ਼ਿੰਮੇਵਾਰ ਨਹੀਂ?**

ਨੇਰੂਦਾ : ਬਿਲਕੁਲ ਪੁਰਾਣੇ ਜ਼ਮਾਨੇ ਵਿਚ ਲੋਕੀਂ, ਖ਼ਾਸ ਤੌਰ ਤੇ ਲੇਖਕ ਕ੍ਰਾਂਤੀਕਾਰੀ, ਵਿਚਾਰਾਂ ਤੋਂ ਬਹੁਤ ਘਬਰਾਉਂਦੇ ਸਨ। ਇਸ ਦੇਸ਼ ਵਿਚ ਖ਼ਾਸ ਤੌਰ ਤੇ ਕਿਊਬੀਆਈ ਕ੍ਰਾਂਤੀ ਤੋਂ ਪਿੱਛੋਂ ਜੋ ਵਰਤਾਰਾ ਸ਼ੁਰੂ ਹੋਇਆ, ਉਹ ਬਿਲਕੁਲ ਉਲਟ ਹੈ। ਲੇਖਕਾਂ ਨੂੰ ਡਰ ਹੈ ਕਿ ਕਿਤੇ ਅਜਿਹਾ ਨਾ ਹੋਵੇ ਕਿ ਉਹਨਾਂ ਨੂੰ ਅਤਿ ਲੋਕ-ਪੱਖੀ ਨਾ ਮੰਨਿਆ ਜਾਵੇ। ਇਸ ਲਈ ਹਰ ਲੇਖਕ ਆਪਣੇ ਆਪ ਨੂੰ ਗੁਰੀਲਾ ਜਿਹੀ ਹੈਸੀਅਤ ਵਿਚ ਪਿਆ ਵੇਖਦਾ ਹੈ। ਅਜਿਹੇ ਅਨੇਕ ਲੇਖਕ ਹਨ ਜਿਹਨਾਂ ਦੀ ਹਰ ਰਚਨਾ ਇਹ ਪ੍ਰਗਟ ਕਰਦੀ ਹੈ ਕਿ ਉਹ ਸਾਮਰਾਜਵਾਦ ਵਿਰੋਧੀ ਲੜਾਈ ਵਿਚ ਅਗਲੇ ਮੋਰਚੇ ਉੱਤੇ ਹਨ। ਸਾਡੇ ਵਿਚੋਂ ਉਹ ਲੋਕੀ ਜਿਹਨਾਂ ਨੇ ਉਹ ਲੜਾਈ ਲਗਾਤਾਰ ਲੜੀ ਸੀ, ਇਹ ਵੇਖ ਕੇ ਬਹੁਤ ਖੁਸ਼ੀ ਹੁੰਦੀ ਹੈ ਕਿ ਸਾਹਿਤ ਜਨਤਾ ਵੱਲ ਆ ਰਿਹਾ ਹੈ। ਪਰ ਸਾਡਾ ਇਹ ਵੀ ਮੰਨਣਾ ਹੈ ਕਿ ਜੇ ਉਹ ਸਿਰਫ਼ ਫ਼ੈਸ਼ਨ ਵਜੋਂ ਚੱਲਦੇ ਹਨ ਤੇ ਇਸ ਵਿਚ ਲੇਖਕਾਂ ਦੀ ਇਹ ਇੱਛਾ ਵੀ ਸ਼ਾਮਿਲ ਹੁੰਦੀ ਹੈ ਕਿ ਕਿਤੇ ਉਹਨਾਂ ਨੂੰ ਸਰਗਰਮ ਲੋਕ-ਪੱਖੀ ਮੰਨਣ ਤੋਂ ਇਨਕਾਰ ਨਾ ਕਰ ਦਿੱਤਾ ਜਾਵੇ। ਤਾਂ ਫਿਰ ਇਸ ਤਰ੍ਹਾਂ ਦੀ ਕ੍ਰਾਂਤੀਕਾਰਿਤਾ ਦੂਰ ਤੀਕ ਨਾਲ ਨਹੀਂ ਨਿਭਦੀ। ਤੇ ਅਖ਼ੀਰ ਨੂੰ ਸਾਹਿਤ ਦੇ ਜੰਗਲ ਵਿਚ ਹਰ ਤਰ੍ਹਾਂ ਦੇ ਜਾਨਵਰ ਸਮਾ ਹੀ ਜਾਂਦੇ ਹਨ। ਇੱਕ ਵਾਰ ਜਦੋਂ ਕੁਝ ਹੱਠੀ ਕਿਸਮ ਦੇ ਘੁਸਪੈਠੀਏ ਲੇਖਕਾਂ ਵਲੋਂ ਮੇਰੇ ਉੱਤੇ ਕਈ ਸਾਲ ਤੀਕ ਹਮਲੇ ਹੁੰਦੇ ਰਹੇ ਤਾਂ ਲੱਗਦਾ ਸੀ ਕਿ ਉਹ ਮੇਰੀ ਕਵਿਤਾ ਤੇ ਮੇਰੇ ਜੀਵਨ ਉੱਤੇ ਹਮਲਾ ਕਰਨ ਲਈ ਹੀ ਜਿਊਂਦੇ ਹਨ। ਤਾਂ ਮੈਂ ਆਖਿਆ, "ਉਹਨਾਂ ਨੂੰ ਆਪਣੇ ਹਾਲ ਉੱਤੇ ਛੱਡ ਦਿਉ। ਇਸ ਜੰਗਲ ਵਿਚ ਸਭ ਲਈ ਜਗ੍ਹਾ ਹੈ। ਜੇ ਇਥੇ ਹਾਥੀਆਂ ਲਈ ਜਗ੍ਹਾ ਹੈ, ਜੋ ਕਿ ਅਫਰੀਕਾ ਤੇ ਸ਼੍ਰੀਲੰਕਾ ਦੇ ਜੰਗਲਾਂ ਵਿਚ ਐਨੀ ਵੱਡੀ ਪੱਧਰ ਉੱਤੇ ਛਾਏ ਹੋਏ ਹਨ ਤਾਂ ਨਿਰਸੰਦੇਹ ਸਾਰੇ ਕਵੀਆਂ ਲਈ ਵੀ ਜਗ੍ਹਾ ਹੈ।"

**? : ਕੀ ਤੁਸਾਂ ਚਿਲੀ ਦੇ ਲੋਕ ਸੰਗੀਤ ਵਿਚ ਵੀ ਰਚਨਾਵਾਂ ਲਿਖੀਆਂ ਹਨ?**

ਨੇਰੂਦਾ : ਕੁਝ ਗੀਤਾਂ ਦੀ ਰਚਨਾ ਕੀਤੀ ਹੈ ਜੋ ਇਸ ਦੇਸ਼ ਵਿਚ ਹਰਮਨ ਪਿਆਰੇ ਹਨ।

**? : ਰੂਸੀ ਕਵੀਆਂ ਵਿਚੋਂ ਤੁਹਾਨੂੰ ਕੌਣ ਚੰਗੇ ਲੱਗਦੇ ਹਨ?**

ਨੇਰੂਦਾ : ਰੂਸੀ ਕਵਿਤਾ ਵਿਚ ਹੁਣ ਤੀਕ ਸਭ ਤੋਂ ਵੱਧ ਪ੍ਰਮੁੱਖ ਵਿਅਕਤਿਤਵ ਮਾਇਆ ਕੋਵਸਕੀ ਦਾ ਹੀ ਹੈ। ਰੂਸੀ ਕ੍ਰਾਂਤੀ ਵਿਚ ਉਸਦਾ ਸਥਾਨ ਉਹੀ ਹੈ, ਜੋ ਅਮਰੀਕਾ ਦੀ ਉਦਯੋਗਿਕ ਕ੍ਰਾਂਤੀ ਦੇ ਪ੍ਰਸੰਗ ਵਿਚ ਵਾਲਟ ਵਿੱਟਮੈਨ ਦਾ ਹੈ। ਮਾਇਆ ਕੋਵਸਕੀ ਨੇ ਕਵਿਤਾ ਵਿਚ ਇਸ ਢੰਗ ਨਾਲ ਨਵੀਂ ਜਾਨ ਪਾਈ ਕਿ ਲਗਭਗ ਸਮੁੱਚੀ ਕਵਿਤਾ ਹੀ ਮਾਇਆ ਕੋਵਸਕੀਅਨ ਹੋਣ ਲੱਗ ਪਈ।

**? : ਆਪਣਾ ਦੇਸ਼ ਛੱਡ ਜਾਣ ਵਾਲੇ ਰੂਸੀ ਲੇਖਕਾਂ ਦੇ ਬਾਰੇ ਵਿਚ ਆਪ ਕਿਵੇਂ ਸੋਚਦੇ ਹੋ?**



ਨੇਰੂਦਾ : ਜੋ ਲੋਕ ਕਿਸੇ ਥਾਂ ਨੂੰ ਛੱਡਣਾ ਚਾਹੁੰਦੇ ਹਨ, ਉਹਨਾਂ ਨੂੰ ਛੱਡ ਦੇਣਾ ਚਾਹੀਦਾ। ਦਰਅਸਲ ਇਹ ਇੱਕ ਵਿਅਕਤੀਗਤ ਮਸਲਾ ਹੈ। ਕੁਝ ਸੋਵੀਅਤ ਲੇਖਕ ਸਾਹਿਤਕ ਸੰਗਠਨਾਂ ਵਿਚੋਂ ਜਾਂ ਆਪਣੇ ਰਾਜ ਨਾਲ ਆਪਣੇ ਸੰਬੰਧਾਂ ਨੂੰ ਲੈ ਕੇ ਅਸੰਤੁਸ਼ਟ ਅਨੁਭਵ ਕਰਦੇ ਹੋਣਗੇ, ਪਰ ਰਾਜ ਸੱਤਾ ਤੇ ਲੇਖਕ ਵਿਚਕਾਰ ਜਿੰਨੀ ਘੱਟ ਅਸਹਿਮਤੀ ਮੈਂ ਸਮਾਜਵਾਦੀ ਦੇਸ਼ਾਂ ਵਿਚ ਵੇਖੀ ਹੈ, ਓਨੀ ਹੋਰ ਕਿਤੇ ਨਹੀਂ ਹੈ। ਬਹੁਤ ਸਾਰੇ ਸੋਵੀਅਤ ਲੇਖਕਾਂ ਨੂੰ ਸਮਾਜਵਾਦੀ ਪ੍ਰਬੰਧ ਉੱਤੇ ਨਾਜ਼ੀਆਂ ਦੇ ਵਿਰੁੱਧ ਮੁਕਤੀ ਦੀ ਉਸ ਮਹਾਨ ਲੜਾਈ ਉੱਤੇ, ਕ੍ਰਾਂਤੀ ਦੇ ਮਹਾਂ-ਯੁੱਧ ਵਿਚ ਜਨਤਾ ਦੀ ਭੂਮਿਕਾ ਉੱਤੇ ਫ਼ਖ਼ਰ ਹੈ ਅਤੇ ਸਮਾਜਵਾਦ ਨੇ ਜਿਸ ਪ੍ਰਬੰਧ ਦੀ ਰਚਨਾ ਕੀਤੀ ਹੈ, ਉਸ ਉੱਤੇ ਵੀ ਮਾਣ ਹੈ। ਪਰ ਇਸਦੇ ਕੁਝ ਅਪਵਾਦ ਵੀ ਹਨ, ਤਾਂ ਇਹ ਇੱਕ ਨਿਜੀ ਮਾਮਲਾ ਹੈ ਤੇ ਨਾਲ ਹੀ ਅਜਿਹੇ ਹਰ ਮਾਮਲੇ ਦੀ ਵੱਖ-ਵੱਖ ਪੜਤਾਲ ਕੀਤੀ ਜਾਣੀ ਚਾਹੀਦੀ ਹੈ।

**? : ਨੌਜਵਾਨ ਕਵੀਆਂ ਨੂੰ ਆਪ ਕੀ ਸਲਾਹ ਦੇਣਾ ਚਾਹੋਗੇ?**

ਨੇਰੂਦਾ : ਓਏ ਨਹੀਂ। ਨੌਜਵਾਨ ਕਵੀਆਂ ਨੂੰ ਕੀ ਸਲਾਹ ਦੇਈਏ। ਉਹਨਾਂ ਨੇ ਆਪਣਾ ਰਾਹ ਆਪ ਬਣਾਉਣਾ ਹੈ। ਉਹਨਾਂ ਨੂੰ ਆਪਣੇ ਪ੍ਰਗਟਾਵੇ ਦੇ ਰਾਹ ਵਿਚਲੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਹੋਵੇਗਾ ਤੇ ਉਹਨਾਂ ਉੱਤੇ ਜਿੱਤ ਪ੍ਰਾਪਤ ਕਰਨੀ ਹੋਵੇਗੀ। ਹਾਂ ਰਾਜਨੀਤਕ ਕਵਿਤਾ ਨਾਲ ਆਪਣੀ ਯਾਤਰਾ ਆਰੰਭ ਕਰਨ ਦੀ ਸਲਾਹ ਮੈਂ ਕਦੇ ਨਹੀਂ ਦੇਵਾਂਗਾ। ਰਾਜਨੀਤਿਕ ਕਵਿਤਾ ਵਿਚ ਦੂਸਰੀ ਕਿਸੇ ਵੀ ਕਵਿਤਾ ਨਾਲੋਂ ਜ਼ਿਆਦਾ ਡੂੰਘਾ ਭਾਵਨਾ ਵੇਗ ਹੁੰਦਾ ਹੈ। ਘੱਟ ਤੋਂ ਘੱਟ ਪ੍ਰੇਮ ਕਵਿਤਾ ਜਿੰਨਾ ਤਾਂ ਹੁੰਦਾ ਹੀ ਹੈ। ਤੇ ਉਸ ਨੂੰ ਧੱਕੇ ਨਾਲ ਨਹੀਂ ਲਿਖਿਆ ਜਾ ਸਕਦਾ। ਕਿਉਂਕਿ ਫਿਰ ਉਹ ਨਿਕੰਮੀ ਤੇ ਨਾ ਗ੍ਰਹਿਣਯੋਗ ਹੋ ਜਾਂਦੀ ਹੈ। ਇੱਕ ਰਾਜਨੀਤਿਕ ਕਵੀ ਹੋਣ ਲਈ ਪਹਿਲਾਂ ਦੂਸਰੀ ਹਰ ਤਰ੍ਹਾਂ ਦੀ ਕਵਿਤਾ ਵਿਚੋਂ ਦੀ ਗੁਜ਼ਰਨਾ ਜ਼ਰੂਰੀ ਹੈ। ਰਾਜਨੀਤਕ ਕਵੀ ਉੱਤੇ ਜਾਂ ਸਾਹਿਤ ਨਾਲ ਵਿਸ਼ਵਾਸਘਾਤ ਕਰਨ ਦੇ ਜੋ ਇਲਜ਼ਾਮ ਲੱਗਦੇ ਹਨ, ਉਹਨਾਂ ਨੂੰ ਵੀ ਪ੍ਰਵਾਨ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਫਿਰ ਰਾਜਨੀਤਿਕ ਕਵਿਤਾ ਐਸੀ ਕੱਥ ਤੇ ਵਾਸਤਵਿਕਤਾ ਨਾਲ ਲੈੱਸ ਹੋਣੀ ਚਾਹੀਦੀ ਹੈ ਅਤੇ ਉਸ ਵਿਚ ਐਨੀ ਬੌਧਿਕ ਅਤੇ ਭਾਵਨਾਤਮਕ ਪੂਰਣਤਾ ਹੋਣੀ ਚਾਹੀਦੀ ਹੈ ਕਿ ਉਹ ਦੂਸਰਿਆਂ ਦਾ ਤ੍ਰਿਸਕਾਰ ਕਰਨ ਵਿਚ ਵੀ ਨਿਪੁੰਨ ਹੋਵੇ। ਐਸਾ ਕਦੇ-ਕਦੇ ਹੀ ਹੁੰਦਾ ਹੈ।

**? : ਤੁਸਾਂ ਕਈ ਵਾਰ ਆਖਿਆ ਹੈ ਕਿ ਮੈਂ ਮੌਲਿਕਤਾ ਵਿਚ ਵਿਸ਼ਵਾਸ ਨਹੀਂ ਰੱਖਦਾ।**

ਨੇਰੂਦਾ : ਹਰ ਕੀਮਤ ਉੱਤੇ ਮੌਲਿਕਤਾ ਹੋਣ ਦੀ ਕੋਸ਼ਿਸ਼ ਇੱਕ ਆਧੁਨਿਕ ਸ਼ਰਤ ਹੈ। ਇਸ ਯੁੱਗ ਵਿਚ ਲੇਖਕ ਤੁਹਾਡਾ ਧਿਆਨ ਆਪਣੇ ਵੱਲ ਖਿੱਚਣਾ ਚਾਹੁੰਦਾ ਹੈ ਤੇ ਫਿਰ

ਉਹੀ ਚਿੰਤਾ ਅੰਨ੍ਹੇਪਣ ਦਾ ਰੂਪ ਧਾਰਨ ਕਰ ਲੈਂਦੀ ਹੈ। ਹਰ ਕੋਈ ਇਸ ਫ਼ਿਕਰ ਵਿਚ ਰਹਿੰਦਾ ਹੈ ਕਿ ਉਹ ਕੋਈ ਐਸਾ ਰਾਹ ਚੁਣੇ, ਜੋ ਅਦੁੱਤੀ ਹੋਵੇ। ਕਿਸੇ ਗਹਿਰਾਈ ਵਿਚ ਜਾਣ ਜਾਂ ਕੁਝ ਕਰਨ ਦੇ ਲਈ ਨਹੀਂ, ਸਗੋਂ ਇੱਕ ਵਿਸ਼ੇਸ਼ ਪ੍ਰਕਾਰ ਦੀ ਸਮਰੱਥਾ ਵਿਖਾਉਣ ਲਈ। ਸਭ ਤੋਂ ਮੌਲਿਕ ਕਲਾਕਾਰ ਵਿਚ ਆਪ ਨੂੰ ਸਮੇਂ ਤੇ ਯੁੱਗ ਦੇ ਅਨੁਸਾਰ, ਵਿਭਿੰਨ ਪਰਿਵਰਤਨ ਵਿਖਾਈ ਦੇਣਗੇ। ਇਸ ਪ੍ਰਸੰਗ ਵਿਚ ਪਿਕਾਸੋ ਇੱਕ ਅਦਭੁੱਤ ਉਦਾਹਰਣ ਹੈ, ਜਿਸਨੇ ਇੱਥੇ ਸ਼ੁਰੂ ਵਿਚ ਅਫਰੀਕੀ ਕਲਾ-ਕਿਰਤੀਆਂ ਤੇ ਮੂਰਤੀਆਂ ਜਾਂ ਆਦਿਮ-ਕਲਾਵਾਂ ਤੋਂ ਪ੍ਰੇਰਨਾ ਲਈ ਤੇ ਫਿਰ ਉਹ ਰੂਪਾਂਤਰਣ ਦੀ ਐਸੀ ਸ਼ਕਤੀ ਨਾਲ ਅੱਗੇ ਵੱਧਦਾ ਹੈ ਕਿ ਅਦਭੁੱਤ ਮੌਲਿਕਤਾ ਨਾਲ ਸੰਪੂਰਨ ਉਸਦਾ ਕਰਤਿਤਵ ਵਿਸ਼ਵ ਦੇ ਸਭਿਆਚਾਰਕ ਪ੍ਰਭਾਵ ਵਿਚ ਅਨੇਕ ਅਵਸਥਾਵਾਂ ਵਿਚ ਵਿਖਾਈ ਦਿੰਦਾ ਹੈ।

? : **ਤੁਹਾਡੇ ਉੱਤੇ ਕਿਹੜੇ ਸਾਹਿਤਕ ਪ੍ਰਭਾਵ ਪਏ?**

ਨੇਰੂਦਾ : ਲੇਖਕਾਂ ਵਿਚ ਇੱਕ ਤਰ੍ਹਾਂ ਦੀ ਅਦਲਾ-ਬਦਲੀ ਹਮੇਸ਼ਾਂ ਚੱਲਦੀ ਰਹਿੰਦੀ ਹੈ। ਉਸੇ ਤਰ੍ਹਾਂ ਜਿਵੇਂ ਜਿਸ ਹਵਾ ਵਿਚ ਅਸੀਂ ਸਾਹ ਲੈਂਦੇ ਹਾਂ, ਉਹ ਕਿਸੇ ਇੱਕ ਜਗ੍ਹਾ ਦੀ ਨਹੀਂ ਹੁੰਦੀ। ਲੇਖਕ ਘਰ-ਘਰ ਘੁੰਮਣ ਵਾਲਾ ਪ੍ਰਾਣੀ ਹੁੰਦਾ ਹੈ। ਉਸਨੂੰ ਆਪਣਾ ਸਾਜ਼-ਸਾਮਾਨ ਬਦਲਣਾ ਹੀ ਹੁੰਦਾ ਹੈ। ਕੁਝ ਲੇਖਕਾਂ ਨੂੰ ਇਹ ਗੱਲ ਫ਼ਜ਼ੂਲ ਵੀ ਲੱਗਦੀ ਹੈ। ਮੈਨੂੰ ਯਾਦ ਹੈ, ਲੋਰਕਾ ਮੈਨੂੰ ਅਕਸਰ ਆਪਣੀਆਂ ਕਵਿਤਾਵਾਂ ਸੁਣਾਉਣ ਲਈ ਕਹਿੰਦਾ ਹੁੰਦਾ ਸੀ ਤੇ ਫਿਰ ਸੁਣਦੇ-ਸੁਣਦੇ ਅਚਾਨਕ ਹੀ ਵਿਚ ਬੋਲ ਪੈਂਦਾ ਸੀ, "ਰੁਕੋ ਰੁਕੋ! ਅੱਗੇ ਮੱਤ ਜਾਓ। ਕਿਤੇ ਮੈਂ ਤੇਰੇ ਤੋਂ ਪ੍ਰਭਾਵਿਤ ਨਾ ਹੋ ਜਾਵਾਂ।"

? : **ਤੇ ਨਾਰਮਨ ਮੇਲਰ, ਆਪ ਉਸ ਬਾਰੇ ਸਭ ਤੋਂ ਪਹਿਲੇ ਲਿਖਣ ਵਾਲਿਆਂ ਵਿਚੋਂ ਹੋ?**

ਨੇਰੂਦਾ : ਮੇਲਰ ਦੀ ਪੁਸਤਕ 'ਦਾ ਨੇਕਿਡ ਐਂਡ ਦਾ ਡੈੱਡ' ਦੇ ਛਪਣ ਦੇ ਕੁਝ ਦਿਨਾਂ ਬਾਅਦ ਮੈਕਸੀਕੋ ਵਿਚ ਕਿਤਾਬਾਂ ਦੀ ਇੱਕ ਦੁਕਾਨ ਉੱਤੇ ਮੇਰੀ ਨਜ਼ਰ ਪਈ। ਇਸ ਪੁਸਤਕ ਦੇ ਬਾਰੇ ਵਿਚ ਕਿਸੇ ਨੂੰ ਕੁਝ ਪਤਾ ਨਹੀਂ ਸੀ। ਪੁਸਤਕ ਵਿਕਰੇਤਾ ਵੀ ਨਹੀਂ ਜਾਣਦਾ ਸੀ ਕਿ ਇਸ ਵਿਚ ਹੈ ਕੀ। ਮੈਂ ਉਸਨੂੰ ਇਸ ਲਈ ਖਰੀਦਿਆ ਕਿ ਮੈਂ ਸਫ਼ਰ ਕਰ ਰਿਹਾ ਸੀ, ਤੇ ਕੋਈ ਨਵਾਂ ਨਾਵਲ ਪੜ੍ਹਨਾ ਚਾਹੁੰਦਾ ਸੀ। ਮੈਂ ਸੋਚਦਾ ਸੀ ਕਿ ਅਮਰੀਕੀ ਉਪਨਿਆਸ ਡਰੇਜ਼ਰ ਤੋਂ ਲੈ ਕੇ ਹੈਮਿੰਗਵੇ, ਸਟਾਈਨ ਬੈੱਕ ਤੇ ਫਾਕਨਰ ਜਿਹੀਆਂ ਹਸਤੀਆਂ ਤੀਕ ਆਉਣ ਬਾਅਦ ਖ਼ਤਮ ਹੋ ਚੁੱਕਾ ਹੈ। ਪਰ ਮੈਂ ਹੁਣ ਇੱਕ ਅਜਿਹਾ ਲੇਖਕ ਖੋਜ ਰਿਹਾ ਸੀ, ਜਿਸਦੀ ਭਾਸ਼ਾ ਆਸਾਧਾਰਨ ਰੂਪ ਵਿਚ ਦਿਲ ਖਿੱਚਵੀਂ ਸੀ ਤੇ ਨਾਲ ਹੀ ਬੜੀ ਬਾਰੀਕੀ ਵਾਲੀ ਤੇ ਅਦਭੁੱਤ ਵਰਨਣ-ਸ਼ੈਲੀ ਵਾਲੀ ਸੀ। ਮੈਂ ਪਾਸਤਰਨਾਕ ਦੀ ਕਵਿਤਾ ਦਾ ਬਹੁਤ ਪ੍ਰਸੰਸ਼ਕ ਹਾਂ ਪਰ



'ਦੀ ਨੇਕਿਡ ਐਂਡ ਦਾ ਡੈੱਡ' ਨਾਲ ਤੁਲਨਾ ਕਰਨ ਉੱਤੇ, ਪਾਸਟਰਨਾਕ ਦੀ 'ਡਾਕਟਰ ਜ਼ਿਵਾਗੋ' ਇੱਕ ਉਕਾਊ ਰਚਨਾ ਲੱਗਦੀ ਹੈ। ਸਿਰਫ਼ ਪ੍ਰਕਿਰਤੀ ਵਰਨਣ ਦੇ ਕੁਝ ਅੰਸ਼ ਹੀ ਉਸ ਨੂੰ ਬਚਾ ਲੈਂਦੇ ਹਨ। ਅਰਥਾਤ ਜੋ ਅੰਸ਼ ਕਿ ਕਵਿਤਾ ਹਨ। ਮੈਨੂੰ ਯਾਦ ਹੈ ਕਿ 'ਅਰਾਕਸ਼ੋ ਨੂੰ ਜਗਣ ਦਿਓ' ਸਿਰਲੇਖ ਵਾਲੀ ਕਵਿਤਾ ਮੈਂ ਉਹਨੀਂ ਹੀ ਦਿਨੀਂ ਲਿਖੀ ਸੀ। ਲਿੰਕਨ ਦੇ ਵਿਅਕਤਿਤਵ ਨੂੰ ਸਲਾਹੁਣ ਵਾਲੀ ਇਹ ਕਵਿਤਾ ਵਿਸ਼ਵ ਸ਼ਾਂਤੀ ਨੂੰ ਸਮਰਪਿਤ ਸੀ। ਇਸ ਵਿਚ ਮੈਂ ਔਕਨਾਵਾ ਤੇ ਜਾਪਾਨ ਦੇ ਯੁੱਧ ਦੇ ਬਾਰੇ ਵਿਚ ਲਿਖਿਆ ਸੀ ਤੇ ਨਾਰਮਨ ਮੇਲਰ ਦਾ ਜ਼ਿਕਰ ਵੀ ਕੀਤਾ ਸੀ। ਇਹ ਕਵਿਤਾ ਯੂਰਪ ਪਹੁੰਚੀ ਤੇ ਅਨੁਵਾਦ ਹੋਈ। ਮੈਨੂੰ ਯਾਦ ਹੈ 'ਲੂਈ ਆਰਾਗਾਂ' ਨੇ ਮੈਨੂੰ ਦੱਸਿਆ ਸੀ ਕਿ "ਇਹ ਪਤਾ ਲਗਾਉਣ ਵਿਚ ਬਹੁਤ ਜ਼ਿਆਦਾ ਦਿੱਕਤ ਹੋਈ ਕਿ ਨਾਰਮਨ ਮੇਲਰ ਕੌਣ ਸੀ।" ਅਸਲ ਵਿਚ, ਉਸਨੂੰ ਕੋਈ ਨਹੀਂ ਜਾਣਦਾ ਸੀ ਤੇ ਮੈਨੂੰ ਇੱਕ ਖ਼ਾਸ ਤਰ੍ਹਾਂ ਦਾ ਮਾਣ ਅਨੁਭਵ ਹੋਇਆ ਕਿ ਮੈਂ ਉਸਨੂੰ ਲੱਭਣ ਵਾਲਿਆਂ ਵਿਚ ਪਹਿਲਾਂ ਸੀ।

? : **ਪ੍ਰਕਿਰਤੀ ਨਾਲ ਆਪ ਨੂੰ ਕੁਝ ਨੇੜਤਾ ਹੈ, ਇਸ ਬਾਰੇ ਵਿਚ ਕੁਝ ਦੱਸੋ?**

ਨੇਰੂਦਾ : ਆਪਣੇ ਬਚਪਨ ਤੋਂ ਹੀ ਮੈਨੂੰ ਚਿੜੀਆਂ, ਸਿੱਪੀਆਂ, ਜੰਗਲਾਂ ਤੇ ਰੁੱਖਾਂ-ਬੂਟਿਆਂ ਨਾਲ ਪ੍ਰੇਮ ਰਿਹਾ ਹੈ। ਸਮੁੰਦਰੀ ਸਿੱਪੀਆਂ ਦੀ ਖੋਜ ਵਿਚ ਮੈਂ ਕਈ ਜਗ੍ਹਾ ਗਿਆ ਤੇ ਉਹਨਾਂ ਦਾ ਇੱਕ ਵੱਡਾ ਸੰਗ੍ਰਹਿ ਮੇਰੇ ਪਾਸ ਹੈ। ਮੈਂ 'ਪੰਛੀਆਂ ਦੀ ਕਲਾ' ਨਾਂ ਤੇ ਇੱਕ ਪੁਸਤਕ ਲਿਖੀ ਹੈ। ਮੈਂ 'ਬੇਸਿਟਅਰੀ', 'ਸੀ ਵਲੇਨ' ਅਤੇ 'ਰੋਜ਼-ਆਫ-ਏਵੋਸਰੀਓ' ਵੀ ਲਿਖੀਆਂ ਹਨ ਜੋ ਫੁੱਲਾਂ, ਟਾਹਣੀਆਂ ਅਤੇ ਜੰਗਲ ਦੇ ਵਿਕਾਸ ਦੇ ਸੰਬੰਧ ਵਿਚ ਹਨ। ਮੈਂ ਪ੍ਰਕਿਰਤੀ ਨਾਲੋਂ ਵੱਖਰਾ ਹੋ ਕੇ ਰਹਿ ਨਹੀਂ ਸਕਦਾ। ਹੋਟਲਾਂ ਵਿਚ ਕੁਝ ਦਿਨ ਲੰਘਾ ਸਕਦਾ ਹਾਂ ਤੇ ਇੱਕ ਅੱਧ ਘੰਟੇ ਲਈ ਹਵਾਈ ਜਹਾਜ਼ ਵਿਚ ਰਹਿਣਾ ਵੀ ਚੰਗਾ ਲੱਗਦਾ ਹੈ। ਪਰ ਪ੍ਰਸੰਨਤਾ ਮੈਨੂੰ ਜੰਗਲਾਂ ਵਿਚ, ਰੇਤ ਉੱਤੇ ਜਾਂ ਬੇੜੀ ਚਲਾਉਂਦੇ ਹੋਏ ਮਿਲਦੀ ਹੈ। ਜਿੱਥੇ ਅੱਗ, ਧਰਤੀ, ਪਾਣੀ ਤੇ ਹਵਾ ਨਾਲ ਸਿੱਧਾ ਸੰਪਰਕ ਹੋ ਸਕੇ।

? : **ਤੁਹਾਡੀ ਕਵਿਤਾ ਵਿਚ ਬਾਰ-ਬਾਰ ਕਈ ਪ੍ਰਤੀਕ ਆਉਂਦੇ ਹਨ ਤੇ ਹਮੇਸ਼ਾਂ ਸਮੁੰਦਰ, ਮੱਛੀ, ਚਿੜੀਆਂ ਦਾ ਰੂਪ ਲੈ ਕੇ।**

ਨੇਰੂਦਾ : ਮੈਂ ਪ੍ਰਤੀਕਾਂ ਨੂੰ ਨਹੀਂ ਮੰਨਦਾ। ਇਹ ਸਿਰਫ਼ ਭੌਤਿਕ ਵਸਤੂਆਂ ਹਨ। ਮੇਰੇ ਲਈ ਸਮੁੰਦਰ, ਮੱਛੀ ਅਤੇ ਚਿੜੀਆਂ ਦੀ ਇੱਕ ਭੌਤਿਕ ਹੋਂਦ ਹੈ। ਮੈਂ ਉਹਨਾਂ ਦਾ ਵਰਨਣ ਉਸੇ ਤਰ੍ਹਾਂ ਕਰਦਾ ਹਾਂ ਜਿਵੇਂ ਧੁੱਪ ਦਾ ਕਰਦਾ ਹਾਂ। ਮੇਰੀ ਕਵਿਤਾ ਵਿਚ ਕੁਝ ਵਿਸ਼ੇ ਜੋ ਵੱਖਰੀ ਤਰ੍ਹਾਂ ਦਿਸਦੇ ਹਨ ਤੇ ਬਾਰ-ਬਾਰ ਆਉਂਦੇ ਹਨ, ਤਾਂ ਉਸਦਾ ਸੰਬੰਧ ਸਿਰਫ਼-ਸਿਰਫ਼ ਭੌਤਿਕ ਸਥਿਤੀ ਨਾਲ ਹੈ।

**? : ਕਬੂਤਰ ਤੇ ਗਿਟਾਰ ਦਾ ਕੀ ਅਰਥ ਹੈ?**

ਨੇਰੂਦਾ : ਕਬੂਤਰ ਦਾ ਅਰਥ ਕਬੂਤਰ ਹੈ ਤੇ ਗਿਟਾਰ ਦਾ ਅਰਥ ਹੈ ਵਾਯੂ ਯੰਤਰ, ਜਿਸਨੂੰ ਗਿਟਾਰ ਕਹਿੰਦੇ ਹਨ।

**? : ਤੁਹਾਡਾ ਮਤਲਬ ਹੈ ਕਿ ਜਿਹਨਾਂ ਨੇ ਇਹਨਾਂ ਚੀਜ਼ਾਂ ਦੇ ਵਿਸ਼ਲੇਸ਼ਣ ਦਾ ਯਤਨ ਕੀਤਾ ਹੈ ਉਹ ......**

ਨੇਰੂਦਾ : ਜਦੋਂ ਮੈਂ ਕੋਈ ਕਬੂਤਰ ਵੇਖਦਾ ਹਾਂ, ਤਾਂ ਉਸਨੂੰ ਕਬੂਤਰ ਹੀ ਕਹਿੰਦਾ ਹਾਂ। ਕਬੂਤਰ ਦਾ, ਭਾਵੇਂ ਉਹ ਮੌਜੂਦ ਹੋਵੇ ਜਾਂ ਨਾ ਹੋਵੇ, ਮੇਰੇ ਲਈ ਵਸਤੂ ਜਾਂ ਵਿਅਕਤੀਗਤ ਰੂਪ ਵਿਚ ਇੱਕ ਨਿਸ਼ਚਿਤ ਰੂਪਾਕਾਰ ਹੈ। ਪਰ ਇਹ ਕਬੂਤਰ ਹੋਣ ਤੋਂ ਪਰੇ ਹੋਰ ਕੁਝ ਨਹੀਂ।

**? : 'ਧਰਤੀ ਉੱਤੇ ਘਰ' ਦੀਆਂ ਕਵਿਤਾਵਾਂ ਦੇ ਸੰਬੰਧ ਵਿਚ ਤੁਸਾਂ ਕਿਹਾ ਸੀ, "ਉਹ ਕਿਸੇ ਨੂੰ ਜੀਣ ਵਿਚ ਮਦਦ ਕਰਦੀਆਂ ਹਨ, ਤਾਂ ਕਿਸੇ ਨੂੰ ਮਰਨ ਵਿਚ ਮਦਦ ਦਿੰਦੀਆਂ ਹਨ।**

ਨੇਰੂਦਾ : ਮੇਰਾ ਸੰਗ੍ਰਹਿ "ਧਰਤੀ ਉੱਤੇ ਘਰ' ਮੇਰੇ ਜੀਵਨ ਦੇ ਹਨ੍ਹੇਰੇ ਤੇ ਖਤਰਨਾਕ ਸਮਾਂ ਦਾ ਪ੍ਰਤੀਬਿੰਬਨ ਕਰਦਾ ਹੈ। ਇਹ ਅਜਿਹੀ ਕਵਿਤਾ ਹੈ, ਜਿਸ ਵਿਚ ਕੋਈ ਦਰਵਾਜ਼ਾ ਨਹੀਂ। ਉਸ ਤੋਂ ਬਾਹਰ ਜਾਣਾ ਮੇਰੇ ਲਈ ਨਵਾਂ ਜਨਮ ਲੈਣ ਵਰਗਾ ਸੀ। ਸਪੇਨ ਦੇ ਯੁੱਧ ਤੇ ਦੂਸਰੀਆਂ ਸੰਜੀਦਾ ਘਟਨਾਵਾਂ ਤੋਂ ਪੈਦਾ ਹੋਈ ਉਸ ਘੋਰ ਨਿਰਾਸ਼ਾ ਤੋਂ ਜਿਸਦੀ ਥਾਹ ਮੈਂ ਅਜੇ ਤੀਕ ਨਹੀਂ ਮਾਪ ਸਕਿਆ, ਮੈਂ ਬਚ ਸਕਿਆ। ਇੱਕ ਵਾਰ ਮੈਂ ਇਹ ਵੀ ਕਿਹਾ ਸੀ ਕਿ ਜੇ ਮੇਰੇ ਵੱਸ ਵਿਚ ਹੋਇਆ ਤਾਂ ਮੈਂ ਇਸ ਸੰਗ੍ਰਹਿ ਨੂੰ ਪੜ੍ਹਨ ਦੀ ਮਨਾਹੀ ਕਰੂੰਗਾ ਤੇ ਉਸ ਦੀ ਕੋਈ ਨਵੀਂ ਐਡੀਸ਼ਨ ਨਹੀਂ ਛਾਪਾਂਗਾ। ਉਸ ਵਿਚ ਜੀਵਨ ਦੇ ਅਹਿਸਾਸ ਨੂੰ ਇੱਕ ਦੁੱਖਦਾਈ ਬੋਝ ਦੇ ਰੂਪ ਵਿਚ ਵੇਖਿਆ ਗਿਆ ਹੈ। ਪਰ ਮੈਨੂੰ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਇਹ ਮੇਰੀਆਂ ਵਧੀਆ ਪੁਸਤਕਾਂ ਵਿਚੋਂ ਹੈ। ਇਸ ਅਰਥ ਵਿਚ ਕੀ ਇਹ ਮੇਰੀ ਇੱਕ ਮਨੋ-ਸਥਿਤੀ ਨੂੰ ਉਜਾਗਰ ਕਰਦੀ ਹੈ। ਪਤਾ ਨਹੀਂ, ਦੂਸਰੇ ਵੀ ਇਸ ਤਰ੍ਹਾਂ ਸੋਚਦੇ ਹਨ ਜਾਂ ਨਹੀਂ, ਪਰ ਜਦੋਂ ਕੋਈ ਕੁਝ ਲਿਖਦਾ ਹੈ ਤਾਂ ਉਸਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਉਸ ਦੀਆਂ ਕਵਿਤਾਵਾਂ ਕਿੱਥੇ ਪਹੁੰਚ ਰਹੀਆਂ ਹਨ। ਰਾਬਰਟ ਫਰਾਸਟ ਨੇ ਆਪਣੇ ਇੱਕ ਨਿਬੰਧ ਵਿਚ ਆਖਿਆ ਹੈ ਕਿ ਕਵਿਤਾ ਦਾ ਇੱਕੋ ਇੱਕ ਆਧਾਰ ਦੁੱਖ ਹੋਣਾ ਚਾਹੀਦਾ ਹੈ। ਕਵਿਤਾ ਵਿਚ ਸਿਰਫ਼ ਦੁੱਖ ਰਹਿਣ ਦਿਓ। ਪਰ ਮੈਨੂੰ ਨਹੀਂ ਪਤਾ ਕਿ ਰਾਬਰਟ ਫਰਾਸਟ ਤਦ ਕੀ ਸੋਚਦੇ ਹੋਣਗੇ ਜਦੋਂ ਕੋਈ ਨੌਜਵਾਨ ਆਤਮ-ਹੱਤਿਆ ਕਰਦਾ ਤੇ ਆਪਣੇ ਲਹੂ ਦੇ ਨਿਸ਼ਾਨ ਫਰਾਸਟ ਦੀ ਕਿਸੇ ਕਿਤਾਬ ਉੱਤੇ ਛੱਡ ਜਾਂਦਾ ਹੈ। ਮੇਰੇ ਨਾਲ ਅਜਿਹਾ ਹੋਇਆ ਹੈ। ਇੱਥੇ ਇਸੇ



ਹੀ ਮੁਲਕ ਵਿਚ ਜ਼ਿੰਦਗੀ ਨਾਲ ਭਰਪੂਰ ਇੱਕ ਨੌਜਵਾਨ ਨੇ ਮੇਰੀ ਪੁਸਤਕ ਨੂੰ ਬਗਲ ਵਿਚ ਲੈ ਆਪਣੇ ਆਪ ਨੂੰ ਮਾਰ ਲਿਆ। ਉਸਦੀ ਮੌਤ ਵਿਚ ਮੇਰਾ ਕੋਈ ਦੋਸ਼ ਨਹੀਂ ਸੀ ਪਰ ਖੂਨ ਦੇ ਧੱਬਿਆਂ ਨਾਲ ਭਰਿਆ ਕਵਿਤਾ ਦਾ ਪੰਨਾ ਸਾਰੇ ਕਵੀਆਂ ਨੂੰ ਚਿੰਤਤ ਕਰਨ ਲਈ ਕਾਫੀ ਹੈ।

ਮੈਂ ਆਪਣੀ ਪੁਸਤਕ ਦੇ ਖਿਲਾਫ਼ ਜੋ ਕੁਝ ਕਿਹਾ, ਉਸ ਦੀ ਮੇਰੇ ਵਿਰੋਧੀਆਂ ਨੇ ਰਾਜਨੀਤਿਕ ਵਰਤੋਂ ਕੀਤੀ, ਜਿਵੇਂ ਕਿ ਮੇਰੇ ਹਰ ਕਥਨ ਦਾ ਕਰਦੇ ਆਏ ਹਨ। ਇਹ ਉਹਨਾਂ ਦੀ ਹੀ ਦੇਣ ਹੈ ਕਿ ਮੇਰੇ ਅੰਦਰ ਸਿਰਫ਼ ਵਿਸ਼ਵਾਸ-ਭਰਨ ਵਾਲੀਆਂ ਕਵਿਤਾਵਾਂ ਲਿਖਣ ਦੀ ਇੱਛਾ ਜਾਗੀ। ਉਹਨਾਂ ਨੂੰ ਇਸ ਪ੍ਰਸੰਗ ਦੀ ਜਾਣਕਾਰੀ ਨਹੀਂ ਸੀ। ਅਜਿਹੀ ਵੀ ਨਹੀਂ ਕਿ ਮੈਂ ਇਕੱਲਤਾ, ਪੀੜ ਜਾਂ ਵਿਸ਼ਾਦ ਦਾ ਪ੍ਰਗਟਾਵਾ ਬਿਲਕੁਲ ਵਰਜਿਤ ਕਰ ਦਿੱਤਾ ਹੈ। ਪਰ ਮੈਂ ਚਾਹੁੰਦਾ ਹਾਂ ਕਿ ਆਪਣੇ ਲਹਿਜਿਆਂ ਨੂੰ ਬਦਲਦਾ ਰਹਾਂ, ਸਭ ਆਵਾਜ਼ਾਂ ਸੁਣਾਂ, ਸਭ ਰੰਗਾਂ ਦੀ ਤਲਾਸ਼ ਕਰਾਂ ਤੇ ਜਿੱਥੇ ਕਿਤੇ ਵੀ ਜੀਵਨ ਸ਼ਕਤੀਆਂ ਰਚਨਾ ਜਾਂ ਵਿਨਾਸ਼ ਵਿਚ ਲੱਗੀਆਂ ਹਨ। ਉਹਨਾਂ ਨੂੰ ਵੇਖਾਂ।

ਜੋ ਦੌਰ ਮੇਰੀ ਜ਼ਿੰਦਗੀ ਵਿਚ ਆਏ ਹਨ, ਉਹ ਮੇਰੀ ਕਵਿਤਾ ਵਿਚ ਵੀ ਆਏ ਹਨ। ਮੈਂ ਆਪਣੇ ਸੁੰਨੇ ਬਚਪਨ ਅਤੇ ਦੂਰ-ਦੁਰਾਡੇ ਸਭ ਨਾਲੋਂ ਕੱਟੇ ਹੋਏ ਦੇਸ਼ਾਂ ਵਿਚ ਬੀਤੀ ਜਵਾਨ ਅਵਸਥਾ ਵਿਚ ਇੱਕ ਵਿਸ਼ਾਲ ਮਾਨਵ ਸਮੂਹ ਵਿਚ ਸ਼ਰੀਕ ਹੋਣ ਤੱਕ ਦੀ ਯਾਤਰਾ ਕੀਤੀ ਹੈ। ਇਸ ਨਾਲ ਮੈਨੂੰ ਪ੍ਰਸੰਨਤਾ ਹੋਈ, ਬਸ। ਕਵੀਆਂ ਦੀ ਪੀੜਤ ਆਤਮਾ ਹੋਣਾ ਪਿਛਲੀ ਸਦੀ ਦੀ ਬਾਤ ਸੀ। ਅਜਿਹੇ ਵੀ ਕਵੀ ਹੋ ਸਕਦੇ ਹਨ ਜੋ ਜੀਵਨ ਨੂੰ ਜਾਣਦੇ ਹਨ। ਉਸ ਦੀਆਂ ਸਮੱਸਿਆਵਾਂ ਨੂੰ ਜਾਣਦੇ ਹਨ, ਜੋ ਵੱਖ-ਵੱਖ ਧਾਰਾਵਾਂ ਨੂੰ ਪਾਰ ਕਰਦੇ ਹੋਏ ਜੀਵਤ ਰਹਿੰਦੇ ਹੋਣ, ਤੇ ਨਿਰਾਸ਼ਾ ਵਿਚੋਂ ਲੰਘ ਕੇ ਇੱਕ ਪੂਰਨਤਾ ਤੀਕ ਪਹੁੰਚਦੇ ਹਨ।

ਨੋਟ :-ਨੇਰੂਦਾ ਦਾ ਇਹ ਇੰਟਰਵਿਊ ਲੇਖਕਾ ਵਲੋਂ ਉਸ ਵੇਲੇ ਕੀਤਾ ਗਿਆ ਸੀ ਜਦੋਂ ਨੇਰੂਦਾ ਰਾਸ਼ਟਰਪਤੀ ਦੀ ਚੋਣ ਲਈ ਪਾਰਟੀ ਵਲੋਂ ਚੋਣ ਲੜ ਰਹੇ ਸੀ। ਇਹ ਅੰਗਰੇਜ਼ੀ ਵਿਚ ਅਨੁਵਾਦ ਹੋ ਕੇ 1971 ਵਿਚ 'ਪੈਰਿਸ ਰੀਵਿਊ' ਦੇ ਅੰਕ ਨੰ. 51 ਵਿਚ ਪ੍ਰਕਾਸ਼ਿਤ ਹੋਇਆ ਸੀ। ਅਸਾਂ ਇਹ ਅਧੁਭਾਵਨਾ ਦੇ 'ਪਾਬਲੋ ਨੇਰੂਦਾ ਵਿਸ਼ੇਸ਼ ਅੰਕ-70, ਜਨਵਰੀ 2006 ਵਿਚੋਂ ਧੰਨਵਾਦ ਸਹਿਤ ਲੈ ਕੇ ਹਿੰਦੀ ਤੋਂ ਪੰਜਾਬੀ ਅਨੁਵਾਦ ਕੀਤਾ ਹੈ। ਇਹ ਵਾਰਤਾਲਾਪ ਕਵਿਤਾ ਤੋਂ ਇਲਾਵਾ ਹੋਰ ਕਈ ਗੱਲਾਂ ਬਾਰੇ ਵੀ ਚਾਨਣਾ ਪਾਉਂਦੀ ਹੈ।

• • •

# ਸੁਕਰਾਤ ਦੀ ਧਰਤੀ, ਫੌਜੀ ਖੁਰੀਆਂ ਹੇਠ

**ਇੰਟਰਵਿਊ - ਓਰੀਆਨਾ ਫਲਾਸੀ**

ਇਹ ਇੰਟਰਵਿਊ ਇਟਾਲੀਅਨ ਪੱਤਰਕਾਰ, ਸੰਪਾਦਕ ਤੇ ਨਾਵਲਕਾਰ ਓਰੀਆਨਾ ਫਲਾਸੀ ਦਾ ਕੀਤਾ ਹੋਇਆ ਹੈ ਤੇ ਉਸ ਦੀ ਸੰਸਾਰ-ਪ੍ਰਸਿੱਧ ਪੁਸਤਕ 'ਇਤਿਹਾਸ ਨਾਲ ਗੁਫ਼ਤਗੂ' ਵਿਚੋਂ ਅੰਗਰੇਜ਼ੀ ਚੋਂ ਅਨੁਵਾਦ ਕੀਤਾ ਗਿਆ ਹੈ। ਨਾਜ਼ੀਵਾਦ ਦੇ ਜ਼ੁਲਮਾਂ ਵਾਂਗ ਫੌਜੀ ਤਾਨਾਸ਼ਾਹਾਂ ਦੇ ਜ਼ੁਲਮ ਵੀ ਘੱਟ ਦਰਦਨਾਕ ਤੇ ਘਿਨਾਉਣੇ ਨਹੀਂ ਹੁੰਦੇ। ਇਸ ਇੰਟਰਵਿਊ ਨੂੰ ਪੜ੍ਹਦਿਆਂ ਸਾਨੂੰ ਜੂਲੀਅਸ ਫਿਊਚਕ (ਚੈੱਕ ਲੇਖਕ ਦੀ ਇਤਿਹਾਸਕ ਪੁਸਤਕ 'ਫਾਂਸੀ ਦੇ ਤਖ਼ਤੇ ਤੋਂ') ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਇਸ ਇੰਟਰਵਿਊ ਦਾ ਨਾਇਕ ਯੂਨਾਨੀ ਲੋਕ-ਨਾਇਕ ਅਲੈਗਜਾਂਦਰੋਸ ਪਾਨਾਗਾਊਲੀਸ ਸੀ। ਇਹ ਵਾਰਤਾਲਾਪ ਸਤੰਬਰ 1973 ਵਿਚ ਰੀਕਾਰਡ ਕੀਤੀ ਗਈ ਸੀ।

ਓ ਫ: ਐਲੀਕੋਸ ਤੂੰ ਖੁਸ਼ ਦਿਖਾਈ ਨਹੀਂ ਦਿੰਦਾ। ਪਰ ਕਿਉਂ? ਤੂੰ ਅਖ਼ੀਰ ਨਰਕ ਵਿਚੋਂ ਬਾਹਰ ਆ ਗਿਆ ਹੈਂ ਤੇ ਫਿਰ ਵੀ ਤੂੰ ਖੁਸ਼ ਨਹੀਂ ਹੈਂ?

ਅ ਲ: ਨਹੀਂ ਮੈਂ ਖੁਸ਼ ਨਹੀਂ ਹਾਂ। ਮੈਨੂੰ ਪਤਾ ਹੈ ਕਿ ਤੂੰ ਵਿਸ਼ਵਾਸ਼ ਨਹੀਂ ਕਰਨਾ। ਮੈਂ ਜਾਣਦਾ ਹਾਂ ਕਿ ਇਹ ਗੱਲ ਤੈਨੂੰ ਬਕਵਾਸ ਅਤੇ ਅਸੰਭਵ ਪ੍ਰਤੀਤ ਹੋਵੇਗੀ, ਪਰ ਮੈਂ ਖੁਸ਼ ਹੋਣ ਦੀ ਥਾਂ ਖਿਝਿਆ ਵਧੇਰੇ ਅਨੁਭਵ ਕਰਦਾ ਹਾਂ। ਖੁਸ਼ ਹੋਣ ਦੀ ਥਾਂ ਵਧੇਰੇ ਉਦਾਸ। ਮੈਂ ਜਿਵੇਂ ਪਿਛਲੇ ਐਤਵਾਰ ਅਨੁਭਵ ਕੀਤਾ ਸੀ, ਉਵੇਂ ਹੀ ਕਰਦਾ ਹਾਂ। ਜਦੋਂ ਮੈਂ ਹੋਰ ਕੈਦੀਆਂ ਦੀਆਂ ਕਾਲ ਕੋਠੜੀਆਂ ਵਿਚੋਂ 'ਹੁੱਰ', 'ਅਸ਼ਕੇ' ਦੀਆਂ ਆਵਾਜ਼ਾਂ ਆਉਂਦੀਆਂ ਸੁਣੀਆਂ ਸਨ ਤੇ ਮੈਨੂੰ 'ਹੁੱਰ' ਦਾ ਕਾਰਨ ਪਤਾ ਨਹੀਂ ਸੀ ਤੇ ਮੈਂ ਸੋਚਿਆ, "ਇਸਦਾ ਸੰਬੰਧ ਆਮ ਮੁਆਫ਼ੀ ਨਾਲ ਅਵੱਸ਼ ਹੋਵੇਗਾ।"ਪਾਪਾਡੋਪਾਊਲੋਸ ਆਪਣਾ ਐਲਾਨ ਕਰ ਰਿਹਾ ਹੈ, ਸੋ ਉਹ ਆਮ-ਮੁਆਫ਼ੀ ਦਾ ਤਮਾਸ਼ਾ ਕਰ ਰਿਹਾ ਹੈ, ਜਿਹੜਾ ਕੇਵਲ ਸਿੱਧੜਾਂ ਨੂੰ ਹੀ ਪ੍ਰਭਾਵਿਤ ਕਰੇਗਾ। ਪਰ ਹੁਣ ਉਹ ਘੱਟ ਡਰੇ ਹੋਏ ਹੋਣ ਦਾ ਵਿਖਾਵਾ ਕਰੇਗਾ। ਜਾਂ ਅਸਲ ਵਿਚ, ਘੱਟ ਡਰੇ ਹੋਏ ਹੋਣ ਦਾ ਬਹਾਨਾ ਬਣਾਵੇਗਾ। ਸਾਡੇ ਵਿਚੋਂ ਕੁਝ ਨੂੰ ਰਿਹਾ ਕਰਨ ਨਾਲ ਕੋਈ ਬਹੁਤੀ ਖੇਚਲ ਨਹੀਂ ਹੋਣੀ। ਮੈਂ ਸੋਚਿਆ, "ਸਾਡੇ ਵਿਚੋਂ ਕੁਝ" ਕਿਉਂਕਿ ਮੈਂ ਨਹੀਂ ਸੀ ਸੋਚਿਆ ਉਹ ਮੈਨੂੰ ਰਿਹਾ ਕਰ ਦੇਵੇਗਾ। ਤੇ ਮੈਨੂੰ ਸੋਮਵਾਰ ਨੂੰ ਪਤਾ ਲੱਗਾ, ਤਾਂ ਮੈਨੂੰ ਕੋਈ ਖੁਸ਼ੀ ਨਹੀਂ ਹੋਈ ਸੀ। ਕਤੱਈ ਨਹੀਂ। ਮੈਂ ਆਪਣੇ ਆਪਨੂੰ ਕਿਹਾ, ਇਸਦਾ ਅਰਥ ਹੈ ਕਿ ਉਸਦੀ ਯੋਜਨਾ ਵੱਡੀ ਹੈ। ਅਰਥਾਤ ਉਹ ਵਿਧਾਨ ਦੇ ਘੇਰੇ ਵਿਚ ਰਹਿ ਕੇ ਆਪਣੀ ਹਾਕਮ-ਟੋਲੀ ਨੂੰ ਕਾਨੂੰਨੀ ਰੂਪ ਦੇਣ ਦਾ ਹਿਸਾਬ-ਕਿਤਾਬ ਲਾ ਰਿਹਾ ਹੈ ਅਤੇ ਆਪਣੇ ਪੁਰਾਣੇ ਵਿਰੋਧੀਆਂ ਕੋਲੋਂ ਪ੍ਰਵਾਨਗੀ ਲੈ ਰਿਹਾ ਹੈ। ਮੇਰੀ



ਕਾਲ ਕੋਠੜੀ ਵਿਚ ਆਣ ਕੇ, ਜੇਲ੍ਹ ਦੇ ਕਮਾਡੈਂਟ ਨੇ ਮੇਰੀ ਮੁਆਫ਼ੀ ਦਾ ਐਲਾਨ ਕੀਤਾ। 'ਪਾਨਾਗੋਲੀਸ! ਤੈਨੂੰ ਮੁਆਫ਼ੀ ਦੇ ਦਿੱਤੀ ਗਈ ਹੈ ਮੈਂ ਕਿਹਾ, "ਤੇਰਾ ਮੁਆਫ਼ੀ ਦੇਣ ਤੋਂ ਕੀ ਅਰਥ ਹੈ? ਮੈਂ ਕਿਸੇ ਨੂੰ ਮੁਆਫ਼ੀ ਲਈ ਨਹੀਂ ਕਿਹਾ।" ਫਿਰ ਮੈਂ ਹੋਰ ਵਾਧਾ ਕੀਤਾ "ਤੁਸੀਂ ਛੇਤੀ ਹੀ ਅਨੁਭਵ ਕਰੋਗੇ ਕਿ ਮੈਨੂੰ ਅੰਦਰ ਦੇਣਾ ਸੌਖਾ ਹੈ, ਪਰ ਬਾਹਰ ਕੱਢਣਾ ਔਖਾ। ਮੇਰੇ ਐਰੀਥਰਾਏ ਪਹੁੰਚਣ ਤੋਂ ਪਹਿਲਾਂ ਹੀ, ਤੁਸੀਂ ਮੈਨੂੰ ਦੁਬਾਰਾ ਅੰਦਰ ਦੇ ਦੇਵੋਂਗੇ।" ਐਰੀਥਰਾਏ, ਏਥਨਜ਼ ਦਾ ਬਾਹਰਲਾ ਇਲਾਕਾ ਹੈ।

? : **ਇਹ ਗੱਲ ਤੁਸਾਂ ਉਸਨੂੰ ਆਖੀ?**

– : ਯਕੀਨਨ ਮੈਂ ਹੋਰ ਕੀ ਕਹਿ ਸਕਦਾ ਸੀ? ਕੀ ਸ਼ਾਇਦ ਮੈਨੂੰ ਇਹ ਕਹਿਣਾ ਚਾਹੀਦਾ ਸੀ ਕਿ "ਤੁਹਾਡਾ ਧੰਨਵਾਦੀ ਹਾਂ। ਤੁਹਾਡੀ ਬੜੀ ਮਿਹਰਬਾਨੀ, ਮਿਸਟਰ ਪਾਪਾਡੋਪਾਊਲੋਸ ਨੂੰ ਮੇਰਾ ਧੰਨਵਾਦ ਆਖਿਓ" ਕਿਉਂਕਿ ਮੰਗਲਵਾਰ ਇਸ ਤੋਂ ਵੀ ਬਦ ਸੀ। ਤੈਨੂੰ ਪਤਾ ਹੈ ਕਿ ਕੈਦੀਆਂ ਦੀ ਮੁਆਫ਼ੀ ਦਾ ਐਲਾਨ ਪੜ੍ਹਨ ਦਾ ਵੀ ਇੱਕ ਖ਼ਾਸ ਤਰੀਕਾ ਹੈ। ਇਹ ਇੱਕ ਰਸਮ ਹੈ। ਜਿਸ ਵਿਚ ਪਲਟਨ ਸਲਾਮੀ ਦਿੰਦੀ ਹੈ ਤੇ ਦੂਸਰੇ ਸਾਵਧਾਨ ਖਲੋਤੇ ਹੁੰਦੇ ਹਨ ਤੇ ਇੰਝ ਹੀ ਹੋਰ ਕਈ ਕੁਝ। ਇੰਝ ਦੁਪਹਿਰ ਸਮੇਂ ਨੀਕੋਲੋਡੀਮਸ ਸਰਕਾਰੀ ਵਕੀਲ ਰਸਮ ਲਈ ਪਹੁੰਚਦਾ ਹੈ ਤੇ ਉਹ ਮੈਨੂੰ ਮੇਰੀ ਕਾਲ-ਕੋਠੜੀ ਵਿਚੋਂ ਬਾਹਰ ਕੱਢਦੇ ਹਨ ਤੇ ਕਮਾਡੈਂਟ ਦੇ ਕਵਾਟਰਾਂ ਸਾਹਮਣੇ ਲੈ ਜਾਂਦੇ ਹਨ, ਜਿੱਥੇ ਹਰ ਕੋਈ ਖਲੋਤਾ ਹੋਇਆ ਹੈ। ਮੈਂ ਇੱਕ ਕੁਰਸੀ ਵੇਖਦਾ ਹਾਂ ਤੇ ਤੁਰੰਤ ਉਸ ਉੱਤੇ ਬੈਠ ਜਾਂਦਾ ਹਾਂ। ਨਿਰਾਸ਼ਤਾ, ਹੈਰਾਨੀ, 'ਪਾਨਾਗਾਊਲੀਸ! ਖੜ੍ਹੇ ਹੋ ਜਾਓ।' ਨੀਕੋਲੋਡੀਮਸ ਹੁਕਮ ਦਿੰਦਾ ਹੈ। ਮੈਂ ਉੱਤਰ ਦਿੰਦਾ ਹਾਂ, "ਪਰ ਕਿਉਂ?" "ਤੁਹਾਨੂੰ ਇੱਕ ਕਾਗਜ਼ ਦਾ ਟੁਕੜਾ ਜਿਸਨੂੰ ਤੁਸੀਂ ਰਾਸ਼ਟਰਪਤੀ ਦਾ ਹੁਕਮਨਾਮਾ ਆਖਦੇ ਹੋ, ਪੜ੍ਹਨ ਦੀ ਕੀ ਲੋੜ ਹੈ। ਜਦਕਿ ਮੇਰੇ ਲਈ ਇਹ ਇੱਕ ਕਰਨਲ ਦਾ ਕਾਗਜ਼ ਦਾ ਟੋਟਾ ਹੈ।" ਨਹੀਂ, ਮੈਂ ਨਹੀਂ ਉੱਠਾਂਗਾ। ਨਹੀਂ! ਤੇ ਮੈਂ ਬੈਠਾ ਰਹਿੰਦਾ ਹਾਂ। ਦੂਸਰੇ ਸਭ ਖੜ੍ਹੇ ਹਨ। ਸਾਵਧਾਨ ਹੋ ਕੇ, ਤੇ ਮੈਂ ਬੈਠਾ ਹਾਂ। ਮੈਂ ਉਹ ਕੁਰਸੀ ਛੱਡਣੀ ਨਹੀਂ ਸੀ, ਭਾਵੇਂ ਉਹ ਮੈਨੂੰ ਵੱਢ ਕੇ ਟੋਟੇ-ਟੋਟੇ ਕਰ ਦਿੰਦੇ। ਉਹਨਾਂ ਨੂੰ ਉਹ ਰਸਮ ਕਰਨੀ ਹੀ ਪੈਣੀ ਸੀ। ਜਦਕਿ ਮੈਂ ਲੱਤਾਂ ਲਮਕਾਈ ਬੈਠਾ ਰਿਹਾ। ਮੈਂ ਕਦੇ ਵੀ ਉਹਨਾਂ ਨੂੰ ਭੜਕਾਉਣ ਤੋਂ ਰੁਕਿਆ ਨਹੀਂ ਸੀ। ਜਦ ਲੈਫਟੀਨੈਂਟ ਕਰਨਲ ਮੇਰੇ ਕੋਲ, ਕਰੀਬ ਦੋ ਵਜੇ ਸ਼ਾਮ ਨੂੰ ਆਇਆ, ਮੈਂ ਉਸਨੂੰ ਭੜਕਾਇਆ "ਪਾਨਾਗਾਊਲੀਸ, ਤੂੰ ਹੁਣ ਆਜ਼ਾਦ ਹੈ। ਆਪਣੀਆਂ ਚੀਜ਼ਾਂ ਚੁੱਕੋ।" ਮੈਂ ਕੋਈ ਚੀਜ਼ ਨਾ ਲਈ। ਤੁਸੀਂ ਹੀ ਚੁੱਕੋ। ਮੈਂ ਜਾਣ ਲਈ ਬੇਨਤੀ ਨਹੀਂ ਸੀ ਕੀਤੀ।"

? : **ਤੇ ਉਹਨਾਂ ਕੀ ਕਿਹਾ?**

- : ਉਹ! ਉਸਨੇ ਉਹੀ ਕਿਹਾ, ਜੋ ਦੂਸਰਿਆਂ ਨੇ ਕਿਹਾ ਸੀ, "ਇੱਕ ਵਾਰ ਜਦੋਂ ਤੂੰ ਬਾਹਰ ਚਲਾ ਗਿਆ, ਤੂੰ ਇਹ ਗੱਲ ਨਹੀਂ ਆਖੇਂਗਾ। ਤੁਹਾਨੂੰ ਡੋਲਸੇ ਵੀਟਾ ਦਾ ਪਤਾ ਲੱਗ ਜਾਵੇਗਾ। ਤੇ ਤੁਹਾਡਾ ਮਨ ਬਦਲ ਜਾਵੇਗਾ।" ਫਿਰ ਉਹਨਾਂ ਮੇਰੇ ਬੈਗ ਚੁੱਕੇ ਤੇ ਕੁੱਲੀਆਂ ਵਾਂਗ ਗੇਟ ਤੇ ਲੈ ਗਏ। ਇਹ ਬੜੀ ਮਜ਼ੇ ਦੀ ਗੱਲ ਸੀ, ਕਿਉਂਕਿ ਉਹਨਾਂ ਬੈਗਾਂ ਵਿਚੋਂ ਇੱਕ ਵਿਚ ਉਹ ਆਖਰੀ ਕਵਿਤਾਵਾਂ ਸਨ ਜੋ ਮੈਂ ਲਿਖੀਆਂ ਸਨ, ਲੁਕਾਈਆਂ ਹੋਈਆਂ ਸਨ ਤੇ ਨਾਲ ਹੀ ਨਿੱਕੀਆਂ ਆਰੀਆਂ ਸਨ, ਜਿਨ੍ਹਾਂ ਨਾਲ ਮੈਂ ਸੀਖਾਂ ਕੱਟਦਾ ਹੁੰਦਾ ਸੀ। ਵੇਖੋ, ਇਹ ਨਿੱਕੀਆਂ ਆਰੀਆਂ ਹਨ, ਕੰਮ ਦੇਣ ਵਾਲੀਆਂ, ਸਤਾਰਾਂ ਵਾਰੀ ਉਹਨਾਂ ਇਹ ਆਰੀਆਂ ਮੇਰੇ ਕੋਲੋਂ ਕਢਵਾਈਆਂ ਸਨ, ਫਿਰ ਵੀ ਮੈਂ ਹਮੇਸ਼ਾਂ ਹੋਰ ਪ੍ਰਾਪਤ ਕਰ ਲੈਂਦਾ ਸੀ ਤੇ ਜਦੋਂ ਮੈਂ ਬਿਓਟੀ ਤੋਂ ਤੁਰਿਆ, ਮੇਰੇ ਕੋਲ 10 ਸਨ। ਵੇਖੋ ਮੈਂ ਉਹਨਾਂ ਨੂੰ ਇੱਥੇ ਰੱਖਦਾ ਹੁੰਦਾ ਸੀ ਤੇ ਅਗਲੀ ਵਾਰ ਮੈਂ ਸਦਾ ਹੀ ਉਡੀਕਦਾ ਰਹਿੰਦਾ ਹਾਂ ਕਿ ਉਹ ਵਾਪਸ ਆਉਣਗੇ ਤੇ ਮੈਨੂੰ ਉਥੇ ਲੈ ਜਾਣਗੇ। ਤੇ ਤੁਸੀਂ ਚਾਹੁੰਦੇ ਹੋ ਕਿ ਮੈਂ ਖੁਸ਼ ਹੋਵਾਂ।

? : **ਤੇ ਫਿਰ ਵੀ, ਇੱਕ ਵੇਰ ਜਦੋਂ ਤੁਸੀਂ ਬਾਹਰ ਆਏ ਹੋ, ਤੇ ਜਦੋਂ ਤੁਸੀਂ ਸੂਰਜ ਤੇ ਆਪਣੀ ਮਾਤਾ ਨੂੰ ਵੇਖਿਆ ਤਾਂ ਇਹ ਸਾਰਾ ਕੁਝ ਬੜਾ ਅਸਚਰਜ ਲੱਗਾ ਹੋਵੇਗਾ?**

- : ਇਹ ਹੈਰਾਨੀਜਨਕ ਨਹੀਂ ਸੀ। ਇਹ ਅੰਨ੍ਹੇ ਹੋ ਜਾਣ ਵਰਗੀ ਗੱਲ ਸੀ। ਕਈ ਸਾਲ ਲੰਘ ਚੁੱਕੇ ਸਨ, ਜਦੋਂ ਮੈਂ ਉਸ ਸੀਮਿੰਟ ਦੇ ਮਕਬਰੇ ਤੋਂ ਬਾਹਰ ਆਇਆ ਸੀ। ਕਿੰਨੇ ਹੀ ਸਾਲ ਬਾਅਦ ਜਦੋਂ ਮੈਂ ਸੂਰਜ ਵੇਖਿਆ ਤੇ ਖੁੱਲ੍ਹੀ ਜਗ੍ਹਾ ਵੇਖੀ। ਮੈਂ ਭੁੱਲ ਹੀ ਗਿਆ ਸੀ ਕਿ ਸੂਰਜ ਕਿਸ ਤਰ੍ਹਾਂ ਦਾ ਹੁੰਦਾ ਸੀ ਤੇ ਬਾਹਰ ਸੂਰਜ ਏਨਾ ਸ਼ਕਤੀਸ਼ਾਲੀ ਹੁੰਦਾ ਸੀ। ਜਦੋਂ ਇਸਦਾ ਚਾਨਣ ਮੇਰੇ ਉੱਤੇ ਪਿਆ ਤਾਂ ਮੈਨੂੰ ਆਪਣੀਆਂ ਅੱਖਾਂ ਬੰਦ ਕਰਨੀਆਂ ਪਈਆਂ। ਫਿਰ ਮੈਂ ਇਹਨਾਂ ਨੂੰ ਥੋੜ੍ਹਾ ਜਿਹਾ ਖੋਲ੍ਹਿਆ, ਪਰ ਬਹੁਤ ਹੀ ਥੋੜ੍ਹਾ ਜਿਹਾ ਤੇ ਆਪਣੀਆਂ ਅੱਧ-ਮੀਟੀਆਂ ਅੱਖਾਂ ਨਾਲ ਅੱਗੇ ਵਧਿਆ। ਅੱਗੇ ਵੱਧ ਕੇ ਮੈਨੂੰ ਖਾਲੀ ਥਾਂ ਦਾ ਪਤਾ ਲੱਗਾ। ਮੈਨੂੰ ਯਾਦ ਨਹੀਂ ਸੀ ਕਿ ਖਾਲੀ ਜਗ੍ਹਾ ਕੀ ਹੁੰਦੀ ਹੈ। ਮੇਰੀ ਕਾਲ-ਕੋਠੜੀ ਡੇਢ ਮੀਟਰ ਤੇ ਤਿੰਨ ਮੀਟਰ ਦੀ ਸੀ। ਮੈਂ ਇਸ ਵਿਚ ਸਿਰਫ਼ ਢਾਈ ਕਦਮ ਹੀ ਚੱਲ ਸਕਦਾ ਸੀ। ਵੱਧ ਤੋਂ ਵੱਧ ਤਿੰਨ ਕਦਮ। ਖਲਾ ਨੂੰ ਦੁਬਾਰਾ ਲੱਭ ਕੇ, ਮੈਂ ਚਕਰਾ ਗਿਆ। ਮੈਨੂੰ ਇੰਝ ਪ੍ਰਤੀਤ ਹੋਇਆ ਜਿਵੇਂ ਮੈਂ ਝੂਲੇ ਵਿਚ ਘੁੰਮ ਰਿਹਾ ਹੋਵਾਂ ਤੇ ਮੈਂ ਲੜਖੜਾ ਗਿਆ ਤੇ ਡਿੱਗ ਪਿਆ। ਹੁਣ ਵੀ ਜੇ ਮੈਂ 100 ਮੀਟਰ ਤੀਕ ਤੁਰਾਂ ਤਾਂ ਥੱਕ ਜਾਂਦਾ ਹਾਂ ਤੇ ਬੌਂਦਲ ਜਾਂਦਾ ਹਾਂ।

ਨਹੀਂ, ਇਹ ਅਸਚਰਜਜਨਕ ਗੱਲ ਨਹੀਂ ਹੈ। ਤੇ ਮੈਨੂੰ ਕੋਈ ਚਿੰਤਾ ਨਹੀਂ ਜੇ ਤੂੰ ਵਿਸ਼ਵਾਸ ਨਹੀਂ ਕਰਦੀ। ਜਾਂ ਮੈਂ ਫ਼ਿਕਰ ਕਰਦਾ ਹਾਂ, ਪਰ ਬੁਰਾ ਨਹੀਂ ਮਨਾਉਂਦਾ। ਮੈਂ ਉਸ ਸੂਰਜ ਹੇਠ ਤੇ ਖਾਲੀ ਥਾਂ ਵੱਲ ਵੱਧਣ ਦੀ ਭਿਆਨਕ ਕੋਸ਼ਿਸ਼ ਕੀਤੀ। ਫਿਰ



ਅਚਾਨਕ ਹੀ ਇਸ ਸੂਰਜ ਤੇ ਖਾਲੀ ਥਾਂ ਵਿਚ ਇੱਕ ਚੱਟਾਕ ਨਜ਼ਰੀਂ ਪਿਆ। ਇਹ ਚੱਟਾਕ ਲੋਕਾਂ ਦੀ ਇੱਕ ਟੋਲੀ ਸੀ ਤੇ ਲੋਕਾਂ ਦੀ ਉਸ ਟੋਲੀ ਵਿਚੋਂ ਇੱਕ ਕਾਲੀ ਜਿਹੀ ਸ਼ਕਲ ਆਪਣੇ ਆਪ ਵੱਖਰੀ ਹੋਈ ਤੇ ਇਹ ਸ਼ਕਲ ਮੇਰੇ ਵੱਲ ਵਧੀ ਤੇ ਹੌਲੀ-ਹੌਲੀ ਇਹ ਮੇਰੀ ਮਾਂ ਬਣ ਗਈ ਤੇ ਮੇਰੀ ਮਾਂ ਦੇ ਮਗਰ ਇੱਕ ਹੋਰ ਆਕਾਰ ਵੱਖਰਾ ਦਿਸਿਆ ਤੇ ਇਹ ਵੀ ਮੇਰੇ ਵੱਲ ਵਧਿਆ ਤੇ ਹੌਲੀ-ਹੌਲੀ ਇਹ ਸ਼੍ਰੀਮਤੀ ਮੰਡੀਲਾਰਾਸ ਬਣ ਗਈ, ਨੀਕੋਫੋਰੋਸ ਮੰਡੀਲਾਰਾਸ ਦੀ ਵਿਧਵਾ, ਜਿਸਨੂੰ ਕਰਨਲਾਂ ਨੇ ਕਤਲ ਕਰ ਦਿੱਤਾ ਸੀ, ਤੇ ਮੈਂ ਆਪਣੀ ਮਾਂ ਨੂੰ ਜੱਫੀ ਪਾ ਲਈ। ਮੈਂ ਸ੍ਰੀਮਤੀ ਮੰਡੀਲਾਰਾਸ ਨੂੰ ਗਲਵੱਕੜੀ ਪਾਈ ਤੇ ਫਿਰ ਪਿੱਛੋਂ .......

? : **ਤੇ ਪਿੱਛੋਂ ਤੁਸੀਂ ਰੋ ਪਏ।**

- : ਨਹੀਂ! ਮੈਂ ਰੋਇਆ ਨਹੀਂ, ਮੇਰੀ ਮਾਂ ਵੀ ਰੋਈ ਨਹੀਂ। ਅਸੀਂ ਉਹ ਲੋਕ ਹਾਂ, ਜੋ ਰੋਂਦੇ ਨਹੀਂ ਹੁੰਦੇ। ਜੇ ਅਚਾਨਕ ਹੀ ਕਿਤੇ ਰੋ ਵੀ ਪਈਏ ਤੇ ਅਸੀਂ ਦੂਸਰਿਆਂ ਦੇ ਸਾਹਮਣੇ ਨਹੀਂ ਰੋਂਦੇ। ਇਹਨਾਂ ਸਾਲਾਂ ਵਿਚ ਮੈਂ ਦੋ ਵਾਰੀ ਰੋਇਆ ਹਾਂ, ਜਦੋਂ ਉਹਨਾਂ ਨੇ ਜਾਰਗਾ ਡੀਜੀਸ ਨੂੰ ਕਤਲ ਕੀਤਾ ਸੀ ਤੇ ਜਾਂ ਫਿਰ ਜਦੋਂ ਉਹਨਾਂ ਮੈਨੂੰ ਮੇਰੇ ਪਿਤਾ ਦੀ ਮੌਤ ਬਾਰੇ ਦੱਸਿਆ। ਪਰ ਕਿਸੇ ਨੇ ਮੈਨੂੰ ਰੋਂਦੇ ਨਹੀਂ ਵੇਖਿਆ। ਮੈਂ ਆਪਣੀ ਕਾਲ-ਕੋਠੜੀ ਵਿਚ ਸੀ ਤੇ ਫਿਰ .....। ਤੇ ਫਿਰ ਬੱਸ, ਮੈਂ ਆਪਣੀ ਮਾਤਾ ਦੇ ਨਾਲ ਘਰ ਗਿਆ। ਨਾਲ ਸ਼੍ਰੀਮਤੀ ਮੰਡੀਲਾਰਾਸ ਤੇ ਮੇਰਾ ਵਕੀਲ ਸੀ। ਘਰ ਵਿਚ ਢੇਰ ਸਾਰੇ ਮਿੱਤਰ ਮਿਲੇ। ਮੈਂ ਸਾਰੀ ਰਾਤ ਤੇ ਅਖ਼ੀਰ ਸਵੇਰੇ ਦੇ ਛੇ ਵਜੇ ਤੀਕ ਮਿੱਤਰਾਂ ਵਿਚ ਰਿਹਾ। ਫਿਰ ਦੇਰ ਬਾਅਦ ਆਪਣੇ ਅਸਲ ਬਿਸਤਰੇ ਵਿੱਚ ਸੌਂ ਗਿਆ ਤੇ ਮੈਨੂੰ ਇਹ ਨਾ ਪੁੱਛੀਂ ਕਿ ਆਪਣੇ ਬਿਸਤਰੇ ਵਿਚ ਸੁੱਤਿਆਂ, ਮੈਂ ਕਿੰਝ ਅਨੁਭਵ ਕੀਤਾ, ਕਿਉਂਕਿ ਇਥੇ ਸੁੱਤਿਆਂ ਮੇਰੇ ਤੇ ਕੋਈ ਅਸਰ ਨਹੀਂ ਸੀ ਹੋਇਆ।

ਉਹੋ ਮੈਂ ਅਹਿਸਾਨਹੀਣ ਨਹੀਂ ਹਾਂ। ਇਹ ਤੈਨੂੰ ਪਤਾ ਹੈ, ਮੈਂ ਸਖ਼ਤ ਹੋ ਗਿਆ ਹਾਂ। ਕਾਫ਼ੀ ਸਖ਼ਤ। ਤੁਸੀਂ ਉਸ ਆਦਮੀ ਤੋਂ ਹੋਰ ਕੀ ਆਸ ਰੱਖਦੇ ਹੋ, ਜਿਸਨੂੰ ਜੀਊਂਦੇ ਜੀ ਸੀਮਿੰਟ ਦੇ ਮਕਬਰੇ ਵਿਚ ਪੰਜ ਸਾਲ ਜਿਊਂਦਾ ਹੀ ਦਫ਼ਨਾ ਦਿੱਤਾ ਗਿਆ ਹੋਵੇ ਤੇ ਜਿਸਦਾ ਸੰਸਾਰ ਨਾਲ ਕੋਈ ਸੰਬੰਧ ਨਾ ਰਿਹਾ ਹੋਵੇ, ਸਿਵਾਏ ਉਹਨਾਂ ਨਾਲ ਜੋ ਉਸਦੀ ਹੱਤਕ ਕਰਦੇ। ਉਸਨੂੰ ਤਸੀਹੇ ਦਿੰਦੇ, ਅਤੇ ਜਿਨ੍ਹਾਂ ਨੇ ਉਸਨੂੰ ਕਤਲ ਕਰਨ ਤੀਕ ਦੀ ਵੀ ਕੋਸ਼ਿਸ਼ ਕੀਤੀ। ਇਹ ਸੱਚ ਹੈ ਕਿ ਮੈਨੂੰ ਮੌਤ ਦੀ ਸਜ਼ਾ ਸੁਣਾ ਕੇ ਵੀ, ਉਹਨਾਂ ਨੇ ਮੈਨੂੰ ਫਾਹੇ ਨਹੀਂ ਲਾਇਆ ਸੀ। ਪਰ ਉਨ੍ਹਾਂ ਮੈਨੂੰ, ਮਰੇ ਨਹੀਂ, ਜਿਊਂਦੇ ਨੂੰ ਹੀ ਦਫ਼ਨਾ ਦਿੱਤਾ। ਤੇ ਇਸ ਲਈ ਮੈਂ ਉਹਨਾਂ ਨੂੰ ਘ੍ਰਿਣਾ ਕਰਦਾ ਹਾਂ। ਉਹਨਾਂ ਦਾ ਹੱਕ ਸੀ ਮੈਨੂੰ ਫਾਹੇ ਲਾ ਦਿੰਦੇ, ਕਿਉਂਕਿ ਮੈਂ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ ਤੇ ਕਿਵੇਂ ਕੀਤੀ? ਪਰ ਉਹਨਾਂ ਨੂੰ ਇਹ ਹੱਕ ਨਹੀਂ ਕਿ ਉਹ ਮੈਨੂੰ ਮੁਰਦੇ ਦੀ ਥਾਂ ਜਿਊਂਦੇ

ਹੀ ਦਫਨਾ ਦਿੰਦੇ। ਇਹੋ ਕਾਰਨ ਹੈ ਕਿ ਉਹਨਾਂ ਪ੍ਰਤੀ ਮੇਰੇ ਮਨ ਵਿਚ ਸਿਰਫ਼ ਗੁੱਸਾ ਹੀ ਆਉਂਦਾ ਹੈ, ਜਿਹੜੇ ਮਸਖਰੇ ਮੈਨੂੰ ਆਪਣੇ ਘਰ ਦੇ ਬਿਸਤਰੇ ਵਿਚ ਸੌਣ ਦੀ ਆਗਿਆ ਨਹੀਂ ਸੀ ਦਿੰਦੇ।

? : **ਐਲੀਕੋਸ ਅਜਿਹੀਆਂ ਗੱਲਾਂ ਨਾ ਕਰੀਂ, ਕੀ ਤੂੰ ਦੁਬਾਰਾ ਜੇਲ੍ਹ ਜਾਣਾ ਚਾਹੁੰਦਾ ਹੈ?**

– : ਜੇ ਅਸੀਂ ਇਹਨਾਂ ਗੱਲਾਂ ਵੱਲ ਤਰਕਮਈ ਢੰਗ ਨਾਲ ਤੱਕੀਏ ਤਾਂ ਮੈਨੂੰ ਠੀਕ ਹੀ 'ਈਗੀਥਰਾਏ' ਪਹੁੰਚਣ ਤੋਂ ਪਹਿਲਾਂ ਵਾਪਸ ਲੈ ਗਏ ਹੁੰਦੇ। ਮੈਂ ਕਿਸੇ ਵੀ ਛਿਣ ਵਾਪਸ ਜੇਲ੍ਹ ਵਿਚ ਜਾਣ ਲਈ ਤਿਆਰ ਹਾਂ। ਹੁਣ ਦੇ ਛਿਣ ਤੋਂ ਲੱਗ ਕੇ, ਕੱਲ ਤੋਂ ਲੱਗ ਕੇ, ਅਥਵਾ ਪਰਸੋਂ ਤੋਂ ਲੱਗ ਕੇ, ਉਹ ਛਿਣ ਤੋਂ ਜਦੋਂ ਮੈਂ ਸੂਰਜ ਨਾਲ ਅੰਨ੍ਹਾ ਹੋ ਗਿਆ ਸੀ। ਪਰ ਮੈਂ ਤੈਨੂੰ ਇੱਕ ਹੋਰ ਗੱਲ ਦੱਸਦਾ ਹਾਂ। ਜੇ ਮੇਰੇ ਜੇਲ੍ਹ ਜਾਣ ਨਾਲ ਕੋਈ ਭਲਾ ਹੁੰਦਾ ਹੈ ਤਾਂ ਮੈਂ ਵਾਪਸ ਜਾਣ ਵਿਚ ਖ਼ੁਸ਼ ਹਾਂ। ਪਰ ਉਹ ਮੈਨੂੰ ਕਿਸ ਕਾਰਨ ਜੇਲ੍ਹ ਵਿਚ ਜਾ ਡੱਕਣਗੇ? ਉਸ ਗੱਲਾਂ ਲਈ ਜੋ ਮੈਂ ਤੁਹਾਡੇ ਨਾਲ ਜਾਂ ਹੋਰਨਾਂ ਨਾਲ ਕਰਦਾ ਹਾਂ। ਪਰ ਕੀ ਇਹ ਮੇਰਾ ਹੱਕ ਨਹੀਂ ਕਿ ਲੋਕ-ਰਾਜੀ ਪ੍ਰਬੰਧ ਵਿਚ ਜੋ ਮੈਂ ਸੋਚਦਾ ਹਾਂ ਉਸਨੂੰ ਕਹਿਣ ਦਾ ਹੱਕ ਰੱਖਾਂ ਤੇ ਕੀ ਪਾਪਾਡੋਪਾਊਲਜ਼ ਇਸ ਗੱਲ ਤੇ ਜ਼ੋਰ ਨਹੀਂ ਦਿੰਦਾ ਕਿ ਯੂਨਾਨ ਇੱਕ ਲੋਕਰਾਜ ਹੈ। ਪਾਪਾਡੋਪਾਊਲਜ਼ ਦੀ ਮੈਨੂੰ ਬਾਹਰ ਰੱਖਣ ਵਿਚ ਦਿਲਚਸਪੀ ਹੈ ਤਾਂਕਿ ਉਹ ਦੁਨੀਆਂ ਨੂੰ ਦੱਸ ਸਕੇ ਕਿ ਉਹ ਮੇਰੇ ਆਖੇ ਦੀ ਕੋਈ ਪ੍ਰਵਾਹ ਨਹੀਂ ਕਰਦਾ। ਪਰ ਜੇ ਉਹ ਅਕਲਮੰਦੀ ਨਾਲ ਨੁਕਸਾਨ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਚਾਹੀਦਾ ਹੈ ਕਿ ਉਹ ਮੈਨੂੰ ਕਿਸੇ ਜਾਲ ਵਿਚ ਫਸਾ ਲਵੇ। ਪਰ ਉਹ ਤਾਂ ਪਹਿਲਾਂ ਹੀ ਅਜ਼ਮਾ ਚੁੱਕਾ ਹੈ।

ਮੇਰੀ ਰਿਹਾਈ ਤੋਂ ਅਗਲੇ ਦਿਨ ਇੱਕ ਵੱਡਾ ਛੋਕਰਾ ਆਇਆ, ਇਹ ਕਹਿੰਦਾ ਕਿ ਮੈਂ ਇੱਕ ਵਿਦਿਆਰਥੀ ਹਾਂ, ਪਰ ਉਸਦੇ ਕੱਟੇ ਵਾਲਾਂ ਤੋਂ ਤੁਰੰਤ ਇਹ ਪ੍ਰਤੀਤ ਹੋਇਆ ਹੁੰਦਾ ਸੀ , ਉਹ ਮਿਲਟਰੀ ਪੁਲਸ ਦਾ ਬੰਦਾ ਸੀ। ਉਸਨੇ ਦੱਸਿਆ ਕਿ ਉਸਨੇ ਇੱਕ ਅਮਰੀਕਨ ਨੂੰ ਮਾਰ ਦਿੱਤਾ ਸੀ, ਜਿਸਨੂੰ ਪਾਨਾਗਊਲੀਸ ਨੂੰ ਮੁਕਤ ਕਰਾਉਣ ਲਈ ਕੁਝ ਦੇਰ ਪਹਿਲਾਂ ਬੰਦੀ ਬਣਾਇਆ ਗਿਆ ਸੀ ਤੇ ਫਿਰ ਉਸਨੇ ਕੁਝ ਮਸ਼ੀਨਗੰਨਾਂ ਵਾਸਤੇ ਪੁੱਛਿਆ ਸੀ। ਮੈਂ ਚੀਕ ਮਾਰੀ ਤੇ ਉਸਨੂੰ ਬਾਹਰ ਧਕੇਲ ਦਿੱਤਾ ਤੇ ਫਿਰ ਤੁਰੰਤ ਮਿਲਟਰੀ ਪੁਲਸ ਨੂੰ ਟੈਲੀਫੋਨ ਕੀਤਾ। ਮੈਂ ਪੁਲਸ ਮੁਖੀ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ। ਉਹ ਉਹਨਾਂ ਅਫ਼ਸਰਾਂ ਵਿਚੋਂ ਸੀ ਜਿਹਨਾਂ ਮੈਨੂੰ ਤਸੀਹੇ ਦਿੱਤੇ ਸਨ। ਉਹ ਬਾਹਰ ਗਿਆ ਹੋਇਆ ਸੀ। ਇਸ ਲਈ ਮੈਂ ਸਵਾਗਤ-ਕਰਤਾ ਨੂੰ ਆਖਿਆ, "ਉਹਨਾਂ ਨੂੰ ਦੱਸ ਦਿਓ ਕਿ ਜੇ ਉਸਨੇ ਆਪਣੇ ਕਿਸੇ ਭੜਕਾਊ ਏਜੰਟ ਨੂੰ ਭੇਜਿਆ, ਮੈਂ ਉਸਦਾ ਸਿਰ ਫੇਹ ਦਿਆਂਗਾ।" ਮੇਰੇ ਰੱਬਾ! ਉਹ ਜੇਲ੍ਹ ਵਿਚ ਮੇਰਾ ਮਨੋਬਲ ਨਹੀਂ ਤੋੜ ਸਕੇ, ਜ਼ਰਾ ਸੋਚੋ ਉਹ ਹੁਣ ਕਿਵੇਂ ਮੈਨੂੰ ਡਰਾ ਸਕਣਗੇ।"



? : **ਐਲੀਕੋਸ ਕੀ ਤੈਨੂੰ ਮਾਰੇ ਜਾਣ ਤੋਂ ਡਰ ਨਹੀਂ ਲੱਗਦਾ?**

– : ਕੌਣ ਕਹਿ ਸਕਦਾ। ਕਿਉਂਕਿ ਉਹ ਉਦਾਰਵਾਦੀ, ਲੋਕਰਾਜੀ ਵਿਖਾਈ ਦੇਣ ਦੀ ਕੋਸ਼ਿਸ਼ ਕਰਦੇ ਹਨ। ਹਾਲ ਦੀ ਘੜੀ ਗੱਲ ਉਹਨਾਂ ਦੇ ਲਾਭ ਵਿਚ ਨਹੀਂ ਹੋਵੇਗੀ ਕਿ ਉਹ ਮੈਨੂੰ ਮਾਰ ਦੇਣ। ਪਰ ਸੰਭਵ ਹੈ ਉਹ ਇਸ ਬਾਰੇ ਸੋਚਦੇ ਹੋਣ। ਮਾਰਚ 1970 ਵਿਚ ਪੌਲੀਕਾਰਪੋਸ ਜਾਰਜਆਦਜੀਸ ਦੇ ਤੁਰੰਤ ਕਤਲ ਤੋਂ ਬਾਅਦ, ਜੋ ਕਿ ਸਾਈਪਰੈਸ ਦੀ ਮੁਕਤੀ ਲਹਿਰ ਦਾ ਨਾਇਕ ਸੀ ਤੇ ਵਜ਼ੀਰ ਆਰਚਬਿਸ਼ਿਪ ਮਾਕਾਰੀਸ ਸੀ, ਉਹਨਾਂ ਨੇ ਇਸਦੀ ਕੋਸ਼ਿਸ਼ ਕੀਤੀ ਸੀ। ਸ਼ਾਮ ਦੇ ਸੱਤ ਵਜੇ ਸਨ ਤੇ ਮੇਰਾ ਭੁੱਖ-ਹੜਤਾਲ ਦਾ ਪੰਜਵਾਂ ਦਿਨ ਸੀ। ਚਾਣਚੱਕ ਮੈਂ ਇੱਕ ਸੀਟੀ ਸੁਣੀ ਤੇ ਮੇਰੀ ਘਾਹ-ਫੂਸ ਦੀ ਸਫ਼ ਨੂੰ ਅੱਗ ਲੱਗ ਗਈ। ਮੈਂ ਆਪਣੇ ਆਪ ਨੂੰ ਫਰਸ਼ ਤੇ ਸੁੱਟ ਲਿਆ ਤੇ ਮੈਂ ਚੀਕਿਆ, "ਕਾਤਲੋ, ਗੁੰਡਿਓ, ਪਸ਼ੂਓ, ਬੂਹੇ ਖੋਲ੍ਹੋ। ਪਰ ਉਹਨਾਂ ਮੈਨੂੰ ਇੱਕ ਘੰਟੇ ਤੋਂ ਵੱਧ ਸਮੇਂ ਬਾਅਦ ਬਾਹਰ ਕੱਢਿਆ, ਅਰਥਾਤ ਉਹਨਾਂ ਬੂਹਾ ਖੋਲ੍ਹਿਆ। ਘੰਟੇ ਤੀਕ ਸਫ਼ ਬਲਦੀ ਰਹੀ, ਬਲੀ ਗਈ...... ਮੈਨੂੰ ਕੁਝ ਦਿਸਦਾ ਨਹੀਂ ਸੀ। ਮੈਂ ਸਾਹ ਨਹੀਂ ਸੀ ਲੈ ਸਕਦਾ, ਜਦੋਂ ਜੇਲ੍ਹ ਦਾ ਡਾਕਟਰ ਆਇਆ, ਜੋ ਨੌਜਵਾਨ ਲਫਟੈਨ ਸੀ, ਮੈਂ ਉਸ ਸਮੇਂ ਬੇਹੋਸ਼ੀ ਦੀ ਹਾਲਤ ਵਿਚ ਸੀ।

ਜਿਵੇਂ ਕਿ ਮੈਨੂੰ ਪਿੱਛੋਂ ਪਤਾ ਲੱਗਿਆ, ਉਹ ਮੈਨੂੰ ਤੁਰੰਤ ਹਸਪਤਾਲ ਭੇਜਣਾ ਚਾਹੁੰਦਾ ਸੀ, ਪਰ ਉਹਨਾਂ ਨੇ ਉਸਨੂੰ ਆਗਿਆ ਨਹੀਂ ਦਿੱਤੀ ਤੇ ਮੈਂ ਪੂਰੇ ਦੋ ਦਿਨ ਆਪਣੀ ਕੋਠੜੀ ਵਿਚ ਜੀਵਨ ਤੇ ਮੌਤ ਵਿਚਾਲੇ ਲਟਕਦਾ ਰਿਹਾ। ਡਾਕਟਰ ਨੇ ਮੈਨੂੰ ਬਚਾਉਣ ਲਈ ਨਿਧੜਕ ਹੋ ਕੇ ਕੋਸ਼ਿਸ਼ ਕੀਤੀ ਤੇ ਮੈਨੂੰ ਹਸਪਤਾਲ ਵਿਚ ਭੇਜਣ ਵਿਚ ਸਫਲ ਹੋ ਗਿਆ। ਪਰ ਹਾਕਮ-ਟੋਲੇ ਨੇ ਪੂਰੀ ਤਰ੍ਹਾਂ ਬੇਪ੍ਰਵਾਹੀ ਵਿਖਾਲੀ। ਕਈ ਵਾਰ ਮੈਂ ਬੇਹੋਸ਼ ਹੋਇਆ ਤੇ ਮੈਂ ਬੋਲ ਨਹੀਂ ਸਕਦਾ ਸੀ ਤੇ ਮੇਰੇ ਲਈ ਸਾਹ ਲੈਣਾ ਔਖਾ ਸੀ। ਅਠਤਾਲੀ ਘੰਟੇ ਪਿੱਛੋਂ ਨੌਜਵਾਨ ਸੈਕਿੰਡ ਲੈਫਟੀਨੈਂਟ ਨੇ ਕੁਝ ਪੁਰਾਣੇ ਡਾਕਟਰਾਂ ਨੂੰ ਆਉਣ ਤੇ ਮੈਨੂੰ ਵੇਖਣ ਲਈ ਲਿਆਂਦਾ। ਤੇ ਜਦ ਉਹਨਾਂ ਮੇਰੀ ਹਾਲਤ ਵੇਖੀ ਤਾਂ ਉਹਨਾਂ ਨੂੰ ਬਹੁਤ ਕ੍ਰੋਧ ਆਇਆ। ਮੈਡੀਕਲ ਅਫਸਰਾਂ ਦੇ ਮੁਖੀ ਨੇ ਕਿਹਾ ਕਿ ਮੈਨੂੰ ਕੋਠੜੀ ਵਿਚ ਰੱਖੀ ਰੱਖਣਾ ਜੁਰਮ ਸੀ ਤੇ ਉਸਨੇ ਆਪਣੇ ਤੋਂ ਵੱਡੇ ਅਫਸਰਾਂ ਨੂੰ ਰੋਸ ਵਜੋਂ ਟੈਲੀਫੋਨ ਕੀਤਾ। ਜੇ ਇਹ ਗੱਲ ਸੱਚੀ ਸੀ, ਜੋ ਮੈਂ ਸੁਣੀ ਤਾਂ ਉਸਨੇ ਫੌਜ ਦੇ ਕਮਾਂਡਰ ਨੂੰ ਵੀ ਸੱਦਿਆ। ਜੋ ਕਿ ਹੁਣ ਕਥਿਤ ਲੋਕਰਾਜ ਦਾ ਉੱਪ ਰਾਸ਼ਟਰਪਤੀ ਸੀ ਤੇ ਉਸਦਾ ਨਾਂ ਓਡੀਅਸ ਐਂਜਲੀਸ ਸੀ। ਉਸਨੇ ਉਸਨੂੰ ਕਿਹਾ, ਮੈਨੂੰ ਹਸਪਤਾਲ ਵਿਚ ਤਬਦੀਲ ਨਾ ਕਰਨਾ ਇੱਕ ਮੁਜਰਮਾਂ ਵਾਲੀ ਕਰਤੂਤ ਸੀ ਤੇ ਉਹ ਉਸਦੀ ਨਿੰਦਿਆ ਕਰੇਗਾ। ਤੇ ਉਸਦਾ ਇਸ ਗੱਲੋਂ ਧੰਨਵਾਦ ਕਰਨਾ ਬਣਦਾ ਹੈ ਕਿ ਉਹਨਾਂ ਸਦਕਾ ਮੈਨੂੰ ਦਾਖਲ ਕਰ ਲਿਆ ਗਿਆ। ਹਸਪਤਾਲ ਵਿਚ ਮੇਰੇ ਲਹੂ ਵਿਚ ਬਾਨਵੇਂ

ਫੀਸਦੀ ਕਾਰਬਨ ਡਾਈਆਕਸਾਈਡ ਸੀ ਤੇ ਦੱਸਿਆ ਕਿ ਮੈਂ ਦੋ ਘੰਟੇ ਤੋਂ ਜ਼ਿਆਦਾ ਜ਼ਿੰਦਾ ਨਹੀਂ ਸੀ ਰਹਿ ਸਕਦਾ ਤੇ ਜੇ ਮੈਂ ਦੋ ਘੰਟੇ ਤੋਂ ਵੱਧ ਵੀ ਜਿਊਂਦਾ ਰਹਿੰਦਾ, ਫਿਰ ਵੀ ਮੈਂ ਬਚ ਨਹੀਂ ਸੀ ਸਕਦਾ। ਤੇ ਕੀ ਤੁਸੀਂ ਜਾਣਦੇ ਹੋ ਕਿ ਉਹਨਾਂ ਨੇ ਥੀਓਡੋਰਾਕੀਸ ਨੂੰ ਰਿਹਾ ਕਿਉਂ ਕੀਤਾ?

? : **ਥੀਓਡੋਰਾਕੀਸ? ਨਹੀਂ।**

– : ਕਿਉਂਕਿ ਮੈਂ ਮਰਨ ਕਿਨਾਰੇ ਸੀ। ਉਹ ਫਰਾਂਸੀਸੀ ਏਥਨਜ਼ ਵਿਚ ਸੀ। ਉਹ ਸਰਵਾਨ ਸਚੀਰੀਬਰ। ਇੰਝ ਪ੍ਰਤੀਤ ਹੁੰਦਾ ਹੈ ਕਿ ਉਹ ਮੈਨੂੰ ਲੈਣ ਲਈ ਆਇਆ ਸੀ। ਉਹਨਾਂ ਨੇ ਮੈਨੂੰ ਸਰਵਾਨ ਸਚੀਰੀਬਰ ਨੂੰ ਨਹੀਂ ਸੌਂਪਣਾ ਸੀ, ਭਾਵੇਂ ਕਿ ਮੈਂ ਠੀਕ ਵੀ ਹੁੰਦਾ। ਤੇ ਨਾਲ ਹੀ ਇਹ ਕਾਰਨ ਵੀ ਸੀ ਕਿ ਉਹਨਾਂ ਨੇ ਮੈਨੂੰ ਮਾਰ ਦੇਣ ਦੀ ਕੋਸ਼ਿਸ਼ ਵੇਲੇ ਮੈਂ ਬੇਹੋਸ਼ੀ ਵਿਚ ਸੀ। ਇਸ ਲਈ ਉਹ ਛੜਯੰਤਰ ਦੀ ਉਡੀਕ ਵਿਚ, ਜੋ ਮੇਰੀ ਮੌਤ ਨਾਲ ਨੰਗਾ ਹੋ ਜਾਣਾ ਸੀ, ਉਹਨਾਂ ਥੀਓਡੋਰਾਕੀਸ ਨੂੰ ਦੇ ਦਿੱਤਾ। ਅਜੀਬ ਗੱਲ। ਕੀ ਇਹ ਨਹੀਂ ਸੀ? ਮੇਰਾ ਇਸ ਗੱਲ ਤੋਂ ਇਹ ਭਾਵ ਨਹੀਂ ਕਿ ਮੈਂ ਥੀਓਡੋਗਨੀਸ ਦੀ ਰਿਹਾਈ ਤੋਂ ਖੁਸ਼ ਨਹੀਂ ਸੀ। ਉਸਨੇ ਜੇਲ੍ਹ ਵਿਚ ਕਿੰਨੇ ਦੁੱਖ ਝੱਲੇ ਸਨ। ਪਰ...... ਕਹਾਣੀ ਅਜੇ ਵੀ ਦਿਲਚਸਪ ਹੈ।

? : **ਦਿਲਚਸਪ, ਐਪਰ ਤੁਹਾਨੂੰ ਇਹ ਕਿਵੇਂ ਸਾਬਤ ਹੋਇਆ ਕਿ ਉਹਨਾਂ ਨੇ ਤੁਹਾਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ?**

– : ਕੁਝ ਦਿਨ ਪਹਿਲਾਂ ਉਹਨਾਂ ਨੇ ਮੇਰੀ ਸਫ਼ ਘੱਟਾ ਝਾੜਨ ਲਈ ਖੜੀ ਸੀ। ਇਹ ਗੱਲ ਘੱਟ ਵਾਪਰਦੀ ਸੀ। ਤਿੰਨ ਜਾਂ ਚਾਰ ਮਹੀਨੇ ਪਿੱਛੋਂ। ਪਰ ਜਦੋਂ ਉਹਨਾਂ ਇਹ ਸਫ਼ ਮੇਰੀ ਕੋਠੜੀ ਵਿਚ ਵਾਪਸ ਲਿਆਂਦੀ, ਤਾਂ ਪਹਿਰੇਦਾਰ ਮੇਰੇ ਕੋਲ ਆਇਆ। ਪਹਿਰੇਦਾਰ ਮੇਰਾ ਮਿੱਤਰ ਸੀ। ਉਸਨੇ ਕਿਹਾ, 'ਐਲੀਕੋਸ, ਕੀ ਤੂੰ ਆਪਣੀ ਹੇਠਾਂ ਵਿਛਾਉਣ ਵਾਲੀ ਸਫ਼ ਵਿਚ ਕੁਝ ਲੁਕਾਇਆ ਹੋਇਆ ਸੀ?" ਨਾ ਕੁਝ ਨਹੀਂ, ਕਿਉਂ? ਮੈਂ ਉੱਤਰ ਦਿੱਤਾ। ਕਿਉਂਕਿ ਮੈਂ ਵੇਖਿਆ ਸੀ ਕਿ ਦਫ਼ੇਦਾਰ ਕਾਰਾਕਾਰੈਕਸ ਇਸ ਵਿਚੋਂ ਸੁੰਘਦਾ ਫਿਰਦਾ ਸੀ, ਜਿਵੇਂ ਕਿ ਇਸ ਵਿਚ ਕਿਸੇ ਚੀਜ਼ ਦੀ ਤਲਾਸ਼ ਕਰ ਰਿਹਾ ਹੋਵੇ। ਮੈਂ ਉਸ ਵੇਲੇ ਇਸ ਗੱਲ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ, ਪਰ ਫਿਰ ਵੀ ਪਹਿਲੀ ਚੀਜ਼, ਜਿਸ ਬਾਰੇ ਮੈਂ ਉਦੋਂ ਸੋਚਿਆ, ਜਦੋਂ ਸਫ਼ ਨੂੰ ਅੱਗ ਲੱਗ ਗਈ ਸੀ, ਕਿ ਉਹਨਾਂ ਇਸ ਵਿਚ ਫਾਸਫੋਰਸ, ਜਾਂ ਪਲਾਸਟਿਕ ਤੇ ਜਾਂ ਕੋਈ ਹੋਰ ਚੀਜ਼ ਲੁਕਾ ਦਿੱਤੀ ਸੀ। ਤੇ ਪਹਿਲਾਂ ਨਾਂ ਜੋ ਮੇਰੇ ਮਨ ਵਿਚ ਆਇਆ, ਉਹ ਕਾਰਾਕਾਰੈਕਸ ਦਾ ਹੀ ਸੀ। ਕੁਦਰਤੀ ਹੀ ਉਹਨਾਂ ਨੇ ਮੇਰੇ ਉੱਤੇ ਅੱਗ ਲਾਉਣ ਦਾ ਦੂਸ਼ਣ ਲਾਇਆ। ਐਪਰ ਜਦੋਂ ਮੈਂ ਉਹਨਾਂ ਨੂੰ ਯਾਦ ਦਿਵਾਇਆ ਕਿ ਛੇ ਦਿਨ ਪਹਿਲਾਂ ਉਹ ਮੇਰੀਆਂ ਸਿਗਰਟਾਂ ਤੇ ਤੀਲੀਆਂ ਲੈ ਗਏ ਸੀ ਤਾਂ ਉਹਨਾਂ ਸਮਝ ਲਿਆ ਕਿ ਉਹ ਮੁਸੀਬਤ



ਵਿਚ ਹਨ। ਮਿਲਟਰੀ ਪੁਲਸ ਦਾ ਮੇਜਰ ਕੁਤਰਸ ਮੇਰੇ ਕੋਲ ਆਇਆ ਤੇ ਕਿਹਾ, "ਜੇ ਤੂੰ ਦੱਸੇਂਗਾ ਨਹੀਂ ਕਿ ਕੀ ਵਾਪਰਿਆ ਸੀ? ਤਾਂ ਮੇਰਾ ਵਾਅਦਾ ਰਿਹਾ ਕਿ ਅਸੀਂ ਤੈਨੂੰ ਰਿਹਾ ਕਰ ਦਿਆਂਗੇ ਜਾਂ ਤੈਨੂੰ ਬਾਹਰ ਜਾਣ ਦੀ ਆਗਿਆ ਦੇ ਦੇਵਾਂਗੇ।" ਪਰ ਕਿਉਂਕਿ ਮੈਂ ਇਹ ਮਸਲਾ ਵਿਚਾਰਨ ਤੋਂ ਇਨਕਾਰ ਕਰ ਦਿੱਤਾ, ਉਹਨਾਂ ਨੇ ਦਸਾਂ ਦਿਨਾਂ ਬਾਅਦ ਮੈਨੂੰ ਕੋਠੜੀ ਵਿਚ ਬੰਦ ਕਰ ਦਿੱਤਾ। ਤੇ ਉਸ ਵੇਲੇ ਤੋਂ ਲੱਗ ਕੇ ਮੇਰੀ ਮਾਂ ਦੀਆਂ ਮੁਲਾਕਾਤਾਂ ਵੀ ਬੰਦ ਕਰ ਦਿੱਤੀਆਂ। ਜਿੱਥੋਂ ਤੀਕ ਮੇਰੇ ਵਕੀਲ ਦੀ ਗੱਲ ਹੈ, ਮੈਂ ਪਿਛਲੇ ਪੰਜਾਂ ਸਾਲਾਂ ਵਿਚ ਕਦੇ ਉਸਦਾ ਮੂੰਹ ਨਹੀਂ ਵੇਖਿਆ। ਮੈਨੂੰ ਕਦੇ ਉਸਦੇ ਖ਼ਤ ਨਹੀਂ ਮਿਲੇ ਤੇ ਨਾ ਹੀ ਉਸਨੂੰ ਮੇਰੇ ਖ਼ਤ ਮਿਲੇ। ਮੇਰੇ ਨਾਲ ਗੈਰ-ਕਾਨੂੰਨੀ ਅਤੇ ਮੁਜਰਮਾਨਾ ਵਰਤਾਵਾ ਉਨ੍ਹਾਂ ਕੀਤਾ। ਉਹ ਏਨੇ ਨਾਲ ਹੀ ਮੁੱਕ ਨਹੀਂ ਜਾਂਦਾ। ਉਹ ਸਪੱਸ਼ਟ ਭਾਂਤ ਇਸ ਗੱਲੋਂ ਡਰਦੇ ਸੀ ਕਿ ਮੈਂ ਆਪਣੇ ਮਾਰੇ ਜਾਣ ਦੇ ਯਤਨਾਂ ਦਾ ਪਾੜ ਉਘੇੜ ਦਿਆਂਗਾ। ਇਸ ਲਈ ਮੇਰੀ ਸਾਡੀ ਡਾਕ ਜੇਲ ਡਾਇਰੈਕਟਰ ਦੀ ਮੇਜ਼ ਉੱਤੇ ਹੀ ਰੋਕ ਲਈ ਜਾਂਦੀ ਸੀ। ਉਹ ਖ਼ਤ ਵੀ ਜੋ ਮੈਂ ਪਾਪਾਡੋਪਾਊਲਾਸ ਨੂੰ ਲਿਖੇ ਸੀ। ਮੈਂ ਪਾਪਾਡੋਪਾਊਲਾਸ ਨੂੰ ਹਾਕਮ-ਟੋਲੀ ਦੇ ਅਖਲਾਕੀ ਆਗੂ ਵਜੋਂ, ਆਪਣੀ ਉਪਰਾਮਤਾ ਤੇ ਘ੍ਰਿਣਾ ਨੂੰ ਪ੍ਰਗਟ ਕਰਨ ਲਈ ਲਿਖਦਾ ਸੀ। ਉਹਨਾਂ ਵਿਚ ਮੇਰੇ ਖ਼ਤਾਂ ਨੂੰ ਛਾਪਣ ਦੀ ਜੁਰਅਤ ਹੋਣੀ ਚਾਹੀਦੀ ਸੀ ਜਾਂ ਇਹ ਘੱਟੋ-ਘੱਟ ਆਮ ਲੋਕਾਂ ਤੀਕ ਜਾਣੇ ਚਾਹੀਦੇ ਸੀ। ਮੈਂ ਉਹ ਕਾਫੀ ਲਿਖੇ ਸਨ ਤੇ ਅਖੀਰ ਮੈਂ ਵਿਧਾਨਕ ਅਦਾਲਤ ਦੇ ਪ੍ਰਧਾਨ ਨੂੰ ਲਿਖਿਆ ਸੀ। ਮੈਂ ਉਸਨੂੰ ਤਾਰਾਂ ਦਿੱਤੀਆਂ ਸਨ ਕਿ ਉਹ ਮੈਨੂੰ ਦੱਸਣ ਕਿ ਮੇਰਾ ਕੀ ਕਰ ਰਹੇ ਹਨ ਤੇ ਮੈਂ ਦੱਸਿਆ ਕਿ ਮੈਂ ਬੀਮਾਰ ਸੀ। ਪਰ ਉਸਨੂੰ ਮੇਰੀਆਂ ਤਾਰਾਂ ਵੀ ਨਹੀਂ ਮਿਲੀਆਂ ਤੇ .....

? : **ਤੇ ਐਲੀਕੋਸ, ਤੇਰਾ ਹੁਣ ਕੀ ਹਾਲ ਹੈ?**

– : ਏਨਾ ਚੰਗਾ ਨਹੀਂ, ਜਿੰਨਾ ਦਿਸਦਾ ਹੈ। ਮੇਰੀ ਸਿਹਤ ਠੀਕ ਨਹੀਂ, ਮੈਂ ਸਦਾ ਹੀ ਕਮਜ਼ੋਰ ਤੇ ਥੱਕਿਆ ਅਨੁਭਵ ਕਰਦਾ ਹਾਂ। ਕਈ ਵਾਰ ਮੈਂ ਨਿਸੱਤਾ ਹੋ ਜਾਂਦਾ ਹਾਂ। ਮੈਂ ਕੱਲ੍ਹ ਨਿਸੱਤਾ ਹੋ ਗਿਆ ਸੀ ਤੇ ਇੱਕ ਵਾਰ ਜਿਸ ਦਿਨ ਮੈਂ ਜੇਲ੍ਹ ਵਿਚੋਂ ਬਾਹਰ ਨਿਕਲਿਆ। ਮੈਂ ਤੁਰ ਨਹੀਂ ਸਕਦਾ, ਤਿੰਨ ਕਦਮ ਵੀ ਨਹੀਂ। ਤੇ ਮੈਨੂੰ ਬੈਠਣਾ ਪੈਂਦਾ ਹੈ ਤੇ ਇਹਨਾਂ ਗੱਲਾਂ ਤੋਂ ਬਿਨਾਂ ਹੋਰ ਵੀ ਕਈ ਗੱਲਾਂ ਖਰਾਬ ਹਨ। ਮੇਰੇ ਜਿਗਰ, ਫੇਫੜਿਆਂ, ਤੇ ਮੇਰੇ ਗੁਰਦਿਆਂ ਵਿਚ। ਉਹ ਮੈਨੂੰ ਹਸਪਤਾਲ ਲੈ ਕੇ ਗਏ ਸੀ ਤੇ ਪਹਿਲੇ ਨਤੀਜੇ ਕੋਈ ਉਤਸ਼ਾਹ-ਜਨਕ ਨਹੀਂ ਹਨ। ਸੋਮਵਾਰ ਫਿਰ ਜਾਣਾ ਪਵੇਗਾ। ਤੇ ਉਹ ਭੁੱਖ-ਹੜਤਾਲਾਂ ਮਿਸਾਲ ਵਜੋਂ, ਜਿਹਨਾਂ ਮੈਨੂੰ ਕਮਜ਼ੋਰ ਕੀਤਾ ਹੈ, ਤੂੰ ਕਹਿ ਸਕਦੀ ਹੈ ਕਿ ਮੈਂ ਕਿਉਂ ਇਹ ਭੁੱਖ-ਹੜਤਾਲਾਂ ਆਪਣੇ ਗਲ ਪਵਾ ਲਈਆਂ? ਕਿਉਂਕਿ ਪੁੱਛ-ਪੜਤਾਲਾਂ ਦੇ ਸਮੇਂ ਇਹ ਭੁੱਖ-ਹੜਤਾਲ ਤੁਹਾਡਾ ਸਿਰ ਉੱਚਾ ਰੱਖਣ

ਦਾ ਇੱਕ ਤਰੀਕਾ ਹੈ। ਤੁਸੀਂ ਉਹਨਾਂ ਨੂੰ ਵਿਖਾਉਂਦੇ ਹੋ, ਅਰਥਾਤ ਇਹ ਦੱਸਦੇ ਹੋ ਕਿ ਉਹ ਤੁਹਾਥੋਂ ਸਭ ਕੁਝ ਖੋਹ ਕੇ ਨਹੀਂ ਲਿਜਾ ਸਕਦੇ, ਕਿਉਂਕਿ ਤੁਹਾਡੇ ਕੋਲ ਉਹਨ ਨੂੰ ਰੱਦ ਕਰਨ ਦੀ ਜੁਅਰਤ ਹੈ। ਮੈਂ ਇਸਦੀ ਵਿਆਖਿਆ ਕਰਨ ਦਾ ਯਤਨ ਕਰਾਂਗਾ ਜੇ ਤੁਸੀਂ ਕੁਝ ਖਾਣ ਤੋਂ ਨਾਂਹ ਕਰ ਦਿੰਦੇ ਹੋ ਤੇ ਉਹਨਾਂ ਉੱਤੇ ਜਵਾਬੀ ਹਮਲਾ ਕਰ ਹੋ ਤਾਂ ਉਹ ਘਬਰਾ ਜਾਂਦੇ ਹਨ ਤੇ ਘਬਰਾ ਜਾਣ ਕਾਰਨ ਉਹ ਆਪਣੀ ਪੁੱਛ ਪੜਤਾਲ ਵਿਧੀ-ਪੂਰਵਕ ਜਾਰੀ ਨਹੀਂ ਰੱਖ ਸਕਦੇ। ਮਿਸਾਲ ਵਜੋਂ ਤਸੀਹੇ ਦੇਣ ਸ ਜੇ ਤਸੀਹੇ ਸਹਿੰਦਾ ਮਨੁੱਖ ਭੜਕਾਊ ਤੇ ਹਮਲਾ-ਕਰੂ ਵਤੀਰਾ ਕਾਇਮ ਰੱਖਦਾ ਤਾਂ ਵਿਧੀ-ਗਤ ਪੁੱਛ-ਪੜਤਾਲ ਤਸੀਹੇ ਸਹਿਣ ਵਾਲੇ ਦੇ ਜ਼ਾਤੀ ਸੰਘਰਸ਼ ਵਿ ਤਬਦੀਲ ਹੋ ਜਾਂਦੀ ਹੈ। ਸਮਝ ਗਏ ਹੋ? ਮੇਰਾ ਮਤਲਬ ਹੈ ਕਿ ਭੁੱਖ-ਹੜਤਾਲਾਂ ਨਾ ਜਿਸਮ ਕਮਜ਼ੋਰ ਹੋ ਜਾਂਦਾ ਹੈ ਤੇ ਇਸ ਨਾਲ ਤਸੀਹੇ ਦੇਣ ਵਾਲਾ ਆਪਣੀ ਪੁੱਛ ਪੜਤਾਲ ਜਾਰੀ ਨਹੀਂ ਰੱਖ ਸਕਦਾ। ਕਿਉਂਕਿ ਉਹ ਆਦਮੀ ਜੋ ਹੋਸ਼ ਗਵਾ ਬੈਠੇ, ਤਸੀਹੇ ਦੇਣੇ ਜਾਂ ਪੁੱਛ-ਪੜਤਾਲ ਕਰਨੀ ਫਜ਼ੂਲ ਹੈ। ਇਨ੍ਹਾਂ ਗੱਲਾਂ ਦਾ ਪਤਾ ਤਿੰ ਜਾਂ ਚਾਰ ਦਿਨ ਖੁਰਾਕ ਤੇ ਪਾਣੀ ਤੋਂ ਬਿਨਾਂ ਕੱਟਣ ਨਾਲ ਪਤਾ ਲੱਗਦਾ ਹੈ। ਖ਼ਾ ਤੌਰ ਤ ਉਦੋਂ ਜਦੋਂ ਤੁਹਾਨੂੰ ਤਸੀਹੇ ਦੇਣ ਦੇ ਸਿੱਟੇ ਵਜੋਂ ਲੱਗੇ ਜਖ਼ਮਾਂ ਵਿਚੋਂ ਲ ਵਗਦਾ ਹੈ। ਇਸ ਲਈ ਉਹ ਤੁਹਾਨੂੰ ਹਸਪਤਾਲ ਭੇਜਣ ਲਈ ਮਜਬੂਰ ਹੁੰਦੇ ਹਨ ਆਹ, ਹਸਪਤਾਲ ਦੀਆਂ ਯਾਦਾਂ ਵੀ ਕਿੰਨੀਆਂ ਦੁਖਦਾਈ ਹਨ। ਉਹਨਾਂ ਨੇ ਮੈ ਨੱਕ ਵਿਚ ਟਿਊਬ ਪਾ ਕੇ ਖੁਰਾਕ ਦੇਣ ਦੀ ਕੋਸ਼ਿਸ਼ ਕੀਤੀ। ਮੈਨੂੰ ਬਹੁਤ ਦੁੱਖ ਹੋਇਆ ਉਦੋਂ ਵੀ ਜਦੋਂ ਮੈਂ ਅਨੁਭਵ ਕੀਤਾ ਕਿ ਮੈਂ ਵੇਲਾ ਕੱਢ ਰਿਹਾ ਹਾਂ ਤੇ ਫਿਰ .....

? : **ਤੇ ਫਿਰ ਕੀ ਹੋਇਆ?**

– : ਫਿਰ ਉਹ ਮੈਨੂੰ ਹਸਪਤਾਲ ਤੋਂ ਤਸੀਹਾ ਕੇਂਦਰ ਲੈ ਗਏ ਤੇ ਮੈਨੂੰ ਦੁਬਾਰਾ ਤਸੀਹਾ ਘਰ ਲੈ ਗਏ। ਮੈਂ ਫਿਰ ਉਹਨਾਂ ਨੂੰ ਭੜਕਾ ਦਿੱਤਾ ਤੇ ਮੈਂ ਫਿਰ ਘ੍ਰਿਣਾ ਕਰਨ ਲੱਗ ਤੇ ਹਮਲਾ-ਕਰੂ ਰੁਖ਼ ਅਪਣਾ ਲਿਆ। ਇੰਝ ਉਹਨਾਂ ਦਾ ਪ੍ਰਬੰਧ ਅਸਫਲ ਹੋ ਗਿਆ ਉਹ ਫਿਰ ਮੈਨੂੰ ਹਸਪਤਾਲ ਖੜਨ ਲਈ ਮਜਬੂਰ ਹੋ ਗਏ। ਜਿੱਥੇ ਉਹਨਾਂ ਨੇ ਮੇਰੇ ਨੱ ਵਿਚ ਟੂਟੀ ਪਾ ਕੇ ਖੁਰਾਕ ਦੇਣ ਲਈ ਮਜਬੂਰ ਕੀਤਾ। ਉਹ! ਕਈਆਂ ਡਾਕਟਰਾਂ ਦ ਵਿਹਾਰ ਵੀ ਨਿਰਾਸ਼ ਕਰਨ ਵਾਲਾ ਸੀ। ਮੈਨੂੰ ਤਸੀਹਾ ਦੇਣ ਵਾਲਿਆਂ ਨੇ ਹਸਪਤਾ ਵਿਚ ਵੀ ਮੇਰੀ ਤਫਤੀਸ਼ ਜਾਰੀ ਰੱਖੀ। ਪਰ ਇਹ ਘੱਟ ਦ੍ਰਿੜਤਾ ਨਾਲ ਸੀ। ਕਿਉਂਕਿ ਇੱਥੇ ਉਹ ਆਪਣੇ ਤਰੀਕੇ ਨਹੀਂ ਵਰਤ ਸਕਦੇ ਸੀ। ਮੈਨੂੰ ਸਾਹ ਮਿਲ ਗਿਆ। ਮੈਂ ਦੁਹਰਾਉਂਦਾ ਹਾਂ। ਇਹ ਗੱਲ ਤੇ ਮੇਰੇ ਲਈ ਬੜਾ ਜ਼ਰੂਰੀ ਸੀ। ਸੰਖੇਪ ਵਿਚ ਮੇਰੇ ਲਈ ਇਹ ਅਸੰਭਵ ਸੀ ਕਿ ਮੈਂ ਭੁੱਖ-ਹੜਤਾਲ ਛੱਡ ਦਿੰਦਾ। ਇਹ ਅਜਿਹਾ ਹਥਿਆ ਸੀ, ਜਿਸ ਤੋਂ ਬਗੈਰ ਗੁਜ਼ਾਰਾ ਨਹੀਂ ਸੀ।



? : **ਤਫਤੀਸ਼ ਦੇ ਸਮੇਂ ਤੇ ਮੈਂ ਸਮਝਦੀ ਹਾਂ ....... ਪਰ ਪਿੱਛੋਂ ਐਲੀਕੋਵ ਜੇਲ੍ਹ ਵਿਚ?**

– : ਜੇਲ੍ਹ ਵਿਚ ਵੀ ਮੈਨੂੰ ਆਪਣੀ ਉਪਰਾਮਤਾ ਤੇ ਘ੍ਰਿਣਾ ਪ੍ਰਗਟਾਉਣ ਦਾ ਹੋਰ ਕੋਈ ਵਧੀਆ ਢੰਗ ਨਹੀਂ ਸੀ ਤੇ ਇਹ ਦੱਸਣਾ ਕਿ ਉਹ ਮੈਨੂੰ ਹਰਾ ਨਹੀਂ ਸੀ ਸਕਦੇ। ਭਾਵੇਂ ਮੈਂ ਹੁਣ ਸਜ਼ਾ-ਯਾਫਤਾ ਕੈਦੀ ਸੀ। ਭੁੱਖ ਹੜਤਾਲਾਂ ਰਾਹੀਂ ਬਗਾਵਤ ਕਰਕੇ, ਮੈਨੂੰ ਅਹਿਸਾਸ ਹੁੰਦਾ ਸੀ ਕਿ ਮੈਂ ਇਕੱਲਾ ਨਹੀਂ ਸੀ ਤੇ ਮੈਂ ਅਨੁਭਵ ਕਰਦਾ ਸੀ ਕਿ ਮੈਂ ਯੂਨਾਨ ਦੇ ਹਿੱਤ ਲਈ ਕੁਝ ਨਾ ਕੁਝ ਕਰ ਰਿਹਾ ਸੀ। ਮੈਂ ਸੋਚਦਾ ਸੀ ਕਿ ਜੇ ਮੈਂ ਨਿਰੰਤਰ ਅਤੇ ਦਲੇਰੀ ਵਾਲਾ ਵਤੀਰਾ ਰੱਖਾਂਗਾ, ਤਾਂ ਸਿਪਾਹੀ ਤੇ ਪਹਿਰੇਦਾਰ ਤੇ ਖ਼ੁਦ ਅਫਸਰ ਵੀ, ਇਹ ਸਮਝਣਗੇ ਕਿ ਮੈਂ ਇੱਥੇ ਉਹਨਾਂ ਲੋਕਾਂ ਦੀ ਪ੍ਰਤੀਨਿਧਤਾ ਕਰ ਰਿਹਾ, ਜੋ ਜਿੱਤਣ ਲਈ ਦ੍ਰਿੜ ਇਰਾਦਾ ਕੀਤੀ ਬੈਠੇ ਹਨ। ਇਸ ਤੋਂ ਬਿਨਾਂ ਜੇਲ੍ਹ ਵਿਚਲੀਆਂ ਬਹੁਤੀਆਂ ਭੁੱਖ-ਹੜਤਾਲਾਂ ਉਸ ਵਿਹਾਰ ਵਿਚੋਂ ਭੜਕੀਆਂ ਸਨ, ਜੋ ਉਹ ਮੇਰੇ ਨਾਲ ਕਰਦੇ ਸਨ। ਉਹ ਮੈਨੂੰ ਇੱਕ ਅਖ਼ਬਾਰ, ਨਾ ਕਿਤਾਬ, ਪੈਨਸਿਲ ਜਾਂ ਪੀਣ ਲਈ ਇੱਕ ਸਿਗਰਿਟ ਵੀ ਲੈਣ ਦੀ ਆਗਿਆ ਨਹੀਂ ਦਿੰਦੇ ਸਨ। ਇੱਕ ਅਖ਼ਬਾਰ, ਕਿਤਾਬ, ਪੈਨਸਿਲ ਤੇ ਪੀਣ ਲਈ ਇੱਕ ਸਿਗਰਿਟ ਲੈਣ ਲਈ, ਮੈਂ ਖਾਣਾ ਖਾਣ ਤੋਂ ਇਨਕਾਰ ਕਰ ਦਿੰਦਾ ਸੀ ਕਈ ਦਿਨਾਂ ਤੀਕ। ਮੈਂ ਇੱਕ ਭੁੱਖ ਹੜਤਾਲ ਤੇ ਗਿਆ, ਜੋ 47ਦਿਨ ਚੱਲੀ। ਇੱਕ 44 ਦਿਨ, ਇੱਕ ਚਾਲੀ, ਇੱਕ 37, ਦੋ 32, ਇੱਕ ਤੀਹ, ਪੰਜ 25 ਤੇ 30 ਦੇ ਵਿਚਕਾਰ। ਮੈਂ ਕਿੰਨੀਆਂ ਹੜਤਾਲਾਂ ਤੇ ਗਿਆ। ਇਸਦੇ ਬਾਵਜੂਦ, ਉਹ ਮੈਨੂੰ ਕੁੱਟਣ ਤੋਂ ਨਹੀਂ ਰੁਕੇ। ਕਦੇ ਵੀ ਨਾ, ਮੈਨੂੰ ਕਾਲ-ਕੋਠੜੀ ਦੇ ਵਿਚ ਵੀ ਕੁੱਟਦੇ ਸੀ। ਉਹਨਾਂ ਮੇਰੇ ਅੰਗ ਤੋੜ ਸੁੱਟੇ, ਜਦੋਂ ਉਹ ਸਲਾਖਾਂ ਨਾਲ ਕੁੱਟਦੇ ਸੀ। ਉਹ ਜ਼ਖ਼ਮ ਕਦੇ ਠੀਕ ਨਾ ਹੋਏ।

? : **ਆਖ਼ਰੀ ਵਾਰ ਉਹਨਾਂ ਤੁਹਾਨੂੰ ਕਦੋਂ ਕੁੱਟਿਆ?**

– : ਜੇ ਤੁਸੀਂ ਗੰਭੀਰ ਕੁੱਟ ਦੀ ਗੱਲ ਕਰਦੇ ਹੋ ਤਾਂ 25 ਅਕਤੂਬਰ1972 ਨੂੰ ਇਹ ਹੜਤਾਲ ਦਾ ਪੈਂਤੀਵਾਂ ਦਿਨ ਸੀ। ਨਿਕੋਲਸ ਜਾਗਰਕੀਸ, ਜੋ ਬਿਆਤੀ ਜੇਲ੍ਹ ਦਾ ਡਾਇਰੈਕਟਰ ਸੀ, ਅੰਦਰ ਆਇਆ। ਮੈਂ ਉਦੋਂ ਘਾਹ-ਫੂਸ ਦੀ ਸਫ ਉੱਤੇ ਲੇਟਿਆ ਹੋਇਆ ਸੀ। ਮੇਰੇ ਵਿਚ ਕੋਈ ਸੱਤਿਆ ਨਹੀਂ ਸੀ, ਮੈਂ ਮੁਸ਼ਕਿਲ ਨਾਲ ਹੀ ਸਾਹ ਲੈ ਸਕਦਾ ਸੀ। ਉਸਨੇ ਆਉਂਦਿਆਂ ਹੀ ਮੇਰੀ ਹੱਤਕ ਕਰਨੀ ਸ਼ੁਰੂ ਕਰ ਦਿੱਤੀ ਤੇ ਅਚਾਨਕ ਹੀ ਉਸਨੇ ਕਿਹਾ ਕਿ ਮੈਨੂੰ ਪਾਪਾਡੋਪਾਊਲੋਸ ਨੂੰ ਕਤਲ ਕਰਨ ਲਈ ਫਿਰੌਤੀ ਦਿੱਤੀ ਗਈ ਸੀ। ਤੇ ਮੈਂ ਇਹ ਪੈਸਾ ਸਵਿਟਜ਼ਰਲੈਂਡ ਵਿਚ ਸੰਭਾਲਿਆ ਹੋਇਆ ਹੈ। ਮੈਂ ਚੁੱਪ ਨਾ ਰਹਿ ਸਕਿਆ। ਮੈਂ ਆਪਣੀ ਰਹਿੰਦੀ ਸੱਤਿਆ ਇਕੱਠੀ ਕੀਤੀ, ਜੋ ਮੇਰੇ ਗਲੇ ਵਿਚ ਸੀ, ਤੇ ਉੱਚੀ ਸਾਰੀ ਕਿਹਾ, 'ਮਾਲਾਕਾਸ਼ ਗੰਦਾ ਮਾਲਾਕਾਸ। ਯੂਨਾਨੀ ਵਿਚ 'ਮਾਲਾਕਾਸ' ਇੱਕ ਗਾਲ੍ਹ ਹੈ। ਜ਼ਕਾਰਾਕੀਸ ਨੇ ਮੇਰੇ ਤੇ

ਸੱਟਾਂ ਦਾ ਮੀਂਹ ਵਰ੍ਹਾ ਦਿੱਤਾ ਕਿ ਅੱਜ ਵੀ ਉਨ੍ਹਾਂ ਨੂੰ ਯਾਦ ਕਰਕੇ ਪੀੜ ਚਸਕਣ ਲੱਗਦੀ ਹੈ। ਆਮ ਕਰਕੇ ਮੈਂ ਆਪਣੇ ਆਪ ਦਾ ਬਚਾਅ ਕਰਦਾ ਹਾਂ ਪਰ ਉਸ ਦਿਨ ਮੈਂ ਬਚਾਅ ਲਈ ਇੱਕ ਉਂਗਲੀ ਵੀ ਨਾ ਉਠਾ ਸਕਿਆ ਤੇ ..... ਸਤਾਰਾਂ ਮਾਰਚ ਨੂੰ ਉਹਨਾਂ ਮੈਨੂੰ ਫਿਰ ਕੁੱਟਿਆ। ਉਹਨਾਂ ਨੇ ਮੈਨੂੰ ਮੰਜੀ ਨਾਲ ਬੰਨ੍ਹ ਲਿਆ ਤੇ ਡੇਢ ਘੰਟਾ ਕੁੱਟਦੇ ਰਹੇ। ਜਦੋਂ ਡਾ. ਜੌਗਰਾਫੋਸ ਨੇ ਚਾਦਰ ਚੁੱਕ ਕੇ ਮੇਰਾ ਜਿਸਮ ਵੇਖਿਆ ਤੇ ਉਸਨੇ ਖੌਫ਼ ਨਾਲ ਅੱਖਾਂ ਮੀਟ ਲਈਆਂ। ਮੇਰਾ ਜਿਸਮ ਸਿਆਹੀ ਵਾਂਗ ਕਾਲਾ ਸੀ ਤੇ ਸਿਰ ਤੋਂ ਪੈਰਾਂ ਤੀਕ ਨੀਲਾ ਸੀ। ਉਹਨਾਂ ਖ਼ਾਸ ਕਰਕੇ ਮੇਰੇ ਫੇਫੜਿਆਂ ਤੇ ਪੁੱਠਾਂ ਉੱਤੇ ਸੱਟਾਂ ਮਾਰੀਆਂ ਸਨ। ਸੋ ਤੁਸੀਂ ਮੇਰੇ ਕੋਲੋਂ ਕਿਵੇਂ ਆਸ ਰੱਖ ਸਕਦੇ ਹੋ ਕਿ ਮੈਂ ਠੀਕ ਅਨੁਭਵ ਕਰਾਂ? ਤੇ ਪਿਸ਼ਾਬ ਰਾਹੀਂ ਲਹੂ ਦਾ ਆਉਣਾ ਇੱਕ ਹੋਰ ਗੱਲ ਹੈ। ਜੋ ਉਹਨਾਂ ਮੇਰੇ ਨਾਲ ਪੁੱਛ-ਗਿੱਛ ਵੇਲੇ ਕੀਤੀ।

? : **ਐਲੀਕੋਸ, ਮੈਂ ਉਸ ਬਾਰੇ ਨਹੀਂ ਪੁੱਛਾਂਗੀ?**

– : ਕਿਉਂ ਨਹੀਂ? ਇਹ ਐਸੀ ਗੱਲ ਹੈ, ਜੋ ਮੈਂ ਸੁਣਵਾਈ ਵੇਲੇ ਅਤੇ ਕੌਮਾਂਤਰੀ ਰੈੱਡ ਕਰਾਸ ਨੂੰ ਵੀ ਦੱਸੀ ਸੀ। ਇਹ ਬਾਬੀਲੀਸ ਸੀ, ਜੋ ਮੈਨੂੰ ਤਸੀਹੇ ਦੇਣ ਵਾਲਿਆਂ ਵਿਚੋਂ ਇੱਕ ਸੀ, ਜਿਸਨੇ ਇਹ ਕੀਤਾ ਸੀ। ਜਦੋਂ ਮੈਨੂੰ ਨੰਗਾ ਕਰਕੇ ਲੋਹੇ ਦੀ ਲੱਠ ਨਾਲ ਬੰਨ੍ਹਿਆ ਗਿਆ, ਉਸਨੇ ਮੇਰੀ ਪਿਸ਼ਾਬ ਦੀ ਨਾਲੀ ਵਿਚ ਇੱਕ ਤਾਰ ਪਾਈ। ਇਹ ਇੱਕ ਤਰ੍ਹਾਂ ਦੀ ਸੂਈ ਸੀ। ਜਦੋਂ ਦੂਸਰੇ ਕਸਾਈ ਮੈਨੂੰ ਗਾਲਾਂ ਕੱਢ ਰਹੇ ਸੀ, ਉਸਨੇ ਤਾਰ ਦਾ ਸਿਰਾ ਗਰਮ ਕੀਤਾ, ਜੋ ਉਸਨੇ ਸਿਗਰਿਟ ਲਾਈਟਰ ਨਾਲ ਲਾਲ ਸੂਹਾ ਕੀਤਾ ਹੋਇਆ ਸੀ। ਇਹ ਬੜਾ ਭਿਆਨਕ ਸੀ। ਤੁਸੀਂ ਕਹਿ ਸਕਦੇ ਹੋ, "ਫਿਰ ਵੀ ਉਹਨਾਂ ਤੈਨੂੰ ਬਿਜਲੀ ਦੇ ਝਟਕੇ ਤਾਂ ਨਹੀਂ ਲਾਏ" ਨਹੀਂ, ਉਹਨਾਂ ਨੂੰ ਪਤਾ ਨਹੀਂ ਸੀ ਕਿ ਇਹ ਕਿਵੇਂ ਲਾਉਣੇ ਹਨ। ਪਰ ਉਹਨਾਂ ਮੇਰੇ ਨਾਲ, ਉਹ ਕੁਝ ਕੀਤਾ ਸੀ ਅਤੇ ਜਦੋਂ ਤੁਸੀਂ ਤਸੀਹਿਆਂ ਦੀ ਗੱਲ ਕਰਦੇ ਹੋ ਤਾਂ ਤੁਸੀਂ ਕਿਵੇਂ ਫੈਸਲਾ ਕਰਦੇ ਹੋ ਕਿ ਸਭ ਤੋਂ ਭੈੜਾ ਕਿਹੜਾ ਸੀ? ਦਸ ਮਹੀਨੇ ਹੱਥਾਂ ਨੂੰ ਹੱਥਕੜੀਆਂ ਲਾਈ ਰੱਖਣਾ, ਮੈਂ ਕਹਿੰਦਾ ਹਾਂ, ਪੂਰੇ ਦਸ ਮਹੀਨੇ, ਰਾਤ ਤੇ ਦਿਨੇ। ਕੀ ਇਹ ਤਸੀਹੇ ਦੇਣਾ ਨਹੀਂ? ਦਸ ਮਹੀਨੇ ਰਾਤ- ਦਿਨ, ਨੌਂਵੇਂ ਮਹੀਨੇ ਜਾ ਕੇ ਉਹਨਾਂ ਮੇਰੇ ਗੁੱਟ ਖੋਲ੍ਹੇ ਤੇ ਉਹ ਵੀ ਕੁਝ ਘੰਟਿਆਂ ਲਈ। ਡਾਕਟਰ ਦੀ ਜ਼ਿੱਦ ਉੱਤੇ ਦੋ ਜਾਂ ਤਿੰਨ ਘੰਟੇ ਸਵੇਰੇ। ਮੇਰੇ ਹੱਥ ਸੁੱਜ ਗਏ ਸਨ, ਮੇਰੀਆਂ ਬਾਹਾਂ ਤੋਂ ਲਹੂ ਵਗਦਾ ਸੀ ਤੇ ਕਈ ਥਾਵਾਂ ਤੋਂ ਫੋੜੇ ਵਗਦੇ ਸੀ। ਮੈਂ ਆਪਣੀ ਮਾਂ ਨੂੰ ਇਤਲਾਹ ਦੇਣ ਵਿਚ ਸਫਲ ਹੋ ਗਿਆ ਤੇ ਉਸਨੇ ਪਰਾਸੀਕਿਊਟਰ ਜਨਰਲ ਨੂੰ ਲਿਖਕੇ ਸ਼ਿਕਾਇਤ ਕੀਤੀ ਅਤੇ ਉਹ ਇਲਜ਼ਾਮ ਇੱਕ ਪ੍ਰਮਾਣ ਹੈ। ਕਿਉਂਕਿ ਜੇ ਮੇਰੀ ਮਾਂ ਨੇ ਝੂਠੀ ਸ਼ਿਕਾਇਤ ਕੀਤੀ ਹੁੰਦੀ ਤਾਂ ਕੀ ਉਹਨਾਂ ਨੇ ਉਸ ਉੱਤੇ ਮੁਕੱਦਮਾ ਨਾ ਚਲਾਇਆ ਹੁੰਦਾ? ਕੀ ਉਹਨਾਂ ਸ਼੍ਰੀਮਤੀ ਮੈਗਾਨੀਸ ਉੱਤੇ



ਮੁਕੱਦਮਾ ਨਹੀਂ ਸੀ ਚਲਾਇਆ, ਜਦੋਂ ਉਸਨੇ ਇਹ ਭੇਤ ਖੋਲ੍ਹਿਆ ਕਿ ਉਸਦੇ ਪਤੀ ਪ੍ਰੋ. ਜੋਰਜ ਮੈਗਾਨੀਸ ਨੂੰ ਤਸੀਹੇ ਦਿੱਤੇ ਗਏ ਹਨ? ਉਹਨਾਂ ਉਸਨੂੰ ਵੀ ਜੇਲ੍ਹ ਵਿਚ ਡੱਕ ਦਿੱਤਾ, ਉਹ ਮਹਾਨ ਸਵਾਣੀ, ਭਾਵੇਂ ਕਿ ਉਸਨੇ ਸੱਚ ਬੋਲਿਆ ਸੀ। ਉਹਨਾਂ ਇਹ ਇਸ ਕਾਰਨ ਕੀਤਾ ਕਿਉਂਕਿ ਉਸਦੇ ਕੇਸ ਵਿਚ ਇਲਜ਼ਾਮਾਂ ਨੂੰ ਸਾਬਤ ਕਰਨਾ ਮੁਸ਼ਕਿਲ ਸੀ। ਪਰ ਮੇਰੇ ਕੇਸ ਵਿਚ ਇਹ ਗੱਲ ਨਹੀਂ ਸੀ ਨਾ। ਉਹ ਮੇਰੀ ਮਾਂ ਨੂੰ ਕੈਦ ਨਾ ਕਰ ਸਕੇ - ਸਬੂਤ ਮੌਜੂਦ ਸਨ ਤੇ ਸਪੱਸ਼ਟ ਸਨ। ਉਹ ਜ਼ਖ਼ਮ ਤੇ ਦਾਗ ਸਨ, ਜੋ ਮੇਰੇ ਜਿਸਮ ਤੇ ਲੱਗੇ ਹੋਏ ਸਨ।

ਜੇ ਮੈਂ ਤਸੀਹਿਆਂ ਦੀ ਸੂਚੀ ਬਣਾਵਾਂ.... ਆਹ ਦਿਲ ਵਾਲੇ ਪਾਸੇ ਤਿੰਨ ਦਾਗ਼ ਵੇਖੋ। ਇਹ ਦਾਗ ਉਦੋਂ ਲੱਗਾ, ਜਦੋਂ ਇੱਕ ਦਿਨ ਉਹਨਾਂ ਮੇਰਾ ਖੱਬਾ ਪੈਰ ਫਲੰਜ ਨਾਲ ਤੋੜ ਦਿੱਤਾ। ਉਹ ਮੇਰੇ ਉੱਤੇ ਫਲਾਂਜੇ ਦੀ ਵਰਤੋਂ ਕਰਦੇ ਸੀ, ਅਰਥਾਤ ਤੁਹਾਡੇ ਪੈਰ ਦੀ ਤਲੀ ਤੇ ਐਨੀ ਸੱਟ ਮਾਰਨੀ ਕਿ ਪੀੜ ਤੁਹਾਡੇ ਦਿਮਾਗ ਤੀਕ ਚਲੀ ਜਾਵੇ ਤੇ ਤੁਸੀਂ ਬੇਹੋਸ਼ ਹੋ ਜਾਵੋ। ਮੈਂ ਉਹ ਵੀ ਸੱਟਾਂ ਝੱਲ ਗਿਆ। ਪਰ ਉਸ ਦਿਨ ਬਾਬੀਲੋਸ ਵਧੇਰੇ ਹੀ ਬੇਮੁਹਾਰਾ ਹੋ ਗਿਆ ਤੇ ਮੇਰਾ ਖੱਬਾ ਪੈਰ ਤੋੜ ਸੁੱਟਿਆ। ਪੰਜ ਮਿੰਟਾਂ ਬਾਅਦ ਪਾਪਾਡੋਪਾਊਲੋਸ ਆਣ ਪਹੁੰਚਾ। ਤੁਸੀਂ ਪਾਪਾਡੋਪਾਊਲੋਸ ਦੇ ਭਰਾ ਨੂੰ ਜਾਣਦੇ ਹੋ। ਉਸਨੇ ਪਿਸਟਲ ਮੇਰੇ ਸਿਰ ਤੇ ਰੱਖ ਦਿੱਤਾ ਤੇ ਚੀਕਿਆ, "ਮੈਂ ਹੁਣੇ ਤੈਨੂੰ ਗੋਲੀ ਮਾਰ ਰਿਹਾ ਹਾਂ। ਬੱਸ ਇਸੇ ਘੜੀ ਹੀ।" ਤੇ ਉਸਨੇ ਮੇਰੇ ਸੱਟਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਉਹ ਇੰਝ ਕਰ ਰਿਹਾ ਸੀ ਤਾਂ ਥੀਓਫਿਲੋਨਾਕੋ ਨੇ ਮੇਰੇ ਦਿਲ ਉੱਤੇ ਦੰਦੇਦਾਰ ਚਾਕੂ ਨਾਲ ਵਾਰ ਕੀਤਾ। ਮੈਂ ਇਹ ਤੇਰੇ ਦਿਲ ਵਿਚ ਖੋਭ ਦਿਆਂਗਾ। ਤੇਰੇ ਦਿਲ ਦੇ ਵਿਚ ਹੀ" ਇੰਝ ਇਹ ਤਿੰਨੇ ਦਾਗ ਮੇਰੇ ਉੱਤੇ ਲੱਗੇ।

? : **ਕੀ ਤੁਹਾਡੀਆਂ ਬਾਹਾਂ ਉੱਤੇ ਵੀ ਦਾਗ਼ ਹਨ?**

– : ਓ, ਇਹ ਮੇਰੇ ਉਦੋਂ ਪਏ, ਜਦੋਂ ਮੇਰੀਆਂ ਨਾੜੀਆਂ ਨੂੰ ਖੋਲ੍ਹਣ ਦਾ ਬਹਾਨਾ ਕਰ ਰਹੇ ਸੀ। ਕੋਈ ਐਡੀ ਗੰਭੀਰ ਗੱਲ ਨਹੀਂ। ਉਹਨਾਂ ਐਵੇਂ ਫਜ਼ੂਲ ਹੀ ਕੱਟ ਮਾਰਿਆ। ਚਲੋ, ਤੁਸੀਂ ਤਾਂ ਜਾਣਦੇ ਹੀ ਹੋ ਕਿ ਮੇਰੇ ਤਾਂ ਸਾਰੇ ਜਿਸਮ ਉੱਤੇ ਦਾਗ਼ ਹੀ ਦਾਗ਼ ਹਨ। ਕਦੇ ਕਦਾਈਂ ਮੈਨੂੰ ਕਿਸੇ ਦਾਗ਼ ਦਾ ਪਤਾ ਲੱਗਦਾ ਹੈ ਤਾਂ ਮੈਂ ਆਖਦਾ ਹਾਂ, "ਭਲਾ ਇਹ ਕਦੋਂ ਲੱਗਾ ਸੀ? ਤਿੰਨ ਹਫ਼ਤਿਆਂ ਦੇ ਤਸੀਹਿਆਂ ਬਾਅਦ ਮੈਂ ਇਹਨਾਂ ਵੱਲ ਹੋਰ ਧਿਆਨ ਦੇਣਾ ਛੱਡ ਦਿੱਤਾ ਸੀ। ਕਿਤਿਉਂ ਮੇਰਾ ਲਹੂ ਵਗ ਰਿਹਾ ਸੀ। ਕਿਤਿਉਂ ਮੇਰਾ ਮਾਸ ਉਚੇੜਿਆ ਗਿਆ ਸੀ ਤੇ ਮੈਂ ਸੋਚਦਾ ਸੀ। ਆਹ ਹੋਰ ਕੀ ਹੈ ਦੋਬਾਰਾ? ਉਹ ਮੈਨੂੰ ਤਸੀਹੇ ਦੇਣੇ ਵੇਲੇ ਇੱਕ ਲੋਹੇ ਦੀ ਚਾਬਕ ਨਾਲ ਕੁੱਟਣ ਤੋਂ ਸ਼ੁਰੂ ਕਰਦੇ ਸੀ। ਉਹ ਥੀਓਫੀਲੋਨਾਕੋਸ ਸੀ ਜੋ ਮੈਨੂੰ ਚਾਬਕ ਮਾਰਦਾ ਸੀ। ਜਾਂ ਮੈਨੂੰ ਬਾਹਾਂ ਨਾਲ ਫੜ ਕੇ ਛੱਤ ਨਾਲ ਲਮਕਾ ਦਿੰਦੇ ਸੀ ਤੇ ਮੈਨੂੰ ਇਸ ਤਰ੍ਹਾਂ ਘੰਟਿਆਂ ਬੱਧੀ ਲਟਕਾਈ ਰੱਖਦੇ

ਸੀ। ਇਹ ਬੜਾ ਔਖਾ ਕੰਮ ਸੀ, ਕਿਉਂਕਿ ਕੁਝ ਦੇਰ ਬਾਅਦ ਇੰਝ ਪ੍ਰਤੀਤ ਹੁੰਦਾ ਸੀ, ਜਿਵੇਂ ਮੇਰਾ ਉਪਰਲਾ ਸਰੀਰ ਸੌਂ ਗਿਆ ਹੋਵੇ। ਅਰਥਾਤ ਤੁਸੀਂ ਆਪਣੀਆਂ ਬਾਹਾਂ ਅਤੇ ਮੋਢਿਆਂ ਨੂੰ ਹੋਰ ਦੇਰ ਤੀਕ ਅਨੁਭਵ ਨਹੀਂ ਕਰ ਸਕਦੇ। ਤੁਸੀਂ ਸਾਹ ਨਹੀਂ ਲੈ ਸਕਦੇ। ਤੁਸੀਂ ਰੋ ਵੀ ਨਹੀਂ ਸਕਦੇ। ਤੁਸੀਂ ਕਿਸੇ ਢੰਗ ਨਾਲ ਵਿਦਰੋਹ ਨਹੀਂ ਕਰ ਸਕਦੇ ਤੇ ਉਹਨਾਂ ਨੂੰ ਇਸ ਬਾਰੇ ਸਭ ਪਤਾ ਸੀ ਤੇ ਜਦੋਂ ਮੇਰੀ ਉਹ ਹਾਲਤ ਹੋ ਜਾਂਦੀ ਸੀ ਤਾਂ ਉਹ ਮੇਰੀ ਪੁੱਠ ਉੱਤੇ ਕੁਟਾਈ ਕਰਦੇ ਸੀ।

ਕੀ ਤੁਸੀਂ ਜਾਣਦੇ ਹੋ ਕਿ ਮੈਂ ਕਦੇ ਵੀ ਇੱਕ ਚੀਜ਼ ਦਾ ਆਦੀ ਨਹੀਂ ਸੀ ਹੋ ਸਕਿਆ? ਸਾਹ ਘੁੱਟਣਾ। ਥੀਓਫੀਲੋਕਾਕੋਸ ਮੇਰੇ ਨਾਲ ਇਸ ਤਰ੍ਹਾਂ ਕਰਦਾ ਸੀ। ਮੇਰਾ ਨੱਕ ਤੇ ਮੂੰਹ ਹੱਥਾਂ ਨਾਲ ਬੰਦ ਕਰ ਦਿੰਦਾ ਸੀ। ਓ ਹੋ! ਇਹ ਸਭ ਤੋਂ ਬੁਰਾ ਸੀ। ਅਤਿ ਦਾ ਭੈੜਾ। ਉਹ ਮੇਰਾ ਨੱਕ ਤੇ ਮੂੰਹ ਇੱਕ ਮਿੰਟ ਲਈ ਬੰਦ ਕਰਦਾ ਸੀ ਤੇ ਘੜੀ ਨੂੰ ਵੇਖਦਾ ਸੀ ਤੇ ਫਿਰ ਮੈਨੂੰ ਸਾਹ ਦਿਵਾ ਦਿੰਦਾ ਸੀ, ਜਦੋਂ ਮੇਰਾ ਰੰਗ ਨੀਲਾ ਹੋਣ ਲੱਗਦਾ ਸੀ। ਉਹ ਆਪਣੇ ਹੱਥਾਂ ਨਾਲ ਇਸ ਤਰ੍ਹਾਂ ਕਰਨਾ ਉਦੋਂ ਬੰਦ ਕਰਦਾ ਸੀ ਜਦੋਂ ਮੈਂ ਉਸਨੂੰ ਦੰਦੀ ਵੱਢਣ ਵਿਚ ਸਫਲ ਹੋ ਜਾਂਦਾ ਸੀ। ਮੈਂ ਉਸਦੀ ਉਂਗਲੀ ਨੂੰ ਹੀ ਵੱਢ ਖਾਧਾ ਸੀ। ਫਿਰ ਉਹ ਇਸ ਤਰ੍ਹਾਂ ਕਰਨ ਲਈ ਕੰਬਲ ਦੀ ਵਰਤੋਂ ਕਰਨ ਲੱਗ ਪਿਆ ਸੀ ਅਤੇ .... ਇੱਕ ਹੋਰ ਗੱਲ ਸੀ, ਜਿਹੜੀ ਮੈਂ ਬਰਦਾਸ਼ਤ ਨਹੀਂ ਸੀ ਕਰਦਾ ਹੁੰਦਾ, ਉਹ ਗਾਲ੍ਹਾਂ ਸਨ। ਉਹ ਕਦੇ ਵੀ ਮੈਨੂੰ ਚੁੱਪ ਚਾਪ ਤਸੀਹੇ ਨਹੀਂ ਸੀ ਦਿੰਦੇ ਹੁੰਦੇ। ਕਦੇ ਵੀ ਨਹੀਂ, ਉਹ ਰੌਲਾ ਪਾਉਂਦੇ ਸੀ, ਚੀਕਾਂ ਮਾਰਦੇ..... ਉਹ ਆਵਾਜ਼ਾਂ ਨਹੀਂ ਸੀ ਹੁੰਦੀਆਂ, ਉਹ ਗਰਜਦੇ ਸੀ। ਫਿਰ ਸਿਗਰਟਾਂ ਨੂੰ ਮੇਰੇ ਪਤਾਲੂਆਂ ਵਿਚ ਫੇਂਹਦੇ ਸੀ।

ਸੁਣੋ, ਤੁਸੀਂ ਮੇਰੇ ਕੋਲੋਂ ਇਹ ਸਾਰੀਆਂ ਗੱਲਾਂ ਕਿਉਂ ਸੁਣਨਾ ਚਾਹੁੰਦੇ ਹੋ? ਇਹ ਠੀਕ ਨਹੀਂ। ਉਹ ਸਿਰਫ਼ ਮੇਰੇ ਨਾਲ ਹੀ ਇੰਝ ਨਹੀਂ ਸੀ ਕਰਦੇ। ਜਾਓ ਮਿਲਟਰੀ ਹਸਪਤਾਲ ਨੰਬਰ 401 ਵਿਚ ਜਾਓ, ਜੇ ਜਾ ਸਕਦੇ ਹੋ ਤੇ ਮੇਜਰ ਮੁਸਟਾਕਲੀਸ ਨੂੰ ਮਿਲਣ ਲਈ ਆਖੋ। ਉਸ ਨਾਲ, ਉਹ ਤਸੀਹੇ ਦੇਣ ਸਮੇਂ 'ਆਲੋਨੀ' ਵਰਤਦੇ ਸੀ। ਕੀ ਤੁਸੀਂ ਜਾਣਦੇ ਹੋ 'ਆਲੋਨੀ' ਕੀ ਹੁੰਦੀ ਹੈ? ਇਸ ਵਿਚ ਤਸੀਹਾਕਾਰ ਇਕ ਦਾਇਰੇ ਵਿਚ ਖਲੋ ਜਾਂਦੇ ਹਨ ਤੇ ਤੁਹਾਨੂੰ ਵਿਚਕਾਰ ਖਲ੍ਹਾਰ ਲੈਂਦੇ ਹਨ ਤੇ ਫਿਰ ਉਹ ਸਾਰੇ ਤੁਹਾਨੂੰ ਕੁੱਟਣ ਲੱਗ ਪੈਂਦੇ ਹਨ। ਉਹ ਰੀੜ ਦੀ ਹੱਡੀ ਤੇ ਸੱਟਾਂ ਮਾਰਦੇ ਹਨ, ਤੇ ਤੁਹਾਡੀ ਪਿੱਠ ਉੱਤੇ। ਬੰਦਾ ਪੂਰੀ ਤਰ੍ਹਾਂ ਅਧਰੰਗ-ਰੋਗੀ ਬਣ ਜਾਂਦਾ ਹੈ। ਉਹ ਬਿਸਤਰੇ ਵਿਚ ਸਬਜ਼ੀ ਵਾਂਗ ਪਿਆ ਹੁੰਦਾ ਹੈ। ਤੇ ਡਾਕਟਰ ਉਸਨੂੰ "ਡਾਕਟਰੀ ਨੁਕਤੇ ਤੋਂ ਮੁਰਦਾ" ਐਲਾਨ ਕਰ ਦਿੰਦਾ ਹੈ।

? : **ਮੈਂ ਤੁਹਾਨੂੰ ਕੁਝ ਹੋਰ ਪੁੱਛਣਾ ਚਾਹੁੰਦੀ ਹਾਂ ਐਲੀਕੋਸ। ਇਸ ਸਭ ਕੁਝ ਦੇ ਵਾਪਰਨ ਤੋਂ ਪਹਿਲਾਂ ਕੀ ਤੁਸੀਂ ਸਰੀਰਕ ਦਰਦ ਝੱਲ ਸਕਦੇ ਹੁੰਦੇ ਸੀ?**



– : ਓ ਨਾ ਨਾ। ਥੋੜ੍ਹੀ ਜਿਹੀ ਦੰਦ-ਪੀੜ ਵੀ ਮੈਨੂੰ ਬਿਪਤਾ ਪਾ ਦਿੰਦੀ ਹੁੰਦੀ ਸੀ। ਮੈਂ ਲਹੂ ਦਾ ਦ੍ਰਿਸ਼ ਨਹੀਂ ਵੇਖ ਸਕਦਾ ਸੀ। ਲੋਕਾਂ ਨੂੰ ਦੁੱਖ ਸਹਿੰਦਾ ਵੇਖ ਕੇ ਮੈਂ ਵੀ ਦੁਖੀ ਹੋ ਜਾਂਦਾ ਸੀ। ਮੈਂ ਉਹਨਾਂ ਲੋਕਾਂ ਦੀ ਪ੍ਰਸ਼ੰਸਾ ਕਰਦਾ ਸੀ, ਜੋ ਸਰੀਰਕ ਪੀੜ ਝੱਲਦੇ ਸੀ ਤੇ ਇਹ ਨਹੀਂ ਸੀ ਵੇਖ ਸਕਦਾ ਕਿ ਉਹ ਝੱਲਦੇ ਸੀ। ਮਨੁੱਖ ਸੱਚ ਹੀ ਅਸਾਧਾਰਨ ਜੀਵ ਹੈ, ਹੈਰਾਨੀਜਨਕ ਗੁਣਾਂ ਦਾ ਸਮੁੰਦਰ। ਇਹ ਗੱਲ ਮੰਨਣ-ਯੋਗ ਨਹੀਂ ਲੱਗਦੀ ਕਿ ਆਦਮੀ ਕਿਵੇਂ ਬਦਲ ਜਾਂਦਾ ਹੈ ਤੇ ਇਹ ਗੱਲ ਵੀ ਹੈਰਾਨੀ-ਜਨਕ ਹੈ ਕਿ ਬੰਦਾ ਕਿਵੇਂ ਨਾ ਜਰਨ-ਯੋਗ ਦੇ ਵੀ ਜਰਨ ਦੇ ਕਾਬਿਲ ਹੋ ਜਾਂਦਾ ਹੈ। ਇਹ ਕਾਵਿਕ ਮੁਹਾਵਰਾ ਕਿ "ਲੋਹਾ ਅੱਗ ਵਿਚ ਪੈ ਕੇ ਅਸਪਾਤ ਬਣਦਾ ਹੈ" ਕਿੰਨਾ ਸੱਚ ਹੈ। ਤੁਸੀਂ ਜਾਣਦੇ ਹੀ ਹੋ। ਜਿੰਨਾ ਵੱਧ ਉਹ ਮੈਨੂੰ ਤਸੀਹੇ ਦਿੰਦੇ ਸੀ, ਓਨਾ ਵੱਧ ਹੀ ਮੈਂ ਸਖ਼ਤ ਹੁੰਦਾ ਜਾਂਦਾ ਸੀ। ਜਿੰਨਾ ਵੱਧ ਉਹ ਦੁਖੀ ਕਰਦੇ ਸਨ, ਓਨਾ ਹੀ ਮੈਂ ਵਿਰੋਧ ਕਰਦਾ ਸੀ। ਕਈ ਆਖਦੇ ਹਨ ਕਿ ਤਸ਼ੱਦਦ ਅਧੀਨ ਆਦਮੀ ਮੌਤ ਨੂੰ ਮੁਕਤੀ ਸਮਝਦਾ ਹੈ। ਇਹ ਗੱਲ ਸੱਚ ਨਹੀਂ ਹੈ। ਘੱਟੋ-ਘੱਟ ਮੇਰੇ ਲਈ ਨਹੀਂ। ਮੈਂ ਝੂਠ ਬੋਲ ਰਿਹਾ ਹੋਵਾਂਗਾ, ਜੇ ਮੈਂ ਆਖਾਂ ਕਿ ਮੈਂ ਕਦੇ ਡਰਿਆ ਨਹੀਂ। ਪਰ ਇਹ ਗੱਲ ਵੀ ਝੂਠੀ ਹੋਵੇਗੀ ਜੇ ਮੈਂ ਕਹਾਂ ਕਿ ਮੈਂ ਮਰਨਾ ਚਾਹੁੰਦਾ ਸੀ। ਮਰਨਾ ਆਖ਼ਰੀ ਖ਼ਿਆਲ ਸੀ ਜੋ ਮੇਰੇ ਦਿਮਾਗ ਵਿਚ ਆਇਆ। ਮੈਂ ਸਿਰਫ਼ ਹਾਰ ਨਾ ਮੰਨਣੀ, ਨਾ ਬੋਲਣਾ ਤੇ ਬਗਾਵਤ ਕਰਨ ਬਾਰੇ ਸੋਚਦਾ ਸੀ। ਜੇ ਤੁਸੀਂ ਜਾਣ ਸਕੋ ਕਿ ਕਿੰਨੀ ਵਾਰ ਮੈਂ ਵੀ ਜਵਾਬ ਵਿਚ ਸੱਟ ਮਾਰੀ। ਜੇ ਕਿਤੇ ਮੈਂ ਲੋਹੇ ਦੇ ਮੇਜ਼ ਨਾਲ ਬੱਧਾ ਨਾ ਹੁੰਦਾ, ਮੈਂ ਲੱਤਾਂ ਮਾਰਦਾ ਤੇ ਉਹਨਾਂ ਨੂੰ ਦੰਦੀਆਂ ਵੱਢਦਾੱ। ਇਸਦਾ ਬੜਾ ਲਾਭ ਹੁੰਦਾ ਸੀ, ਕਿਉਂਕਿ ਉਹ ਵਧੇਰੇ ਕ੍ਰੋਧ ਵਿਚ ਆ ਜਾਂਦੇ ਸੀ। ਮੈਨੂੰ ਸਖ਼ਤੀ ਨਾਲ ਕੁੱਟਦੇ ਮਾਰਦੇ ਸੀ, ਜਦੋਂ ਤੀਕ ਕਿ ਮੈਂ ਬੇਹੋਸ਼ ਨਾ ਹੋ ਜਾਂਦਾ। ਮੈਂ ਸਦਾ ਹੀ ਬੇਹੋਸ਼ ਹੋਣਾ ਚਾਹੁੰਦਾ ਸੀ, ਕਿਉਂਕਿ ਬੇਹੋਸ਼ ਹੋਣਾ ਆਰਾਮ ਕਰਨਾ ਹੁੰਦਾ ਸੀ। ਫਿਰ ਉਹ ਦੁਬਾਰਾ ਸ਼ੁਰੂ ਕਰ ਦਿੰਦੇ, ਪਰ .....

? : **ਮੁਆਫ਼ ਕਰਨਾ ਐਲੀਕੋਸ! ਮੈਂ ਇੱਕ ਗੱਲ ਜਾਨਣ ਲਈ ਉਤਸੁਕ ਹਾਂ, ਕੀ ਤੁਹਾਨੂੰ ਪਤਾ ਸੀ ਕਿ ਸਾਰੀ ਦੁਨੀਆਂ ਤੁਹਾਡੇ ਬਾਰੇ ਚਿੰਤਤ ਸੀ ਤੇ ਤੁਹਾਡੀ ਬਾਬਤ ਰੋਸ ਕਰ ਰਹੀ ਸੀ?**

– : ਨਹੀਂ, ਮੈਨੂੰ ਉਸ ਦਿਨ ਹੀ ਪਤਾ ਲੱਗਾ, ਜਦੋਂ ਉਹ ਅਖ਼ਬਾਰਾਂ ਲਹਿਰਾਉਂਦੇ ਹੋਏ ਮੇਰੀ ਕੋਠੜੀ ਵਿਚ ਆਏ ਤੇ ਉੱਚੀ ਸਾਰੀ ਬੋਲੇ, "ਰੂਸੀ ਟੈਂਕ ਚੈਕੋਸਲੋਵਾਕੀਆ ਵਿਚ ਦਾਖਲ ਹੋ ਗਏ ਹਨ। ਹੁਣ ਕਿਸੇ ਨੂੰ ਵੀ, ਤੁਹਾਡੇ ਬਾਰੇ ਸੋਚਣ ਤੇ ਇੱਛਾ ਕਰਨ ਦੀ ਚਿੰਤਾ ਨਹੀਂ ਹੋਵੇਗੀ। ਤਦ ਮੈਨੂੰ ਪਤਾ ਲੱਗਾ ਜਦੋਂ ਉਹਨਾਂ ਮੈਨੂੰ ਪੱਤਰਕਾਰਾਂ ਸਾਹਮਣੇ ਪੇਸ਼ ਕੀਤਾ। ਇਹ ਗੱਲ ਮੇਰੇ ਭੱਜ ਨਿਕਲਣ ਤੋਂ ਪਹਿਲੇ ਯਤਨ ਤੋਂ ਬਾਅਦ ਦੀ ਹੈ। ਉੱਥੇ, ਏਨੇ ਦੇਸ਼ਾਂ ਤੋਂ ਏਨੇ ਲੋਕ ਆਏ ਸਨ ਤੇ ਮੈਂ ਆਪਣੇ ਆਪ ਨੂੰ ਆਖਿਆ,

"ਉਹਨਾਂ ਨੂੰ ਹੁਣ ਪਤਾ ਲੱਗਾ ਹੈ। ਤੇ ਮੈਨੂੰ ਇੰਝ ਲੱਗਾ ਜਿਵੇਂ ਕੋਈ ਮੇਰੇ ਦਿਲ ਨੂੰ ਪਲੋਸ ਰਿਹਾ ਹੈ। ਤੇ ਇੰਝ ਜਾਪਿਆ ਮੈਂ ਇਕੱਲਾ ਨਹੀਂ। ਕਿਉਂਕਿ ਸਭ ਤੋਂ ਭਿਆਨਕ ਗੱਲ, ਜਿਵੇਂ ਕਿ ਤੁਸੀਂ ਜਾਣਦੇ ਹੋ, ਦੁੱਖ ਸਹਿਣਾ ਨਹੀਂ ਹੁੰਦੀ, ਸਗੋਂ ਇਕੱਲੇ-ਕਾਰੇ ਦੁੱਖ ਸਹਿਣਾ ਹੁੰਦੀ ਹੈ।

? : **ਐਲੀਕੋਸ! ਕਹਾਣੀ ਆਖੀ ਚੱਲੋ।**

– : ਮੈਂ ਆਖ ਰਿਹਾ ਸੀ ਕਿ ਜਦੋਂ ਉਹਨਾਂ ਮੇਰੀ ਹੱਤਕ ਕੀਤੀ "ਮੁਜਰਮ, ਗੁੰਡਾ, ਗੱਦਾਰ ਤੇ ਇਸ ਤਰ੍ਹਾਂ ਦੀਆਂ ਦੁਹਰਾਈਆਂ ਨਾ ਜਾ ਸਕਣ ਵਾਲੀਆਂ ਗਾਲ੍ਹਾਂ ਕੱਢੀਆਂ, ਮੈਂ ਵੀ ਜਵਾਬ ਵਿਚ ਉਨ੍ਹਾਂ ਦੀ ਹੱਤਕ ਕੀਤੀ। ਮੈਂ ਭਿਅੰਕਰ ਗੱਲਾਂ ਕਹੀਆਂ। ਮਿਸਾਲ ਵਜੋਂ "ਤੇਰੀ ਕੁੜੀ ਦੀ ਐਸੀ-ਤੈਸੀ ਆਦਿ। ਪਰ ਖਰ੍ਹਵੇ ਢੰਗ ਨਾਲ, ਪਰ ਬਿਨਾਂ ਹੋਸ਼ ਗੰਵਾਏ ਤੋਂ। ਤੈਨੂੰ ਪਤਾ ਲੱਗ ਗਿਆ ਹੋਵੇਗਾ ਕਿ ਮੇਰਾ ਕੀ ਭਾਵ ਸੀ? ਮੈਂ ਬਹੁਤ ਜਜ਼ਬਾਤੀ ਹਾਂ, ਪਰ ਗੁੱਸਾ ਆਉਣ ਉੱਤੇ ਮੈਂ ਰੁੱਖਾ ਹੋ ਜਾਂਦਾ ਹਾਂ।

ਇੱਕ ਦਿਨ ਉਹਨਾਂ ਨੇ ਮੇਰੇ ਕੋਲ ਇੱਕ ਅਫ਼ਸਰ ਭੇਜਿਆ। ਜੋ ਮਨੋਵਿਗਿਆਨ ਤਫਤੀਸ਼ ਦਾ ਮਾਹਰ ਸੀ। ਤੈਨੂੰ ਪਤਾ ਹੈ ਉਹ ਕਿਵੇਂ ਗੱਲ ਕਰਦੇ ਹਨ। "ਮੇਰੇ ਪੁੱਤਰ, ਚੰਗੀ ਗੱਲ ਹੋਵੇ ਜੇ ਤੂੰ ਗੱਲ ਕਰੇਂ।" ਇਹ ਵੇਖ ਕੇ ਕਿ ਉਹ ਐਨਾ ਸਾਊ ਹੈ, ਮੈਂ ਉਸਨੂੰ ਪਾਣੀ ਦਾ ਇੱਕ ਗਿਲਾਸ ਦੇਣ ਲਈ ਕਿਹਾ। ਜਦੋਂ ਹੀ ਗਿਲਾਸ ਮੇਰੇ ਹੱਥ ਵਿਚ ਆਇਆ, ਪੀਣ ਦੀ ਥਾਂ ਮੈਂ ਉਹ ਤੋੜ ਦਿੱਤਾ। ਤੇ ਉਹਨਾਂ ਗੁੰਡਿਆਂ ਉੱਤੇ ਸੁੱਟ ਦਿੱਤਾ। ਮੈਨੂੰ ਕੁੱਟਣ ਤੋਂ ਪਹਿਲਾਂ ਮੈਂ ਦੋ-ਤਿੰਨ ਜਣਿਆਂ ਨੂੰ ਜਖ਼ਮੀ ਕਰ ਦਿੱਤਾ। ਉਨ੍ਹਾਂ ਮੈਨੂੰ ਗਿਲਾਸ ਦੇ ਟੋਟਿਆਂ ਉੱਤੇ ਫਰਸ਼ ਤੇ ਸੁੱਟ ਦਿੱਤਾ ਤੇ ਕੱਚ ਦੇ ਇੱਕ ਟੁਕੜੇ ਨੇ ਮੇਰੀ ਛੋਟੀ ਉਂਗਲ ਅੱਧੀ ਕੱਟ ਦਿੱਤੀ। ਤੁਸੀਂ ਵੇਖੋ, ਮੇਰੀਆਂ ਨਾੜਾਂ ਵੀ ਕੱਟੀਆਂ ਗਈਆਂ। ਮੈਂ ਹੁਣ ਇਹ ਉਂਗਲੀ ਹਿਲਾ ਨਹੀਂ ਸਕਦਾ, ਇਹ ਮੁਰਦਾ ਹੋਈ ਉਂਗਲ ਹੈ। ਕੀ ਤੁਸੀਂ ਜਾਣਦੇ ਹੋ ਕਿ ਉਸ ਪਸ਼ੂ ਬਾਬਾਲੀਸ ਨੇ ਕੀ ਕੀਤਾ? ਉਸਨੇ ਡਾਕਟਰ ਨੂੰ ਸੱਦਿਆ ਤੇ ਮੇਰੀਆਂ ਕਲਾਈਆਂ ਨੂੰ ਖੋਲ੍ਹਣ ਤੋਂ ਬਿਨਾਂ ਹੀ ਜੋ ਕਿ ਮੇਰੀ ਪਿੱਠ ਪਿੱਛੇ ਬੰਨ੍ਹੀਆਂ ਹੋਈਆਂ ਸਨ, ਉਸਨੇ ਮੇਰੀ ਨਿੱਕੀ ਉਂਗਲ ਤੇ ਟਾਂਕੇ ਲਾ ਦਿੱਤੇ। ਬਿਨਾਂ ਮੈਨੂੰ ਬੇਹੋਸ਼ੀ ਦਾ ਟੀਕਾ ਲਾਇਆ। ਯਾ ਖੁਦਾ! ਪੀੜ ਹੋਈ। ਉਸ ਦਿਨ ਮੈਂ ਚੀਕਾਂ ਮਾਰੀਆਂ, ਇੱਕ ਪਾਗਲ ਵਾਂਗ।

? : **ਸੁਣ ਆਲੀਕੋਸ, ਕੀ ਤੇਰੀ ਕਦੇ ਗੱਲਬਾਤ ਕਰਨ ਦੀ ਇੱਛਾ ਨਹੀਂ ਜਾਗੀ?**

– : ਨਹੀਂ, ਕਦੇ ਵੀ ਨਹੀਂ। ਮੈਂ ਕਦੇ ਕੁਝ ਨਹੀਂ ਮੂੰਹੋਂ ਫੁੱਟਿਆ। ਕਦੇ ਵੀ ਨਹੀਂ। ਮੈਂ ਕਿਸੇ ਨੂੰ ਫਸਾਇਆ ਨਹੀਂ। ਕਦੇ ਨਹੀਂ ਕਿਉਂਕਿ ਮੈਂ ਪਾਪਾਡੋਪਾਊਲੋਸ ਦੀ ਜ਼ਿੰਦਗੀ ਲੈਣ ਦੀ ਜ਼ਿੰਮੇਵਾਰੀ ਆਪਣੇ ਉੱਤੇ ਲੈ ਲਈ ਸੀ। ਉਹ ਇਹ ਜਾਨਣਾ ਚਾਹੁੰਦੇ ਸੀ ਕਿ ਜੇ ਸਾਡੀ ਕੋਸ਼ਿਸ਼ ਸਫਲ ਹੋ ਜਾਂਦੀ ਹੈ ਤਾਂ ਸਰਕਾਰ ਦੀਆਂ ਜ਼ਿੰਮੇਵਾਰੀਆਂ ਸੰਭਾਲਣ



ਲਈ ਕਿਸਨੇ ਅੱਗੇ ਆਉਣਾ ਸੀ। ਪਰ ਉਹ ਮੇਰੇ ਕੋਲੋਂ ਇੱਕ ਵੀ ਸ਼ਬਦ ਮੂੰਹੋਂ ਨਾ ਕਢਵਾ ਸਕੇ। ਇੱਕ ਦਿਨ ਜਦੋਂ ਮੈਂ ਲੋਹੇ ਦੇ ਮੰਜੇ ਉੱਤੇ ਲੇਟਿਆ ਹੋਇਆ ਸੀ, ਉਹ ਇੱਕ ਯੂਨਾਨੀ ਨੂੰ ਲੈ ਕੇ ਆਏ, ਜਿਸਦਾ ਨਾਂ ਬਰਿੰਦੀਸੀ ਸੀ। ਉਸ ਨੇ ਗੱਲਾਂ ਕੀਤੀਆਂ। ਤੇ ਹੁਣ ਉਹ ਰੋਈ ਜਾ ਰਿਹਾ ਸੀ। ਉਸ ਕਿਹਾ, "ਕਾਫੀ ਐਲੀਕੋਸ। ਹੁਣ ਕੋਈ ਲਾਭ ਨਹੀਂ, ਗੱਲ ਕਰ ਐਲੀਕੋਸ।" ਪਰ ਮੈਂ ਉੱਤਰ ਦਿੱਤਾ। ਇਹ ਬਰਿੰਦੀਸੀ ਕੌਣ ਹੈ? ਇੱਕੋ ਇੱਕ ਬਰਿੰਦੀਸੀ ਜੋ ਮੈਂ ਜਾਣਦਾ ਹਾਂ ਉਹ ਇਟਲੀ ਦਾ ਬੰਦਰਗਾਹ ਹੈ, ਉਸੇ ਦਿਨ ਉਹ ਅਵਰਾਮੀਸ ਨੂੰ ਅੰਦਰ ਲੈ ਕੇ ਆਏ। ਅਵਰਾਮੀਸ ਯੂਨਾਨੀ ਵਿਦਰੋਹ ਲਹਿਰ ਦਾ ਮੈਂਬਰ ਸੀ। ਇੱਕ ਪੁਲਸ ਅਫਸਰ, ਇੱਕ ਬਹਾਦਰ ਤੇ ਈਮਾਨਦਾਰ ਆਦਮੀ ਸੀ। ਮੈਂ ਇਸ ਗੱਲੋਂ ਨਾਂਹ ਕਰ ਦਿੱਤੀ ਕਿ ਮੈਂ ਉਸਨੂੰ ਜਾਣਦਾ ਹਾਂ। ਮੈਂ ਇਸ ਤੋਂ ਵੀ ਇਨਕਾਰ ਕੀਤਾ ਕਿ ਉਹ ਯੂਨਾਨੀ ਮਜ਼ਹਮਤ ਦਾ ਮੈਂਬਰ ਸੀ। ਥੀਓਫੀਲੋਨਾਕੋਸ ਚੀਕਿਆ, "ਤੂੰ ਵੇਖ ਸਕਦਾ ਹੈ ਕਿ ਉਹ ਤੈਨੂੰ ਜਾਣਦਾ ਹੈ ਤੇ ਉਹ ਪਹਿਲਾਂ ਹੀ ਇਕਬਾਲ ਕਰ ਚੁੱਕਾ ਹੈ। ਇਹੀ ਗੱਲ ਮੰਨ ਜਾ ਤੇ ਅਸੀਂ ਇਹ ਮਾਮਲਾ ਖ਼ਤਮ ਕਰ ਦਿਆਂਗੇ। ਮੈਂ ਕਿਹਾ, "ਸੁਣ ਥੀਓਫੀਲੋਨਾਕੋਸ! ਜੇ ਤੈਨੂੰ ਇੱਕ ਘੰਟੇ ਲਈ ਮੇਰੇ ਸਪੁਰਦ ਕਰ ਦੇਣ, ਮੈਂ ਤੈਨੂੰ ਹਰ ਇਕਬਾਲ ਕਰਨ ਲਈ ਮਜ਼ਬੂਰ ਕਰ ਦਿਆਂਗਾ। ਇਹ ਗੱਲ ਵੀ ਕਿ ਤੂੰ ਆਪਣੀ ਮਾਂ ਨਾਲ ਜਬਰ-ਜਿਨਾਹ ਕੀਤਾ ਸੀ। ਮੈਂ ਇਸ ਬੰਦੇ ਨੂੰ ਜਾਣਦਾ ਨਹੀਂ। ਤੁਸੀਂ ਉਸਨੂੰ ਤਸੀਹੇ ਦਿੱਤੇ ਹਨ, ਤੇ ਹੁਣ ਉਹ ਉਹੀ ਕੁਝ ਆਖਦਾ ਹੈ, ਜੋ ਤੂੰ ਉਸ ਕੋਲੋਂ ਅਖਵਾਉਣਾ ਚਾਹੁੰਦਾ ਹੈ। ਤੇ ਥੀਓਫੀਲੋਨਾਕੋਸ! "ਭਾਵੇਂ ਤੂੰ ਗੱਲ ਕਰੇਂ ਜਾਂ ਨਾ ਕਰੇਂ, ਅਸੀਂ ਆਖਾਂਗੇ ਕਿ ਤੂੰ ਗੱਲਾਂ ਕੀਤੀਆਂ ਹਨ।"

ਸੁਣ! ਨਿਰਦਈ ਤਸੀਹਿਆਂ ਵਿਚ ਵੀ ਮੈਂ ਕਿਸੇ ਨੂੰ ਧੋਖਾ ਨਹੀਂ ਦਿੱਤਾ। ਕਿਸੇ ਨੂੰ ਵੀ ਨਹੀਂ ਤੇ ਇਹ ਗੱਲ ਹੈ ਜਿਸ ਦੀ ਉਹ ਡੰਗਰ ਵੀ ਇੱਜ਼ਤ ਕਰਦੇ ਹਨ। ਮੇਰੇ ਤਸੀਹਿਆਂ ਦੀ ਸੇਧ ਪੁਲਸ ਦੇ ਮੁਖੀ ਨੂੰ ਸੌਂਪੀ ਗਈ ਸੀ, ਜੋ ਉਸ ਸਮੇਂ ਲੈਫਟੀਨੈਂਟ ਕਰਨਲ ਸੀ ਤੇ ਹੁਣ ਬਰਗੇਡੀਅਰ ਜਨਰਲ ਹੈ। ਇੱਕ ਰਾਤ ਮੈਨੂੰ ਲਹੂ ਥੁੱਕਦਾ ਵੇਖ, ਉਸਨੇ ਆਪਣਾ ਸਿਰ ਮਾਰਿਆ ਤੇ ਕਿਹਾ "ਇਸਦਾ ਕੋਈ ਲਾਭ ਨਹੀਂ। ਕਿਸੇ ਜ਼ਿੱਦ ਦੀ ਲੋੜ ਨਹੀਂ। ਇਹ ਸੈਂਕੜੇ ਹਜ਼ਾਰਾਂ ਮੌਕਿਆਂ ਵਿਚੋਂ ਕਿਤੇ ਇੱਕ ਵਾਰ ਹੀ ਵਾਪਰਦੀ ਹੈ ਕਿ ਕੋਈ ਮੂੰਹ ਨਹੀਂ ਖੋਲ੍ਹਦਾ। ਇਹ ਉਹੀ ਕੇਸ ਹੈ। ਉਹ ਬਹੁਤ ਕਠੋਰ ਹੈ। ਇਹ ਪਾਨਾਗਾਲਾਊਨੀਸ। ਉਹ ਮੂੰਹ ਨਹੀਂ ਖੋਲ੍ਹੇਗਾ। ਆਓਨਾਈਡਜ਼ ਨੇ ਹਮੇਸ਼ਾਂ ਆਖਿਆ ਹੈ, ਇੱਕੋ ਇੱਕ ਗਰੁੱਪ ਜਿਸਦਾ ਸਾਨੂੰ ਪੱਕਾ ਯਕੀਨ ਹੈ, ਜਿਸਨੂੰ ਅਸੀਂ ਤਬਾਹ ਨਹੀਂ ਕਰ ਸਕੇ, ਪਾਨਾਗਾਊਲੀਸ ਗਰੁੱਪ ਹੈ। ਇਸ ਸ਼ੇਰ ਨੇ ਆਪਣੀਆਂ ਹੱਥਕੜੀਆਂ ਤੋੜ ਲਈਆਂ ਸਨ। ਖ਼ੈਰ, ਸ਼ਾਇਦ ਇਹ ਗੱਲ ਠੀਕ ਨਾ ਹੋਵੇ ਕਿ ਮੈਂ ਇਹ ਸਾਰਾ ਕੁਝ

ਤੁਹਾਨੂੰ ਦੱਸ ਦੇਵਾਂ। ਸੰਭਵ ਹੈ ਤੁਹਾਨੂੰ ਇਹ ਖ਼ਿਆਲ ਸੁੱਝੇ ਕਿ ਮੈਂ ਕੋਈ ਹੈਂਕੜ ਵਾਲਾ ਬੰਦਾ ਹਾਂ। ਤੇ ਲਿਖੇ ਕਿ ਮੈਂ ਸਵੈ-ਸੰਤੁਸ਼ਟ ਜਾਂ ਅਜਿਹੀ ਮਿੱਟੀ ਦਾ ਬਣਿਆ ਹੋਇਆ ਹੋਵਾਂ। ਪਰ ਮੈਨੂੰ ਇਹ ਸਾਰਾ ਕੁਝ ਤੈਨੂੰ ਦੱਸਣਾ ਹੋਵੇਗਾ, ਕਿਉਂਕਿ ਇਹ ਵੱਡੀ ਸੰਤੁਸ਼ਟੀ ਵਾਲੀ ਗੱਲ ਹੈ। ਕੀ ਇਹ ਨਹੀਂ?

? : **ਨਿਰਸੰਦੇਹ, ਇਹ ਹੈ। ਤੇ ਹੁਣ ਮੈਂ ਕੁਝ ਹੋਰ ਜਾਨਣਾ ਚਾਹੁੰਦੀ ਹਾਂ ਕਿ ਐਲੀਕੋਸ ! ਏਨਾ ਦੁੱਖ ਝੱਲ ਕੇ ਵੀ ਕੀ ਤੂੰ ਅਜੇ ਵੀ ਮਨੁੱਖਾ ਨੂੰ ਪਿਆਰ ਕਰਨ ਦੇ ਕਾਬਿਲ ਹੈਂ?**

– : ਅਜੇ ਵੀ ਉਹਨਾਂ ਨੂੰ ਪਿਆਰ ਕਰਨ ਬਾਰੇ, ਤੇਰਾ ਮਤਲਬ ਹੈ, ਉਹਨਾਂ ਨੂੰ ਹੋਰ ਵਧੇਰੇ ਪਿਆਰ ਕਰਨ ਬਾਰੇ? ਰੱਬ ਦੀ ਮਾਰ ! ਤੂੰ ਅਜਿਹਾ ਪ੍ਰਸ਼ਨ ਕਿਵੇਂ ਪੁੱਛ ਸਕਦੀ ਹੈਂ? ਤੂੰ ਨਹੀਂ ਸੋਚਦੀ ਹੋਣੀ ਕਿ ਮੈਂ ਯੂਨਾਨ ਦੀ ਮਿਲਟਰੀ ਪੁਲਸ ਦੇ ਦਰਿੰਦਿਆਂ ਨਾਲ ਮਨੁੱਖਤਾ ਨੂੰ ਜੋੜ ਦੇਵਾਂ। ਕਿਉਂ, ਉਹ ਤਾਂ ਮੁੱਠੀ ਭਰ ਲੋਕ ਹਨ। ਕੀ ਇਸਦਾ ਅਰਥ ਤੁਹਾਡੇ ਲਈ ਇਹ ਹੈ ਕਿ ਏਨੇ ਸਾਲਾਂ ਵਿਚ ਹਮੇਸ਼ਾਂ ਇੱਕੋ ਜਿਹੇ ਲੋਕ ਹੀ ਮੱਥੇ ਵੱਜੇ ਹਨ? ਹਮੇਸ਼ਾਂ ਉਹੀ ਬਲਾਵਾ। ਸੁਣ, ਭੈੜੇ ਲੋਕ ਘੱਟ-ਗਿਣਤੀ ਵਿਚ ਹੁੰਦੇ ਹਨ। ਤੇ ਹਰ ਬੁਰੇ ਬੰਦੇ ਲਈ ਹਜ਼ਾਰਾਂ, ਦਸ ਹਜ਼ਾਰਾਂ ਨੇਕ ਬੰਦੇ ਹੁੰਦੇ ਹਨ, ਜੋ ਉਹਨਾਂ ਦੇ ਸ਼ਿਕਾਰ ਹੋ ਜਾਂਦੇ ਹਨ। ਜਿਹਨਾਂ ਵਿਰੁੱਧ ਤੁਹਾਨੂੰ ਲੜਨਾ ਪੈਂਦਾ ਹੈ।

ਤੁਸੀਂ ਨਹੀਂ ਵੇਖ ਸਕਦੇ, ਨਾ ਹੀ ਤੁਹਾਨੂੰ ਇਹ ਵੇਖਣਾ ਚਾਹੀਦਾ ਹੈ ਕਿ ਚੀਜ਼ਾਂ ਏਨੀਆਂ ਕਾਲੀਆਂ ਹਨ। ਮੈਨੂੰ ਇਹਨਾਂ ਪੰਜਾਂ ਸਾਲਾਂ ਵਿਚ ਏਨੀ ਗਿਣਤੀ ਵਿਚ ਚੰਗੇ ਲੋਕ ਮਿਲੇ ਹਨ। ਸਿਪਾਹੀਆਂ ਵਿਚ ਵੀ, ਹਾਂ ਹਾਂ, ਉਹਨਾਂ ਸਿਪਾਹੀਆਂ ਬਾਰੇ ਸੋਚੋ ਜਿਨ੍ਹਾਂ ਨੇ ਸਾਡੇ ਖ਼ਤ, ਸਾਡੀਆਂ ਕਵਿਤਾਵਾਂ, ਜੇਲ੍ਹ ਤੋਂ ਬਾਹਰ ਘੱਲਣ ਵਿਚ ਆਪਣੀਆਂ ਜ਼ਿੰਦਗੀਆਂ ਖ਼ਤਰੇ ਵਿਚ ਪਾਈਆਂ। ਉਹਨਾਂ ਸਾਰਿਆਂ ਬਾਰੇ ਜ਼ਰਾ ਸੋਚੋ, ਜਿਹਨਾਂ ਮੇਰੀ ਉਦੋਂ ਸਹਾਇਤਾ ਕੀਤੀ, ਜਦੋਂ ਮੈਂ ਭੱਜਣ ਦੀ ਕੋਸ਼ਿਸ਼ ਕੀਤੀ ਸੀ। ਉਹਨਾਂ ਡਾਕਟਰਾਂ ਬਾਰੇ ਸੋਚੋ, ਜੋ ਮੈਨੂੰ ਹਸਪਤਾਲ ਲੈ ਗਏ, ਤੇ ਜਦੋਂ ਮੈਂ ਹਸਪਤਾਲ ਵਿਚ ਸੀ, ਉਹਨਾਂ ਨੇ ਪਹਿਰੇਦਾਰਾਂ ਨੂੰ ਮੇਰੇ ਗਿੱਟੇ ਬੈੱਡ ਨਾਲ ਬੰਨ੍ਹਣ ਤੋਂ ਰੋਕਿਆ।

"ਮੈਂ ਇਹ ਨਹੀਂ ਕਰ ਸਕਦਾ" ਪਹਿਰੇਦਾਰ ਨੇ ਕਿਹਾ। ਤੇ ਡਾਕਟਰਾਂ ਨੇ ਕਿਹਾ, "ਇਹ ਜੇਲ੍ਹ ਨਹੀਂ ਹੈ। ਇਹ ਹਸਪਤਾਲ ਹੈ। ਉਸ ਸਾਥੀ ਬਾਰੇ ਕੀ ਕਹੀਏ, ਪਾਨਾਇਟੀਡੀਸ, ਜੋ ਤਸੀਹੇ ਦੇਣ ਵਾਲਿਆਂ ਵਿਚ ਸ਼ਾਮਿਲ ਹੁੰਦਾ ਸੀ ਤੇ ਮੇਰੇ ਉੱਤੇ ਹਮੇਸ਼ਾਂ ਥੁੱਕਦਾ ਸੀ। ਇੱਕ ਦਿਨ ਉਹ ਪ੍ਰੇਸ਼ਾਨ ਹੋਇਆ, ਮੇਰੇ ਕੋਲ ਆਇਆ ਤੇ ਆਖਣ ਲੱਗਾ, "ਐਲੀਕੋਸ ! ਮੈਨੂੰ ਅਫ਼ਸੋਸ ਹੈ। ਮੈਂ ਉਹ ਕੁਝ ਕੀਤਾ ਜੋ ਉਹਨਾਂ ਕਰਨ ਦਾ ਹੁਕਮ ਦਿੱਤਾ। ਮੈਂ ਇਹੋ ਕੁਝ ਕਰਨਾ ਸੀ, ਜੇ ਉਹ ਮੈਨੂੰ ਮੇਰੇ ਬਾਪ ਨਾਲ ਵੀ ਕਰਨ ਲਈ ਆਖਦੇ। ਮੇਰੇ ਵਿਚ ਬਗਾਵਤ ਕਰਨ ਦਾ ਹੌਸਲਾ ਨਹੀਂ, ਮੈਨੂੰ ਮੁਆਫ਼



ਕਰ ਦੇ, ਐਲੀਕੋਸ, ਓਏ ਬੰਦਿਆ......

? : **ਕੀ ਤੁਹਾਡਾ ਇਹ ਮਤਲਬ ਹੈ ਕਿ ਬੰਦਾ ਬੁਨਿਆਦੀ ਤੌਰ ਤੇ ਨੇਕ ਹੈ। ਕੀ ਮਨੁੱਖ ਜੰਮਦਾ ਹੀ ਨੇਕ ਹੈ?**

– : ਨਹੀਂ, ਮੇਰਾ ਅਰਥ ਹੈ ਕਿ ਮਨੁੱਖ ਜੰਮਿਆਂ ਹੀ ਨੇਕੀ ਲਈ ਹੈ, ਤੇ ਉਹ ਬਹੁਤ ਵਾਰ ਬੁਰੇ ਹੋਣ ਨਾਲੋਂ ਵਧੇਰੇ ਨੇਕ ਹੁੰਦਾ ਹੈ। ਤੇ ਸੁਣ, ਤੇ ਆਦਮੀਆਂ ਨੂੰ ਨੇਕ ਹੋਣਾ ਪ੍ਰਵਾਨ ਕਰਨ ਲਈ, ਮੈਨੂੰ ਬੱਸ ਉਸ ਚੀਜ਼ ਬਾਰੇ ਸੋਚਣਾ ਹੁੰਦਾ ਹੈ, ਜਦੋਂ ਮੈਂ ਹਸਪਤਾਲ ਵਿਚ ਸੀ ਤੇ ਜਦੋਂ ਉਹਨਾਂ ਨੇ ਮੇਰੀ ਸਫ਼ ਨੂੰ ਅੱਗ ਲਾ ਕੇ ਮੈਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਵਾਰਡ ਵਿਚ ਇੱਕ ਬੁੱਢੀ ਸਫਾਈ ਕਰਨ ਵਾਲੀ ਔਰਤ ਸੀ। ਤੁਸੀਂ ਜਾਣਦੇ ਹੋ, ਉਹਨਾਂ ਫਰਸ਼ ਅਤੇ ਟੱਟੀਆਂ ਸਾਫ ਕਰਨ ਵਾਲੀਆਂ ਔਰਤਾਂ ਨੂੰ। ਇੱਕ ਦਿਨ ਉਹ ਕੋਲ ਆਈ ਤੇ ਮੇਰੇ ਮੱਥੇ ਨੂੰ ਪਲੋਸਿਆ ਤੇ ਕਿਹਾ, "ਭਲੇ ਐਲੀਕੋਸ ! ਤੂੰ ਸਦਾ ਇਕੱਲਾ ਹੁੰਦਾ ਹੈ। ਤੂੰ ਕਿਸੇ ਨਾਲ ਨਹੀਂ ਬੋਲਦਾ। ਮੈਂ ਅੱਜ ਰਾਤ ਵਾਪਸ ਆਵਾਂਗੀ ਤੇ ਤੇਰੇ ਕੋਲ ਬੈਠਾਂਗੀ ਤੇ ਤੂੰ ਮੈਨੂੰ ਸਭ ਗੱਲਾਂ ਦੱਸੀਂ। ਠੀਕ ਹੈ? ਫਿਰ ਉਹ ਦਰਵਾਜ਼ੇ ਵੱਲ ਗਈ ਤੇ ਉੱਥੇ ਪਹਿਰੇਦਾਰਾਂ ਨੇ ਉਸਨੂੰ ਘੇਰ ਲਿਆ ਤੇ ਉਸਨੂੰ ਪਰ੍ਹੇ ਲੈ ਗਏ। ਉਸ ਰਾਤ ਉਹ ਵਾਪਸ ਨਹੀਂ ਆਈ। ਮੈਂ ਉਸਦੀ ਉਡੀਕ ਕੀਤੀ ਪਰ ਉਹ ਨਹੀਂ ਪਰਤੀ। ਮੈਨੂੰ ਪਤਾ ਨਹੀਂ ਲੱਗਾ ਕਿ ਉਸ ਨਾਲ ਕੀ ਵਾਪਰਿਆ ਤੇ.....

? : **ਕੀ ਤੂੰ ਰੋ ਰਿਹਾ ਹੈਂ, ਐਲੀਕੋਸ? ਤੂੰ?**

– : ਮੈਂ ਰੋ ਨਹੀਂ ਰਿਹਾ। ਮੈਂ ਰੋਂਦਾ ਨਹੀਂ ਹੁੰਦਾ। ਮੈਂ ਹਿੱਲ ਗਿਆ ਸੀ। ਕ੍ਰਿਪਾਲਤਾ ਮੈਨੂੰ ਪ੍ਰਭਾਵਿਤ ਕਰਦੀ ਹੈ। ਨੇਕੀ ਮੈਨੂੰ ਰੁਲਾ ਦਿੰਦੀ ਹੈ। ਤੇ ਮੈਂ ਪਿਘਲ ਗਿਆ ਹਾਂ। ਸਮਝੀ?

? : **ਮੈਂ ਸਮਝਦੀ ਹਾਂ। ਕੀ ਤੂੰ ਧਾਰਮਿਕ ਹੈ ਐਲੀਕੋਸ?**

– : ਕੀ ਮੈਂ ਹਾਂ? ਨਾ ਮੇਰਾ ਮਤਲਬ ਹੈ ਮੈਂ ਰੱਬ ਵਿਚ ਭਰੋਸਾ ਨਹੀਂ ਕਰਦਾ। ਜੇ ਤੁਸੀਂ ਮੇਰੇ ਨਾਲ ਰੱਬ ਬਾਰੇ ਗੱਲ ਕਰੋ ਤਾਂ ਮੈਂ ਸਿਰਫ਼ ਏਨਾ ਹੀ ਕਹਿ ਸਕਦਾ ਹਾਂ ਕਿ ਮੈਂ ਆਈਨ ਸਟਾਈਨ ਨਾਲ ਸਹਿਮਤ ਹਾਂ। ਮੈਂ ਸਪਾਈਨੋਜ਼ਾ ਦੇ ਰੱਬ ਵਿਚ ਵਿਸ਼ਵਾਸ ਕਰਦਾ ਹਾਂ। ਇਸਨੂੰ ਸਰਵ ਈਸ਼ਵਰਵਾਦ ਆਖ ਲਵੋ, ਜਾਂ ਜੋ ਮਰਜ਼ੀ ਆਖ ਲਵੋ। ਤੇ ਜੇ ਤੁਸੀਂ ਮੇਰੇ ਨਾਲ ਜੀਸਿਸ ਕਰਾਈਸਟ ਬਾਰੇ ਗੱਲ ਕਰੋ ਤਾਂ ਮੈਂ ਕਹਾਂਗਾ, ਠੀਕ ਹੈ, ਪਰ ਮੈਂ ਉਸਨੂੰ ਰੱਬ ਦਾ ਪੁੱਤਰ ਨਹੀਂ, ਆਦਮੀ ਦਾ ਪੁੱਤਰ ਮੰਨਦਾ ਹਾਂ। ਇਥੋਂ ਤੱਕ ਕਿ ਉਸਦਾ ਜੀਵਨ ਮਨੁੱਖੀ ਦੁੱਖ ਨੂੰ ਦੂਰ ਕਰਨ ਦੇ ਖ਼ਿਆਲ ਤੋਂ ਪ੍ਰੇਰਿਤ ਸੀ। ਇਹ ਹਕੀਕਤ ਕਿ ਉਹ ਮਨੁੱਖਾਂ ਲਈ, (ਰੱਬ ਦੀ ਸ਼ਾਨ ਲਈ ਨਹੀਂ) ਦੁੱਖ ਸਹਿੰਦਾ ਰਿਹਾ ਤੇ ਮਰ ਗਿਆ, ਉਸਨੂੰ ਮਹਾਨ ਮੰਨਣ ਲਈ ਇੱਕੋ ਤੱਥ ਕਾਫੀ ਹੈ। ਮਨੁੱਖ ਵਲੋਂ ਕਾਢ

ਕੱਢੇ ਗਏ ਰੱਬਾਂ ਵਿਚੋਂ ਸਭ ਤੋਂ ਵੱਡਾ। ਤੁਸੀਂ ਵੇਖਦੇ ਹੋ ਮਨੁੱਖ ਸੋਚ ਵਜੋਂ ਪਿਆਰ ਦੇ ਖ਼ਿਆਲ ਨੂੰ ਤਿਆਗ ਨਹੀਂ ਸਕਦਾ, ਕਿਉਂਕਿ ਉਹ ਪਿਆਰ ਤੋਂ ਬਿਨਾਂ ਰਹਿ ਨਹੀਂ ਸਕਦਾ। ਮੈਨੂੰ ਆਪਣੀ ਜ਼ਿੰਦਗੀ ਵਿਚ ਐਨੀ ਘ੍ਰਿਣਾ ਮਿਲੀ ਹੈ ਪਰ ਮੈਨੂੰ ਪਿਆਰ ਵੀ ਐਨਾ ਮਿਲਿਆ ਹੈ, ਮਿਸਾਲ ਵਜੋਂ ਬੱਚਾ ਹੁੰਦਿਆਂ, ਮੈਂ ਇੱਕ ਖ਼ੁਸ਼ ਬੱਚਾ ਸੀ, ਕਿਉਂਕਿ ਮੈਂ ਇੱਕ ਐਸੇ ਪਰਿਵਾਰ ਵਿਚ ਵੱਡਾ ਹੋਇਆ ਹਾਂ ਜਿੱਥੇ ਅਸੀਂ ਇੱਕ ਦੂਸਰੇ ਨੂੰ ਬਹੁਤ ਪਿਆਰ ਕਰਦੇ ਸੀ। ਪਰ ਇਹ ਪਰਿਵਾਰ ਦਾ ਸਵਾਲ ਹੀ ਨਹੀਂ ਸੀ। ਇਹ ਸਵਾਲ ...... ਮੈਂ ਕਿਵੇਂ ਆਖਾਂ, ਯੋਜਾਂ ਦਾ ਸੀ।

ਮਿਸਾਲ ਵਜੋਂ ਇਟਲੀ ਦੇ ਕਬਜ਼ੇ ਵੇਲੇ ਅਸੀਂ ਇੱਕ ਟਾਪੂ ਲੀਊਕਾਸ ਵਿਚ ਸ਼ਰਨ ਲਈ ਜਿੱਥੇ ਬਹੁਤ ਸਾਰੇ ਇਟਲੀ ਦੇ ਸੈਨਿਕ ਸੀ, ਉਹ ਮੈਨੂੰ ਸਦਾ ਹੀ ਪਿਕਾਲੋ ਪਿਕਾਲੋ ਕਹਿੰਦੇ ਸੀ। ਤੇ ਫਿਰ ਮੈਨੂੰ ਤੋਹਫੇ ਦਿੰਦੇ ਸੀ। ਇੱਕ ਚਾਕਲੇਟ, ਕੋਈ ਬਿਸਕੁਟ। ਮੇਰਾ ਪਿਤਾ ਜੋ ਕਿ ਇੱਕ ਫੌਜੀ ਅਫਸਰ ਸੀ, ਨਹੀਂ ਸੀ ਚਾਹੁੰਦਾ ਕਿ ਤੋਹਫੇ ਪ੍ਰਵਾਨ ਕੀਤੇ ਜਾਣ ਤੇ ਉਹ ਜ਼ੋਰ ਦਿੰਦਾ ਸੀ ਕਿ ਮੈਂ ਇਹ ਸੁੱਟ ਦੇਵਾਂ। ਪਰ ਮੇਰੀ ਮਾਂ ਆਖਦੀ ਸੀ, "ਚੁੱਕ ਲੈ ਤੇ ਧੰਨਵਾਦ ਆਖ" ਮੇਰੀ ਮਾਂ ਜਾਣਦੀ ਸੀ ਕਿ ਉਹ ਫੌਜੀ ਇਹ ਤੋਹਫੇ ਹੱਤਕ ਕਰਨ ਲਈ ਨਹੀਂ, ਸਗੋਂ ਕ੍ਰਿਪਾਲੂ ਹੋਣ ਕਾਰਨ ਦੇ ਰਹੇ ਸੀ। ਉਸਨੂੰ ਪਤਾ ਸੀ ਕਿ ਉਹ ਬੁਰੇ ਸਿਪਾਹੀ ਨਹੀਂ ਹਨ, ਸਗੋਂ ਚੰਗੇ ਆਦਮੀ ਸਨ। ਵੱਡੇ ਹੋਣ ਤੋਂ ਬਾਅਦ ਮੈਂ ਘੱਟ ਖ਼ੁਸ਼ ਰਿਹਾ ਹਾਂ। ਬਿਲਕੁਲ ਖ਼ੁਸ਼ ਰਹਿਣਾ ਔਖਾ ਹੈ। ਜਦੋਂ ਤੁਸੀਂ ਅਨੁਭਵ ਕਰਦੇ ਹੋ ਕਿ ਦੂਸਰੇ ਲੋਕ ਉਹਨਾਂ ਗੱਲਾਂ ਦੀ ਘੱਟ ਪ੍ਰਵਾਹ ਕਰਦੇ ਹਨ, ਜਿਹਨਾਂ ਦੀ ਕਿ ਤੁਸੀਂ ਪ੍ਰਵਾਹ ਕਰਦੇ ਹੋ। ਤੇ ਜਦੋਂ ਮੈਂ ਆਪਣੇ ਸਮਕਾਲੀਆਂ ਦੀ ਜ਼ਿੰਦਗੀ ਦੀਆਂ ਸਮੱਸਿਆਵਾਂ ਪ੍ਰਤੀ ਬੇਪ੍ਰਵਾਹੀ ਵੇਖੀ ਤਾਂ ਮੈਂ .... ਖ਼ੈਰ ਮੈਂ ਫਿਰ ਵਧੇਰੇ ਖ਼ੁਸ਼ ਰਹਿਣ ਵਿਚ ਸਫਲ ਨਹੀਂ ਹੋ ਸਕਿਆ, ਜਿਵੇਂ ਕਿ ਹੁਣ।

? : **ਇਹ ਅਨੋਖੀ ਗੱਲ ਹੈ ਐਲੀਕੋਸ ! ਤੂੰ ਉਸ ਆਦਮੀ ਵਾਂਗ ਗੱਲ ਕਰਦਾ ਹੈ ਜੋ ਦੂਸਰੇ ਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕਰਨ ਦੇ ਖ਼ਿਆਲ ਬਾਰੇ ਸੋਚ ਵੀ ਨਹੀਂ ਸਕਦਾ।**

– : ਅਪ੍ਰੈਲ 21, ਤੋਂ ਪਹਿਲਾਂ ਅਰਥਾਤ ਕਰਨੈਲਾਂ ਦੇ ਆਉਣ ਤੋਂ ਪਹਿਲਾਂ ਮੈਂ ਕਤਲ ਕਰਨ ਬਾਰੇ ਸੋਚ ਵੀ ਨਹੀਂ ਸਕਦਾ ਸੀ। ਮੈਂ ਆਪਣੇ ਸਭ ਤੋਂ ਬੁਰੇ ਵੈਰੀ ਨੂੰ ਮਾਰਨ ਦਾ ਖ਼ਿਆਲ ਨਹੀਂ ਸੀ ਕਰ ਸਕਦਾ। ਫਿਰ ਵੀ, ਹੁਣ ਜਾਨੋਂ ਮਾਰਨਾ ਮੇਰੇ ਲਈ ਆਸੰਗਤ ਹੈ। ਮੈਂ ਕੱਟੜ ਨਹੀਂ ਹਾਂ। ਮੈਂ ਚਾਹਾਂਗਾ ਕਿ ਏਥੇ ਯੂਨਾਨ ਵਿਚ ਹਰ ਚੀਜ਼ ਬਿਨਾਂ ਇੱਕ ਤੁਪਕਾ ਲਹੂ ਡੋਲ੍ਹੇ ਦੇ ਤਬਦੀਲ ਹੋ ਜਾਵੇ। ਮੈਂ ਇਨਸਾਫ ਨੂੰ ਵਿਅਕਤੀਗਤ ਪੱਧਰ ਉੱਤੇ ਲਾਗੂ ਕਰਨ ਵਿਚ ਵਿਸ਼ਵਾਸ ਨਹੀਂ ਰੱਖਦਾ। ਇਸ ਤੋਂ ਵੀ ਘੱਟ ਮੈਂ 'ਬਦਲਾ' ਸ਼ਬਦ ਵਿਚ ਵਿਸ਼ਵਾਸ ਕਰਦਾ ਹਾਂ। ਏਥੋਂ ਤੀਕ ਕਿ ਜਿਹਨਾਂ ਮੈਨੂੰ ਤਸੀਹੇ ਦਿੱਤੇ, ਮੈਂ ਉਹਨਾਂ ਪ੍ਰਤੀ ਵੀ ਬਦਲੇ ਦੀ ਸੋਚ ਨਹੀਂ ਸਕਦਾ। ਮੈਂ ਸਜ਼ਾ ਦੇਣ ਦਾ ਸ਼ਬਦ ਵਰਤਦਾ



ਹਾਂ ਤੇ ਸਿਰਫ਼ ਮੁਕੱਦਮਾ ਚਲਾਉਣ ਦੀ ਕਲਪਨਾ ਕਰਦਾ ਹਾਂ। ਮੇਰੇ ਲਈ ਇਹ ਕਾਫ਼ੀ ਹੋਵੇਗਾ ਕਿ ਮੈਂ ਉਹਨਾਂ ਨੂੰ ਕੇਵਲ ਇੱਕ ਦਿਨ ਲਈ ਜੇਲ੍ਹ ਦੀ ਸਜ਼ਾ ਭੁਗਤਦੇ ਵੇਖਾਂ, ਜਿਸ ਕਾਲ-ਕੋਠੜੀ ਵਿਚ ਮੈਂ ਪੰਜ ਸਾਲ ਕੱਟੇ। ਮੈਂ ਕਾਨੂੰਨ, ਅਧਿਕਾਰ, ਤੇ ਫਰਜ਼ ਬਾਰੇ ਬਹੁਤ ਫ਼ਿਕਰ ਕਰਦਾ ਹਾਂ। ਅਸਲ ਵਿਚ ਮੈਂ ਕਦੇ ਵੀ ਪਾਪਾਡੋਪੋਲੋਸ ਦੇ ਮੇਰੇ ਉੱਤੇ ਮੁਕੱਦਮਾ ਚਲਾਉਣ ਤੇ ਕੈਦ ਕਰਨ ਦੇ ਅਧਿਕਾਰ ਨੂੰ ਚੁਣੌਤੀ ਨਹੀਂ ਦਿੰਦਾ। ਜਿਸ ਗੱਲ ਬਾਰੇ ਮੈਂ ਹਮੇਸ਼ਾ ਰੋਸ ਕੀਤਾ ਹੈ, ਉਹ ਸੀ ਉਹ ਤਰੀਕਾ ਜਿਸ ਰਾਹੀਂ ਇਹ ਸਜ਼ਾ ਦਿੱਤੀ ਜਾਂਦੀ ਸੀ। ਕੁੱਟ ਜਿਹੜੀ ਮੈਨੂੰ ਪੈਂਦੀ ਸੀ ਤੇ ਜ਼ੁਲਮ ਜੋ ਮੇਰੇ ਉੱਤੇ ਢਾਹੇ ਜਾਂਦੇ ਸੀ ਤੇ ਉਹ ਸੀਮਿੰਟ ਦਾ ਮਕਬਰਾ, ਜਿੱਥੇ ਮੈਨੂੰ ਰੱਖਿਆ ਗਿਆ ਤੇ ਪੜ੍ਹਨ ਅਤੇ ਲਿਖਣ ਦੀ ਆਗਿਆ ਨਾ ਦਿੱਤੀ ਗਈ। ਜਦੋਂ ਕੋਈ ਉਹ ਕੰਮ ਕਰਦਾ ਹੈ, ਜੋ ਮੈਂ ਕੀਤਾ, ਮੇਰਾ ਮਤਲਬ ਕਤਲ ਕਰਨ ਦੀ ਕੋਸ਼ਿਸ਼ ਕਰਨਾ, ਤਾਂ ਉਹ ਕਾਨੂੰਨ ਦੇ ਵਿਰੁੱਧ ਨਹੀਂ ਜਾਂਦਾ ਕਿਉਂਕਿ ਉਹ ਇੱਕ ਕਾਨੂੰਨ-ਹੀਣ ਦੇਸ਼ ਵਿਚ ਕਾਰਵਾਈ ਕਰਦਾ ਹੈ ਤੇ ਕਾਨੂੰਨਹੀਣਤਾ ਦਾ ਉੱਤਰ ਕਾਨੂੰਨਹੀਣਤਾ ਹੀ ਹੁੰਦਾ ਹੈ। ਵੇਖੋ, ਮੇਰਾ ਕੀ ਅਰਥ ਹੈ?

ਤੱਕੋ, ਜੇ ਤੁਸੀਂ ਗਲੀ ਵਿਚ ਜਾ ਰਹੇ ਹੋ ਤੇ ਕਿਸੇ ਨੂੰ ਤੰਗ ਨਹੀਂ ਕਰਦੇ ਤੇ ਮੈਂ ਆਉਂਦਾ ਹਾਂ ਤੇ ਤੁਹਾਨੂੰ ਚਪੇੜਾਂ ਮਾਰਨ ਲੱਗਦਾ ਹਾਂ ਤੇ ਤੁਸੀਂ ਮੇਰੀ ਰਿਪੋਰਟ ਵੀ ਨਹੀਂ ਕਰ ਸਕਦੇ, ਕਿਉਂਕਿ ਕਾਨੂੰਨ ਤੁਹਾਡੀ ਰਾਖੀ ਕਰਦਾ ਹੈ, ਤਾਂ ਤੁਸੀਂ ਕੀ ਸੋਚਦੇ ਹੋ? ਧਿਆਨ ਰੱਖੋ, ਮੈਂ ਸਿਰਫ਼ ਚਪੇੜਾਂ ਦੀ ਗੱਲ ਕਰਦਾ ਹਾਂ, ਇਸ ਤੋਂ ਵੱਧ ਦੀ ਨਹੀਂ। ਚੁਪੇੜ ਨਾਲ ਕੋਈ ਜ਼ਖ਼ਮੀ ਨਹੀਂ ਹੁੰਦਾ। ਇਸ ਨਾਲ ਸਿਰਫ਼ ਹੱਤਕ ਹੁੰਦੀ ਹੈ, ਪਰ ਕੋਈ ਕਾਨੂੰਨ ਤਾਂ ਚਾਹੀਦਾ ਹੈ ਕਿ ਜਿਹੜਾ ਮੈਨੂੰ ਤੁਹਾਨੂੰ ਚਪੇੜਾਂ ਮਾਰੇ ਜਾਣ ਤੋਂ ਰੋਕੇ। ਇੱਕ ਕਾਨੂੰਨ ਜੋ ਮੈਨੂੰ ਤੁਹਾਡਾ ਚੁੰਮਣ ਲੈਣ ਤੋਂ ਰੋਕਦਾ ਹੈ, ਜੇ ਤੁਸੀਂ ਇਸਨੂੰ ਪਸੰਦ ਨਹੀਂ ਕਰਦੇ। ਤੇ ਜੇ ਇਸ ਕਾਨੂੰਨ ਦੀ ਹੋਂਦ ਨਹੀਂ ਹੈ ਤੁਸੀਂ ਫਿਰ ਕੀ ਕਰਦੇ ਹੋ? ਕੀ ਤੁਹਾਨੂੰ ਪ੍ਰਤੀਕਰਮ ਦੇਣ ਦਾ ਹੱਕ ਨਹੀਂ ਹੈ ਤੇ ਸੰਭਵ ਹੈ, ਮੈਨੂੰ ਜਾਨੋਂ ਮਾਰਨ ਦਾ, ਤਾਂ ਕਿ ਮੈਂ ਤੁਹਾਨੂੰ ਦੁਬਾਰਾ ਪ੍ਰੇਸ਼ਾਨ ਨਾ ਕਰਾਂ? ਕਾਨੂੰਨ ਨੂੰ ਆਪਣੇ ਹੱਥਾਂ ਵਿਚ ਲੈ ਲੈਣਾ, ਕਈ ਵਾਰ ਇੱਕ ਲੋੜ ਬਣ ਜਾਂਦਾ ਹੈ ਜਾਂ ਅਸਲ ਵਿਚ ਇੱਕ ਫਰਜ਼। ਹਾਂ ਜਾਂ ਨਾਂਹ?

? : **ਹਾਂ**

– : ਮੈਂ ਇਹ ਗੱਲ ਕਹਿਣ ਤੋਂ ਡਰਦਾ ਨਹੀਂ। ਮੈਂ ਜਾਣਦਾ ਕਿ ਘ੍ਰਿਣਾ ਕੀ ਹੁੰਦੀ ਹੈ। ਮੈਂ ਪਿਆਰ ਨੂੰ ਏਨਾ ਪਿਆਰ ਕਰਦਾ ਹਾਂ ਤੇ ਮੈਂ ਉਸ ਪ੍ਰਤੀ ਘ੍ਰਿਣਾ ਦਾ ਭਰਿਆ ਹੋਇਆ ਹਾਂ। ਜੋ ਸਵਤੰਤਰਤਾ ਨੂੰ ਕਤਲ ਕਰਦਾ ਹੈ। ਮਿਸਾਲ ਵਜੋਂ ਉਹ ਜਿਨ੍ਹਾਂ ਨੇ ਇਸ ਨੂੰ ਯੂਨਾਨ ਵਿਚ ਕਤਲ ਕੀਤਾ। ਰੱਬ ਦੀ ਮਾਰ ਪਵੇ ਉਹਨਾਂ ਨੂੰ। ਬਿਨਾਂ ਭਾਸ਼ਣਮਈ

ਆਵਾਜ਼ ਤੋਂ ਅਜਿਹੀਆਂ ਗੱਲਾਂ ਕਰਨੀਆਂ ਔਖੀਆਂ ਹਨ, ਪਰ .....

ਇੱਕ ਵਾਕ ਹੈ, ਜੋ ਯੂਨਾਨੀ ਸਾਹਿਤ ਵਿਚ, ਕਈ ਵਾਰ ਅਕਸਰ ਹੀ ਵਰਤਿਆ ਜਾਂਦਾ ਹੈ। "ਆਜ਼ਾਦ ਹੋਣ ਲਈ ਖੁਸ਼ ਹੋਵੋ ਤੇ ਖੁਸ਼ ਹੋਣ ਲਈ ਆਜ਼ਾਦ ਹੋਵੋ।" ਸੋ ਜਦੋਂ ਇੱਕ ਜ਼ਾਲਮ ਬਿਸਤਰੇ ਵਿਚ ਪਿਆ, ਕੁਦਰਤੀ ਮੌਤੇ ਮਰਦਾ ਹੈ, ਮੈਂ ...... ਰਹਿ ਨਹੀਂ ਸਕਦਾ ਤੇ ਮੇਰੇ ਉੱਤੇ ਗੁੱਸਾ ਭਾਰੂ ਹੋ ਜਾਂਦਾ ਹੈ। ਘ੍ਰਿਣਾ ਭਾਰੂ ਹੋ ਜਾਂਦੀ ਹੈ। ਮੇਰੀ ਰਾਏ ਵਿਚ ਇਟਲੀ ਵਾਸੀਆਂ ਲਈ ਇੱਜ਼ਤ ਦੀ ਗੱਲ ਹੈ, ਮਸੋਲੀਨੀ ਨੇ ਜੋ ਕੀਤਾ, ਉਸਦਾ ਅੰਤ ਹੋਇਆ ਤੇ ਪੁਰਤਗਾਲ ਵਾਸੀਆਂ ਲਈ ਇਹ ਸ਼ਰਮ ਦੀ ਗੱਲ ਹੈ ਕਿ ਸਾਲਾਜ਼ਾਰ ਆਪਣੇ ਬਿਸਤਰੇ ਵਿਚ ਹੀ ਕੁਦਰਦੀ ਮੌਤੇ ਮਰਿਆ। ਜਿਵੇਂ ਇਹ ਸਪੇਨ ਵਾਸੀਆਂ ਲਈ ਸ਼ਰਮਨਾਕ ਹੋਵੇਗਾ ਜੇ ਫਰਾਂਕੋ ਬੁੱਢਾ ਹੋ ਕੇ ਮਰੇਗਾ।

ਰੱਬ ਦੀ ਮਾਰ ਪਵੇ। ਤੁਸੀਂ ਸਾਰੀ ਕੌਮ ਨੂੰ ਭੇਡਾਂ ਦਾ ਇੱਜੜ ਬਣਨ ਦੀ ਆਗਿਆ ਨਹੀਂ ਦੇ ਸਕਦੇ। ਤੇ ਸੁਣੋ, ਮੈਂ ਕਿਸੇ ਕਾਲਪਨਿਕ ਸੰਸਾਰ ਦਾ ਸੁਪਨਾ ਨਹੀਂ ਲੈ ਰਿਹਾ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਨਿਰਪੇਖ ਇਨਸਾਫ਼ ਦੀ ਕਿਤੇ ਹੋਂਦ ਨਹੀਂ ਹੈ ਤੇ ਨਾ ਹੀ ਇਹ ਕਦੀ ਹੋਵੇਗਾ। ਪਰ ਮੈਂ ਏਨਾ ਜਾਣਦਾ ਹਾਂ ਕਿ ਅਜਿਹੇ ਦੇਸ਼ ਹਨ, ਜਿੱਥੇ ਇਨਸਾਫ ਦੀ ਪ੍ਰਕਿਰਿਆ ਲਾਗੂ ਹੁੰਦੀ ਹੈ। ਇਸ ਲਈ ਮੈਂ ਐਸੇ ਦੇਸ਼ ਦਾ ਸੁਪਨਾ ਲੈ ਰਿਹਾ ਹਾਂ ਜਿੱਥੇ ਉਹਨਾਂ ਲੋਕਾਂ ਨੂੰ ਜਿਨ੍ਹਾਂ ਉੱਤੇ ਹਮਲੇ ਹੁੰਦੇ ਹਨ, ਹੱਤਕ ਹੁੰਦੀ ਹੈ ਜਾਂ ਜਿਨ੍ਹਾਂ ਦੇ ਹੱਕ ਖੋਹੇ ਜਾਂਦੇ ਹਨ, ਉਹ ਅਦਾਲਤ ਵਿਚ ਜਾ ਕੇ ਇਨਸਾਫ ਦੀ ਮੰਗ ਕਰ ਸਕਣ। ਕੀ ਇਹ ਮੰਗ ਕਰਨੀ ਬਹੁਤ ਜ਼ਿਆਦਾ ਹੈ? ਵਾਹ! ਮੈਨੂੰ ਇੰਝ ਲੱਗਦਾ ਹੈ ਕਿ ਇਹ ਘੱਟੋ ਘੱਟ ਹੈ, ਜੋ ਇੱਕ ਬੰਦਾ ਮੰਗ ਕਰ ਸਕਦਾ ਹੈ। ਇਹੀ ਕਾਰਨ ਹੈ ਕਿ ਮੈਨੂੰ ਉਨ੍ਹਾਂ ਡਰਪੋਕਾਂ ਉੱਤੇ ਗੁੱਸਾ ਆ ਜਾਂਦਾ ਹੈ, ਜੋ ਬਗ਼ਾਵਤ ਨਹੀਂ ਕਰਦੇ, ਜਦੋਂ ਉਹਨਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ। ਮੈਂ ਆਪਣੀ ਕਾਲ-ਕੋਠੜੀ ਦੀਆਂ ਕੰਧਾਂ ਉੱਤੇ ਲਿਖਿਆ ਸੀ, "ਮੈਨੂੰ ਜ਼ਾਲਮਾਂ ਨਾਲ ਘ੍ਰਿਣਾ ਹੈ ਤੇ ਬੁਜ਼ਦਿਲ ਮੈਨੂੰ ਉਪਰਾਮ ਕਰਦੇ ਹਨ।"

? : **ਐਲੀਕੋਸ .... ਇਹ ਬੜਾ ਔਖਾ ਸਵਾਲ ਹੈ। ਤੁਸੀਂ ਕਿਵੇਂ ਅਨੁਭਵ ਕੀਤਾ ਸੀ, ਜਦੋਂ ਤੁਹਾਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ?**

– : ਉਸ ਛਿਣ ਕੁਝ ਨਹੀਂ। ਮੈਨੂੰ ਇਸੇ ਦੀ ਉਮੀਦ ਸੀ ਤੇ ਮੈਂ ਇਸ ਲਈ ਤਿਆਰ ਸੀ ਤੇ ਇਸ ਲਈ ਮੈਂ ਸਿਵਾਏ ਇਸ ਚੇਤਨਾ ਦੇ ਹੋਰ ਕੁਝ ਮਹਿਸੂਸ ਨਹੀਂ ਕੀਤਾ ਕਿ ਮਰ ਕੇ ਮੈਂ ਉਸ ਸੰਘਰਸ਼ ਵਿਚ ਹਿੱਸਾ ਪਾਵਾਂਗਾ, ਜਿਸਨੂੰ ਦੂਸਰੇ ਲੋਕ ਅੱਗੇ ਖੜਨਗੇ।

? : **ਤੇ ਕੀ ਤੈਨੂੰ ਯਕੀਨ ਸੀ ਕਿ ਉਹ ਤੈਨੂੰ ਗੋਲੀ ਮਾਰ ਦੇਣਗੇ?**

– : ਹਾਂ, ਬਿਲਕੁਲ ਯਕੀਨ ਸੀ।

? : **ਐਲੀਕੋਸ ..... ਇਹ ਸਵਾਲ ਹਾਲੀ ਵੀ ਵੱਧ ਮੁਸ਼ਕਿਲ ਹੈ। ਤੇ ਮੈਂ ਨਹੀਂ ਜਾਣਦੀ ਕਿ**



**ਤੂੰ ਇਸਦਾ ਉੱਤਰ ਦੇਣਾ ਚਾਹੇਂਗਾ। ਇੱਕ ਆਦਮੀ ਉਦੋਂ ਕੀ ਸੋਚਦਾ ਹੈ, ਜਦੋਂ ਉਸਨੂੰ ਗੋਲੀ ਮਾਰੀ ਜਾਣ ਵਾਲੀ ਹੁੰਦੀ ਹੈ?**

– : ਮੈਂ ਖ਼ੁਦ ਵੀ ਹੈਰਾਨ ਹੋਇਆ ਹਾਂ। ਕਈ ਵਾਰ ਤੇ ਮੈਂ ਇਹ ਗੱਲ ਇੱਕ ਕਵਿਤਾ ਵਿਚ ਕਹਿਣ ਦੀ ਕੋਸ਼ਿਸ਼ ਕੀਤੀ ਹੈ, ਜੋ ਮੈਂ ਆਪਣੇ ਦਿਮਾਗ ਵਿਚ ਉਸ ਸਮੇਂ ਲਿਖੀ ਸੀ, ਜਦੋਂ ਉਹ ਇਹ ਪਤਾ ਕਰਨ ਆਏ ਸੀ ਕਿ ਕੀ ਮੈਂ ਮੁਆਫ਼ੀ ਮੰਗਦਾ ਹਾਂ ਤੇ ਮੈਂ ਉੱਤਰ ਦਿੱਤਾ ਸੀ, ਨਹੀਂ ...... ਇਹ ਕਵਿਤਾ ਹੈ ਜੋ ਮੈਂ ਉਸ ਸਮੇਂ ਸੋਚ ਰਿਹਾ ਸੀ, ਤੇ ਇਹ ਉਸ ਸਮੇਂ ਦਾ ਸੁੰਦਰ ਤੇ ਚੰਗਾ ਖ਼ਿਆਲ ਪੇਸ਼ ਕਰਦੀ ਹੈ।

**ਜਦੋਂ ਬਿਰਖਾਂ ਦੀਆਂ ਟਾਹਣੀਆਂ ਸੁਣਦੀਆਂ ਨੇ**
**ਕੁਹਾੜੇ ਦੀਆਂ ਪਹਿਲੀਆਂ ਸੱਟਾਂ ਨੂੰ**
**ਉਸੇ ਹੀ ਸਵੇਰ ਨੂੰ**
**ਉਸੇ ਹੀ ਸਵੇਰ ਨੂੰ**
**ਹੁਕਮ ਮੇਰੇ ਕੰਨਾਂ ਤੀਕ ਅੱਪੜਦੇ ਨੇ।**
**ਠੀਕ ਉਸੇ ਹੀ ਘੜੀ**
**ਪੁਰਾਣੀਆਂ ਯਾਦਾਂ ਆਣ ਝੁਰਮਟ ਪਾਉਂਦੀਆਂ ਨੇ।**
**ਸੋਚਿਆ, ਮੈਂ ਮਰ ਗਿਆ ਹਾਂ**
**ਹਉਕਿਆਂ ਵਾਂਗ**
**ਸਿਮ੍ਰਿਤੀਆਂ ਦਾ ਹੜ੍ਹ ਮਨ ਉੱਤੇ ਭਾਰੂ ਹੋ ਜਾਂਦਾ ਹੈ**
**ਭਲਕ, ਜੋ ਵਾਪਸ ਨਹੀਂ ਪਰਤੇਗਾ**
**ਇਸਦਾ, ਉਸ ਪਲ ਸਿਰਫ਼ ਤ੍ਰਿਸ਼ਨਾ ਹੀ ਰਹਿ ਜਾਂਦਾ ਹੈ**
**ਤੇ ਆਸ-ਉਮੀਦ?**
**ਇਹ ਵੀ ਖ਼ਤਮ ਹੋ ਗਈ ਸੀ**
**ਪਰ ਮੈਨੂੰ ਰਤੀ ਭਰ ਵੀ ਅਫ਼ਸੋਸ ਨਹੀਂ**
**ਕਿ ਫੌਜੀ ਗਾਰਦ ਮੇਰੀ ਉਡੀਕ ਕਰ ਰਹੀ ਸੀ।**

ਤੇ ਤੱਕੋ ਜਿੱਥੋਂ ਤੀਕ ਮੈਨੂੰ ਪਤਾ ਹੈ, ਤਿੰਨ ਲੇਖਕ ਹਨ, ਜਿਨ੍ਹਾਂ ਨੇ ਇਸ ਅਵਸਥਾ ਨੂੰ ਉਸ ਤਰ੍ਹਾਂ ਬਿਆਨ ਕੀਤਾ ਹੈ। ਜਿਵੇਂ ਮੈਂ ਅਨੁਭਵ ਕੀਤਾ ਸੀ। ਇੱਕ ਹੈ 'ਬੁੱਧੂ' ਨਾਵਲ ਵਿਚ ਦਾਸਤੋਵਸਕੀ। ਦੂਸਰਾ ਹੈ 'ਅਜਨਬੀ' ਵਿਚ ਕਾਮੂ। ਤੀਜਾ ਹੈ 'ਕਜ਼ਾਨਜਾਕਸ' ਕਿਤਾਬ ਵਿਚ ਜਿੱਥੇ ਉਹ ਈਸਾ ਦੀ ਮੌਤ ਬਾਰੇ ਦੱਸਦਾ ਹੈ। ਜੋ ਕੁਝ ਦਾਸਤੋਵਸਕੀ ਕਹਿੰਦਾ ਹੈ, ਉਸਦਾ ਮੈਨੂੰ ਪਤਾ ਸੀ ਤੇ ਮੈਂ 'ਬੁੱਧੂ' ਨਾਵਲ ਵਿਚ ਪੜ੍ਹਿਆ ਸੀ। ਪਰ ਮੈਂ 'ਅਜਨਬੀ' ਨਾਵਲ ਨਹੀਂ ਪੜ੍ਹਿਆ ਤੇ ਜਦੋਂ ਮੈਂ ਪੜ੍ਹਿਆ,

ਬਹੁਤ ਪਿੱਛੋਂ ਜਾ ਕੇ, ਬੋਆਤੀ ਵਿਚ, ਤਾਂ ਇਸਨੇ ਪਤਾ ਲੱਗਣ ਉੱਤੇ ਮੈਨੂੰ ਪ੍ਰੇਸ਼ਾ
ਕੀਤਾ ਕਿ ਮੈਂ ਵੀ ਉਹੀ ਕੁਝ ਅਨੁਭਵ ਕੀਤਾ ਸੀ ਜਦੋਂ ਮੈਂ ਫਾਂਸੀ ਦੀ ਘੜੀ ਉਡੀ
ਰਿਹਾ ਸੀ। ਅਰਥਾਤ, ਉਹ ਸਭ ਗੱਲਾਂ ਜੋ ਤੁਸੀਂ ਕਰਨਾ ਚਾਹੁੰਦੇ ਹੋ, ਜਦੋਂ ਉ
ਤੁਹਾਡਾ ਸਿਰ ਕਲਮ ਕਰਨ ਵਾਲੇ ਸਨ। ਮਿਸਾਲ ਵਜੋਂ ਕਵਿਤਾ ਲਿਖਣਾ, ਚਿੱ
ਜਾਂ ਕੋਈ ਕਿਤਾਬ ਪੜ੍ਹਨੀ, ਤੇ ਉਸ ਕੋਠੜੀ ਵਿਚ ਆਪਣੇ ਲਈ ਛੋਟਾ ਜਿ
ਜੀਵਨ ਰਚਣਾ। ਇੱਕ ਅਸਚਰਜ ਜ਼ਿੰਦਗੀ ਕਿਉਂਕਿ ਇਹ ਜ਼ਿੰਦਗੀ ਹੈ, ਪਰ ਮੈ
ਕਜਾਨਜ਼ਾਕਸ ਦਾ ਬਿਰਤਾਂਤ ਪੜ੍ਹਕੇ ਖ਼ਾਸ ਤੌਰ ਤੇ ਪ੍ਰੇਸ਼ਾਨ ਹੋਇਆ ਸੀ, ਜਿੱਥੇ ਉ
ਈਸਾ ਦੀ ਮੌਤ ਬਾਰੇ ਲਿਖਦਾ ਹੈ। ਉਸ ਕਿਤਾਬ ਵਿਚ ਇੱਕ ਘੜੀ ਆਉਂਦੀ ਹੈ ਜਦੋ
ਈਸਾ ਸੂਲੀ ਉੱਤੇ ਅੱਖਾਂ ਮੀਟਦਾ ਹੈ ਤੇ ਸੌਂ ਜਾਂਦਾ ਹੈ ਤੇ ਜੀਵਨ ਦਾ ਇੱਕ ਸੁਪਨ
ਲੈਂਦਾ ਹੈ। ਕਿ ...... ਪਰ ਮੈਂ ਉਸ ਘੜੀ ਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ। ਇ
ਬਾਰੇ ਗੱਲਾਂ ਕਰਨੀਆਂ ਸ਼ੋਭਾ ਨਹੀਂ ਦਿੰਦਾ।

? : **ਇਸ ਨਾਲ ਫ਼ਰਕ ਨਹੀਂ ਪੈਂਦਾ, ਕਿਉਂਕਿ ਮੈਂ ਕਿਸੇ ਤਰ੍ਹਾਂ ਨਾਲ ਸਮਝ ਗਈ ਹਾਂ ਕਿ ਤੁਸੀ ਇੱਕ ਔਰਤ ਨਾਲ ਪਿਆਰ ਕਰਨ ਦਾ ਸੁਪਨਾ ਵੇਖ ਰਹੇ ਸੀ। ਕਜ਼ਾਨਜ਼ਾਕਸ ਦੀ ਪੁਸਤਕ ਵਿਚ, ਈਸਾ ਲਾਜ਼ਾਰੁਸ ਦੀਆਂ ਭੈਣਾਂ ਮਾਰਥਾ ਤੇ ਮੇਰੀ ਨਾਲ ਪਿਆਰ ਕਰਨ ਬਾਰੇ ਸੁਪਨਾ ਲੈਂਦਾ ਹੈ। ਹਾਂ ..... ਦਸ ਮਿੰਟ ਦੀ ਨੀਂਦ ਤਾਂ ਕਿ ਉਹ ਜੀਵਨ ਦਾ ਸੁਪਨਾ ਵੇਖ ਸਕੇ। ਇਹ ਬਿਲਕੁਲ ਏਸੇ ਹੀ ਤਰ੍ਹਾਂ ਹੈ। ਇਸੇ ਤਰ੍ਹਾਂ ਸੁੰਦਰ। ਪਰ ਤੁਸਾਂ ਬਾਕੀ ਦੀ ਰਾਤ ਕਿਵੇਂ ਗੁਜ਼ਾਰੀ?**

– : ਕਾਲ-ਕੋਠੜੀ ਖਾਲੀ ਸੀ, ਬਿਨਾਂ ਚਟਾਈ ਤੋਂ। ਉਹਨਾਂ ਨੇ ਮੇਰੇ ਲਈ ਫਰਸ਼ ਉੱਤੇ ਕੰਬਲ ਸੁੱਟ ਦਿੱਤਾ ਸੀ ਤੇ ਬੱਸ। ਮੇਰੇ ਹੱਥ ਬੰਨ੍ਹੇ ਹੋਏ ਸਨ। ਸਦਾ ਹੀ ਬੰਨ੍ਹੇ ਹੱਥ। ਮੈਂ ਕੁਝ ਸਮੇਂ ਲਈ ਬੱਧੇ ਹੱਥਾਂ ਨਾਲ ਲੇਟਿਆ ਰਿਹਾ, ਫਿਰ ਮੈਂ ਉੱਠ ਖਲੋਤਾ ਤੇ ਪਹਿਰੇਦਾਰ ਨਾਲ ਗੱਲਾਂ ਕਰਨ ਲੱਗ ਪਿਆ। ਮੇਰੇ ਪਹਿਰੇਦਾਰ ਤਿੰਨ ਛੋਟੇ ਅਫਸਰ ਸਨ। ਜਵਾਨ ਤੇ ਤਕਰੀਬਨ ਇੱਕੀ ਸਾਲ ਦੇ। ਉਹ ਸੁਹਣੇ ਜਣੇ ਵਿਖਾਈ ਦਿੰਦੇ ਸੀ ਤੇ ਉਹਨਾਂ ਦਾ ਵਿਹਾਰ ਵੈਰੀਆਂ ਵਾਲਾ ਨਹੀਂ ਸੀ। ਅਸਲ ਵਿਚ, ਉਹ ਇੰਝ ਦਿਸਦੇ ਸੀ ਜਿਵੇਂ ਉਹਨਾਂ ਨੂੰ ਮੇਰੇ ਬਾਰੇ ਅਫ਼ਸੋਸ ਹੋਵੇ। ਉਦਾਸ ਕਿ ਹੋਰ ਘੜੀ ਨੂੰ ਮੈਨੂੰ ਗੋਲੀ ਮਾਰ ਦਿੱਤੀ ਜਾਵੇਗੀ। ਉਹਨਾਂ ਨੂੰ ਖੁਸ਼ ਕਰਨ ਲਈ ਮੈਂ ਰਾਜਨੀਤੀ ਬਾਰੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਮੈਂ ਉਹਨਾਂ ਨਾਲ ਇੰਝ ਗੱਲਾਂ ਕੀਤੀਆਂ ਜਿਵੇਂ ਕਿ ਮੈਂ ਕਿਸੇ ਪ੍ਰਦਰਸ਼ਨ ਵੇਲੇ ਵਿਦਿਆਰਥੀਆਂ ਨਾਲ ਗੱਲਾਂ ਕਰ ਰਿਹਾ ਹੋਵਾਂ। ਮੈਂ ਉਹਨਾਂ ਨੂੰ ਖੋਲ੍ਹ ਕੇ ਦੱਸਿਆ ਕਿ ਉਹਨਾਂ ਨੂੰ ਸਿਥਲ ਨਹੀਂ ਰਹਿਣਾ ਚਾਹੀਦਾ ਤੇ ਆਜ਼ਾਦੀ ਲਈ ਲੜਨਾ ਚਾਹੀਦਾ। ਤੇ ਉਹ ਬੜੇ ਸਤਿਕਾਰ ਨਾਲ ਮੈਨੂੰ ਸੁਣਦੇ ਰਹੇ। ਮੈਂ ਇੱਕ ਕਵਿਤਾ ਵੀ ਸੁਣਾਈ, ਜੋ ਮੈਂ ਲਿਖੀ ਸੀ "ਤਿੰਨ ਮੌਤਾਂ"। ਤੂੰ ਜਾਣਦੀ ਹੈ, ਜਿਸ ਨੂੰ



ਥੀਓਡੋਰਾਕੀਸ ਨੇ ਸੰਗੀਤ-ਬੱਧ ਕੀਤਾ ਹੈ। ਜਦ ਮੈਂ ਇਹ ਸੁਣਾ ਰਿਹਾ ਸੀ ਤਾਂ ਉਹਨਾਂ ਨੇ ਇਸ ਨੂੰ ਆਪਣੀਆਂ ਸਿਗਰਿਟ ਦੀਆਂ ਡੱਬੀਆਂ ਉੱਤੇ ਲਿਖ ਲਿਆ। ਫਿਰ ਉਹਨਾਂ ਤਿੰਨਾਂ ਨੂੰ ਡਿਊਟੀ ਤੋਂ ਮੁਕਤ ਕਰਨ ਲਈ, ਹੋਰ ਤਿੰਨ ਆ ਗਏ, ਜਿਹੜੇ ਜਬਰੀ-ਭਰਤੀ ਕੀਤੇ ਹੋਏ ਸਨ। ਉਹਨਾਂ ਵਿਚੋਂ ਇੱਕ ਉਹ ਸੀ, ਜੋ ਗਿਰਜੇ ਦੀ ਭਜਨ-ਮੰਡਲੀ ਵਿਚ ਗਾਉਂਦਾ ਹੁੰਦਾ ਸੀ। ਮੈਂ ਉਹਨਾਂ ਨਾਲ ਇੱਕ ਬੇਕਿਰਕ ਮਖੌਲ ਕੀਤਾ। ਮੈਂ ਉਸਨੂੰ ਕਿਹਾ ਕਿ ਉਹ, ਉਹ ਗੀਤ ਗਾਵੇ ਜੋ ਦਫਨਾਉਣ ਮੌਕੇ ਗਾਇਆ ਜਾਂਦਾ ਹੈ। ਉਸਨੇ ਮੈਨੂੰ ਗਾ ਕੇ ਸੁਣਾਇਆ। ਤੇ ਅਜੇ ਵੀ ਮਖੌਲ ਕਰਦਿਆਂ ਮੈਂ ਉਸਨੂੰ ਆਖਿਆ, "ਇਸਦੇ ਕੁਝ ਸ਼ਬਦ ਮੈਨੂੰ ਪਸੰਦ ਨਹੀਂ ਹਨ ਤੇ ਜਦੋਂ ਤੂੰ ਮੇਰੀ ਦਫਨਾਉਣ ਦੀ ਰਸਮ ਤੇ ਇਹ ਗਾਵੇਂ ਤਾਂ ਤੂੰ ਇਹ ਨਾ ਬੋਲੀਂ। ਮਿਸਾਲ ਵਜੋਂ ਤੂੰ ਮੈਨੂੰ 'ਮਾਲਕ' ਦਾ ਸੇਵਾਦਾਰ ਨਾ ਆਖੀਂ। ਕੋਈ ਆਦਮੀ ਵੀ ਕਿਸੇ ਦਾ ਨੌਕਰ ਨਹੀਂ ਹੈ। ਨਾ ਹੀ ਕੋਈ ਕਿਸੇ ਦਾ ਨੌਕਰ ਹੋਣਾ ਚਾਹੀਦਾ ਹੈ। "ਮਾਲਕ ਦਾ ਵੀ ਨਹੀਂ" ਤੇ ਉਸਨੇ ਇਕਰਾਰ ਕੀਤਾ ਕਿ ਮੇਰੇ ਵਾਸਤੇ ਉਹ ਐਸੇ ਸ਼ਬਦ ਨਹੀਂ ਗਾਵੇਗਾ। ਉਹ ਮੈਨੂੰ ਪ੍ਰਮਾਤਮਾ ਦਾ ਸੇਵਾਦਾਰ ਨਹੀਂ ਆਖੇਗਾ। ਇੰਝ ਅਸੀਂ ਉਹ ਬੇਕਿਰਕ ਮਖੌਲ ਬੰਦ ਕੀਤਾ ਅਤੇ ਥੀਓਡੋਰੋਕੀਸ ਦੇ ਹੋਰ ਗੀਤ ਗਾਉਂਦੇ ਰਹੇ।

? : **ਐਲੀਕੋਸ........ ਆਦਮੀ ਉਸ ਵੇਲੇ ਕੀ ਅਨੁਭਵ ਕਰਦਾ ਹੈ ਜਦੋਂ ਉਸਨੂੰ ਦੱਸਿਆ ਜਾਂਦਾ ਹੈ ਕਿ ਉਹ ਉਸਨੂੰ ਗੋਲੀ ਮਾਰਨ ਨਹੀਂ ਜਾ ਰਹੇ?**

– : ਉਹਨਾਂ ਨੇ ਮੈਨੂੰ ਕਦੇ ਵੀ ਨਹੀਂ ਦੱਸਿਆ ਸੀ ਕਿ ਮੇਰੀ ਸਜ਼ਾ ਮੁਲਤਵੀ ਕਰ ਦਿੱਤੀ ਗਈ ਹੈ। ਤਿੰਨ ਸਾਲ ਤੀਕ ਉਹਨਾਂ ਮੈਨੂੰ ਨਹੀਂ ਦੱਸਿਆ। ਅਤੇ ਯੂਨਾਨ ਵਿਚ ਮੌਤ ਦੀ ਸਜ਼ਾ ਦੀ ਮਿਆਦ ਤਿੰਨ ਸਾਲ ਤੀਕ ਹੁੰਦੀ ਹੈ। ਉਹਨਾਂ ਤਿੰਨਾਂ ਸਾਲਾਂ ਵਿਚ ਉਹ ਕਿਸੇ ਘੜੀ ਵੀ ਉਹ ਮੇਰੀ ਕਾਲ-ਕੋਠੜੀ ਦਾ ਬੂਹਾ ਖੋਲ੍ਹ ਕੇ ਕਹਿ ਸਕਦੇ ਸਨ, "ਆ ਚੱਲੀਏ ਪਾਨਾਗਾਊਲੀਸ! ਗੋਲੀ ਮਾਰਨ ਵਾਲਾ ਸੁਕਐਡ ਤੇਰੀ ਉਡੀਕ ਕਰ ਰਿਹਾ ਹੈ।" ਪਹਿਲੀ ਸਵੇਰ ਮੈਂ ਪੰਜ, ਸਾਢੇ ਪੰਜ ਵਜੇ ਆਸ ਕਰ ਰਿਹਾ ਸੀ। ਮੇਰੀ ਕਬਰ ਵੀ ਤਿਆਰ ਸੀ। ਜਦੋਂ ਮੈਂ ਵੇਖਿਆ ਕਿ ਸਾਢੇ ਪੰਜ ਵਜੇ ਦਾ ਟਾਈਮ ਲੰਘ ਗਿਆ ਹੈ, ਛੇ, ਸਾਢੇ ਛੇ, ਸੱਤ ਦਾ ਵੀ, ਤਾਂ ਮੈਨੂੰ ਸ਼ੱਕ ਹੋਣ ਲੱਗ ਪਿਆ ਕਿ ਕੋਈ ਨਵੀਂ ਗੱਲ ਹੋਣ ਵਾਲੀ ਹੈ। ਪਰ ਮੈਂ ਨਹੀਂ ਸੋਚਿਆ ਕਿ ਫਾਂਸੀ ਰੋਕ ਦਿੱਤੀ ਗਈ ਹੈ। ਮੇਰਾ ਖ਼ਿਆਲ ਸੀ ਕਿ ਇਹ ਕੁਝ ਘੰਟਿਆਂ ਲਈ ਪਿੱਛੇ ਪਾ ਦਿੱਤੀ ਗਈ ਹੈਂ। ਸੰਭਵ ਹੈ ਹੈਲੀਕਾਪਟਰ ਰੁਕ ਗਿਆ ਹੋਵੇ, ਸ਼ਾਇਦ ਸਜ਼ਾ ਦਾ ਕੰਮ ਕਿਸੇ ਲਾਲ ਫੀਤੀ ਕਾਰਨ ਅਟਕ ਗਿਆ ਹੋਵੇ।.... ਫਿਰ ਕੋਈ ਅੱਠ ਵਜੇ, ਸੁਕਐਡ ਮੇਰੀ ਕੋਠੜੀ ਨੇੜੇ ਆਇਆ ਤੇ ਮੈਂ ਆਪਣੇ ਆਪ ਨੂੰ ਆਖਿਆ, "ਹੁਣ ਅਸੀਂ ਚਾਲੇ ਪਾਉਣੇ ਹਨ।" ਪਰ ਕਿਸੇ ਨੇ ਹੁਕਮ ਦਿੱਤਾ ਤੇ ਮੌਤ ਜਥਾ ਖਿੰਡ ਪੁੰਡ ਗਿਆ। ਠੀਕ ਉਸੇ ਪਲ

ਉਹਨਾਂ ਮੈਨੂੰ ਦੱਸਿਆ ਕਿ ਉਸ ਸਵੇਰ ਉਹ ਮੈਨੂੰ ਗੋਲੀ ਨਹੀਂ ਮਾਰਨਗੇ, ਕਿਉਂਕਿ ਉਸ ਦਿਨ 'ਕੰਵਾਰੀ' ਨੂੰ ਪੇਸ਼ ਕਰਨ ਦੀ ਰਸਮ ਸੀ, ਇਸ ਲਈ ਫਾਂਸੀ ਨਹੀਂ ਦਿੱਤੀ ਜਾਵੇਗੀ। ਉਹ ਮੈਨੂੰ 22 ਨਵੰਬਰ ਨੂੰ ਅਗਲੇ ਦਿਨ ਗੋਲੀ ਮਾਰਨਗੇ।

ਮੈਂ ਅਗਲੀ ਸਵੇਰ ਦੀ ਉਡੀਕ ਕਰਨ ਲੱਗਾ ਤੇ ਅਗਲੀ ਰਾਤ ਵੀ ਪਹਿਲੀ ਰਾਤ ਵਾਂਗੂੰ ਹੋਇਆ ਤੇ ਸਵੇਰ ਨੂੰ ਮੈਂ ਫਿਰ ਤਿਆਰ ਸੀ। ਇੱਕ ਅਫ਼ਸਰ ਆਇਆ ਤੇ ਆਖਣ ਲੱਗਾ "ਮੁਆਫ਼ੀ ਲਈ ਦਸਤਖ਼ਤ ਕਰ ਦੇ ਤੇ ਤੈਨੂੰ ਗੋਲੀ ਨਹੀਂ ਮਾਰੀ ਜਾਵੇਗੀ।" ਮੈਂ ਇਨਕਾਰ ਕਰ ਦਿੱਤਾ, ਜਿਵੇਂ ਕਿ ਮੈਂ ਕਰਦਾ ਹੁੰਦਾ ਸੀ। ਮੈਂ ਇੱਕ ਹੋਰ ਅਫਸਰ ਨੂੰ ਬਾਹਰਵਾਰ ਸਿਪਾਹੀਆਂ ਨੂੰ ਇੱਕ ਖ਼ਰਵਾ ਹੁਕਮ ਦਿੰਦੇ ਸੁਣਿਆ ਤੇ ਮੈਂ ਸੋਚਿਆ। ਇਸ ਵਾਰ ਅਸੀਂ ਚਾਲੇ ਪਾਵਾਂਗੇ। ਇਸ ਦੀ ਥਾਂ ਕੁਝ ਵੀ ਨਾ ਹੋਇਆ ਤੇ ਬਾਅਦ ਦੁਪਹਿਰ ਉਹ ਮੈਨੂੰ ਈਜੀਨਾ ਤੋਂ ਦੂਰ ਲੈ ਗਏ। ਉਹ ਮੈਨੂੰ ਫੌਜੀ ਬੰਦਰਗਾਹ ਤੇ ਲੈ ਗਏ। ਗਸ਼ਤ ਕਰਨ ਵਾਲੀ ਬੇੜੀ ਨੰਬਰ ਪੀ-21 ਵਿਚ ਉਹ ਮੈਨੂੰ ਮਿਲਟਰੀ ਪੁਲਸ ਕੋਲ ਲੈ ਗਏ। ਉਸ ਥਾਂ ਤੇਲ ਸੀ ਜਿੱਥੇ ਮੇਰੀ ਤਫਤੀਸ਼ ਕੀਤੀ ਗਈ ਸੀ। ਉੱਥੇ ਇੱਕ ਅਫਸਰ ਸੀ, ਜਿਸਨੇ ਮੈਨੂੰ ਕਿਹਾ, "ਪਾਨਾਗਾਊਲੀਸ, ਅਖ਼ਬਾਰਾਂ ਨੇ ਪਹਿਲਾਂ ਹੀ ਤੇਰੀ ਫਾਂਸੀ ਦੀਆਂ ਖ਼ਬਰਾਂ ਛਾਪ ਦਿੱਤੀਆਂ ਹਨ। ਹੁਣ ਅਸੀਂ ਜਿਵੇਂ ਚਾਹੀਏ, ਤੇਰੀ ਤਫਤੀਸ਼ ਕਰ ਸਕਦੇ ਹਾਂ। ਅਸੀਂ ਜਿਵੇਂ ਚਾਹੀਏ ਤੈਨੂੰ ਬਕਵਾ ਸਕਦੇ ਹਾਂ ਤੇ ਤੂੰ ਸਾਡੇ ਤਸੀਹਿਆਂ ਕਾਰਨ ਮਰ ਜਾਵੇਂਗਾ। ਕਿਸੇ ਨੂੰ ਪਤਾ ਨਹੀਂ ਲੱਗੇਗਾ ਕਿਉਂਕਿ ਹਰ ਕੋਈ ਸਮਝਦਾ ਹੈ ਕਿ ਤੈਨੂੰ ਫਾਂਸੀ ਚਾੜ੍ਹਿਆ ਜਾ ਚੁੱਕਾ ਹੈ।"

ਇਹ ਇੱਕ ਬਦਨੀਤੀ ਵਾਲੀ ਧਮਕੀ ਸੀ। ਪਰ ਉਹਨਾਂ ਉਸ ਦਿਨ ਮੈਨੂੰ ਤਸੀਹੇ ਨਹੀਂ ਦਿੱਤੇ। ਤੇਈ ਨਵੰਬਰ ਸਵੇਰ ਨੂੰ ਉਹਨਾਂ ਮੈਨੂੰ ਕਾਰ ਵਿਚ ਬਿਠਾਇਆ ਤੇ ਕਿਹਾ, "ਪਾਨਾਗਾਊਲੀਸ, ਹੁਣ ਸਾਨੂੰ ਬੇਵਕੂਫ ਨਾ ਬਣਾ। ਅਸੀਂ ਤੈਨੂੰ ਮਾਰਨ ਲੈ ਚੱਲੇ ਹਾਂ।" ਇਸਦੀ ਥਾਂ ਉਹ ਮੈਨੂੰ ਬੋਆਤੀ ਜੇਲ੍ਹ ਵਿਚ ਲੈ ਗਏ।

? : **ਐਲੀਕਾਸ, ਮੈਂ ਹੈਰਾਨ ਹੁੰਦੀ ਹਾਂ ਕਿ ਪੰਜ ਸਾਲ ਇਕੱਲੇ ਰਹਿ ਕੇ, ਤੇ ਸੀਮਿੰਟ ਦੇ ਸੰਦੂਕ ਵਿਚ ਰਹਿ ਕੇ, ਜੋ ਇੱਕ ਬਿਸਤਰੇ ਨਾਲੋਂ ਬਹੁਤਾ ਚੌੜਾ ਨਹੀਂ ਸੀ, ਤੂੰ ਆਪਣੇ ਮਨ ਨੂੰ ਸਾਫ਼ ਰੱਖਿਆ। ਤੂੰ ਇਹ ਕਿਵੇਂ ਕੀਤਾ?**

- : ਸਿਰਫ਼ ਹਾਰ ਖਾ ਜਾਣ ਦੇ ਖ਼ਿਆਲ ਨੂੰ ਰੱਦ ਕਰਕੇ। ਨਾਲ ਹੀ ਮੈਂ ਕਦੇ ਵੀ ਹਾਰ ਖਾਣ ਨੂੰ ਮਹਿਸੂਸ ਨਹੀਂ ਕੀਤਾ। ਇਹੀ ਕਾਰਨ ਹੈ ਕਿ ਮੈਂ ਕਦੇ ਲੜਾਈ ਲੜਨੀ ਨਹੀਂ ਤਿਆਗੀ। ਹਰ ਰੋਜ਼ ਇੱਕ ਨਵੀਂ ਲੜਾਈ ਹੁੰਦੀ ਹੈ। ਮੈਂ ਕਦੇ ਆਪਣੇ ਆਪ ਨੂੰ ਸਿਥਲਤਾ ਦਾ ਸ਼ਿਕਾਰ ਨਹੀਂ ਹੋਣ ਦਿੱਤਾ। ਮੈਂ ਆਪਣੇ ਲਿਤਾੜੇ ਲੋਕਾਂ ਬਾਰੇ ਸੋਚਣਾ ਸੀ ਤੇ ਮੇਰਾ ਗੁੱਸਾ ਤਾਕਤ ਵਿਚ ਬਦਲ ਜਾਂਦਾ ਸੀ। ਇਹੀ ਸ਼ਕਤੀ ਸੀ, ਜਿਹੜੀ ਮੈਨੂੰ ਬਚ ਨਿਕਲਣ ਦੇ ਨਵੇਂ ਤਰੀਕੇ ਸੋਚਣ ਵਿਚ ਸਹਾਇਤਾ ਕਰਦੀ ਸੀ। ਮੈਂ



ਸਿਰਫ਼ ਬਚ ਨਿਕਲਣ ਲਈ ਬਚਣਾ ਨਹੀਂ ਚਾਹੁੰਦਾ ਸੀ, ਮੇਰਾ ਇਹ ਅਰਥ ਸੀ ਕਿ ਜੇਲ੍ਹ ਵਿਚ ਨਹੀਂ ਬੈਠੇ ਰਹਿਣਾ। ਮੈਂ ਆਪਣੇ ਸੰਘਰਸ਼ ਨੂੰ ਜਾਰੀ ਰੱਖਣ ਲਈ ਬਚ ਨਿਕਲਣਾ ਚਾਹੁੰਦਾ ਸੀ ਤਾਂਕਿ ਆਪਣੇ ਸਾਥੀਆਂ ਵਿਚ ਦੁਬਾਰਾ ਸ਼ਾਮਿਲ ਹੋਵਾਂ। ਮੈਂ ਸੰਘਰਸ਼ ਵਿਚ ਇਸ ਕਾਰਨ ਸ਼ਾਮਿਲ ਹੋਇਆ ਸੀ ਕਿ ਆਪਣਾ ਸਭ ਕੁਝ ਕੁਰਬਾਨ ਕਰ ਦੇਵਾਂ ਤੇ ਮੈਨੂੰ ਨਿਰਾਸਤਾ ਇਸ ਯਕੀਨ ਵਿਚ ਉਪਜਦੀ ਸੀ ਕਿ ਮੈਂ ਬੜਾ ਥੋੜ੍ਹਾ ਕੁਝ ਦੇ ਸਕਿਆ ਹਾਂ ਕਿ ਮੈਂ ਬਹੁਤ ਘੱਟ ਕੰਮ ਕੀਤਾ ਹੈ।

ਜਦੋਂ ਯੂਨਾਨ ਤਾਨਾਸ਼ਾਹੀ ਅਧੀਨ ਆ ਗਿਆ ਤਾਂ ਮੈਂ ਆਪਣੇ ਦੋਸਤਾਂ ਨੂੰ ਆਖਿਆ, "ਮੇਰੀ ਇੱਕੋ ਹੀ ਤਮੰਨਾ ਹੈ ਕਿ ਮੈਂ ਆਪਣਾ ਜੀਵਨ ਤਾਨਾਸ਼ਾਹੀ ਦੇ ਖ਼ਾਤਮੇ ਲਈ ਲਾ ਦੇਵਾਂ ਤੇ ਮੇਰੀ ਇੱਕੋ ਹੀ ਇੱਛਾ ਹੈ ਕਿ ਮੈਂ ਇਸ ਲੜਾਈ ਵਿਚ ਮਰਨ ਵਾਲਾ ਆਖ਼ਰੀ ਸ਼ਖ਼ਸ਼ ਹੋਵਾਂ। ਇਹ ਨਹੀਂ ਕਿ ਮੈਂ ਦੂਜਿਆਂ ਨਾਲੋਂ ਜ਼ਿਆਦਾ ਦੇਰ ਤੀਕ ਜਿਊਂਦਾ ਰਹਾਂ, ਸਗੋਂ ਦੂਜਿਆਂ ਨਾਲੋਂ ਜ਼ਿਆਦਾ ਕੁਝ ਦੇ ਸਕਾਂ।" ਤੇ ਅੱਜ ਪੂਰੀ ਸੁਹਿਰਦਤਾ ਦੇ ਨਾਲ, ਮੈਂ ਉਹੀ ਗੱਲ ਆਪਣੇ ਮਿੱਤਰਾਂ ਨੂੰ ਕਹਿ ਸਕਦਾ ਹਾਂ ਤੇ ਮੈਨੂੰ ਕੋਈ ਪ੍ਰਵਾਹ ਨਹੀਂ ਜੇ ਸਾਡੇ ਵੈਰੀਆਂ ਨੂੰ ਇਸਦਾ ਪਤਾ ਲੱਗੇ। ਸਗੋਂ ਇਸਦੇ ਉਲਟ, ਮੈਂ ਯਕੀਨਨ ਆਪਣੇ ਆਪ ਨੂੰ ਧੋਖਾ ਨਹੀਂ ਦਿੰਦਾ ਕਿ ਮੈਂ ਉਸ ਦਿਨ ਜ਼ਿੰਦਾ ਹੋਵਾਂਗਾ, ਜਦੋਂ ਜਿੱਤ ਦੇ ਜਸ਼ਨ ਮਨਾਏ ਜਾਣਗੇ, ਸਗੋਂ ਮੈਂ ਆਪਣੇ ਦਿਲ ਦੇ ਪੂਰੇ ਭਰੋਸੇ ਨਾਲ ਆਖਦਾ ਹਾਂ ਕਿ ਉਹ ਦਿਵਸ ਅਵੱਸ਼ ਮਨਾਇਆ ਜਾਵੇਗਾ ਤੇ ਉਸ ਦਿਨ ਦੇ ਆਉਣ ਲਈ, ਮੈਨੂੰ ਨਿਰੰਤਰ ਲੜਦੇ ਰਹਿਣਾ ਚਾਹੀਦਾ, ਤੇ ਬਚ ਨਿਕਲਣ ਦੇ ਖ਼ਿਆਲ ਨੇ ਮੈਨੂੰ ਉਹਨਾਂ ਪੰਜਾਂ ਸਾਲਾਂ ਵਿਚ ਸਨਕੀ ਹੋਣ ਤੋਂ ਬਚਣ ਵਿਚ ਸਹਾਇਤਾ ਕੀਤੀ ਹੈ।

? : **ਐਪਰ ਤੁਸੀਂ ਉਸ ਮਕਬਰੇ ਵਿਚੋਂ ਬਚ ਨਿਕਲਣ ਦੀ ਯੋਜਨਾ ਕਿਵੇਂ ਬਣਾਈ?**

- : ਸਭ ਤੋਂ ਨਾ-ਮੰਨਣਯੋਗ ਢੰਗਾਂ ਰਾਹੀਂ। ਸਭ ਤੋਂ ਪਹਿਲਾਂ ਮੈਂ ਆਪਣੇ ਸਾਥੀਆਂ ਨੂੰ ਸੰਦੇਸ਼ ਭੇਜਣ ਦਾ ਰਾਹ ਸੋਚਿਆ ...... ਇਹ ਸੋਚਦੇ ਹੋਏ ਕਿ ਮੇਰੇ ਬਚ ਨਿਕਲਣ ਦੀ ਸਫਲਤਾ ਦੀ ਸੰਭਾਵਨਾ ਘੱਟ ਹੈ, ਪਰ ਇਸ ਖ਼ਿਆਲ ਨੇ ਮੇਰਾ ਖਹਿੜਾ ਨਹੀਂ ਛੱਡਿਆ। ਕਦੇ ਵੀ ਨਹੀਂ। ਮੇਰਾ ਅਸੂਲ ਸੀ ਤੇ ਜੋ ਅੱਜ ਵੀ ਹੈ ਕਿ ਸਿਥਲਤਾ ਦਾ ਸ਼ਿਕਾਰ ਹੋਣ ਨਾਲੋਂ ਅਸਫਲ ਹੋ ਜਾਣਾ ਬਿਹਤਰ ਹੈ। ਹੁਣ ਮੈਂ ਤੈਨੂੰ ਉਹਨਾਂ ਦੋ ਯਤਨਾਂ ਬਾਰੇ ਦੱਸਦਾ ਹਾਂ, ਜੋ ਅਸਫਲ ਹੋ ਗਏ ਪਰ ਉਹ ਹਨ ਬੜੇ ਦਿਲਚਸਪ। ਇੱਕ ਰਾਤ ਪਹਿਰੇਦਾਰਾਂ ਨੇ ਮੇਰੀ ਸੈੱਲ ਦਾ ਬੂਹਾ ਖੋਲ੍ਹਿਆ, ਪਹਿਲਾਂ ਵਾਂਗ ਹੀ ਤੇ ਉਹਨਾਂ ਮੈਨੂੰ ਅੰਦਰ ਨਾ ਤੱਕਿਆ। ਜਿਵੇਂ ਮੇਰਾ ਅਨੁਮਾਨ ਸੀ ਉਹ ਉੱਲੂ ਦੇ ਪੱਠੇ ਘਬਰਾ ਗਏ, ਤੇ ਉਹਨਾਂ ਰੌਲਾ ਪਾਉਣਾ, ਹਉਂਕਣਾ ਤੇ ਇੱਕ ਦੂਜੇ ਉੱਤੇ ਦੂਸ਼ਣ ਲਾਉਣੇ ਸ਼ੁਰੂ ਕਰ ਦਿੱਤੇ ਸਨ। ਮੈਨੂੰ ਕੰਧਾਂ, ਛੱਤ ਉੱਤੇ ਦੇਖਣ ਲੱਗੇ ਤੇ ਉਸ ਥਾਂ ਤੇ ਵੇਖਣ ਬਾਰੇ ਸੋਚਣ

ਦੀ ਥਾਂ, ਜਿੱਥੇ ਕਿ ਮੈਂ ਇੱਕੋ ਇੱਕ ਥਾਂ ਤੇ ਮੰਜੀ ਦੇ ਹੇਠਾਂ ਹੋ ਸਕਦਾ ਸੀ। ਮੈਂ ਮੰਜੀ ਦੇ ਹੇਠਾਂ ਸੀ ਤੇ ਉਹਨਾਂ ਦੀਆਂ ਗੱਲਾਂ ਸੁਣਨਾ ਬੜਾ ਮਜ਼ੇਦਾਰ ਸੀ। "ਤੂੰ ਹੀ ਸੀ, ਜਿਹੜਾ ਸੈੱਲ ਵਿਚ ਸਵੇਰੇ ਆਇਆ ਸੀ।" ਤੇ ਇੱਕ ਹੋਰ ਨੇ ਕਿਹਾ "ਤੂੰ ਹੀ ਸੀ ਜਿਸ ਕੋਲ ਕੁੰਜੀਆਂ ਸਨ।" ਖ਼ੈਰ ਆਓ ਹੁਣ ਲੜੀਏ ਨਾ। ਆਓ ਕੋਸ਼ਿਸ਼ ਕਰੀਏ ਤੇ ਉਸਨੂੰ ਲੱਭੀਏ। ਤੇ ਉਹ ਕਾਲ-ਕੋਠੜੀ ਨੂੰ ਛੱਡ ਚਲੇ ਗਏ ਤੇ ਅਲਾਰਮ ਲਾ ਦਿੱਤਾ ਤੇ ਦਰਵਾਜ਼ੇ ਨੂੰ ਖੁੱਲਾ ਹੀ ਛੱਡ ਦਿੱਤਾ। ਸੋ ਮੈਂ ਸੈੱਲ ਵਿਚੋਂ ਬਾਹਰ ਨਿਕਲਿਆ ਤੇ ਦੂਰ ਤੀਕ ਹਨ੍ਹੇਰੇ ਵਿਚ ਨੱਠਿਆ। ਮੈਂ ਇੱਕ ਰੁੱਖ ਲਾਗੇ ਖਲੋ ਗਿਆ। ਉਸ ਰੁੱਖ ਤੋਂ ਮੈਂ ਦੂਸਰੇ ਰੁੱਖ ਤੇ ਚਲਾ ਗਿਆ। ਫਿਰ ਅੱਗੇ ਰਸੋਈ ਦੇ ਪ੍ਰਛਾਵੇਂ ਤੇ ਫਿਰ ਜੇਲ੍ਹ ਦੀ ਦੀਵਾਰ। ਲੋਕੀ ਵਿਹੜੇ ਵਿਚ ਚੀਕਾਂ ਮਾਰ ਰਹੇ ਸੀ, "ਅਲਾਰਮ, ਬਿਗਲ" ਮੈਂ ਵੀ ਚੀਕਿਆ। ਅਲਾਰਮ ਰੱਦ ਹੋ ਗਿਆ। ਮੈਨੂੰ ਆਸ ਸੀ ਕਿ ਕੋਈ ਸੁਣ ਲਵੇਗਾ ਤੇ ਯਕੀਨ ਕਰ ਲਵੇਗਾ। ਹੁਣ ਸਿਰਫ਼ ਮੇਰੇ ਲਈ ਇੱਕੋ ਹੀ ਕੰਮ ਸੀ ਕਿ ਕੰਧ ਉੱਤੇ ਚੜ੍ਹਾਂ। ਮੈਂ ਅਜੇ ਚੜ੍ਹਨ ਹੀ ਲੱਗਾ ਸੀ ਕਿ ਸਿਪਾਹੀ ਨੇ ਮੈਨੂੰ ਵੇਖ ਲਿਆ ਤੇ ਪਕੜ ਲਿਆ।

**? : ਤੁਸਾਂ ਕਿਵੇਂ ਅਨੁਭਵ ਕੀਤਾ, ਜਦੋਂ ਉਹਨਾਂ ਤੁਹਾਨੂੰ ਫੜ ਲਿਆ?**

– : ਨਿਸ਼ਚੇ ਹੀ ਮੈਂ ਇਸ ਬਾਰੇ ਖੁਸ਼ ਨਹੀਂ ਸੀ। ਪਰ ਮੈਂ ਗੁੱਸੇ ਵਿਚ ਨਹੀਂ ਆਇਆ। ਮੈਂ ਸਿਰਫ਼ ਏਨਾ ਸੋਚਿਆ ਕਿ ਕੋਈ ਫ਼ਰਕ ਨਹੀਂ ਪਿਆ। ਅਗਲੀ ਵਾਰ ਇਸ ਤੋਂ ਵਧੀਆ ਕਰਾਂਗਾ। ਅਗਲੀ ਵਾਰ ਮੈਂ ਸਾਬਣ ਤੋਂ ਬਣੇ ਇੱਕ ਪਿਸਤੌਲ ਨਾਲ ਕੀਤਾ। ਇਹ ਮੈਂ ਹੀ ਬਣਾਇਆ ਸੀ, ਸਾਬਣ ਅਤੇ ਰੋਟੀ ਦੇ ਟੁਕੜੇ ਵਰਤ ਕੇ, ਤੇ ਫਿਰ ਮੈਂ ਇਸਨੂੰ ਸੜੀਆਂ ਹੋਈਆਂ ਡੱਬੀ ਦੀਆਂ ਤੀਲਾਂ ਦੇ ਸਿਰਿਆਂ ਨਾਲ ਕਾਲਾ ਰੰਗ ਕੀਤਾ। ਇੱਕ ਵਕਤ ਇੱਕ ਡੱਬੀ, ਜਿਵੇਂ ਕੋਈ ਬੁਰਸ਼ ਹੁੰਦਾ ਹੈ। ਉਸਦੀ ਨਾਲੀ ਮੈਂ ਸਿਗਰਟ ਦੀਆਂ ਡੱਬੀਆਂ ਦੇ ਟੀਨ ਨਾਲ ਬਣਾਈ ਤੇ ਇਹ ਨਾਲੀ ਲੋਹੇ ਵਰਗੀ ਲਗਦੀ ਸੀ। ਇੱਕ ਰਾਤ ਉਹ, ਆਮ ਵਾਂਗ ਮੇਰੇ ਸੈੱਲ ਵਿਚ, ਮੇਰੀ ਰੋਟੀ ਲੈ ਕੇ ਆਏ ਅਤੇ ਮੈਂ ਆਪਣੇ ਪਿਸਟਲ ਨਾਲ ਉਹਨਾਂ ਤੇ ਨਿਸ਼ਾਨਾ ਬੰਨ੍ਹਿਆ। ਉਹ ਤਿੰਨ ਜਣੇ ਸਨ। ਉਹ ਡਰ ਗਏ ਤੇ ਜਿਸ ਦੇ ਕੋਲ ਰੋਟੀ ਵਾਲੀ ਥਾਲੀ ਸੀ, ਡਿੱਗ ਪਈ। ਦੂਜੇ ਦੋਵੇਂ ਹੈਰਾਨ ਹੋ ਅਹਿੱਲ ਖਲੋ ਗਏ। ਤੇ ਸਾਰੀ ਕਹਾਣੀ ਐਨੀ ਹਾਸੇ ਭਰੀ ਸੀ ਕਿ ਮੈਂ ਹੱਸਣ ਤੋਂ ਬਿਨਾਂ ਨਾ ਰਹਿ ਸਕਿਆ। ਤੁਸੀਂ ਯਕੀਨ ਨਹੀਂ ਕਰਨਾ, ਜੇ ਮੈਂ ਹੱਸਣ ਦੀ ਭਾਵਨਾ ਦਾ ਸ਼ਿਕਾਰ ਨਾ ਹੋ ਜਾਂਦਾ, ਸੰਭਵ ਹੈ ਮੈਂ ਬਚ ਕੇ ਨਿਕਲ ਜਾਣ ਵਿਚ ਸਫਲ ਹੋ ਜਾਂਦਾ। ਪਰ ਮੈਨੂੰ ਐਨੀ ਤਸੱਲੀ ਬੜੀ ਸੀ ਕਿ ਵਾਹਵਾ ਮਖੌਲ ਬਣਿਆ। ਇਹ ਵੀ ਤੇ ਗੱਲ ਹੋਈ ਨਾ।

**? : ਪਰ ਤੁਸੀਂ ਕਿੰਨੀ ਵਾਰ ਬਚ ਕੇ ਨਿਕਲਣ ਦੀ ਕੋਸ਼ਿਸ਼ ਕੀਤੀ ਐਲੀਕੋਸ?**



– : ਕਈ ਵਾਰ, ਮਿਸਾਲ ਵਜੋਂ, ਇੱਕ ਵਾਰ ਚਮਚੇ ਨਾਲ ਮੇਰੀ ਸੈੱਲ ਦੀ ਕੰਧ ਨੂੰ ਪੁੱਟ ਕੇ। ਇਹ ਅਕਤੂਬਰ 1969 ਦਾ ਦਿਨ ਸੀ ਤੇ ਉਸ ਸਮੇਂ ਮੈਂ ਉਹਨਾਂ ਕੋਲੋਂ ਕੋਠੜੀ ਵਿਚ ਟਾਇਲਟ ਅਥਵਾ ਪਖਾਨਾ ਬਣਾਉਣ ਵਿਚ ਸਫਲ ਹੋ ਗਿਆ ਸੀ। ਤੇ ਫਿਰ ਇੱਕ ਭੁੱਖ-ਹੜਤਾਲ ਰਾਹੀਂ ਮੈਂ ਇਸ ਪਖਾਨੇ ਦੇ ਅੱਗੇ ਇੱਕ ਪਰਦਾ ਲਗਵਾਉਣ ਵਿਚ ਸਫਲ ਹੋ ਗਿਆ ਸੀ। ਮੈਂ ਉਹ ਥਾਂ ਇੱਕ ਮੋਰੀ ਕੱਢਣ ਲਈ ਚੁਣੀ ਤੇ ਪਰਦਾ ਇੱਕ ਉਹਲੇ ਦਾ ਕੰਮ ਦਿੰਦਾ ਸੀ। ਮੈਂ ਇਸ ਉੱਤੇ ਘੱਟੋ-ਘੱਟ ਦੋ ਹਫਤੇ ਕੰਮ ਕੀਤਾ ਸੀ ਤੇ 18 ਅਕਤੂਬਰ ਨੂੰ ਸੁਰੰਗ ਤਿਆਰ ਹੋ ਗਈ ਸੀ। ਇਸ ਲਈ ਮੈਂ ਇਸ ਵਿਚੋਂ ਦੀ ਨਿਕਲਣ ਦੀ ਕੋਸ਼ਿਸ਼ ਕੀਤੀ, ਪਰ ਤੋੜ ਤੀਕ ਇਸ ਵਿਚੋਂ ਦੀ ਲੰਘ ਨਾ ਸਕਿਆ, ਕਿਉਂਕਿ ਮੇਰੇ ਗਲ ਵਿਚ ਕਈ ਕੱਪੜੇ ਸਨ। ਮੈਨੂੰ ਉਹ ਗਲੋਂ ਲਾਹੁਣੇ ਪੈਣੇ ਸੀ ਤੇ ਸੁਰੰਗ ਵਿਚੋਂ ਦੀ ਬਾਹਰ ਸੁੱਟ ਕੇ, ਇਸ ਮਘੋਰੇ ਵਿਚ ਦੀ, ਦੁਬਾਰਾ ਬਾਹਰ ਨਿਕਲਣਾ ਸੀ। ਏਸੇ ਕਾਰਨ ਸਾਰੀ ਖੇਡ ਖਰਾਬ ਹੋ ਗਈ। ਇੱਕ ਪਹਿਰੇਦਾਰ ਉਧਰ ਗਿਆ ਤੇ ਉਸ ਕੱਪੜੇ ਵੇਖ ਲਏ ਤੇ ਉਸਨੇ ਬਿਗਲ ਵਜਾ ਦਿੱਤਾ। ਉਹ ਤੁਰੰਤ ਮੇਰੇ ਉੱਤੇ ਝਪਟੇ। ਉਸੇ ਵੇਲੇ ਪੁੱਛ-ਪੜਤਾਲ ਸ਼ੁਰੂ ਹੋ ਗਈ। ਉਹ ਇਹ ਮੰਨਣ ਲਈ ਤਿਆਰ ਨਹੀਂ ਸਨ ਕਿ ਕੰਧ ਵਿਚੋਂ ਦੀ ਮੈਂ ਮਘੋਰਾ ਸਿਰਫ਼ ਇੱਕ ਚਮਚੇ ਨਾਲ ਹੀ ਕੱਢ ਲਿਆ ਸੀ। ਉਹਨਾਂ ਨੇ ਇਹ ਜਾਨਣ ਲਈ ਕਿ ਮੈਂ ਇਹ ਕਿਵੇਂ ਕੀਤਾ ਸੀ, ਮੈਨੂੰ ਤਸੀਹੇ ਦਿੱਤੇ। ਉਹੋ, ਤੁਸੀਂ ਕਲਪਨਾ ਨਹੀਂ ਕਰ ਸਕਦੇ ਕਿ ਉਹਨਾਂ ਮੈਨੂੰ ਕਿਵੇਂ ਤਸੀਹੇ ਦਿੱਤੇ।

ਤਸੀਹੇ ਦੇਣ ਤੋਂ ਬਾਅਦ ਉਹ ਮੈਨੂੰ ਮੇਰੇ ਸੈੱਲ ਵਿਚ ਲੈ ਗਏ ਤੇ ਮੇਰੀ ਮੰਜੀ ਚੁੱਕ ਲਈ। ਮੈਂ ਫਿਰ ਫਰਸ਼ ਤੇ ਸੌਣ ਲੱਗ ਪਿਆ। ਮੇਰੇ ਹੱਥਾਂ ਨੂੰ ਕੜੀਆਂ ਲੱਗੀਆਂ ਹੁੰਦੀਆਂ। ਤੇ ਕੋਲ ਬਸ ਇੱਕ ਕੰਬਲ ਹੁੰਦਾ। ਦੋ ਦਿਨ ਬਾਅਦ ਥੀਓਫਲਾਨਾਕੋਸ ਫਿਰ ਪ੍ਰਗਟ ਹੋਇਆ। "ਤੂੰ ਇਹ ਕਿਵੇਂ ਕੀਤਾ ਸੀ?" ਤੁਸੀਂ ਜਾਣਦੇ ਜੇ ਕੇਵਲ ਇੱਕ ਚਮਚੇ ਨਾਲ। "ਇਹ ਅਸੰਭਵ ਹੈ। ਸੱਚ ਨਹੀਂ ਇਹ।" ਥੀਓ, ਮੈਨੂੰ ਕੀ ਪ੍ਰਵਾਹ ਜੇ ਤੂੰ ਮੰਨਦਾ ਹੈ ਕਿ ਨਹੀਂ? ਇਹ ਹੋਰ ਜ਼ਿਆਦਾ ਕੁੱਟ ਤੇ ਠੁੱਡੇ ਮਾਰਨ ਦਾ ਆਰੰਭ ਸੀ। ਫਿਰ ਦੋ ਹਫਤੇ ਪਿੱਛੋਂ ਇੱਕ ਜਰਨੈਲ ਆਇਆ, ਫੈਡੋਨ ਗਿਜ਼ੀਕੀਸ। ਬੜਾ ਚੰਗਾ ਤੇ ਨਿਰਮਾਣ। ਐਲੀਕੋਸ ਤੂੰ ਸ਼ਿਕਾਇਤ ਨਹੀਂ ਕਰ ਸਕਦਾ, ਜੇ ਉਹਨਾਂ ਤੈਨੂੰ ਹੱਥਕੜੀ ਲਾਈ ਹੋਈ ਹੈ। ਆਖ਼ਰਕਾਰ ਤੂੰ ਇੱਕ ਚਮਚੇ ਨਾਲ ਕੰਧ ਵਿਚ ਮਘੋਰਾ ਕੱਢਿਆ ਸੀ। ਤੇ ਮੈਂ ਆਖਿਆ, 'ਤੁਸੀਂ ਉਹਨਾਂ ਖੁਸਰਿਆਂ ਉੱਤੇ ਇਤਬਾਰ ਨਹੀਂ ਕਰ ਰਹੇ? ਤੁਸੀਂ ਚਮਚੇ ਵਾਲੀ ਕਹਾਣੀ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ। ਆਖ਼ਰਕਾਰ ਕੰਧ ਕੋਈ ਚੌਲਾਂ ਦੀ ਖੀਰ ਅਥਵਾ ਫਿਰਨੀ ਤੇ ਹੈ ਨਹੀਂ।

ਇਸ ਨਾਲ ਉਸਦੀਆਂ ਭਾਵਨਾਵਾਂ ਨੂੰ ਸੱਟ ਵੱਜੀ ਤੇ ਉਸਨੂੰ ਇਸ ਤਰ੍ਹਾਂ ਖਿਝਾਉਣ

ਲਈ , ਮੈਨੂੰ ਦੁਬਾਰਾ ਭੁੱਖ ਹੜਤਾਲ ਤੇ ਜਾਣਾ ਪਿਆ। ਉਹ ਨਾ ਹੀ ਮੇਰੀ ਮੰਜੀ ਵਾਪਸ ਕਰਨ ਨੂੰ ਤਿਆਰ ਸਨ ਤੇ ਨਾ ਹੀ ਮੇਰੀਆਂ ਹੱਥਕੜੀਆਂ ਖੋਲ੍ਹਣ ਨੂੰ। ਹਾਂ, ਉਹਨਾਂ ਮੇਰੀਆਂ ਕੜੀਆਂ ਖੋਲ੍ਹੀਆਂ ਤੇ ਮੇਰੀ ਮੰਜੀ ਉਦੋਂ ਹੀ ਵਾਪਸ ਕੀਤੀ, ਜਦੋਂ ਮੈਂ ਕਾਫ਼ੀ ਦੀਆਂ ਕੁਝ ਘੁੱਟਾਂ ਤੋਂ ਸਿਵਾਏ 47 ਦਿਨ ਕੁਝ ਨਾ ਖਾਧਾ। ਮੈਂ ਇਸ ਬਾਰੇ ਇੱਕ ਕਵਿਤਾ ਵੀ ਲਿਖੀ ਹੈ।

? : **ਕਿਹੜੀ ਕਵਿਤਾ?**

– : ਉਹ ਜਿਸਦਾ ਨਾਂ ਸੀ "ਮੈਂ ਚਾਹੁੰਦਾ ਹਾਂ" ਇਹ ਕੁਝ ਇੰਝ ਸੀ

**ਮੈਂ ਪ੍ਰਾਰਥਨਾ ਕਰਨਾ ਚਾਹੁੰਦਾ ਹਾਂ**
**ਓਨੀ ਹੀ ਸ਼ਕਤੀ ਨਾਲ**
**ਜਿੰਨੀ ਨਾਲ ਮੈਂ ਸਰਾਪ ਦਿੰਦਾ ਹਾਂ**
**ਮੈਂ ਸਜ਼ਾ ਦੇਣੀ ਚਾਹੁੰਦਾ ਹਾਂ**
**ਜਿੰਨੀ ਸ਼ਕਤੀ ਨਾਲ ਮੈਂ**
**ਮੁਆਫ਼ੀ ਦੇਣੀ ਚਾਹੁੰਦਾ ਹਾਂ।**
**ਮੈਂ ਕੁਝ ਦੇਣਾ ਚਾਹੁੰਦਾ ਹਾਂ**
**ਜਿੰਨੀ ਤਾਕਤ ਨਾਲ ਮੈਂ ਸ਼ੁਰੂ ਵਿਚ**
**ਦੇਣਾ ਚਾਹੁੰਦਾ ਸੀ।**
**ਮੈਂ ਜਿੱਤਣਾ ਚਾਹੁੰਦਾ ਹਾਂ**
**ਕਿਉਂਕਿ ਮੈਂ ਜਿੱਤਿਆ ਨਹੀਂ ਜਾ ਸਕਦਾ।**

ਹੁਣ ਮੈਂ ਤੁਹਾਨੂੰ ਇੱਕ ਹੋਰ ਯਤਨ ਬਾਰੇ ਦੱਸਦਾ ਹਾਂ, ਜੋ ਮੈਂ ਫ਼ਰਵਰੀ 1970 ਵਿਚ ਕੀਤਾ ਸੀ। ਜਨਵਰੀ ਵਿਚ ਉਹਨਾਂ ਮੈਨੂੰ ਗੌਡੀ ਨਾਂ ਦੇ ਪੁਲਸ ਟਰੇਨਿੰਗ ਸੈਂਟਰ ਵਿਚ ਤਬਦੀਲ ਕਰ ਦਿੱਤਾ ਤੇ ਨਾਲ ਦੇ ਪਹਿਰੇਦਾਰਾਂ ਵਿਚੋਂ ਇੱਕ ਮੇਰਾ ਮਿੱਤਰ ਸੀ। ਸ਼ੁਰੂ ਤੋਂ ਹੀ ਮੈਂ ਭੱਜਣ ਦੀ ਯੋਜਨਾ ਬਣਾਉਣੀ ਸ਼ੁਰੂ ਕਰ ਦਿੱਤੀ। ਮੇਰੀ ਕਾਲ-ਕੋਠੜੀ ਦੇ ਦੋ ਜੰਦਰੇ ਸਨ। ਮੈਂ ਆਪਣੇ ਮਿੱਤਰ ਨੂੰ ਕਿਹਾ ਕਿ ਉਹ ਮਾਰਕੀਟ ਵਿਚ ਜਾਵੇ ਤੇ ਇਹਨਾਂ ਦੋਵਾਂ ਵਰਗੇ ਜਿੰਨੇ ਸੰਭਵ ਹੋਵੇ, ਜਿੰਦਰੇ ਖਰੀਦ ਲਿਆਵੇ। ਜਿੰਦਰਿਆਂ ਦੇ ਨਾਲ ਚਾਬੀਆਂ ਵੀ। ਉਸਨੇ ਮੇਰੇ ਲਈ ਸੌ ਦੇ ਕਰੀਬ ਖਰੀਦ ਲਿਆਂਦੇ। ਇੱਕ-ਇੱਕ ਕਰਕੇ ਅਸੀਂ ਸਾਰੇ ਹੀ ਪਰਖੇ ਤੇ ਇੱਕ ਸੀ, ਜਿਸਦੀ ਸਾਨੂੰ ਲੋੜ ਸੀ। ਪਰ ਇਸ ਨਾਲ ਸਿਰਫ਼ ਇੱਕ ਜਿੰਦਰਾ ਖੁੱਲ੍ਹਦਾ ਸੀ। ਇਸ ਲਈ ਇੱਕ ਹੋਰ ਲੱਭਣਾ ਪੈਣਾ ਸੀ। ਮੈਂ ਉਸਨੂੰ ਕਿਹਾ ਕਿ ਉਹ ਮੰਡੀ ਵਿਚ ਜਾਵੇ ਤੇ ਹੋਰ ਜਿੰਦਰੇ ਖ੍ਰੀਦੇ। ਉਸਨੇ ਇੰਝ ਹੀ



ਕੀਤਾ ਤੇ ਦੋ ਦਿਨਾਂ ਬਾਅਦ 16 ਫ਼ਰਵਰੀ ਨੂੰ ਉਹ ਮੇਰਾ ਪਹਿਰੇਦਾਰ ਸੀ। ਸਵੇਰੇ ਅੱਠ ਤੋਂ ਗਿਆਰਾਂ ਵਜੇ ਤੀਕ ਤੇ ਰਾਤ ਨੂੰ 10 ਵਜੇ ਤੋਂ ਅੱਧੀ ਰਾਤ ਤੀਕ। ਅਸੀਂ ਸਵੇਰ ਨਵੇਂ ਜਿੰਦਰਿਆਂ ਨੂੰ ਪਰਖਣ ਤੇ ਲਾ ਦਿੱਤੀ। ਅਸੀਂ ਸਵੇਰ ਨਵੇਂ ਜਿੰਦਰਿਆਂ ਦੇ ਪਰਖਣ ਤੇ ਲਾਈ ਤੇ ਇੰਝ ਅਸੀਂ ਦੂਸਰੇ ਜਿੰਦਰੇ ਨੂੰ ਖੋਹਲਣ ਵਾਲੀ ਚਾਬੀ ਲੱਭ ਲਈ।

ਮੈਂ ਖ਼ੁਸ਼ੀ ਵਿਚ ਪਾਗਲ ਹੋ ਗਿਆ। ਮੈਂ ਉਸ ਰਾਤ ਭੱਜ ਜਾਵਾਂਗਾ, ਜਾਂ ਅਸੀਂ ਖਿਸਕ ਜਾਵਾਂਗੇ। ਉਹ ਯਕੀਨੀ ਤੌਰ ਤੇ ਮੇਰੇ ਭੱਜਣ ਬਾਅਦ ਉਥੇ ਟਿਕ ਨਹੀਂ ਸੀ ਸਕਦਾ। ਹਰ ਚੀਜ਼ ਤਿਆਰ ਸੀ। ਅਸਫ਼ਲ ਹੋਣਾ ਅਸੰਭਵ ਲੱਗਦਾ ਸੀ ਤੇ ਇਸ ਦੀ ਥਾਂ ...... ਦੋ ਘੰਟੇ ਲੇਟ ਦੀ ਥਾਂ ਉਹ ਸਵੇਰੇ 11 ਵਜੇ ਮੈਨੂੰ ਲੈਣ ਲਈ ਆਏ ਤੇ ਵਾਪਸ ਬੋਆਤੀ ਲੈ ਗਏ। ਜਿੱਥੇ ਉਹਨਾਂ ਮੇਰੇ ਲਈ ਇੱਕ ਵਿਸ਼ੇਸ਼ ਕਾਲ-ਕੋਠੜੀ ਬਣਾਈ ਹੋਈ ਸੀ। ਇਹ ਕੰਕਰੀਟ ਦੀ ਬਣੀ ਹੋਈ ਸੀ। ਹੁਣ ਮੈਨੂੰ ਸਮਝ ਲੱਗੀ ਕਿ 'ਗਾਉਦੀ' ਵੱਲ ਮੇਰੀ ਰਵਾਨਗੀ ਦਾ ਅਰਥ ਇਹ ਸੀ ਕਿ ਮੇਰੇ ਲਈ ਇੱਕ ਨਵੀਂ ਕੋਠੜੀ ਬਣਾਈ ਜਾਵੇ। ਇੱਕ ਸੁਰੱਖਿਅਤ ਕੋਠੜੀ, ਜਿਸ ਨੂੰ ਬੱਜਰੀ ਪਾ ਕੇ ਮਜਬੂਤ ਕੀਤਾ ਗਿਆ ਸੀ।

? : **ਉਹੀ ਕੋਠੜੀ ਜਿਸ ਵਿਚ ਤੁਸੀਂ ਇੱਕ ਦਿਨ ਪਹਿਲਾਂ ਕੈਦ ਸੀ?**

– : ਹਾਂ, ਉਹੀ ਤੇ ਉਹਨਾਂ ਮੈਨੂੰ ਅੰਦਰ ਦੇ ਕੇ ਜਿੰਦਰਾ ਠੋਕ ਦਿੱਤਾ। ਇਸ ਸੈੱਲ ਵਿਚੋਂ ਪਹਿਲੀ ਵਾਰ ਮੈਂ 2 ਜੂਨ 1971 ਨੂੰ ਭੱਜਣ ਦੀ ਕੋਸ਼ਿਸ਼ ਕੀਤੀ। ਫਿਰ ਉਹਨਾਂ ਮੈਨੂੰ ਦੁਬਾਰਾ ਮਿਲਟਰੀ ਟਰੇਨਿੰਗ ਸੈਂਟਰ ਵਿਚ ਤਬਦੀਲ ਕਰ ਦਿੱਤਾ। ਪਰ ਉੱਥੇ ਵੀ ਮੈਂ 30 ਅਗਸਤ ਨੂੰ ਭੱਜਣ ਦੀ ਕੋਸ਼ਿਸ਼ ਕੀਤੀ। ਉਸ ਭੱਜਣ ਨੂੰ ਬਹੁਤ ਪਬਲਿਸਿਟੀ ਮਿਲੀ, ਕਿਉਂਕਿ ਇਸ ਵਿਚ ਲੇਡੀ ਫਲੈਮਿੰਗ ਵੀ ਸੰਬੰਧਤ ਸੀ ਤੇ ਪਿੱਛੋਂ ਇਸ ਉੱਤੇ ਮੁਕੱਦਮਾ ਚੱਲਿਆ। ਤੁਸੀਂ ਵੇਖਦੇ ਜੇ ਕਿ ਭੇਤ ਇਹ ਹੈ ਕਿ ਮੈਂ ਕਦੇ ਹਾਰ ਨਹੀਂ ਮੰਨਣੀ, ਕਦੇ ਆਪਣੇ ਆਪ ਨੂੰ ਬਲੀ ਦਾ ਬੱਕਰਾ ਨਹੀਂ ਸਮਝਣਾ ਤੇ ਨਾ ਹੀ ਇਸ ਵਾਂਗੂੰ ਵਿਹਾਰ ਕਰਨਾ ਹੈ। ਮੈਂ ਕਦੇ ਆਪਣੇ ਆਪ ਨੂੰ ਬੱਕਰਾ ਨਹੀਂ ਸਮਝਿਆ, ਉਦੋਂ ਵੀ ਨਹੀਂ ਜਦੋਂ ਮੈਂ ਭੁੱਖ ਹੜਤਾਲਾਂ ਉੱਤੇ ਹੁੰਦਾ ਸੀ। ਮੈਂ ਸਦਾ ਹੀ ਭੱਜ ਜਾਣ ਦੇ ਨਵੇਂ ਖ਼ਿਆਲਾਂ ਬਾਰੇ ਸੋਚਦਾ ਰਹਿੰਦਾ ਸੀ ਤੇ ਹਮੇਸ਼ਾਂ ਚੰਗੇ ਰੌਂਅ ਵਿਚ ਵਿਖਾਲੀ ਦਿੰਦਾ ਹੁੰਦਾ ਸੀ ਤੇ ਜਾਂ ਫਿਰ ਚੜ੍ਹਤ ਵਿਚ। ਜਦੋਂ ਮੈਂ ਗ਼ਮ ਵਿਚ ਮਰ ਰਿਹਾ ਹੁੰਦਾ ਸੀ.... ਗ਼ਮ... ਇਕੱਲਤਾ। ਮੈਂ ਇਸ ਬਾਰੇ ਆਪਣੀਆਂ ਕਵਿਤਾਵਾਂ ਦੀ ਕਿਤਾਬ ਵਿਚ ਵੀ ਜ਼ਿਕਰ ਕੀਤਾ ਹੈ, ਜਿਸ ਨੂੰ ਵਾਰੀਗੀਓ ਪੁਰਸਕਾਰ ਮਿਲਿਆ ਸੀ। ਵੇਖੋ, ਇਕੱਲਤਾ ਨੂੰ ਕਲਪਣਾ ਨਾਲ ਕਾਬੂ ਕੀਤਾ ਜਾ ਸਕਦਾ ਹੈ। ਆਪਣੇ ਮਨ ਵਿਚ ਮੈਂ ਇਕੱਲਤਾ ਉੱਤੇ ਭਾਰੂ ਹੋਣ ਲਈ ਕਿੰਨੀਆਂ ਜ਼ਿੰਦਗੀਆਂ ਨੂੰ ਜਨਮ ਦਿੱਤਾ ਹੈ। ਤੇ ਕਿੰਨੀ

ਤੀਬਰਤਾ ਨਾਲ ਮੈਂ ਹਰ ਜ਼ਿੰਦਗੀ ਆਪਣੀ ਕਲਪਨਾ ਵਿਚ ਜੀਵੀ ਹੈ।

? : **ਪਰ ਐਲੀਕੋਸ, ਤੂੰ ਇੱਕ ਵਾਰ ਭੱਜਣ ਵਿਚ ਸਫਲ ਹੋ ਗਿਆ ਸੀ?**

– : ਹਾਂ, ਜੋਰਜ ਮੋਰਾਕੀਸ ਨਾਲ, ਜਿਸ ਨੂੰ ਮੇਰੇ ਕਾਰਨ 16 ਸਾਲ ਦੀ ਕੈਦ ਦੀ ਸਜ਼ਾ ਹੋ ਗਈ ਸੀ ਤੇ ਜਿਸਨੂੰ ਇਸ ਆਮ ਮੁਆਫ਼ੀ ਤੋਂ ਵੀ ਲਾਭ ਨਹੀਂ ਹੋਇਆ, ਕਿਉਂਕਿ ਉਹ ਉਸਨੂੰ ਭਗੌੜਾ ਸਮਝਦੇ ਹਨ। ਉਹ ਨੌਜਵਾਨ ਗੈਰ-ਕਮਿਸ਼ੰਡ ਅਫਸਰ ਸੀ, ਜੋਰਜ ਮੋਰਾਕੀਸ ਤੇ ਉਸਨੇ ਆਪ-ਮੁਹਾਰੇ ਮੈਨੂੰ ਸਹਾਇਤਾ ਦੀ ਪੇਸ਼ਕਸ਼ ਕੀਤੀ ਸੀ। ਉਹੋ, ਮੋਰਾਕੀਸ ਨਾਲ ਮੇਰਾ ਭੱਜਣਾ ਕਿੰਨਾ ਆਨੰਦ ਦਾਇਕ ਸੀ। ਮੈਂ ਦਫ਼ੇਦਾਰ ਵਾਂਗ ਵਰਦੀ ਪਾਈ ਹੋਈ ਸੀ ਤੇ ਮੇਰੇ ਹੱਥਾਂ ਵਿਚ ਸਭ ਕੋਠੜੀਆਂ ਦੀਆਂ ਚਾਬੀਆਂ ਫੜੀਆਂ ਹੋਈਆਂ ਸੀ, ਜਦੋਂ ਅਸੀਂ ਆਖ਼ਰੀ ਦਰਵਾਜ਼ੇ ਤੀਕ ਗਏ, ਮੈਂ ਸਭ ਕੋਠੜੀਆਂ ਦੀਆਂ ਚਾਬੀਆਂ ਨਿੱਕੇ ਪਹਿਰੇਦਾਰ ਵੱਲ ਸੁੱਟ ਦਿੱਤੀਆਂ ਤੇ ਕਿਹਾ, "ਦਰਵਾਜ਼ਾ ਖੋਲ੍ਹੋ, ਖੋਟੇ ਸਿੱਕੇ" ਸਿਪਾਹੀ ਨੇ ਮੈਨੂੰ ਪਛਾਣਿਆ ਨਹੀਂ, ਉਸਨੇ ਫੁਰਤੀ ਨਾਲ ਸਾਡੇ ਲਈ ਦਰਵਾਜ਼ਾ ਖੋਲ੍ਹ ਦਿੱਤਾ ਤੇ ਇਹ ਵੀ ਆਖਿਆ, ਇਹ ਰੌਲਾ ਨਾ ਪਾਵੇ ਕਿ ਕੌਣ ਜਾ ਰਿਹਾ ਹੈ। ਇਸ ਹਾਲਤ ਵਿਚ ਕਿ ਜੇ ਅਸੀਂ ਵਾਪਸ ਆ ਗਏ। ਤੂੰ ਸਮਝਦੀ ਹੈ ਕਿ ਸਦਾ ਹੀ ਇਹ ਸੰਭਾਵਨਾ ਬਣੀ ਰਹਿੰਦੀ ਹੈ ਕਿ ਜੇ ਸਾਡਾ ਦਾਅ ਨਾ ਲੱਗਾ ਜਾਂ ਕੰਧ ਨਾ ਟੱਪੀ ਗਈ ਤਾਂ ਵਾਪਸ ਵੀ ਪਰਤਣਾ ਪੈ ਸਕਦਾ ਹੈ। ਆਖ਼ਰੀ ਦਰਵਾਜ਼ੇ ਨੇ ਸਾਨੂੰ ਅਸਲ ਮਿਲਟਰੀ ਮੈਦਾਨ ਵਿਚ ਪਹੁੰਚਾ ਦੇਣਾ ਸੀ, ਤੇ ਉਥੋਂ ਨਿਕਲਣ ਲਈ, ਸਾਨੂੰ ਇੱਕ ਕੰਧ ਚੜ੍ਹਨੀ ਪੈਣੀ ਸੀ। ਭਾਵੇਂ ਇਹ ਕੰਧ ਬਹੁਤ ਉੱਚੀ ਸੀ ਤੇ ਇਸ ਉੱਤੇ ਕੰਡੇਦਾਰ ਤਾਰ ਲੱਗੀ ਹੋਈ ਸੀ, ਮੈਂ ਜ਼ਰਾ ਝੁਕਿਆ ਤੇ ਮੋਰਾਕੀਸ ਮੇਰੇ ਮੋਢਿਆਂ ਉੱਤੇ ਚੜ੍ਹ ਗਿਆ ਤੇ ਕੰਧ ਤੀਕ ਪਹੁੰਚ ਗਿਆ। ਫਿਰ ਉਹ ਹੇਠਾਂ ਝੁਕਿਆ, ਮੈਂ ਉਸਦੀ ਬਾਂਹ ਫੜ ਲਈ ਤੇ ਅਸੀਂ ਖਿਸਕ ਗਏ। ਏਥਨਜ਼ ਦੀਆਂ ਗਲੀਆਂ ਵਿਚੋਂ ਦੀ ਚਹਿਲ-ਕਦਮੀਂ ਕਰਦੇ ਰਹੇ। ਮਾੜੀ ਗੱਲ ਕਿ ਉਹਨਾਂ ਸਾਨੂੰ ਚਾਰ ਦਿਨਾਂ ਬਾਅਦ ਪਕੜ ਲਿਆ। ਉਹਨਾਂ ਮੈਨੂੰ ਇੱਕ ਗੱਦਾਰ, ਤਾਕੀਸ ਪੈਟੀਟਸਾਸ ਦੇ ਘਰੋਂ ਗ੍ਰਿਫਤਾਰ ਕਰ ਲਿਆ। ਇਸ ਬੰਦੇ ਦਾ ਯੂਨਾਨੀ ਮਜ਼ਾਮਤੀ ਲਹਿਰ ਨਾਲ 1967 ਤੋਂ ਸਬੰਧ ਰਿਹਾ ਸੀ। ਉਹ ਇੱਕ ਟਰੈਵਲ ਏਜੰਸੀ ਵਿਚ ਕੰਮ ਕਰਦਾ ਸੀ ਤੇ ਉਸਨੇ ਸਾਨੂੰ ਕੁਝ ਚੋਰੀ ਕੀਤੇ ਪਾਸਪੋਰਟ ਭੇਜੇ ਸਨ। ਉਹਨਾਂ ਨੇ ਮੇਰੇ ਕੋਲੋਂ ਉਸ ਬਾਰੇ ਜਾਨਣਾ ਚਾਹਿਆ ਸੀ। ਜਦੋਂ ਤਫਤੀਸ਼ ਸਮੇਂ ਮੈਨੂੰ ਤਸੀਹੇ ਦਿੱਤੇ ਗਏ ਸੀ ਤੇ ਕੁਦਰਤੀ ਮੈਂ ਕੁਝ ਦੱਸਿਆ ਨਹੀਂ ਸੀ। ਅਸਲ ਵਿਚ ਪੈਟੀਟਸਾਸ ਨੂੰ ਕਦੇ ਵੀ ਗ੍ਰਿਫਤਾਰ ਨਾ ਕੀਤਾ ਗਿਆ।

ਮੇਰੇ ਬਚ ਕੇ ਨਿਕਲਣ ਤੋਂ ਪਿੱਛੋਂ ਮੈਂ ਉਸਦੇ ਭਰੋਸੇ ਵਾਲੇ ਘਰ ਚਲਾ ਗਿਆ। ਮੇਰਾ ਮਤਲਬ ਉੱਥੇ ਕੁਝ ਹੀ ਦਿਨ ਠਹਿਰਨਾ ਸੀ। ਬੱਸ ਏਨਾ ਕੁ ਕਿ ਆਪਣੇ ਯੂਨਾਨੀ ਮਜ਼ਹਮਤੀ ਗਰੁੱਪ ਦੇ ਸਾਥੀਆਂ ਨਾਲ ਸੰਪਰਕ ਜੋੜਨਾ ਤੇ ਜਾਣਕਾਰੀ ਲੈਣ ਤੀਕ ਹੀ। ਉਹ ਮੈਨੂੰ ਜੱਫੀਆਂ ਪਾ ਕੇ ਮੂੰਹ ਚੁੰਮ ਚੁੰਮ ਮਿਲਿਆ, ਪਰ ਅਗਲੇ ਹੀ ਦਿਨ ਉਹ ਘਰੋਂ ਚਲਾ ਗਿਆ, ਜਿੱਥੇ ਕਿ ਮੈਂ ਉਸਦਾ ਮਹਿਮਾਨ ਸੀ ਤੇ ਉਹ ਅਠਤਾਲੀ ਘੰਟਿਆਂ ਬਾਅਦ ਦੁਬਾਰਾ ਪ੍ਰਗਟ ਹੋਇਆ। ਅਸੀਂ ਗੱਲਾਂ ਕੀਤੀਆਂ, ਇਕੱਠੇ ਖਾਧਾ-ਪੀਤਾ ਤੇ ਅਗਲੀ ਸਵੇਰ ਉਹ ਫਿਰ ਚਲਾ ਗਿਆ, ਇਹ ਆਖ ਕੇ ਕਿ ਉਹ ਕੰਮ ਤੇ ਜਾ ਰਿਹਾ ਸੀ। ਉਹ ਕੰਮ ਤੇ ਨਹੀਂ ਸੀ ਗਿਆ, ਸਗੋਂ ਉਹ ਪੁਲਸ ਸਟੇਸ਼ਨ ਚਲਾ ਗਿਆ ਸੀ ਤੇ ਉਹਨਾਂ ਨੂੰ ਕੁੰਜੀਆਂ ਦੇ ਆਇਆ ਸੀ। ਇੰਝ ਉਹਨਾਂ ਨੇ ਪੈਟੀਟਸਾਸ ਦੀਆਂ ਕੁੰਜੀਆਂ ਨਾਲ ਬੂਹਾ ਖੋਲ੍ਹ ਕੇ ਸਾਨੂੰ ਫੜ ਲਿਆ। ਇਨਾਮ ਵਜੋਂ ਉਸਨੂੰ ਪੰਜ ਸੌ ਯੂਨਾਨੀ ਸਿੱਕੇ ਮਿਲੇ, ਲਗਭਗ ਸਤਾਰਾਂ ਡਾਲਰ। ਜੇ ਬੁਰਾ ਨਾ ਮਨਾਓ ਤਾਂ ਆਓ ਕਿਸੇ ਹੋਰ ਵਿਸ਼ੇ ਬਾਰੇ ਗੱਲ ਕਰੀਏ।

? :

– : ਸੁਣੋ, ਮੈਂ ਇਸ ਪਾਪਾਡੋਪਾਓਲੋਸ ਨੂੰ ਗੰਭੀਰਤਾ ਨਾਲ ਨਹੀਂ ਲੈ ਸਕਦਾ। ਉਹ ਇਸ ਭਾਂਤ ਦਾ ਬੰਦਾ ਹੈ ਕਿ ਤੁਸੀਂ ਉਸਨੂੰ ਸਮਝ ਨਹੀਂ ਸਕਦੇ। ਜਿੰਨੀ ਦੇਰ ਤੀਕ ਤੁਸੀਂ ਉਸਦੇ ਇਤਿਹਾਸ ਦੀ ਪਰਖ ਨਹੀਂ ਕਰਦੇ। ਉਹ ਇਤਿਹਾਸ, ਜੋ ਸਪੱਸ਼ਟ ਭਾਂਤ ਦੱਸੇ ਕਿ ਉਹ ਕਿੰਨਾ ਬੇਈਮਾਨ, ਮਾਨਸਿਕ ਰੋਗੀ ਤੇ ਕਿੰਨਾ ਝੂਠਾ ਹੈ। ਪਿਛਲੇ ਛੇ ਸਾਲਾਂ ਤੋਂ ਉਸਨੇ ਝੂਠ ਬੋਲਣ ਤੋਂ ਸਿਵਾਏ ਕੁਝ ਨਹੀਂ ਕਿਹਾ ਤੇ ਕਿੰਨੀ ਵਾਰ ਆਪਣੀ ਨਿਰਾਸਤਾ ਨੂੰ ਬਾਹਰ ਕੱਢਣ ਲਈ ਮੈਂ ਇਹ ਦੱਸਣ ਖ਼ਾਤਰ ਉਸਨੂੰ ਲਿਖਿਆ। ਤੂੰ ਜਾਣਦੀ ਹੈ ਜਿਹੜੇ ਖ਼ਤ ਮੈਂ ਜੇਲ੍ਹ ਦੇ ਡਾਇਰੈਕਟਰ ਨੂੰ ਦਿੱਤੇ। ਹਰ ਖ਼ਤ ਵਿਚ ਮੈਂ ਉਸਨੂੰ ਹਾਸੋ-ਹੀਣਾ, ਇੱਕ ਹਾਸੋਹੀਣਾ ਮਸਖਰਾ, ਭੰਡ, ਇੱਕ ਮੁਜਰਮ ਅਤੇ ਮਾਨਸਿਕ ਬੀਮਾਰ ਕਿਹਾ। ਇਹ ਨਾ ਸੋਚੋ ਕਿ ਮੈਂ ਵਧਾ ਚੜ੍ਹਾ ਕੇ ਗੱਲ ਕਰ ਰਿਹਾ ਹਾਂ। ਜਾਂ ਮੈਂ ਗੁੱਸੇ ਵਿਚ ਵਹਿ ਗਿਆ ਹਾਂ। ਇਹ ਸਾਰੀਆਂ ਗੱਲਾਂ ਉਸਦੀ ਜੀਵਨੀ ਤੋਂ ਕਾਫ਼ੀ ਸਪੱਸ਼ਟ ਹੋ ਜਾਂਦੀਆਂ ਹਨ।

ਉਹ ਇੱਕ ਕਪਤਾਨ ਸੀ, ਜਿਸਨੇ 1951 ਦੇ ਰਾਜ-ਪਲਟੇ ਵਿਚ ਹਿੱਸਾ ਲਿਆ ਸੀ ਤੇ ਜੋ ਅਸਫਲ ਰਿਹਾ ਸੀ। ਤੇ ਇਹ ਉਸਨੇ ਦੋ ਮਸਤੂਲੀ ਸਮੁੰਦਰੀ ਜਹਾਜ਼ਾਂ 'ਕਰਿਸਤੀਜ਼' ਤੇ 'ਤਾਬੂਲਾਰੀਸ' ਦੀ ਸਹਾਇਤਾ ਨਾਲ ਕੀਤਾ ਸੀ। ਉਹ ਇੱਕ ਲੈਫਟੀਨੈਂਟ ਕਰਨਲ ਦੀ ਹੈਸੀਅਤ ਵਿਚ ਉਸ ਕਮਿਸ਼ਨ ਦਾ ਸਕੱਤਰ ਸੀ, ਜਿਸਨੇ ਪ੍ਰਸਿੱਧ ਪੈਰੀਕਲੀਸ, ਪਲੈਨ ਨੂੰ ਬਣਾਇਆ ਸੀ। ਜਿਸਦੇ ਸਿੱਟੇ ਵਜੋਂ 1961 ਦੀਆਂ ਚੋਣਾਂ ਦੇ ਨਤੀਜਿਆਂ ਨੂੰ ਝੂਠਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਜਦੋਂ ਜਮਹੂਰੀ ਸਰਕਾਰ ਨੇ ਪੈਰੀਕਲੀਸ ਪਲੈਨ ਦੀ ਪੜਤਾਲ ਦਾ ਹੁਕਮ ਦਿੱਤਾ ਤਾਂ ਉਹ ਬੁੱਧੂ ਉੱਤਰ ਦਿੰਦਾ ਹੈ ਕਿ ਉਹ ਯੂਨਾਨੀ ਭਾਸ਼ਾ ਦੀ ਵਾਕ ਬਣਤਰ ਨੂੰ ਨਹੀਂ ਜਾਣਦਾ। ਇਸ ਲਈ ਉਹ ਇਕੱਲਾ ਇਸਦਾ ਜ਼ਿੰਮੇਵਾਰ ਨਹੀਂ ਹੋ ਸਕਦਾ। ਤੁਸੀਂ ਇਹ ਜਾਣਕਾਰੀ

ਸਾਰੀਆਂ ਸਰਕਾਰੀ ਦਸਤਾਵੇਜ਼ਾਂ ਤੋਂ ਲੈ ਸਕਦੇ ਹੋ, ਜੋ ਕਿ ਸਭ ਯੂਨਾਨੀ ਅਖਬਾਰਾਂ ਵਿਚ ਉਸ ਵੇਲੇ ਛਪੀਆਂ ਸਨ।

ਇਹ ਉਹ ਸ਼ਖਸ਼ ਹੈ, ਜਿਸਨੇ 1963 ਦੇ ਆਰੰਭ ਵਿਚ ਆਪਣੇ ਹੀ ਮਹਿਕਮੇ ਦੀ ਭੰਨ-ਤੋੜ ਕੀਤੀ ਸੀ ਤੇ ਫਿਰ ਖ਼ੁਦ ਆਪਣੇ ਹੀ ਸਿਪਾਹੀਆਂ ਨੂੰ ਤਸੀਹੇ ਦਿੱਤੇ ਸੀ। ਤਾਂਕਿ ਉਹ ਇਹ ਕਹਿਣ ਕਿ ਇਹ ਸਭ ਕਮਿਊਨਿਸਟ ਭੰਨ-ਤੋੜ ਸੀ। ਉਹ ਪ੍ਰਚਾਰ ਤੇ ਮਨੋਵਿਗਿਆਨਕ ਯੁੱਧ-ਕਲਾ ਦੇ ਦਫਤਰ ਦਾ ਮੁਖੀ ਸੀ, ਤੇ ਹਰ ਕੋਈ ਜਾਣਦਾ ਹੈ ਕਿ ਉਹ ਆਦਮੀ ਸੀ, ਜਿਸਨੇ ਪੋਲੀ ਕਾਰਪੋਸ ਜੋਰਜਦਜੀਸ ਦੇ ਕਤਲ ਦਾ ਹੁਕਮ ਦਿੱਤਾ ਸੀ। ਹਰ ਕੋਈ ਜਾਣਦਾ ਹੈ ਕਿ ਇਹ ਉਹ ਆਦਮੀ ਸੀ, ਜੋ ਉਸ ਘਟਨਾ ਪਿੱਛੇ ਸੀ, ਜਿਸ ਰਾਹੀਂ ਉਹਨਾਂ ਨੇ ਮੈਨੂੰ ਜੇਲ੍ਹ ਵਿਚ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਕਿ ਉਹ ਹਾਸੋਹੀਣਾ ਆਦਮੀ ਤਾਂ ਹੈ ਹੀ, ਤੇ ਤੁਸੀਂ ਉਸਨੂੰ ਇਸ ਗੱਲ ਤੋਂ ਪਰਖ ਸਕਦੇ ਹੋ ਕਿ ਉਸਨੇ ਆਪ ਮੁਆਫ਼ੀ, ਤਸੀਹਾ ਦੇਣ ਵਾਲਿਆਂ ਉੱਤੇ ਵੀ ਲਾਗੂ ਕਰ ਦਿੱਤੀ ਹੈ। ਕੀ ਇਸ ਨਾਲ ਉਹ ਤੱਥ ਸਵੀਕਾਰ ਨਹੀਂ ਹੁੰਦਾ ਕਿ ਤਸੀਹਿਆਂ ਦੀ ਹੋਂਦ ਸੀ? ਤੇ ਕੀ ਇਸ ਨਾਲ ਹੋਰ ਤਸੀਹੇ ਦੇਣ ਲਈ ਹੱਲਾਸ਼ੇਰੀ ਨਹੀਂ ਮਿਲਦੀ?

? : **ਹਾਂ ! ਪਰ ਇਸ ਨਾਲ ਉਹ ਤਾਕਤ ਵਿਚ ਰਹਿਣ ਤੋਂ ਰੁਕਦਾ ਨਹੀਂ ਤੇ ਉੱਥੇ ਟਿਕੇ ਰਹਿਣ ਤੋਂ ਵੀ ਨਹੀਂ?**

– : ਸੁਣੋ, ਜੇ ਤੁਸੀਂ ਕਹਿੰਦੇ ਹੋ ਕਿ ਇਸ ਸਾਰੇ ਕੁਝ ਨਾਲ ਉਹ ਗੱਦੀ ਤੇ ਟਿਕੇ ਰਹਿਣ ਤੋਂ ਨਹੀਂ ਰੁਕਦਾ ਤਾਂ ਮੈਨੂੰ ਇੱਕ ਰਾਏ ਦੇਣ ਦੀ ਆਗਿਆ ਦਿਉ। ਜਦੋਂ ਮੈਂ ਰੋਮ ਵਿਚ ਸੀ, ਤਾਂ ਮੈਂ ਇੱਕ ਫਿਲਮ ਵੇਖੀ ਸੀ, ਜਿਸ ਵਿਚ ਮਸੋਲੀਨੀ ਨੂੰ 'ਪਲਾਜ਼ੋ ਵਨੀਜ਼ਿਆ' ਵਿਚ ਇੱਕ ਭੀੜ ਨੂੰ ਸੰਬੋਧਨ ਕਰਦੇ ਹੋਏ ਵੇਖਿਆ ਸੀ। ਮੈਂ ਹੈਰਾਨ ਸੀ ਤੇ ਅਸਚਰਜਤਾ ਹੁੰਦੀ ਸੀ ਕਿ ਇਟਲੀ ਦੇ ਲੋਕਾਂ ਨੇ ਏਨੇ ਸਾਲ ਐਸੇ ਹਾਸੋਹੀਣੇ ਮਨੁੱਖ ਨਾਲ ਕਿਵੇਂ ਕੱਟੇ, ਜੋ ਏਨੇ ਹਾਸੋ-ਹੀਣੇ ਢੰਗ ਨਾਲ ਬੋਲਦਾ ਸੀ। ਪਰ ਫਿਰ ਵੀ ਮਸੋਲੀਨੀ ਤਾਕਤਵਰ ਤਾਨਾਸ਼ਾਹ ਸੀ ਤੇ ਆਪਣੇ ਢੰਗ ਨਾਲ ਯੋਗ ਵੀ। ਕੀ ਤਾਕਤ ਖੋਹ ਲੈਣੀ ਤੇ ਤਾਕਤ ਵਿਚ ਬਣੇ ਰਹਿਣ ਨਾਲ ਬੰਦਾ ਹਾਸੋਹੀਣਾ ਨਹੀਂ ਰਹਿੰਦਾ? 'ਪਾਪਾਡੋਪਾਊਲੋਸ ਤੇ ਮੁਸੋਲੀਨੀ ਵਿਚਲਾ ਫ਼ਰਕ ਚੰਗੇ ਲਈ ਹੈ ਜਾਂ ਬੁਰੇ ਲਈ। ਮਸੋਲੀਨੀ ਕੋਲ ਜਨਤਕ ਸਮਰਥਨ ਸੀ। ਪਾਪਾਡੋਪਾਊਲੋਸ ਕੋਲ ਉਹ ਵੀ ਨਹੀਂ ਹੈ। ਉਸਦੀ ਤਾਕਤ ਹਾਕਮ-ਜੁੰਡਲੀ ਉੱਤੇ ਅਧਾਰਿਤ ਹੈ ਤੇ ਹੋਰ ਕਿਸੇ ਉੱਤੇ ਨਹੀਂ। ਅਰਥਾਤ 10 ਅਫਸਰਾਂ ਕੋਲ ਜੋ ਸਾਰੀ ਫੌਜ ਨੂੰ ਕੰਟਰੋਲ ਕਰਦੇ ਹਨ। ਉਹ ਨਿੱਕੀ ਜੁੰਡਲੀ ਦਾ ਨਿੱਕਾ ਆਗੂ ਹੈ।

ਨਾਲ ਹੀ ਉਹ ਬੁਰੇ ਵਿਸ਼ਵਾਸ ਨਾਲ ਕੰਮ ਕਰਦਾ ਹੈ। ਉਹ ਫਰਾਂਕੋ ਵਾਂਗ ਆਪਣੇ ਆਪ ਨੂੰ ਪੇਸ਼ ਨਹੀਂ ਕਰਦਾ, ਜੋ ਆਖਦਾ ਹੈ, "ਮੈਂ ਸਮੇਂ ਦਾ ਮਾਲਕ ਹਾਂ" ਉਹ



ਆਪਣੇ ਆਪ ਨੂੰ ਇਨਕਲਾਬ ਬਾਰੇ ਗੱਲਾਂ ਕਰਕੇ ਪੇਸ਼ ਕਰਦਾ ਹੈ ਤੇ ਨਾਲ ਹੀ ਲੋਕਰਾਜ ਬਾਰੇ ਵੀ। ਲੋਕਰਾਜ !! ਇਹ ਕੈਸਾ ਲੋਕਰਾਜ ਦਾ ਲੋਕਰਾਜ ਹੈ ਕਿ ਜਿੱਥੇ ਬੰਦਾ ਇਕੱਲਾ ਹੀ ਚੋਣ ਲੜੀ ਜਾਂਦਾ ਹੈ ਤੇ ਏਨਾ ਵੀ ਨਹੀਂ ਸੋਚਦਾ ਕਿ ਕਿਸੇ ਵਿਰੋਧੀ ਜਾਂ ਵਿਰੋਧਤਾ ਨੂੰ ਖੋਜ ਲਵੇ? ਤੁਸੀਂ ਕਹਿ ਸਕਦੇ ਹੋ, ਕਿ ਤੂੰ ਜੇਲ੍ਹ ਤੋਂ ਬਾਹਰ ਹੈ ਤਾਂ ਪਾਪਾਡੋਪਾਊਲੋਸ ਦੀ ਆਮ ਮੁਆਫ਼ੀ ਦਾ ਕਾਰਨ ਹੈ। ਪਰ ਕੀ ਤੁਸੀਂ ਸਮਝਦੇ ਨਹੀਂ ਕਿ ਇਹ ਚਾਲ ਹੈ, ਇੱਕ ਹਾਸੋਹੀਣਾ ਮਜ਼ਾਕ। ਕੀ ਤੁਸੀਂ ਸਮਝਦੇ ਨਹੀਂ ਕਿ ਉਸਦੀ ਇਸ ਚਾਲ ਪਿੱਛੇ ਆਪਣੇ ਜ਼ੁਲਮ ਦੀ ਉਮਰ ਲੰਮੀ ਕਰਨ ਦੀ ਇੱਕ ਲੁਕੀ ਹੋਈ ਯੁੱਧ-ਨੀਤੀ ਹੈ।

? : **ਐਲੀਕੋਸ, ਤੂੰ ਕਨਸਤੇਨਤਾਈਨ ਬਾਰੇ ਕੀ ਸੋਚਦਾ ਹੈ?**

– : ਮੈਂ ਨਿਰਸੰਦੇਹ ਹਮੇਸ਼ਾਂ ਹੀ ਗਣਤੰਤਰਵਾਦੀ ਰਿਹਾ ਹਾਂ ਤੇ ਮੈਂ ਉਹਨਾਂ ਵਿਚੋਂ ਨਹੀਂ, ਜਿਨ੍ਹਾਂ ਨੂੰ ਕਨਸਤੈਨਤਾਈਨ ਉੱਤੇ ਅਫ਼ਸੋਸ ਹੁੰਦਾ ਹੈ। ਨਾਲ ਹੀ ਕਨਸਤੈਨਤਾਈਨ ਨੇ ਉਹ ਹਾਲਤਾਂ ਪੈਦਾ ਕਰ ਦਿੱਤੀਆਂ, ਕਿ ਉਸ ਨੇ ਆਪਣੇ ਆਪ ਨੂੰ ਦੇਸ਼ ਤੋਂ ਬਾਹਰ ਕੱਢ ਲਿਆ, ਜਦੋਂ ਉਸਨੇ ਪਾਪਾਡਰੀਓ ਨੂੰ ਜੁਲਾਈ 1965 ਵਿਚ ਅਸਤੀਫਾ ਦੇਣ ਲਈ ਮਜਬੂਰ ਕਰ ਦਿੱਤਾ। ਪਰ ਮੈਂ ਇਸ ਗੱਲ ਤੇ ਜ਼ੋਰ ਦੇਣ ਲਈ ਪ੍ਰਵਾਹ ਨਹੀਂ ਕਰਦਾ ਕਿ ਮੈਂ ਕਨਸਤੈਨਤਾਈਨ ਨੂੰ ਪਸੰਦ ਕਰਦਾ ਹਾਂ, ਜਾਂ ਨਹੀਂ। ਮੈਨੂੰ ਸਿਰਫ਼ ਇਹ ਵੇਖਣ ਵਿਚ ਦਿਲਚਸਪੀ ਹੈ ਕਿ ਕਨਸਤੈਨਤਾਈਨ ਜੁੰਡਲੀ ਦੇ ਵਿਰੁੱਧ ਸੰਘਰਸ਼ ਵਿਚ ਸਹਾਈ ਹੁੰਦਾ ਹੈ ਜਾਂ ਨਹੀਂ। ਸ਼ਾਇਦ ਉਹ ਹੋ ਸਕਦਾ ਹੈ। ਕਿਉਂਕਿ ਕਨਸਤੈਨਤਾਈਨ ਦਾ ਸੰਭਵ ਹੈ ਕਿ ਫੌਜ ਦੇ ਕੁਝ ਹਿੱਸਿਆਂ ਵਿਚ ਕੁਝ ਪ੍ਰਭਾਵ ਹੋਵੇ, ਵਿਸ਼ੇਸ਼ ਤੌਰ ਤੇ ਅਫਸਰਾਂ ਵਿਚ। ਤੇ ਇਸ ਘੜੀ ਉਸਦੀ ਸਮੱਸਿਆ ਨੂੰ ਨਜਿੱਠ ਨਹੀਂ ਸਕਦੇ। ਪਰ ਹੁਣ ਉਹ ਹਾਕਮ-ਜੁੰਡਲੀ ਦਾ ਵੈਰੀ ਹੈ। ਤੇ ਹੁਣ ਉਸ, ਕੋਲ ਹੋਰ ਰਾਹ ਨਹੀਂ, ਸਿਵਾਏ ਹਾਕਮ-ਟੋਲੇ ਦੇ ਦੁਸ਼ਮਣ ਹੋਣ ਦੇ।

? : **ਐਲੀਕੋਸ ਪਰ ਤੁਸੀਂ ਇਹ ਨਹੀਂ ਅਨੁਮਾਨ ਲਾਉਂਦੇ ਕਿ ਪਾਪਾਡੋਪਾਊਲੋਸ ਨੇ, ਉਸਨੂੰ ਲਾਹ ਸੁੱਟਣ ਲਈ ਤੁਹਾਡੀ ਰਿਹਾਈ ਕੀਤੀ ਹੈ?**

– : ਨਿਰਸੰਦੇਹ ਨਹੀਂ। ਪਰ ਉਹ ਨਹੀਂ ਸੋਚਦਾ ਕਿ ਉਹ ਗੱਦੀਓਂ ਲਾਹੇ ਜਾਣ ਦੇ ਕਾਬਲ ਹੈ। ਤੇ ਇਹੀ ਉਸਦੀ ਗਲਤੀ ਹੈ ਕਿਉਂਕਿ ਯੂਨਾਨ ਵਿਚ ਮਜ਼ਹਮਤ ਇੱਕ ਹਕੀਕਤ ਹੈ। ਲੋਕੀਂ ਇਸ ਵਿਚ ਸ਼ਾਮਿਲ ਹੋ ਰਹੇ ਹਨ, ਹਾਲਾਂਕਿ ਅਜੇ ਤੀਕ ਢਿੱਲੇ ਜਿਹੇ ਰੂਪ ਵਿਚ। ਉਹ ਨਾਲ ਸ਼ਾਮਿਲ ਹੋ ਰਹੇ ਹਨ, ਮਿਸਾਲ ਵਜੋਂ, ਤਾਨਾਸ਼ਾਹੀ ਲਈ ਸਰਬ-ਸੰਮਤੀ ਤੋਂ ਨਾਂਹ ਕਰਕੇ। ਸਾਰੇ ਯੂਨਾਨੀ ਰਾਜਸੀ ਸੰਸਾਰ ਨੇ ਜੋ ਕਾਰਜ ਸਾਂਭਿਆ ਹੈ, ਉਹ ਹੈ ਜਨਤਕ ਇਰਾਦੇ ਮਗਰ ਲੱਗਣ ਦਾ। ਤੇ ਇਹ ਕਾਰਜ ਦਰਸਾਉਂਦਾ ਹੈ ਪਾਪਾਡੋਪਾਊਲੋਸ ਦੇ ਆਪਣੇ ਰਾਜ ਨੂੰ ਕਾਨੂੰਨੀ ਸ਼ਕਲ ਦੇਣ ਦਾ। ਮੈਨੂੰ ਯਕੀਨ ਹੈ

ਕਿ ਯੂਨਾਨ ਵਿਚ ਕੋਈ ਵੀ ਸਤਿਕਾਰਤ ਰਾਜਨੀਤੀਵਾਨ ਚੋਣਾਂ ਦੇ ਇਸ ਹਾਸੋਹੀਣੇ ਨਾਟਕ ਵਿਚ ਹਿੱਸਾ ਨਹੀਂ ਲਵੇਗਾ। ਤੁਹਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਸੀਂ ਉਸਨੂੰ ਗੱਦੀਓਂ ਲਾਹ ਸਕਦੇ ਹਾਂ। ਪਾਪਾਡੋਪਾਓਲੋਸ, ਫਰਾਂਕੋ ਵਾਂਗ ਕਿਸੇ ਗ੍ਰਹਿ-ਯੁੱਧ ਵਿਚੋਂ ਨਹੀਂ ਜੰਮਿਆ। ਉਹ ਰਾਜ-ਪਲਟੇ ਰਾਹੀਂ ਉੱਤੇ ਆਇਆ ਸੀ। ਜਦੋਂ ਫਰਾਂਕੋ ਤਾਕਤ ਵਿਚ ਆਇਆ ਤਾਂ ਉਸਦੇ ਵਿਰੋਧੀ ਛਾਂਗੇ ਜਾ ਚੁੱਕੇ ਸਨ। ਹਾਰੇ ਜਾ ਚੁੱਕੇ। ਆਖਰੀ ਐਲ ਕੈਂਪੀਸੀਨੋ ਵਰਗੇ ਜਮਹੂਰੀ ਲੋਕ ਸਪੇਨ ਛੱਡ ਚੁੱਕੇ ਸਨ। ਏਥੇ ਗੱਲ ਵੱਖਰੀ ਹੈ। ਏਥੇ ਕੋਈ ਵੀ ਹਰਾਇਆ ਨਹੀਂ ਗਿਆ। ਕੋਈ ਛਾਂਗਿਆ ਨਹੀਂ ਗਿਆ। ਏਥੇ ਤਾਨਾਸ਼ਾਹੀ ਦੇ ਖ਼ਾਤਮੇ ਲਈ ਯੂਨਾਨੀ ਲੋਕ-ਸਮੂਹ ਦੀ ਗੱਲ ਹੈ ਕਿ ਉਹ ਇੰਝ ਨਾ ਸੌਂ ਜਾਵੇ, ਜਿਵੇਂ ਇਟਲੀ ਦੇ ਲੋਕਾਂ ਨੇ ਕੀਤਾ ਸੀ। ਲੋਕੀ ਸਦਾ ਹੀ ਸੌਂ ਜਾਣ ਦੇ ਆਦੀ ਹਨ। ਸਬਰ ਕਰਨ ਤੇ ਪ੍ਰਵਾਨ ਕਰ ਲੈਣ ਦੇ ਆਦੀ। ਪਰ ਉਹਨਾਂ ਨੂੰ ਜਗਾਉਣ ਲਈ ਬਹੁਤੀ ਦੇਰ ਨਹੀਂ ਲੱਗਦੀ। ਕੌਣ ਜਾਣਦੈ? ਸੰਭਵ ਹੈ ਕਿ ਮੇਰੇ ਵਿਚ ਯਥਾਰਥਵਾਦ ਦੀ ਘਾਟ ਹੋਵੇ, ਜਾਣਕਾਰੀ ਤੇ ਤਰਕ ਦੀ ਘਾਟ। ਪਰ ਜੇ ਤੁਸੀਂ ਤਰਕ ਦੀ ਘਾਟ ਦੀ ਗੱਲ ਕਰਨ ਲੱਗੇ ਹੋ, ਕਿ ਤਰਕ ਨੇ ਕਦੋਂ ਇਤਿਹਾਸ ਸਿਰਜਿਆ ਹੈ? ਜੇ ਤਰਕ ਨੇ ਹੀ ਇਤਿਹਾਸ ਸਿਰਜਣਾ ਹੁੰਦਾ ਤਾਂ ਇਟਲੀ ਦੇ ਲੋਕ ਮਸੋਲੀਨੀ ਦੇ ਜਾਦੂ ਹੇਠ ਨਾ ਆ ਗਏ ਹੁੰਦੇ ਤੇ ਹਿਟਲਰ ਦੀ ਹੋਂਦ ਕਦੇ ਨਾ ਹੁੰਦੀ ਤੇ ਪਾਪਾਡੋਪਾਓਲੀਸ ਕਦੇ ਤਾਕਤ ਵਿਚ ਨਾ ਆਇਆ ਹੁੰਦਾ। ਉਹ ਸਾਰੇ ਐਟੀਕਾ ਵਿਚ ਸਿਰਫ਼ ਕੁਝ ਯੂਨਿਟਾਂ ਨੂੰ ਹੀ ਕਾਬੂ ਰੱਖ ਰਿਹਾ ਸੀ ਤੇ ਕੁਝ ਮੈਕਦੂਨੀਆ ਵਿਚ।

? : **ਪਰ, ਐਲੀਕੋਸ, ਤੇਰੀ ਰਾਜਨੀਤਕ ਵਿਚਾਰਧਾਰਾ ਕੀ ਹੈ?**

– : ਮੈਂ ਕਮਿਊਨਿਸਟ ਨਹੀਂ ਹਾਂ। ਜੇ ਤੁਸੀਂ ਇਹ ਗੱਲ ਜਾਨਣਾ ਚਾਹੁੰਦੇ ਹੋ। ਮੈਂ ਕਦੇ ਹੋ ਵੀ ਨਹੀਂ ਸੀ ਸਕਦਾ, ਕਿਉਂਕਿ ਮੈਂ ਕੱਟੜਪੁਣੇ ਨੂੰ ਰੱਦ ਕਰਦਾ ਹਾਂ। ਜਿੱਥੇ ਵੀ ਕੱਟੜਪੁਣਾ ਹੁੰਦਾ ਹੈ, ਉੱਥੇ ਆਜ਼ਾਦੀ ਨਹੀਂ ਹੁੰਦੀ। ਇਸ ਲਈ ਹੱਠ-ਧਰਮੀ ਮੇਰੇ ਲਈ ਨਹੀਂ ਹੈ। ਭਾਵੇਂ ਧਾਰਮਿਕ ਕੱਟੜਤਾ ਹੋਵ, ਜਾਂ ਸਮਾਜਿਕ/ਰਾਜਨੀਤਿਕ ਹੋਵੇ। ਇਹ ਕਹਿਣ ਤੋਂ ਬਾਅਦ ਮੇਰੇ ਲਈ ਇਹ ਅੰਤਰ ਕਰਨਾ ਮੁਸ਼ਕਿਲ ਹੈ ਤੇ ਇਹ ਕਹਿਣਾ ਕਿ ਮੈਂ ਇਸ ਜਾਂ ਉਸ ਵਿਚਾਰਧਾਰਾ ਨਾਲ ਸਬੰਧਤ ਹਾਂ। ਮੈਂ ਤੁਹਾਨੂੰ ਸਿਰਫ਼ ਏਨਾ ਹੀ ਦੱਸ ਸਕਦਾ ਹਾਂ ਕਿ ਮੈਂ ਸਮਾਜਵਾਦੀ ਹਾਂ, ਜੋ ਕਿ ਸਾਡੇ ਵੇਲਿਆਂ ਵਿਚ ਸਾਧਾਰਨ ਗੱਲ ਹੈ। ਮੈਂ ਕਹਾਂਗਾ ਅਟੱਲ ਹੈ, ਇੱਕ ਸਮਾਜਵਾਦੀ ਹੋਣਾ। ਪਰ ਜਦੋਂ ਮੈਂ ਸਮਾਜਵਾਦ ਦੀ ਗੱਲ ਕਰਦਾ ਹਾਂ, ਮੈਂ ਉਸ ਸਮਾਜਵਾਦ ਦੀ ਗੱਲ ਕਰਦਾ ਹਾਂ, ਜੋ ਸਮੁੱਚੀ ਆਜ਼ਾਦੀ ਦੇ ਰਾਜ ਪ੍ਰਬੰਧ ਵਿਚ ਲਾਗੂ ਕੀਤਾ ਜਾਂਦਾ ਹੈ। ਸਮਾਜਿਕ, ਇਨਸਾਫ ਜਿਊਂਦਾ ਨਹੀਂ ਰਹਿ ਸਕਦਾ, ਜੇ ਉੱਥੇ ਆਜ਼ਾਦੀ ਨਹੀਂ। ਮੇਰੇ ਲਈ ਦੋਵੇਂ ਸੰਕਲਪ ਜੁੜੇ ਹੋਏ ਹਨ।



ਤੇ ਇਸ ਭਾਂਤ ਦੀ ਰਾਜਨੀਤੀ ਵਿਚ ਮੈਂ ਹਿੱਸਾ ਲੈਣਾ ਪਸੰਦ ਕਰਾਂਗਾ, ਜੇ ਯੂਨਾਨ ਵਿਚ ਲੋਕ-ਰਾਜ ਹੋਵੇ। ਇਸ ਭਾਂਤ ਦੀ ਰਾਜਨੀਤੀ ਨੇ ਮੈਨੂੰ ਹਮੇਸ਼ਾਂ ਖਿੱਚਿਆ ਹੈ। ਆਹ, ਜੇ ਮੈਂ ਕਿਸੇ ਲੋਕ-ਰਾਜੀ ਦੇਸ਼ ਵਿਚ ਰਹਿੰਦਾ ਹੁੰਦਾ, ਤਾਂ ਮੈਂ ਸੱਚ ਜਾਣਿਓ, ਰਾਜਨੀਤੀ ਵਿਚ ਚਲੇ ਜਾਂਦਾ। ਕਿਉਂਕਿ ਜੋ ਕੁਝ ਮੈਂ ਹੁਣ ਕਰ ਰਿਹਾ ਹਾਂ, ਤੇ ਜੋ ਕੁਝ ਮੈਂ ਹੁਣ ਤੀਕ ਕੀਤਾ ਹੈ, ਉਹ ਰਾਜਨੀਤੀ ਨਹੀਂ ਹੈ। ਇਹ ਬੱਸ ਰਾਜਨੀਤੀ ਨਾਲ ਚੋਹਲ-ਮੋਹਲ ਹੈ। ਹਾਂ, ਮੈਂ ਚੋਹਲ-ਮੋਹਲ ਕਰਨਾ ਪਸੰਦ ਕਰਦਾ ਹਾਂ। ਪਰ ਮੈਂ ਪਿਆਰ ਕਰਨਾ ਜ਼ਿਆਦਾ ਚਾਹੁੰਦਾ ਹਾਂ। ਲੋਕਰਾਜ ਵਿਚ ਰਾਜਨੀਤੀ ਕਰਨੀ ਏਨਾ ਹੀ ਸੁੰਦਰ ਕੰਮ ਹੁੰਦਾ ਹੈ, ਜਿੰਨਾ ਪਿਆਰ ਨੂੰ ਪਸੰਦ ਕਰਨਾ ਹੈ ਤੇ ਇਹ ਮੇਰੀ ਔਕੜ ਹੈ। ਤੁਸੀਂ ਵੇਖਦੇ ਹੋ ਕਿ ਕੁਝ ਆਦਮੀ ਹਨ ਜੋ ਸਿਰਫ਼ ਜੰਗ ਵਿਚ ਹੀ ਰਾਜਨੀਤੀ ਕਰ ਸਕਦੇ ਹਨ। ਅਰਥਾਤ ਨਾਟਕੀ ਹਾਲਤਾਂ ਵਿਚ, ਤੇ ਕੁਝ ਅਜਿਹੇ ਹਨ, ਜੋ ਅਮਨ ਦੇ ਸਮੇਂ ਰਾਜਨੀਤੀ ਕਰਨ ਦੇ ਯੋਗ ਹੁੰਦੇ ਹਨ। ਅਰਥਾਤ ਸਾਧਾਰਨ ਹਾਲਤਾਂ ਵਿਚ, ਆਪਾ-ਵਿਰੋਧ ਵਜੋਂ ਮੈਂ ਦੂਸਰਿਆਂ ਨਾਲ ਸਬੰਧ ਰੱਖਦਾ ਹਾਂ। ਸਾਰੀਆਂ ਗੱਲਾਂ ਵਿਚਾਰ ਕੇ, ਗੈਰੀਬਾਲਦੀ ਤੇ ਕਾਵੂਰ ਵਿਚੋਂ ਮੈਂ ਕਾਵੂਰ ਨੂੰ ਪਹਿਲ ਦਿੰਦਾ ਹਾਂ। ਪਰ ਤੁਹਾਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਜਿਸ ਘੜੀ ਤੋਂ ਹਾਕਮ-ਜੁੰਡਲੀ ਨੇ ਤਾਕਤ ਤੇ ਕਬਜ਼ਾ ਕੀਤਾ ਹੈ, ਨਾ ਮੈਂ ਤੇ ਨਾ ਮੇਰੇ ਸਾਥੀ ਰਾਜਨੀਤੀ ਕਰ ਰਹੇ ਹਾਂ। ਨਾ ਹੀ ਅਸੀਂ ਇਹ ਕਰਾਂਗੇ। ਉਸ ਘੜੀ ਤੀਕ ਜਦੋਂ ਇਹ ਰਾਜ-ਜੁੰਡਲੀ ਨੂੰ ਲਾਹਿਆ ਨਹੀਂ ਜਾਂਦਾ। ਸਾਨੂੰ ਨਹੀਂ ਕਰਨੀ ਚਾਹੀਦੀ, ਅਸੀਂ ਕਰ ਵੀ ਨਹੀਂ ਸਕਦੇ, ਜਿੰਨਾ ਚਿਰ ਸਾਡੇ ਕੋਲ ਕੰਮ ਕਰਨ ਦੀ ਚਾਲਤ ਸ਼ਕਤੀ ਹੋਵੇ ਅਤੇ ਇਹ ਚਾਲਕ ਸ਼ਕਤੀ ਉਹ ਮਜ਼ਾਹਮਤ ਹੈ, ਅਰਥਾਤ ਸੰਘਰਸ਼।

? : **ਐਲੀਕੋਸ, ਤੁਸੀਂ ਆਖਦੇ ਹੋ ਕਿ ਆਪਾ-ਵਿਰੋਧ ਵਜੋਂ ਤੁਹਾਡਾ ਸਬੰਧ ਕਾਵੂਰਵਾਦੀਆਂ ਨਾਲ ਹੈ। ਸੱਚ ਹੀ ਆਪਾ-ਵਿਰੋਧ ਵਜੋਂ ਕਿਉਂਕਿ ਰਾਜਸੀ ਵਿਅਕਤੀ ਵਜੋਂ ਗਾਰੀ ਬਾਲਦੀਅਨ ਟਾਈਪ ਦੇ ਕਤਲ ਦੀ ਕੋਸ਼ਿਸ਼ ਵਿਚ ਪ੍ਰਸਿੱਧ ਹੋਏ ਹੋ। ਐਲੀਕੋਸ ਕੀ ਕਦੇ ਤੁਸੀਂ ਉਸ ਦਿਨ ਨੂੰ ਬੁਰਾ-ਭਲਾ ਆਖਦੇ ਹੋ, ਜਦੋਂ ਤੁਸੀਂ ਇਹ ਯਤਨ ਕੀਤਾ ਸੀ?**

– : ਨਹੀਂ, ਕਦੇ ਨਹੀਂ। ਏਸੇ ਕਾਰਨ ਹੀ ਮੈਂ ਇਸ ਬਾਰੇ ਕਦੇ ਪਛਤਾਵਾ ਨਹੀਂ ਕੀਤਾ। ਵੇਖੋ, ਮੁਕੱਦਮੇ ਸਮੇਂ, ਮੇਰੇ ਲਈ ਇਹ ਕਹਿ ਦੇਣਾ ਹੀ ਕਾਫੀ ਸੀ ਕਿ ਮੈਂ ਪਛਤਾਉਂਦਾ ਹਾਂ ਤੇ ਉਹਨਾਂ ਨੇ ਮੈਨੂੰ ਮੌਤ ਦੀ ਸਜ਼ਾ ਨਹੀਂ ਸੀ ਦੇਣੀ, ਇਸਦੀ ਥਾਂ ਮੈਂ ਇੰਝ ਨਹੀਂ ਕਿਹਾ, ਜਿਵੇਂ ਮੈਂ ਹੁਣ ਨਹੀਂ ਆਖਿਆ, ਕਿਉਂਕਿ ਮੈਂ ਕਦੇ ਆਪਣਾ ਇਰਾਦਾ ਨਹੀਂ ਬਦਲਿਆ ਤੇ ਮੈਂ ਨਹੀਂ ਸੋਚਦਾ ਕਿ ਭਵਿੱਖ ਵਿਚ ਮੈਂ ਕਦੇ ਬਦਲਾਂਗਾ। ਪਾਪਾਡੋਪਾਊਲੀਸ ਵੱਡੀ ਗੱਦਾਰੀ ਦਾ ਦੋਸ਼ੀ ਹੈ ਤੇ ਸਾਡੇ ਦੇਸ਼ ਵਿਚ ਕਈ ਹੋਰ ਜੁਰਮਾਂ ਦੀ ਸਜ਼ਾ ਮੌਤ ਹੈ। ਮੈਂ ਪਾਗਲ ਕੱਟੜਪੰਥੀ ਵਾਂਗੂੰ ਵਿਹਾਰ ਨਹੀਂ ਸੀ ਕੀਤਾ ਤੇ

ਨਾ ਹੀ ਮੈਂ ਪਾਗਲ ਕੱਟੜਪੰਥੀ ਹਾਂ। ਮੈਂ ਤੇ ਮੇਰੇ ਸਾਥੀਆਂ, ਦੋਹਾਂ ਨੇ ਹੀ ਇਨਸਾਫ ਦੇ ਸੰਦਾਂ ਵਾਂਗੂੰ ਕੰਮ ਕੀਤਾ ਹੈ। ਜਦੋਂ ਲੋਕਾਂ ਉੱਤੇ ਜ਼ੁਲਮ ਠੋਸਿਆ ਜਾਂਦਾ ਹੈ ਤਾਂ ਹਰ ਨਾਗਰਿਕ ਦਾ ਫਰਜ਼ ਹੈ ਕਿ ਜ਼ਾਲਮ ਨੂੰ ਜਾਨੋਂ ਮਾਰ ਦੇਵੇ। ਪਛਤਾਵੇ ਦੀ ਕੋਈ ਜ਼ਰੂਰਤ ਨਹੀਂ ਹੈ ਅਤੇ ਸਾਡਾ ਸੰਘਰਸ਼ ਯੂਨਾਨ ਵਿਚ ਇਨਸਾਫ ਤੇ ਆਜ਼ਾਦੀ ਦੀ ਪੁਨਰ-ਸਥਾਪਨਾ ਤੀਕ ਜਾਰੀ ਰਹੇਗਾ।

? : **ਮੈਂ ਇਹ ਜਾਣਦੀ ਹਾਂ। ਐਲੀਕੋਸ, ਮੈਨੂੰ ਤੂੰ ਮਾਰਨ ਦੀ ਕੋਸ਼ਿਸ਼ ਬਾਰੇ ਕੁਝ ਦੱਸ।**

– : ਇਹ ਪੂਰੀ ਤਰ੍ਹਾਂ ਤਿਆਰੀ ਨਾਲ ਕੀਤੀ ਕੋਸ਼ਿਸ਼ ਸੀ। ਆਖਰੀ ਵੇਰਵਿਆਂ ਤੀਕ ਤੇ ਹੇਠਾਂ ਤੀਕ। ਮੈਂ ਹਰ ਚੀਜ਼ ਬਾਰੇ ਸੋਚਿਆ ਸੀ। ਮੈਂ ਦੋ ਸੌ ਮੀਟਰ ਦੀ ਦੂਰੀ ਤੋਂ ਦੋ ਵਿਸਫੋਟਾਂ ਦੇ ਬਿਜਲੀ ਦੇ ਸਵਿੱਚਾਂ ਨੂੰ ਖੋਲ੍ਹਣਾ ਸੀ। ਦੋਵੇਂ ਬਾਰੂਦੀ ਸੁਰੰਗਾਂ ਠੀਕ ਥਾਂ ਰੱਖੀਆਂ ਗਈਆਂ ਸਨ। ਮੈਂ ਉਹ ਖ਼ੁਦ ਹੀ ਤਿਆਰ ਕੀਤੀਆਂ ਸਨ। ਹਰ ਇੱਕ ਵਿਚ ਪੰਜ ਕਿਲੋ ਟੀ. ਐਨ. ਟੀ. ਅਤੇ ਡੇਢ ਕਿਲੋ ਵਿਸਫੋਟਕ ਪਦਾਰਥ 'ਸੀ-3' ਪਾਇਆ ਹੋਇਆ ਸੀ। ਮੈਂ ਇਹ ਨਿੱਕੇ ਪੁਲ ਤੋਂ ਇੱਕ ਮੀਟਰ ਦੀ ਡੂੰਘਾਈ ਤੇ ਪੁਲ ਦੇ ਦੋਹੀਂ ਪਾਸੀਂ ਫਿੱਟ ਕੀਤਾ ਸੀ। ਜਿੱਥੋਂ ਦੀ ਕਿ ਪਾਪਾਡੋਪਾਓਲੋਸ ਦੀ ਕਾਰ ਨੇ, ਸੋਨੀਅਨ ਤੋਂ ਏਥਨਜ਼ ਦੀ ਤੱਟ ਵਰਤੀ ਸੜਕ ਤੋਂ ਲੰਘਣਾ ਸੀ। ਧਮਾਕੇ ਨੇ ਪੰਜਤਾਲੀ ਡਿਗਰੀ ਦੇ ਘੇਰੇ ਵਿਚ ਪਾੜ ਪਾਉਣਾ ਸੀ ਤੇ ਦੋ ਮੀਟਰ ਦੇ ਘੇਰੇ ਵਿਚ ਗੋਲ ਪਾੜਾ ਪਾਉਣਾ ਸੀ। ਇੱਕੋ ਹੀ ਧਮਾਕਾ ਕਾਫੀ ਹੋਣਾ ਸੀ, ਨਿਸ਼ਾਨੇ ਤੇ ਵੱਜਣ ਲਈ ਇੱਕੋ ਹੀ ਸੁਰੰਗ ਨੇ ਮਾਰ ਕਰਨੀ ਸੀ। ਸ਼ਰਤ ਇਹ ਸੀ ਕਿ ਕਾਰ ਠੀਕ ਛਿਣ ਉੱਤੇ ਲੰਘੇ।

ਪਰ ਇਹ ਉਸ ਸਾਥੀ ਦੀ ਗਲਤੀ ਸੀ, ਜਿਸਨੇ ਇਸ ਸਭ ਕੁਝ ਨੂੰ ਕਾਰ ਦੇ ਟਰੰਕ ਵਿਚ ਰੱਖਿਆ ਸੀ ਤੇ ਫੀਊਜ਼ ਏਨੇ ਵਲ ਖਾ ਗਿਆ ਸੀ ਤੇ ਉਸ ਵਿਚ ਏਨੀਆਂ ਗੰਢਾਂ ਪੈ ਗਈਆਂ ਸਨ ਕਿ ਮੈਂ ਚਾਲੀ ਮੀਟਰ ਤਾਰ ਹੀ ਖੋਲ੍ਹ ਸਕਿਆ ਸੀ। ਏਨੀ ਦੂਰੀ ਤੋਂ ਸਵਿੱਚ ਨੂੰ ਖੋਲ੍ਹਣਾ ਸੰਭਵ ਨਹੀਂ ਸੀ ਕਿਉਂਕਿ ਮੇਰੇ ਲੁਕਣ ਲਈ ਕੋਈ ਜਗ੍ਹਾ ਨਹੀਂ ਸੀ। ਜਿਹੜੀ ਜਗ੍ਹਾ ਤੇ ਮੈਂ ਲੁਕ ਸਕਦਾ ਸੀ ਉਹ ਪੁਲ ਤੋਂ ਅੱਠ ਤੋਂ ਦਸ ਮੀਟਰ ਦੇ ਵਿਚਕਾਰ ਸੀ। ਮੈਨੂੰ ਇੱਥੇ ਹੀ ਕੋਸ਼ਿਸ਼ ਕਰਨੀ ਪੈਣੀ ਸੀ। ਮੈਂ ਤੁਰੰਤ ਹੀ ਇਸ ਦੀਆਂ ਘਾਟਾਂ ਅਤੇ ਖ਼ਤਰਿਆਂ ਨੂੰ ਐਸੀ ਅਵਸਥਾ ਵਿਚ ਭਾਂਪ ਲਿਆ ਸੀ। ਸਭ ਤੋਂ ਗੰਭੀਰ ਨੁਕਸ ਇਹ ਸੀ ਕਿ ਮੈਂ ਮੁੱਖ ਸੜਕ ਨੂੰ ਚੰਗੀ ਤਰ੍ਹਾਂ ਨਹੀਂ ਸੀ ਵੇਖ ਸਕਦਾ। ਚਲਾਉਣ ਤੋਂ ਪਹਿਲਾਂ ਮੈਂ ਕਈ ਅਭਿਆਸ ਕੀਤੇ ਸਨ ਤੇ ਮੈਂ ਆਪਣੀ ਥਾਂ ਦੋ ਸੌ ਮੀਟਰ ਦੀ ਦੂਰੀ ਤੇ ਚੁਣੀ ਸੀ, ਕਿਉਂਕਿ ਮੈਂ ਨੋਟ ਕੀਤਾ ਸੀ ਕਿ ਜਦੋਂ ਕਾਰ ਪਰੇ ਤੇ ਪੁਲ ਦੇ ਵਿਚਕਾਰ ਸੀ ਤਾਂ ਮੈਂ ਇਸਨੂੰ ਇੱਕ ਬੋਰਡ ਨਾਲ ਅੱਧੀ ਲੁਕੀ ਹੋਈ ਵੇਖਿਆ। ਉਸ ਘੜੀ ਮੈਨੂੰ ਆਪਣਾ ਸਵਿੱਚ ਖੋਲ੍ਹ ਦੇਣਾ ਚਾਹੀਦਾ ਸੀ। ਇਸਦੀ ਥਾਂ ਇਸ ਨਵੇਂ ਸਥਾਨ ਤੋਂ ਮੈਨੂੰ ਸੜਕ ਚੰਗੀ ਤਰ੍ਹਾਂ ਨਹੀਂ ਦਿਸੀ। ਇਸ ਲਈ ਉਸ ਛਿਣ



ਮੈਂ ਕਾਰ ਦਾ ਅਨੁਮਾਨ ਸਹੀ ਨਾ ਲਾ ਸਕਿਆ, ਜਦੋਂ ਮੈਨੂੰ ਫਿਊਜ਼ ਨੂੰ ਜਗਾਉਣਾ ਚਾਹੀਦਾ ਸੀ, ਇਸ ਅਵਸਥਾ ਦੀ ਦੂਜੀ ਘਾਟ ਇਹ ਸੀ ਕਿ ਉਥੋਂ ਭੱਜਣਾ ਲਗਭਗ ਅਸੰਭਵ ਸੀ। ਸੜਕ ਦੇ ਨਾਲ-ਨਾਲ ਹਰ ਪੰਜਾਹ ਜਾਂ ਸੌ ਮੀਟਰ ਉੱਤੇ ਇੱਕ ਗਸ਼ਤ ਕਰਨ ਵਾਲਾ ਸਿਪਾਹੀ ਸੀ ਤੇ ਇਸ ਤੋਂ ਬਿਨਾਂ ਕਈ ਕਾਰਾਂ ਸਨ ਤੇ ਹਰ ਕਾਰ ਦਸ ਮੀਟਰ ਤੋਂ ਦੂਰ ਨਹੀਂ ਸੀ।

? : **ਤਾਂ ਫਿਰ ਤੁਹਾਨੂੰ ਉਸ ਥਾਂ ਤੋਂ ਸਮੁੰਦਰ ਵਿਚ ਛਾਲ ਮਾਰਨੀ ਪਈ ਹੋਵੇਗੀ?**

– : ਬਿਲਕੁਲ ਇੰਝ ਹੀ। ਤੇ ਮੇਰੇ ਲਈ ਇੱਕ ਤੇਜ਼ ਮੋਟਰ-ਕਿਸ਼ਤੀ ਉਡੀਕ ਰਹੀ ਸੀ, ਜੋ ਮੈਥੋਂ ਦੋ ਸੌ ਮੀਟਰ ਪਰੇ ਸੀ। ਮੈਂ ਸਪੱਸ਼ਟ ਵੇਖ ਸਕਦਾ ਸੀ ਕਿ ਬਚ ਕੇ ਨਿਕਲਣਾ ਅਸੰਭਵ ਸੀ। ਫਿਰ ਵੀ ਮੈਂ ਇਸ ਸਾਰੇ ਕੁਝ ਦੇ ਵਿਚੋਂ ਦੀ ਲੰਘਣਾ ਚਾਹਿਆ। ਮੈਂ ਫਿਊਜ਼ ਜਗਾਇਆ ਤੇ ਉਸੇ ਘੜੀ ਪਾਣੀ ਵਿਚ ਛਾਲ ਮਾਰ ਦਿੱਤੀ। ਮੈਂ ਪਾਣੀ ਵਿਚ ਵੀਹ ਜਾਂ ਤੀਹ ਮਿੰਟ ਤੱਕ ਤਰਦਾ ਗਿਆ। ਫਿਰ ਮੈਂ ਦਮ ਲਿਆ। ਮੈਂ ਤੁਰੰਤ ਅਨੁਭਵ ਕੀਤਾ ਕਿ ਉਨ੍ਹਾਂ ਨੇ ਮੈਨੂੰ ਸਮੁੰਦਰ ਵਿਚ ਛਲਾਂਗ ਮਾਰਦੇ ਨਹੀਂ ਤੱਕਿਆ। ਸਾਰੇ ਪਾਸਿਆਂ ਤੋਂ ਸਿਪਾਹੀ ਧਮਾਕੇ ਵਾਲੀ ਥਾਂ ਵੱਲ ਨੱਸ ਰਹੇ ਸਨ। ਮੈਂ ਕੁਝ ਹੋਰ ਦੂਰੀ ਤੁਰਿਆ ਤੇ ਫਿਰ ਚੱਟਾਨਾਂ ਦੇ ਪਾਰ ਖਲੋਤੀ ਮੋਟਰ ਬੋਟ ਕੋਲ ਪਹੁੰਚਣ ਲਈ ਪਾਣੀ ਤੋਂ ਤੇਜ਼ੀ ਨਾਲ ਬਾਹਰ ਆਇਆ। ਮੈਂ ਝੁਕ ਕੇ ਦੌੜ ਰਿਹਾ ਸੀ ਤੇ ਮੇਰਾ ਸਿਰ ਹੇਠਾਂ ਨੂੰ ਸੀ। ਅਚਾਨਕ ਮੈਂ ਮੋਟਰ-ਬੋਟ ਨੂੰ ਤੁਰਦੀ ਵੇਖਿਆ। ਯੋਜਨਾ ਇਹ ਸੀ ਕਿ ਇਹ ਮੈਨੂੰ ਪੰਜ ਮਿੰਟ ਉਡੀਕੇਗੀ, ਵੱਧ ਨਹੀਂ। ਫਿਰ ਵੀ ਮੈਂ ਘਾਬਰਿਆ ਨਹੀਂ।

ਯੋਜਨਾ ਦਾ ਇੱਕ ਹੋਰ ਬਦਲ ਵੀ ਸੀ। ਜੇ ਮੋਟਰ-ਬੋਟ ਨਾ ਪਹੁੰਚੇ ਜਾਂ ਇਹ ਮੈਨੂੰ ਬਿਠਾਏ ਤੋਂ ਬਿਨਾਂ ਤੁਰ ਪਵੇ, ਤਾਂ ਮੈਂ ਚੱਟਾਨਾਂ ਵਿਚ ਦੇਰ ਰਾਤ ਤੀਕ ਛਿਪੇ ਰਹਿਣਾ ਸੀ। ਉੱਥੇ ਕਈ ਕਾਰਾਂ ਹੋਣੀਆਂ ਸਨ, ਜੋ ਮੇਰੇ ਲਈ ਕਈ ਥਾਂਵਾਂ ਉੱਤੇ ਉਡੀਕਣਗੀਆਂ ਤੇ ਮੈਂ ਆਪਣੀ ਲੁਕਣ ਵਾਲੀ ਥਾਂ ਨੂੰ ਹਨ੍ਹੇਰੇ ਵਿਚ ਤਿਆਗ, ਇਹਨਾਂ ਕਾਰਾਂ ਤੀਕ ਪਹੁੰਚਣਾ ਸੀ। ਨਿਰਸੰਦੇਹ ਇਹ ਸਾਰਾ ਕੁਝ ਬੇਆਰਾਮੀ ਵਾਲਾ ਕੰਮ ਸੀ, ਕਿਉਂਕਿ ਮੇਰੇ ਗਲ ਨਹਾਉਣ ਵਾਲਾ ਸੂਟ ਹੀ ਸੀ, ਪਰ ਇਹ ਕੋਈ ਵੱਡੀ ਸਮੱਸਿਆ ਨਹੀਂ ਸੀ। ਇਸ ਲਈ ਮੈਂ ਇੱਕ ਵੱਡੀ ਗੁਫਾ ਵਿਚ ਲੁਕ ਗਿਆ ਤੇ ਉੱਥੇ ਦੋ ਘੰਟੇ ਰਿਹਾ। ਦੋ ਘੰਟੇ ਤੱਟ-ਵਰਤੀ ਤੇ ਮਿਲਟਰੀ ਪੁਲਸ ਸਾਰੀ ਥਾਂ ਤੇ ਮੈਨੂੰ ਲੱਭਦੀ ਰਹੀ। ਇਹਨਾਂ ਦੋ ਘੰਟਿਆਂ ਦੇ ਸਮੇਂ ਮੈਂ ਉਤਸ਼ਾਹਵਾਦੀ ਹੋ ਗਿਆ। ਹਾਲੀਂ ਤੀਕ ਉਹਨਾਂ ਮੈਨੂੰ ਲੱਭਿਆ ਨਹੀਂ ਸੀ ਤੇ ਹੁਣ ਉਹ ਮੈਨੂੰ ਕਦੀ ਵੀ ਲੱਭ ਨਹੀਂ ਸਕਣਗੇ। ਫਿਰ ਐਸੀ ਗੱਲ ਵਾਪਰੀ, ਜਿਸ ਨੂੰ ਮੈਂ ਕਿਸਮਤ ਹੀ ਆਖ ਸਕਦਾ ਹਾਂ। ਜਿਸ ਗੁਫ਼ਾ

ਵਿਚ ਮੈਂ ਲੁਕਿਆ ਹੋਇਆ ਸੀ, ਉਸ ਦੇ ਉੱਤੇ ਇੱਕ ਪੁਲਸ ਵਾਲਾ ਖਲੋਤਾ ਸੀ। ਮੈਂ ਉਸਨੂੰ ਇਹ ਕਹਿੰਦੇ ਸੁਣਿਆ, "ਉਹ ਇਥੇ ਨਹੀਂ ਹੈ। ਆਓ ਉਹਨਾਂ ਝਾੜੀਆਂ ਦੇ ਪਿੱਛੇ ਝਾਤੀ ਮਾਰੀਏ ਤੇ ਫਿਰ ਪਿੱਛੋਂ ਦੂਜੇ ਪਾਸੇ ਵੇਖਾਂਗੇ। ਪਰ ਜਿਸ ਘੜੀ ਉਹ ਦੂਸਰੇ ਪਾਸੇ ਨੂੰ ਜਾਣ ਲੱਗਾ ਤਾਂ ਉਹ ਪਿਛਾਂਹ ਡਿੱਗ ਪਿਆ ਤੇ .... ਤੇ ਉਹ ਮੇਰੇ ਬਿਲਕੁਲ ਸਾਹਮਣੇ ਡਿੱਗਾ। ਉਸਨੇ ਮੈਨੂੰ ਤੁਰੰਤ ਵੇਖ ਲਿਆ ਤੇ ਇੱਕ ਅੱਧੇ ਮਿੰਟ ਵਿਚ ਉਹ ਸਾਰੇ ਮੇਰੇ ਸਿਰ ਤੇ ਸਨ। ਘਸੁੰਨ ਮਾਰਦੇ ਤੇ ਪੁੱਛਦੇ, "ਤੂੰ ਕੌਣ ਹੈ? ਦੂਜੇ ਕਿੱਥੇ ਹਨ? ਮੋਟਰ-ਬੋਟ ਵਿਚ ਕੌਣ ਖਿਸਕਿਆ ਸੀ? ਬੋਲ - ਬੋਲ" ਤੇ ਚੋਟਾਂ ਹੋਰ ਚੋਟਾਂ.... ਮੈਂ ਗੂੰਗੇ ਹੋਣ ਦਾ ਬਹਾਨਾ ਬਣਾਇਆ ਤੇ ਉਹਨਾਂ ਦੇ ਕਿਸੇ ਸਵਾਲ ਦਾ ਜਵਾਬ ਨਾ ਦਿੱਤਾ। ਫਿਰ ਉਹ ਮੈਨੂੰ ਸੜਕ ਤੀਕ ਲੈ ਗਏ ਤੇ ਕਾਰ ਵਿਚ ਸੁੱਟ ਲਿਆ ਤੇ....

? : **ਹੁਣ ਹੋਰ ਨਾ ਸੁਣਾ, ਜੇ ਤੂੰ ਨਹੀਂ ਸੁਣਾਉਣਾ ਚਾਹੁੰਦਾ। ਇਹ ਕਾਫ਼ੀ ਹੈ।**

\- : ਪਰ ਕਿਉਂ? ਕਾਰ ਵਿਚ ਮੈਂ ਇਹ ਕਹਿਣ ਹੀ ਵਾਲਾ ਸੀ। ਕਾਰ ਵਿਚ ਪਬਲਿਕ ਸੁਰੱਖਿਆ ਦਾ ਮੰਤਰੀ ਜਨਰਲ ਜਲੇਵੀ ਕੋਸ ਤੇ ਜਰਨਲ ਲਾਡਾਸ ਸਨ। ਸਿਪਾਹੀ ਜਿਹੜਾ ਮੈਨੂੰ ਕੁਝ ਦੇਰ ਤੋਂ ਜਾਣਦਾ ਸੀ, ਚੀਕ ਉੱਠਿਆ, "ਇਹ ਪਾਨਾਗਾਉਲੀਸ ਹੈ।" ਅਫਸਰਾਂ ਨੇ ਸੋਚਿਆ, ਕਿ ਮੈਂ ਮੇਰਾ ਭਰਾ ਜੋਰਜ ਕਪਤਾਨ ਪਾਨਾਗਾਉਲੀਸ ਸੀ। ਜਿਸਨੂੰ ਉਹ ਅਗਸਤ 1967 ਤੋਂ ਤਲਾਸ਼ ਰਹੇ ਸੀ। ਉਹ ਚੀਕਣ ਲੱਗੇ, 'ਕਪਤਾਨ! ਹੁਣ ਅਸੀਂ ਲੱਭ ਲਿਆ ਤੈਨੂੰ। ਹੁਣ ਨਹੀਂ ਛੱਡਦੇ ਤੈਨੂੰ ਜਿਊਂਦਾ। ਉਹਨਾਂ ਨੂੰ ਆਪਣੀ ਗਲਤੀ ਅਨੁਭਵ ਕਰਨ ਲਈ ਤੀਹ ਘੰਟੇ ਲੱਗੇ। ਇਹਨਾਂ ਤੀਹ ਘੰਟਿਆਂ ਵਿਚ, ਉਹਨਾਂ ਮੇਰੇ ਉੱਤੇ ਸਭ ਤੋਂ ਨਿਰਦਈ, ਸਭ ਤੋਂ ਬਦਨਾਮ ਪੁੱਛ-ਪੜਤਾਲ ਦੇ ਤਰੀਕੇ ਵਰਤੇ। ਉਹਨਾਂ ਮੈਨੂੰ ਕਿਹਾ, ਅਸੀਂ ਅਲੈਗਜਾਂਡਰ ਨੂੰ ਸਾਲੋਨੀਕਾ ਵਿਚ ਗ੍ਰਿਫਤਾਰ ਕਰ ਲਿਆ ਸੀ ਤੇ ਬਿਲਕੁਲ ਇਸੇ ਵੇਲੇ ਉਹ ਤੇਰੇ ਨਾਲੋਂ ਵੱਧ ਕਸ਼ਟ ਝੱਲ ਰਿਹਾ ਹੈ। ਉਹਨਾਂ ਮੈਨੂੰ ਕਈ ਅਫਸਰਾਂ ਬਾਰੇ ਵੀ ਪੁੱਛਿਆ, ਜਿਹਨਾਂ ਨੂੰ ਕੁਦਰਤੀ ਹੀ ਮੈਂ ਜਾਣਦਾ ਨਹੀਂ ਸੀ। ਮਿਸਾਲ ਵਜੋਂ, ਉਹਨਾਂ ਮੈਨੂੰ ਜਨਰਲ ਅੰਗਪੇਲੀਸ ਬਾਰੇ ਪੁੱਛਿਆ, ਜੋ ਉਸ ਸਮੇਂ ਫੌਜਾਂ ਦਾ ਕਮਾਂਡਰ-ਇਨ-ਚੀਫ਼ ਸੀ। ਉਹ ਜਾਨਣਾ ਚਾਹੁੰਦੇ ਸੀ ਕਿ ਕੀ ਉਹ ਇਸ ਸਾਜਿਸ਼ ਵਿਚ ਸ਼ਾਮਿਲ ਸੀ ਤੇ ਇਹ ਗੱਲ ਲੱਭਣ ਲਈ ਮੈਨੂੰ ਕਈ ਤਸੀਹੇ ਦਿੱਤੇ। ਉਹ ਡਰੇ ਹੋਏ ਸੀ ਤੇ ਉਨ੍ਹਾਂ ਮੇਰੇ ਨਾਲ ਭਿਆਨਕ ਵਿਹਾਰ ਕੀਤਾ। ਪਰ ਉਹਨਾਂ ਦੀ ਤਫਤੀਸ਼ ਹੋਰ ਭਾਵੇਂ ਕੁਝ ਹੋਵੇ, ਮਰਿਯਾਦਾਪੂਰਨ ਨਹੀਂ ਸੀ। ਉਹ ਘਾਬਰੇ ਹੋਏ ਬਹੁਤ ਸੀ। ਜਦੋਂ ਅਖ਼ੀਰ ਉਹਨਾਂ ਨੂੰ ਪਤਾ ਲੱਗਾ ਕਿ ਮੈਂ ਜੋਰਜ ਨਹੀਂ, ਅਲੈਗਜਾਂਡਰ ਸੀ, ਤਾਂ ਉਹ ਏਨੇ ਕਹਿਰਵਾਨ ਹੋਏ ਕਿ ਉਹਨਾਂ ਤਸੀਹੇ



ਦੁੱਗਣੇ ਕਰ ਦਿੱਤੇ।

? : **ਕੀ ਹੁਣ ਵੀ ਤੂੰ ਇਹਨਾਂ ਬਾਰੇ ਸੋਚਦਾ ਹੈਂ? ਐਲੀਕੋਸ! ਸੰਭਵ ਹੈ ਕਿ ਇਹ ਆਖਣਾ ਖ਼ੌਫਨਾਕ ਹੋਵੇ, ਪਰ ਇਹ ਇਸੇ ਤਰ੍ਹਾਂ ਹੀ ਵਾਪਰਨਾ ਸੀ। ਕਿਉਂਕਿ ਹੁਣ ਤੂੰ ਇੱਕ ਚਿੰਨ ਬਣ ਗਿਆ ਹੈ, ਜਿਸ ਵੱਲ ਦੁਸ਼ਮਣ ਬੜੇ ਸਤਿਕਾਰ ਅਤੇ ਸ਼ਰਧਾ ਨਾਲ ਵੇਖਦੇ ਹਨ।**

\- : ਤੁਸੀਂ ਮੈਨੂੰ ਉਹਨਾਂ ਵਰਗੇ ਪ੍ਰਤੀਤ ਹੁੰਦੇ ਹਨ, ਜੋ ਕਹਿੰਦੇ ਹਨ, 'ਐਲੀਕੋਸ, ਤੂੰ ਇੱਕ ਨਾਇਕ ਹੈ। ਮੈਂ ਨਾਇਕ ਨਹੀਂ ਹਾਂ ਤੇ ਨਾ ਹੀ ਨਾਇਕ ਵਾਂਗ ਅਨੁਭਵ ਕਰਦਾ ਹਾਂ। ਮੈਂ ਲੀਡਰ ਵੀ ਨਹੀਂ ਤੇ ਨਾ ਹੀ ਆਗੂ ਬਣਨਾ ਚਾਹੁੰਦਾ ਹਾਂ ਤੇ ਇਹ ਹਰਮਨ ਪਿਆਰਤਾ ਮੈਨੂੰ ਪ੍ਰੇਸ਼ਾਨ ਕਰਦੀ ਹੈ। ਇਹ ਮੇਰੀ ਸੋਚ ਵਿਚ ਵਿਘਨ ਪਾਉਂਦੀ ਹੈ। ਮੈਂ ਤੁਹਾਨੂੰ ਪਹਿਲਾਂ ਵੀ ਦੱਸਿਆ ਸੀ ਕਿ ਮੈਂ ਸਿਰਫ਼ ਇੱਕੋਂ ਇਕ ਯੂਨਾਨੀ ਨਹੀਂ ਹਾਂ, ਜਿਸਨੇ ਜੇਲ੍ਹ ਦੇ ਦੁੱਖ ਝੱਲੇ ਹਨ। ਮੈਂ ਸੌਂਹ ਖਾ ਕੇ ਆਖਦਾ ਹਾਂ, ਮੈਥੋਂ ਇਹ ਹਰਮਨ ਪਿਆਰਤਾ ਬਰਦਾਸ਼ਤ ਨਹੀਂ ਹੁੰਦੀ। ਜਦ ਮੈਂ ਸੋਚਦਾ ਹਾਂ ਕਿ ਮੇਰੀ ਮੌਤ ਨੇ ਵੀ ਇਸ ਵਿਚ ਏਨੀ ਹੀ ਸਹਾਇਤਾ ਕਰਨੀ ਸੀ। ਇਸ ਲਈ ਮੈਂ ਇਸ ਨੂੰ ਏਨੀ ਹੀ ਨਿਰਲੇਪਤਾ ਨਾਲ ਵੇਖਦਾ ਹਾਂ। ਜਿੰਨੀ ਨਾਲ ਮੈਂ ਆਪਣੀ ਮੌਤ ਦੀ ਸਜ਼ਾ ਨੂੰ ਵੇਖਿਆ ਸੀ। ਪਰ ਉਸ ਤਰੀਕੇ ਨਾਲ ਸੋਚਣ ਤੇ ਵੀ ਇਹ ਬੜੀ ਤਕਲੀਫ਼ਦੇਹ ਹਰਮਨ ਪਿਆਰਤਾ ਹੈ। ਇਹ ਨਾ ਖੁਸ਼ਗਵਾਰ ਹੈ। ਜਦ ਤੁਸੀਂ ਸਾਰੇ ਮੈਨੂੰ ਪੁੱਛਦੇ ਹੋ। "ਐਲੀਕੋਸ, ਤੂੰ ਕੀ ਕਰੇਂਗਾ?" ਮੈਂ ਗਸ਼ੀ ਪੈਣ ਵਾਂਗ ਅਨੁਭਵ ਕਰਦਾ ਹਾਂ। ਮੈਂ ਕੀ ਕਰਾਂ, ਤਾਂ ਕਿ ਤੁਹਾਨੂੰ ਮਾਯੂਸ ਨਾ ਕਰਾਂ? ਮੈਂ ਤੁਹਾਨੂੰ ਸਭ ਨੂੰ ਨਿਰਾਸ਼ ਕਰਨ ਤੋਂ ਐਨਾ ਡਰਦਾ ਹਾਂ, ਜੋ ਮੇਰੇ ਵਿਚ ਐਨੀਆਂ ਗੱਲਾਂ ਵੇਖ ਰਹੇ ਹੋ। ਕਾਸ਼! ਤੁਸੀਂ ਮੈਨੂੰ ਇੱਕ ਨਾਇਕ ਵਾਂਗ ਵੇਖਣ ਵਿਚ ਸਫਲ ਨਾ ਹੋਵੋ। ਕਾਸ਼! ਤੁਸੀਂ ਮੈਨੂੰ ਇੱਕ ਆਮ ਆਦਮੀ ਵਾਂਗ ਤੱਕਣ ਵਿਚ ਸਫਲ ਹੋਵੋ।

? : **ਐਲੀਕੋਸ, ਇਹ ਆਮ ਆਦਮੀ ਹੋਣ ਦਾ ਕੀ ਅਰਥ ਹੈ?**

\- : ਇਸਦਾ ਅਰਥ ਹੈ ਹੌਂਸਲਾ ਰੱਖਣਾ। ਗੌਰਵ ਅਨੁਭਵ ਕਰਨਾ। ਇਸਦਾ ਅਰਥ ਹੈ ਮਨੁੱਖਤਾ ਵਿਚ ਵਿਸ਼ਵਾਸ ਰੱਖਣਾ। ਇਸਦਾ ਅਰਥ ਹੈ, ਬਿਨਾਂ ਆਸਰਾ ਬਣਨ ਤੇ ਪਿਆਰ ਕਰਨਾ। ਇਸ ਦਾ ਅਰਥ ਹੈ ਸੰਘਰਸ਼ ਕਰਨਾ ਤੇ ਜਿੱਤਣਾ। ਵੇਖੋ, ਕਿਪਲਿੰਗ ਥੋੜ੍ਹਾ ਜਾਂ ਬਹੁਤਾ ਆਪਣੀ ਕਵਿਤਾ 'ਜੇ' ਵਿਚ ਇਹੀ ਗੱਲ ਕਹਿੰਦਾ ਹੈ। ਤੇ ਤੁਹਾਡੇ ਲਈ ਆਦਮੀ ਦੇ ਅਰਥ ਕੀ ਹਨ ਫਲਾਸੀ?

? : **ਐਲੀਕੋਸ ਮੈਂ ਕਹਾਂਗੀ ਮਨੁੱਖ ਉਹ ਹੈ, ਜੋ ਤੁਸੀਂ ਹੋ।**

**(ਏਥਨਜ਼ - ਸਤੰਬਰ 1973)**

# ਮੇਰੇ ਨਾਵਲ ਇੱਕ ਹੜ੍ਹ ਵਿਚ ਆਏ ਸਨ

(ਮੁਲਖ਼ ਰਾਜ ਆਨੰਦ ਨਾਲ ਸਾਰੋਸ ਕੋਵਾਸਕੀ ਦੀ ਬਾਤ-ਚੀਤ)

ਇਸ ਇੰਟਰਵਿਊ ਦੀ ਕਹਾਣੀ ਵੀ ਅਜੀਬ ਹੈ। ਇਸ ਦੀ ਸਿਰਜਣਾ ਕੇਵਲ ਆਨੰਦ ਦੇ ਉੱਦਮ ਨਾਲ ਹੋਈ ਸੀ। ਮੁਲਖ਼ ਰਾਜ ਆਨੰਦ ਸਮੇਂ-ਸਮੇਂ ਜੋ ਖ਼ਤ ਆਪਣੇ ਮਿੱਤਰ ਸਾਰੋਸ ਕੋਵਾਸਕੀ ਨੂੰ ਲਿਖਦਾ ਰਿਹਾ ਸੀ, ਉਹਨਾਂ ਖ਼ਿਆਲਾਂ ਨੂੰ ਇੱਕ ਲੜੀ ਵਿਚ ਪਰੋ ਕੇ, ਇਸਨੂੰ ਇੰਟਰਵਿਊ ਦਾ ਰੂਪ ਦਿੱਤਾ ਗਿਆ ਹੈ। ਕੋਵਾਸਕੀ ਕੈਨੇਡਾ ਦੀ ਰੀਜੀਨਾ ਯੂਨੀਵਰਸਿਟੀ ਵਿਚ ਪ੍ਰੋਫੈਸਰ ਐਮਰੀਟਸ ਹਨ। ਇਹ ਇੰਟਰਵਿਊ ਅੰਗਰੇਜ਼ੀ ਟ੍ਰਿਬਿਊਨ ਵਿਚ ਮਿਤੀ 20-11-08 ਨੂੰ ਛਪਿਆ ਸੀ। ਜਿਥੋਂ ਧੰਨਵਾਦ ਸਹਿਤ ਲੈਕੇ ਪੰਜਾਬੀ ਅਨੁਵਾਦ ਪੇਸ਼ ਕੀਤਾ ਜਾ ਰਿਹਾ ਹੈ।

? : **ਤੁਸਾਂ ਆਪਣੇ ਨਿਰਵਿਵਾਦ ਵਿਰੋਧੀ ਨਾਵਲਕਾਰਾਂ ਆਰ. ਕੇ. ਨਾਰਾਇਣ ਅਤੇ ਰਾਜਾ ਰਾਓ ਨਾਲੋਂ ਵੱਧ ਗਿਣਤੀ ਵਿਚ ਨਾਵਲ ਲਿਖੇ ਹਨ। ਤੁਸੀਂ ਆਪਣੇ ਕਿਹੜੇ ਨਾਵਲ ਨੂੰ ਸਭ ਤੋਂ ਵਧੀਆ ਸਮਝਦੇ ਹੋ?**

– : ਮੈਨੂੰ ਕੋਈ ਹੱਕ ਨਹੀਂ ਕਿ ਕਹਾਂ, ਮੇਰਾ ਕਿਹੜਾ ਨਾਵਲ ਸਭ ਤੋਂ ਵਧੀਆ ਹੈ। ਕੁਝ ਕਿਤਾਬਾਂ ਸਫ਼ਲ ਹਨ, ਇਸ ਕਾਰਨ ਨਹੀਂ ਕਿ ਉਹ ਅਸਲ ਵਿਚ ਚੰਗੀਆਂ ਹੁੰਦੀਆਂ ਹਨ, ਸਗੋਂ ਇਸ ਕਾਰਨ ਕਿ ਉਹ ਆਲੋਚਕਾਂ ਦੇ ਇੱਕ ਗਰੁੱਪ ਦੀਆਂ ਜਾਣੀਆਂ-ਪਛਾਣੀਆਂ ਭਾਵਨਾਵਾਂ ਦੀ ਤਸਦੀਕ ਕਰਦੀਆਂ ਹਨ, ਜਿਹੜੇ ਆਲੋਚਕ ਕਿ ਪੱਖਪਾਤੀ ਭਾਵਨਾਵਾਂ ਦੇ ਵਹਿਣ ਵਿਚ ਵਹਿ ਜਾਂਦੇ ਹਨ। ਅਸਲ ਵਿਚ ਹਰ ਪੁਸਤਕ ਇੱਕ ਪ੍ਰਕਿਰਿਆ ਹੈ, ਜਿਸ ਵਿਚ ਕਾਫੀ ਕੁਝ ਚੰਗਾ ਤੇ ਮਾੜਾ ਹੁੰਦਾ ਹੈ। ਨਾਵਲ ਇੱਕ ਅਜਿਹਾ ਬੇਤਰਤੀਬਾ (Amorphous) ਸਾਹਿਤ-ਰੂਪ ਹੈ, ਜਿਸਨੂੰ ਸੰਖੇਪ ਰੂਪ ਵਿਚ ਕਾਬੂ ਕਰਨਾ ਹੁੰਦਾ ਹੈ। ਕਿਸੇ ਕਿਤਾਬ ਦੇ ਸਾਪੇਖਕ ਗੁਣ, ਲੇਖਕ ਦੇ ਦ੍ਰਿਸ਼ਟੀਕੋਣ ਤੋਂ, ਉਸ ਦੀਆਂ ਉਹਨਾਂ ਭਾਵਨਾਵਾਂ ਵਿਚ ਹੁੰਦੇ ਹਨ, ਜੋ ਉਹ ਆਪਣੀ ਰੂਹ ਦੇ ਨਾਟਕ ਬਾਰੇ ਪ੍ਰਗਟ ਕਰਨ ਵਿਚ ਸਫਲ ਹੁੰਦਾ ਹੈ ਅਤੇ ਇਹ ਵੀ ਕਿ ਉਸਨੂੰ ਕਿਹੜੇ ਪੱਧਰਾਂ ਉੱਤੇ ਪ੍ਰਗਟ ਕਰਦਾ ਹੈ। ਸ਼ਾਇਦ ਇਸ ਪੱਖ ਤੋਂ ਮੈਂ "ਅਛੂਤ" ਨਾਵਲ ਨੂੰ ਦੂਸਰੀਆਂ ਲਿਖਤਾਂ ਨਾਲੋਂ ਵਧੇਰੇ ਤੀਬਰ ਲਿਖਤ ਸਮਝਦਾ ਹਾਂ।

? : **ਅਜੇ ਵੀ ਇਸ ਗੱਲ ਬਾਰੇ ਕਾਫੀ ਭਰਮ-ਭੁਲੇਖਾ ਹੈ ਕਿ ਪਹਿਲਾਂ ਜਦੋਂ ਤੁਸੀਂ "ਅਛੂਤ" ਨਾਵਲ ਲਿਖਿਆ ਸੀ ਤੇ ਜਦੋਂ ਇਹ ਮਹਾਤਮਾ ਗਾਂਧੀ ਨੂੰ ਵਿਖਾਇਆ ਸੀ?**

– : ਮੈਂ ਪਹਿਲੀ ਵਾਰ ਮਹਾਤਮਾ ਗਾਂਧੀ ਜੀ ਨੂੰ ਸਾਬਰਮਤੀ ਆਸ਼ਰਮ ਵਿਚ 1927 ਵਿਚ ਮਿਲਿਆ ਸੀ, ਜਦੋਂ ਮੈਂ ਜੋਇਸੀਨੇ ਅੰਗਰੇਜ਼ੀ ਵਿਚ ਉਸ ਨੂੰ ਇਕ ਅੱਲੜ ਖਰੜਾ ਵਿਖਾਇਆ ਸੀ। ਮੈਂ 1930 ਵਿਚ ਇਹ ਕਿਤਾਬ ਨਹੀਂ ਸੀ ਲਿਖੀ, ਸਗੋਂ ਇਹ 1925 ਵਿਚ ਸ਼ੁਰੂ ਕੀਤੀ ਸੀ। ਇਹ ਇੱਕ ਇਕਬਾਲੀਆ ਬਿਆਨ ਦਾ ਹਿੱਸਾ ਸੀ। ਮੈਂ



ਇਰਾਨੀ ਨੂੰ ਮਿਲਣ ਡਬਲਿਨ ਵਿਚ ਗਰਮੀਆਂ ਦੀ ਰੁੱਤ ਵਿਚ 1926 ਵਿਚ ਗਿਆ ਸੀ ਤੇ ਜਾਰਜ ਰੱਸਲ ਨੂੰ ਮਿਲਿਆ ਸੀ। ਮੈਨੂੰ ਦਿਨ ਤੇ ਮਹੀਨਾ ਚੇਤੇ ਨਹੀਂ ਪਰ ਮੈਂ (ਬੱਬਲ) ਵਿਚ ਜੋ ਲਿਖਿਆ ਹੈ, ਉਹ ਤੱਥਮਈ ਹਵਾਲੇ ਹਨ।

? : **1930ਵਿਆਂ ਦੇ ਲੇਖਕ ਹੋਣ ਦੇ ਨਾਤੇ ਤੁਸਾਂ ਕੀ ਸਿੱਖਿਆ ਸੀ ਤੇ ਉਸ ਸਮੇਂ ਨੇ ਤੁਹਾਨੂੰ ਕੀ ਸਿਖਾਇਆ?**

– : ਮੈਂ ਇਹ ਸਿੱਖਿਆ ਕਿ ਸ਼ਬਦ ਤੇ ਕਾਰਜ ਆਪੋ ਵਿਚ ਘੁਲੇ-ਮਿਲੇ ਹੋਣੇ ਚਾਹੀਦੇ ਹਨ, ਜੇ ਲੇਖਕ ਨੇ ਮਹੱਤਵਪੂਰਨ ਸਥਾਨ ਦੀ ਪ੍ਰਾਪਤੀ ਕਰਨੀ ਹੈ। ਗੋਰਕੀ ਨੇ ਪਹਿਲਾਂ ਹੀ ਇਹ ਕੰਮ ਰੂਸ ਵਿਚ ਕਰ ਦਿੱਤਾ ਸੀ ਤੇ ਜੋਲਾ ਨੇ ਫਰਾਂਸ ਵਿਚ ਅਤੇ ਡਿਕਨਜ਼ ਨੇ ਇੰਗਲੈਂਡ ਵਿਚ। ਭਾਰਤ ਵਿਚ ਇਹ ਕੰਮ ਨਹੀਂ ਸੀ ਹੋਇਆ। ਜੇ ਤੁਸੀਂ ਬੁਰੇ ਪੱਖ ਬਾਰੇ ਲਿਖਣਾ ਹੈ ਤਾਂ ਉਹ ਇਹ ਹੈ ਤੇ ਇਸਨੂੰ ਨੰਗਾ ਕਰਨਾ ਚਾਹੀਦਾ ਹੈ। ਇਹੀ ਕੁਝ ਸੀ ਜੋ ਮੈਂ 'ਅਛੂਤ ਤੇ 'ਕੁੱਲੀ' ਵਿਚ ਕੀਤਾ ਸੀ। ਮੈਂ 'ਕੁੱਲੀ' ਨਾਵਲ ਵਿਚ ਇੱਕ ਅਜਿਹੇ ਮੁੰਡੇ ਦੀ ਸਿਰਜਣਾ ਕਰਨਾ ਚਾਹੁੰਦਾ ਸੀ, ਜੋ ਫਜ਼ੂਲ ਭਾਂਤ ਦੇ ਕਿਮ (KIM) ਦੀ ਥਾਂ ਮਨੁੱਖੀ ਗੁਣਾਂ ਵਾਲਾ ਹੋਵੇ।

? : **ਜੀਵਨ ਦੇ ਬੁਰੇ ਪੱਖ ਨੂੰ ਚਿਤਰਨ ਦੀ ਇੱਛਾ ਅਧੀਨ ਕੀ ਤੁਸੀਂ ਦਸਤਾਵੇਜ਼ੀ ਨਹੀਂ ਸੀ ਹੋ ਗਏ?**

– : ਕੇਵਲ ਉਦੋਂ ਹੀ, ਜਦ ਇੱਕ ਕਲਾਕਾਰ ਵਜੋਂ ਅਸਫਲ ਹੋ ਜਾਂਦਾ ਹੈ ਤਾਂ ਸਵਾਲ ਉੱਠਦਾ ਹੈ ਕਿ ਕੀ ਲਿਖਤ ਦਸਤਾਵੇਜ਼ੀ ਹੈ ਜਾਂ ਕਿ ਪ੍ਰਚਾਰ। ਖ਼ੁਸ਼ਕਿਸਮਤੀ ਨੂੰ ਨਾਵਲ ਦਾ ਰੂਪ ਐਨਾ ਢਿੱਲਾ ਹੈ ਕਿ ਇਸ ਵਿਚ 'ਅੰਨਾ ਕਰੇਨੀਆ' ਦਾ ਸਕੈਂਡਲ ਅਤੇ 'ਜੰਗ ਤੇ ਅਮਨ' ਵਿਚ ਨੈਪੋਲੀਅਨ ਵੇਲੇ ਦੀਆਂ ਆਵਾਜ਼ਾਂ ਦੋਵੇਂ ਹੀ ਸ਼ਾਮਿਲ ਹੋ ਸਕਦੀਆਂ ਹਨ, ਸ਼ਰਤ ਇਹ ਹੈ ਕਿ ਨਾਵਲਕਾਰ ਪੁਤਲੀਆਂ ਦੇ ਅਰਥਾਂ ਵਿਚ ਨਹੀਂ, ਸਗੋਂ ਮਨੁੱਖੀ ਜੀਵਾਂ ਦੇ ਅਰਥਾਂ ਵਿਚ ਗੱਲ ਕਰੇ।

? : **ਕੀ ਕਲਾਤਮਕ ਨਿਭਾ ਅਤੇ ਰੂਪ, ਜੋ ਕਲਾ ਦੀ ਬੁਨਿਆਦ ਹਨ, ਨਾਵਲ ਦੀ ਵਸਤੂ ਨਾਲੋਂ ਵਧੇਰੇ ਮਹੱਤਵ ਵਾਲੇ ਹਨ?**

– ਇਹ ਸਭ ਕੁਝ ਰਲਿਆ-ਮਿਲਿਆ ਹੁੰਦਾ ਹੈ। ਨਾਵਲ ਵਿਚ ਕੀ ਇਹ ਜਲਣਾ ਤੇ ਪਿਘਲਣਾ ਹੈ? ਜਾਂ ਕੀ ਇਹ ਵੇਦਾਂਤ, ਸਾਮਵਾਦ ਜਾਂ ਕਮਿਊਨਿਸਟ ਵਿਰੋਧਾਂ ਦੇ ਸਿਧਾਂਤਾਂ ਦਾ ਪ੍ਰਚਾਰ ਹੈ? ਮੈਂ ਹਮੇਸ਼ਾ ਹੀ ਇਹ ਸੋਚਿਆ ਹੈ ਕਿ ਨਾਵਲ ਇੱਕ ਭਾਂਤ ਦੀ ਕਵਿਤਾ ਹੈ, ਵੀਹਵੀਂ ਸਦੀ ਦੀ ਬੀਰ-ਗਾਥਾ, ਨਵੀਆਂ ਸ਼੍ਰੇਣੀਆਂ ਦੀ ਲੋਕ-ਐਪਿਕ। ਇਹ ਕੁਝ ਰੂਪ-ਰਹਿਤ ਹੈ। ਜੀਵਨ ਦੀ ਰਫਤਾਰ ਦੀ ਤੁਰੰਤ ਪ੍ਰਵਾਨਗੀ ਵਾਲੀ (ਜਦ ਇਹ ਚੰਗੀ ਹੋਵੇ ਤਾਂ) ਛੁੱਟੜ ਇਸਤਰੀਆਂ, ਬੁੱਢੇ ਸਿਪਾਹੀਆਂ ਤੇ ਜੋਸ਼ੀਲੇ ਨੌਜਵਾਨ ਲੋਕਾਂ ਦੇ ਨਿੱਕੇ ਚੂਚੇ ਜੇਹੀ।

? : **ਤੁਸਾਂ ਨਾਵਲ ਲਿਖਣ ਦੀ ਕਲਾ ਬਾਰੇ ਕਾਫੀ ਕੁਝ ਲਿਖਿਆ ਹੈ। ਕੀ ਨਾਵਲ ਦੀ ਤਕਨੀਕ ਬਾਰੇ ਕੋਈ ਪੁਸਤਕ ਹੈ, ਜਿਨ੍ਹਾਂ ਦੀ ਤੁਸੀਂ ਸਿਫਾਰਿਸ਼ ਕਰਦੇ ਹੋ?**

– : ਪਰਸੀ ਲੂਬਾਕ ਦੀ 'ਨਾਵਲ ਦੀ ਸ਼ਿਲਪ' ਮੇਰੇ ਖ਼ਿਆਲ ਵਿਚ ਇਸ ਵਿਸ਼ੇ ਬਾਰੇ ਸਭ ਤੋਂ ਵਧੀਆ ਪੁਸਤਕਾਂ ਵਿਚੋਂ ਹੈ। ਈ. ਐਮ. ਫੋਰਸਟਰ ਦੀ 'ਨਾਵਲ ਦੇ ਪੱਖ' ਨਾਲੋਂ ਵੀ ਚੰਗੇਰੀ। ਦੋਵਾਂ ਪੁਸਤਕਾਂ ਨੇ ਮੇਰੀ ਲਿਖਤ ਨੂੰ ਬੜਾ ਪ੍ਰਭਾਵਿਤ ਕੀਤਾ ਸੀ, ਭਾਵੇਂ ਮੈਂ ਦੋਵਾਂ ਦੇ ਦ੍ਰਿਸ਼ਟੀਕੋਣਾਂ ਤੇ ਪਹੁੰਚਾਂ ਨਾਲ ਸਹਿਮਤ ਨਹੀਂ ਸੀ ਹੋ ਸਕਿਆ।

? : **ਤੁਹਾਡੇ ਪ੍ਰਸ਼ੰਸਕ ਵੀ ਮੰਨਦੇ ਹਨ ਕਿ ਆਮ ਕਰਕੇ ਤੁਸੀਂ ਅੱਖਰ ਤੇ ਅੱਖਰ** (Over-write) **ਲਿਖੀ ਜਾਂਦੇ ਹੋ। ਕੀ ਤੁਸੀਂ ਇੰਝ ਕਰਦੇ ਹੋ?**

– : ਨਾਵਲ ਦਾ ਪਹਿਲਾ ਖਰੜਾ ਹੜ੍ਹ ਵਾਂਗ ਆਉਂਦਾ ਹੈ। ਇਸ ਨੂੰ ਦੁਬਾਰਾ ਸੋਧ ਕੇ ਲਿਖਣ ਵੇਲੇ ਲੇਖਕ ਆਪ ਮੁਹਾਰੇ ਬੋਲ ਦਾ ਕੁਦਰਤੀ ਸੱਚ ਅਨੁਭਵ ਕਰਦਾ ਹੈ। ਮੈਂ ਹਰ ਚੀਜ਼ ਨੂੰ ਚੱਲਣ ਦਿੰਦਾ ਹਾਂ। ਨਿਰਸੰਦੇਹ ਹਰ ਗੱਲ ਨੂੰ, ਮਨੁੱਖੀ ਅਰਥਾਂ ਵਿਚ ਆਪਣੇ ਆਦਰਸ਼ਾਂ ਨੂੰ ਜੋੜਨ ਦੀ ਕੋਸ਼ਿਸ਼ ਵਿਚ, ਲੋੜ ਤੋਂ ਵੱਧ ਆਖ ਜਾਣ ਦਾ ਖ਼ਤਰਾ ਤਾਂ ਹੁੰਦਾ ਹੈ। ਮੈਂ ਇਹ ਪ੍ਰਵਾਨ ਕਰਦਾ ਹਾਂ ਕਿ ਸ਼ਿਲਪਕਾਰੀ ਦਾ ਬੜਾ ਮਹੱਤਵ ਹੈ। ਮੈਂ ਅਕਸਰ ਹੀ ਆਪਣੇ ਆਪ ਨੂੰ ਕਿਹਾ ਹੈ "ਕੱਟ ਦਿਉ। ਹੋਰ ਕੱਟੋ, ਹੋਰ"

? : **ਕੀ ਤੁਸੀਂ ਕਦੇ ਆਪਣੇ ਉਬਾਲਾਂ** (Outpourings) **ਨੂੰ ਸੋਧਣ ਬਾਰੇ ਸੋਚਿਆ ਹੈ?**

– : ਮੈਨੂੰ ਨਹੀਂ ਪਤਾ ਕਿ ਪਹਿਲੀ ਕੁਦਰਤੀ ਲਿਖਤ ਨੂੰ ਮੁੱਢੋਂ ਸੁੱਢੋਂ ਸੋਧਿਆ ਜਾ ਸਕਦਾ ਹੈ। ਮੇਰੇ ਨਾਵਲ ਹੜ੍ਹ ਵਾਂਗ ਆਉਂਦੇ ਹਨ ਅਤੇ ਭਾਵੇਂ ਮੈਂ ਪਹਿਲੇ ਬਰਫ ਦੇ ਤੋਦੇ ਨੂੰ ਕਾਬੂ ਕਰਨ ਦਾ ਯਤਨ ਕਰਦਾ ਹਾਂ, ਪਰ ਮੈਂ ਵੇਖਦਾ ਹਾਂ ਕਿ ਕੁਝ ਟੁਕੜਿਆਂ ਨੂੰ ਕੱਟਣ ਤੋਂ ਬਿਨਾਂ, ਭਾਵੇਂ ਕੱਚਾ ਖਰੜਾ ਹੀ ਸਹੀ, ਪਰ ਸਾਰੀ ਬੀਰ-ਗਾਥਾ ਦੇ ਤਾਲਮਈ ਵਹਾਓ ਨੂੰ ਢਹਿ-ਢੇਰੀ ਕਰਨਾ ਸੰਭਵ ਨਹੀਂ ਹੁੰਦਾ।

? : **ਕੀ ਤੁਸੀਂ ਕਹੋਗੇ ਕਿ ਤੁਹਾਡੀ ਜ਼ਿੰਦਗੀ ਦੀ ਸਭ ਤੋਂ ਅਭਿਲਾਸ਼ੀ ਉੱਦਮ, ਤੁਹਾਡੀਆਂ ਇਹ ਸਵੈ-ਜੀਵਨੀਆਂ ਬਾਰੇ ਵੀ ਇਹ ਗੱਲ ਸੱਚ ਹੈ?**

– : ਮੈਂ ਸਵੈ-ਜੀਵਨੀਆਂ ਨਹੀਂ ਲਿਖ ਰਿਹਾ, ਸਗੋਂ ਸਵੈ-ਜੀਵਨੀ ਮੂਲਕ ਨਾਵਲ ਲਿਖ ਰਿਹਾ ਹਾਂ। ਇਹ ਫ਼ਰਕ ਕਰਨਾ ਜ਼ਰੂਰੀ ਹੈ। ਮੈਂ ਇਕਬਾਲੀਆ ਨਾਵਲ ਵਿਚ ਵਿਸ਼ਵਾਸ ਕਰਦਾ ਹਾਂ। ਉੱਤਮ ਪੁਰਖ ਵਿਚ ਤੇ ਇੱਕ ਵਿਚ ਲੇਖਕ ਇਮਾਨਦਾਰ ਹੋ ਸਕਦਾ ਹੈ। ਉਹ ਗੰਢੇ ਦੀ ਛਿੱਲ ਦੀ ਤਹਿ-ਦਰ-ਤਹਿ ਉਤਾਰ ਸਕਦਾ ਹੈ ਤੇ ਆਪਣੀ ਆਤਮਾ ਤੀਕ ਪਹੁੰਚ ਸਕਦਾ ਹੈ।

? : **ਤੁਸੀਂ ਨੌਜਵਾਨ ਲੇਖਕ ਨੂੰ ਕੀ ਸਲਾਹ ਦੇ ਸਕਦੇ ਹੋ? ਜਿਸਨੇ ਅਜੇ ਲਿਖਣਾ ਆਰੰਭ ਕੀਤਾ ਹੋਵੇ?**

– : ਇਮਾਨਦਾਰ ਰਹੋ, ਡਰੋ ਮੱਤ, ਆਪਣੇ ਰਾਹ ਤੇ ਤੁਰੋ ਤੇ ਮੇਰੇ ਵਰਗੇ ਬੁੱਢਿਆਂ ਕੋਲੋਂ ਸਲਾਹ ਮੱਤ ਲਵੋ। ਹਰ ਪੁਰਾਣੀ ਚੀਜ਼ ਜੀਵਨ ਉੱਤੇ ਭੁੱਖੀ ਪਕੜ ਰੱਖਦੀ ਹੈ। ਇਹ ਗੱਲ ਜੌਹਨ ਕਾਰਨਫੋਰਡ ਨੇ ਆਖੀ ਸੀ। ਨੌਜਵਾਨਾਂ ਨੂੰ ਚਾਹੀਦਾ ਹੈ ਬੰਧਨ ਤੋੜ ਕੇ ਮੁਕਤ ਹੋਣ। ●





## ਮੈਂ ਤੇ ਕ੍ਰਿਕਟ ਦਾ ਖਿਡਾਰੀ ਬਣਨਾ ਚਾਹੁੰਦਾ ਸੀ - ਫ਼ੈਜ਼

### ਫ਼ੈਜ਼ ਦਾ ਆਖ਼ਰੀ ਇੰਟਰਵਿਊ

ਇਹ ਇੰਟਰਵਿਊ ਬੀ. ਬੀ. ਸੀ. ਦੇ ਪ੍ਰੋਡਿਊਸਰ ਕ੍ਰਿਸ਼ਨ ਗੋਲਡ ਨੇ ਯੂ. ਕੇ. ਵਿਚ ਰਿਕਾਰਡ ਕੀਤਾ ਸੀ। ਅਸੀਂ ਇਹ "ਸ਼ਬਸਤਾਨ" ਦਿੱਲੀ ਦੇ ਫ਼ੈਜ਼ ਨੰਬਰ ਵਿਚੋਂ ਪ੍ਰਾਪਤ ਕੀਤਾ ਹੈ। ਕ੍ਰਿਸ਼ਨ ਦਾ ਦਾਅਵਾ ਹੈ ਕਿ ਫ਼ੈਜ਼ ਦਾ ਇਹ ਆਖ਼ਰੀ ਇੰਟਰਵਿਊ ਹੈ। (ਫ਼ੈਜ਼ ਦਾ ਸੌ ਸਾਲਾ ਜਨਮ ਦਿਨ ਇਸੇ ਹੀ ਮਹੀਨੇ ਆ ਰਿਹਾ ਹੈ)

ਕ੍ਰਿਸ਼ਨ: **ਫ਼ੈਜ਼ ਸਾਹਿਬ ਕਿਤੇ ਇਹਨੀਂ ਹੀ ਦਿਨੀਂ ਇੱਕ ਇੰਟਰਵਿਊ ਵਿਚ ਤੁਹਾਨੂੰ ਪੁੱਛਿਆ ਗਿਆ ਸੀ ਕਿ ਆਪ ਇਹ ਦੱਸੋ ਕਿ ਅਜਿਹੇ ਕਿਹੜੇ ਸਵਾਲ ਹਨ, ਜੋ ਆਪ ਨੂੰ ਨਾ ਪੁੱਛੇ ਜਾਣ। ਪਰ ਮੈਂ ਇਸਦੇ ਬਿਲਕੁਲ ਉਲਟ ਇਹ ਕਹਿਣਾ ਚਾਹੁੰਦਾ ਹਾਂ ਕਿ ਆਪ ਨੇ ਆਪਣੇ ਸੈਂਕੜੇ ਇੰਟਰਵਿਊ ਦਿੱਤੇ ਹਨ ਤੇ ਆਪ ਅਜਿਹੇ ਸਵਾਲ ਦੱਸੋ ਜੋ ਆਪ ਨੇ ਹਮੇਸ਼ਾਂ ਸੋਚਿਆ ਹੋਵੇ ਕਿ ਕਾਸ਼ ਮੈਨੂੰ ਕੋਈ ਪੁੱਛੇ ਤੇ ਮੈਂ ਉਸਦਾ ਇਹ ਜਵਾਬ ਦੇਵਾਂ। ਕੋਈ ਅਜਿਹਾ ਸਵਾਲ ਹੈ?**

ਫ਼ੈਜ਼ : ਭਾਈ ਗੱਲ ਇਹ ਹੈ ਕਿ ਮੈਂ ਤਾਂ ਇੰਟਰਵਿਊ ਆਦਿ ਦੇਣ ਦਾ ਹਾਮੀ ਹੀ ਨਹੀਂ ਹਾਂ। ਸਾਡਾ ਕੰਮ ਤੇ ਲਿਖਣਾ ਹੈ। ਮੇਰੇ ਕੋਲੋਂ ਕੋਈ ਕੀ ਸਵਾਲ ਪੁੱਛਦਾ ਹੈ, ਕਿਉਂ ਪੁੱਛਦਾ ਹੈ, ਮੈਂ ਕਦੀ ਧਿਆਨ ਨਹੀਂ ਦਿੱਤਾ। ਜੋ ਵੀ ਕੋਈ ਸਵਾਲ ਕਰੇ, ਮੈਂ ਜਵਾਬ ਦੇਣ ਲਈ ਤਿਆਰ ਹਾਂ। ਤੁਸੀਂ ਪੁੱਛ ਰਹੇ ਹੋ ਕਿ ਕੋਈ ਅਜਿਹਾ ਸਵਾਲ ਜੋ ਮੈਨੂੰ ਕਰਨਾ ਚਾਹੀਦਾ ਸੀ, ਇਹ ਜ਼ਰਾ ਸੋਚਣ ਦਾ ਮੌਕਾ ਦਿਉ। ਅਗਲਾ ਸਵਾਲ ਕਰੋ।

ਕ੍ਰਿਸ਼ਨ: **ਆਪ ਨੇ ਹੁਣੇ ਹੀ ਕਿਹਾ ਕਿ ਮੇਰਾ ਕੰਮ ਲਿਖਣਾ ਹੈ। ਚੰਗਾ ਫਿਰ ਇਹ ਦੱਸੋ ਕਿ ਆਪਨੇ ਸ਼ਿਅਰ ਕਹਿਣਾ ਕਦੋਂ ਸ਼ੁਰੂ ਕੀਤਾ?**

ਫ਼ੈਜ਼ : ਸ਼ਿਅਰ ਤਾਂ ਸ਼ਾਇਦ ਮੈਂ ਬਚਪਨ ਤੋਂ ਹੀ ਤੁਕ-ਬੰਦੀ ਕਰਨੀ ਸ਼ੁਰੂ ਕਰ ਦਿੱਤੀ ਸੀ। ਜਿਸਦਾ ਮੈਂ ਕਦੇ ਕੋਈ ਰਿਕਾਰਡ ਨਹੀਂ ਰੱਖਿਆ। ਐਪਰ ਸੰਜੀਦਗੀ ਨਾਲ ਮੈਂ ਉਸ ਵਕਤ ਲਿਖਣਾ ਸ਼ੁਰੂ ਕੀਤਾ, ਜਦੋਂ ਮੈਂ ਗੌਰਮਿੰਟ ਕਾਲਜ ਵਿਚ ਦਾਖਲ ਹੋਇਆ। ਇਹ ਗੱਲ 1939 ਦੀ ਹੈ, ਜਦ ਮੈਂ ਥਰਡ ਯੀਅਰ ਵਿਚ ਪੜ੍ਹਦਾ ਸੀ। ਜਦੋਂ ਲਾਹੌਰ ਗੌ. ਕਾਲਜ ਵਿਚ ਪਹਿਲਾਂ ਮੁਸ਼ਹਿਰਾ ਹੋਇਆ। ਕਾਲਜ ਦੇ ਉਸ ਮੁਸ਼ਹਿਰੇ ਵਿਚ ਸ਼ਹਿਰ ਦੇ ਨਾਮਵਰ ਸ਼ਾਇਰ ਤਸ਼ਰੀਫ ਲਿਆਏ ਸੀ। ਅੱਜਕੱਲ ਜੋ ਫਰਸ਼ੀ (ਥੱਲੇ ਬਹਿ ਕੇ) ਸ਼ਾਇਰੀ ਦਾ ਰਿਵਾਜ਼ ਚੱਲ ਨਿਕਲਿਆ ਹੈ, ਉਸ ਜ਼ਮਾਨੇ ਵਿਚ ਅਜਿਹਾ ਨਹੀਂ ਹੁੰਦਾ ਸੀ। ਕਾਲਜ ਵਿਚ ਐਸਾ ਹੁੰਦਾ ਸੀ ਕਿ ਵੱਡੇ-ਵੱਡੇ ਸ਼ਾਇਰ ਜੋ ਹੁੰਦੇ ਸੀ, ਜੋ ਸਟੇਜ ਉੱਤੇ ਕੁਰਸੀਆਂ ਉੱਤੇ ਬੈਠਦੇ ਹੁੰਦੇ ਸੀ। ਤੇ ਜੋ ਸਾਡੇ ਵਰਗੇ ਅਜੇ

ਸ਼ਾਇਰ ਬਣਨ ਦੀ ਕੋਸ਼ਿਸ਼ ਵਿਚ ਹੁੰਦੇ ਸੀ, ਉਹ ਸਰੋਤਿਆਂ ਵਿਚ ਬੈਠਦੇ ਹੁੰਦੇ ਸੀ ਤੇ ਵਾਰੀ-ਵਾਰੀ ਉਹਨਾਂ ਨੂੰ ਸੱਦਿਆ ਜਾਂਦਾ ਸੀ। ਮੈਂ ਮੁਸ਼ਾਇਰੇ ਵਿਚ ਸ਼ਿਅਰ ਪੜ੍ਹਨਾ ਤਾਂ ਗੌਰਮਿੰਟ ਕਾਲਜ ਵਿਚ ਹੀ ਸ਼ੁਰੂ ਕੀਤਾ। ਪਹਿਲੀ ਵਾਰ ਮੈਂ ਗ਼ਜ਼ਲ ਪੜ੍ਹੀ ਤਾਂ ਬਹੁਤ ਦਾਦ ਮਿਲੀ। ਉਸ ਮੁਸ਼ਾਹਿਰੇ ਦੀ ਪ੍ਰਧਾਨਗੀ ਪੁਤਰਸ ਬੁਖਾਰੀ ਸਾਹਿਬ ਕਰ ਰਹੇ ਸੀ। ਪਹਿਲੇ ਦੌਰ ਵਿਚ ਬਹੁਤ ਦਾਦ ਮਿਲੀ ਤਾਂ ਦੂਸਰੇ ਦੌਰ ਲਈ ਵੀ ਮੈਨੂੰ ਬੁਲਾਇਆ ਗਿਆ ਪਰ ਮੇਰੇ ਕੋਲ ਤਾਂ ਸਿਰਫ਼ ਇੱਕ ਹੀ ਗ਼ਜ਼ਲ ਸੀ। ਇੱਕ ਵਾਰ ਮੇਰੇ ਇੱਕ ਦੋਸਤ ਬਰਿਜ਼ ਮੋਹਨ ਨੇ ਆਪਣੇ ਇੱਕ ਦੋਸਤ ਦੇ ਨਾਂ ਇੱਕ ਸ਼ਾਇਰਾਨਾ ਖ਼ਤ ਮੇਰੇ ਕੋਲੋਂ ਲਿਖਵਾਇਆ ਸੀ, ਜੋ ਕਿ ਮੈਂ ਇੱਕ ਕਵਿਤਾ ਬਣਾ ਕੇ ਲਿਖ ਦਿੱਤਾ ਸੀ। ਮੈਂ ਮਜ਼ਬੂਰਨ ਦੂਸਰੇ ਦੌਰ ਵਿਚ, ਉਹ ਨਜ਼ਮ ਕੀਤਾ ਖ਼ਤ ਪੜ੍ਹ ਦਿੱਤਾ। ਇਸ ਪਿੱਛੋਂ ਮੁਸ਼ਾਹਿਰਾ ਖ਼ਤਮ ਹੋਇਆ ਤਾਂ ਚਿਰਾਗ਼ ਹਸਨ ਹਸਰਤ, ਸੂਫੀ ਤਬੱਸਮ ਤੇ ਅਬਦੁਲ ਮਜੀਦ ਸਾਲਕ ਵਰਗੇ ਵੱਡੇ ਸ਼ਾਇਰ ਤੇ ਅਹਿਲੇ-ਕਲਮ ਮੇਰੇ ਕੋਲ ਆ ਗਏ ਤੇ ਆਖਣ ਲੱਗੇ ਕਿ ਮਲੂਮ ਹੁੰਦਾ ਹੈ ਕਿ “ਬਹੁਤ ਚੋਟ ਲੱਗੀ ਹੈ” ਮੈਂ ਆਖਿਆ “ਜੀ ਹਾਂ, ਲੱਗੀ ਤਾਂ ਹੈ” ਕਹਿਣ ਲੱਗੇ, “ਹਾਂ ਭਈ, ਰੰਗ ਬਹੁਤ ਅੱਛਾ ਹੈ। ਸ਼ਿਅਰ ਕਿਹਾ ਕਰੋ” ਮੈਂ ਸਮਝਿਆ ਕਿ ਸੱਚ ਹੀ ਮੈਂ ਤੇ ਸ਼ਾਇਰ ਬਣ ਗਿਆ ਹਾਂ ਜੋ ਇਸ ਕਿਸਮ ਦੇ ਚੋਟੀ ਦੇ ਸ਼ਾਇਰ ਮੈਨੂੰ ਸਲਾਹ ਦੇ ਰਹੇ ਹਨ, ਇਹ ਹੈ ਮੇਰੀ ਕਵਿਤਾ ਦੇ ਸਫ਼ਰ ਦਾ ਆਰੰਭ।

ਕ੍ਰਿਸ਼ਨ: **ਤੁਸਾਂ ਹੁਣੇ ਹੀ ਆਖਿਆ ਹੈ ਕਿ ਕਿਸੇ ਜ਼ਮਾਨੇ ਵਿਚ ਆਪ ਤੁੱਕ-ਬੰਦੀ ਕਰਦੇ ਹੁੰਦੇ ਸੀ। ਕੀ ਉਸ ਜ਼ਮਾਨੇ ਵਿਚ ਕਦੀ ਖ਼ਿਆਲ ਆਇਆ ਸੀ ਕਿ ਆਪ ਸ਼ਾਇਰ ਬਣੋਗੇ?**

ਫ਼ੈਜ਼ : ਕਦੇ ਵੀ ਨਹੀਂ। ਉਸ ਵਕਤ ਤਾਂ ਮੈਂ ਕ੍ਰਿਕਟਰ ਬਣਨਾ ਚਾਹੁੰਦਾ ਸੀ। ਮੇਰੀਆਂ ਇੱਛਾਵਾਂ ਦਾ ਘੇਰਾ ਤਾਂ ਇਥੋਂ ਤੀਕ ਹੀ ਸੀਮਤ ਸੀ।

ਕ੍ਰਿਸ਼ਨ: **ਸ਼ਾਇਰੀ ਤੋਂ ਬਿਨਾਂ ਆਪ ਪ੍ਰੋਫੈਸਰ ਵੀ ਰਹੇ ਤੇ ਅਖ਼ਬਾਰ ਦੇ ਐਡੀਟਰ ਵੀ। ਆਪ ਫੌਜ ਵਿਚ ਵੀ ਰਹੇ। ਇਸ ਸਭ ਦੇ ਬਾਵਜੂਦ ਤੁਹਾਡਾ ਸ਼ਾਇਰੀ ਨਾਲ ਨਾਤਾ ਕਾਇਮ ਰਿਹਾ। ਇਹ ਦੱਸੋ ਕਿ ਇਹਨਾਂ ਨੌਕਰੀਆਂ ਵਿਚ ਆਪ ਕਿਵੇਂ ਚਲੇ ਗਏ? ਮਿਸਾਲ ਵਜੋਂ ਫੌਜ ਵਿਚ ਆਪ ਕਿਉਂ ਤੇ ਕਿਵੇਂ ਗਏ?**

ਫ਼ੈਜ਼ : ਜਦੋਂ ਜਰਮਨ ਨੇ ਰੂਸ ਉੱਤੇ ਹਮਲਾ ਕੀਤਾ ਤੇ ਜਾਪਾਨੀ ਹਿੰਦੁਸਤਾਨ ਤੀਕਰ ਪਹੁੰਚ ਗਏ ਤਾਂ ਮੈਂ ਸੋਚਿਆ ਕਿ ਹੁਣ ਤਾਂ ਫਾਸਿਜ਼ਮ ਦਾ ਸਵਾਲ ਹੈ। ਇਹ ਅੰਗਰੇਜ਼ਾਂ ਦੀ ਹਮਾਇਤ ਦਾ ਸਵਾਲ ਨਹੀਂ ਹੈ। ਉਹ ਇੱਕ ਕੌਮਾਂਤਰੀ ਤਹਿਰੀਕ ਸੀ। ਫਾਸਿਜ਼ਮ ਦੇ ਖਿਲਾਫ਼ ਤੇ ਲੋਕ-ਰਾਜ ਦੇ ਹੱਕ ਵਿਚ। ਤਦ ਮੈਂ ਸੋਚਿਆ ਕਿ ਸਾਨੂੰ ਫੌਜ ਵਿਚ ਸ਼ਾਮਿਲ ਹੋ ਜਾਣਾ ਚਾਹੀਦਾ ਹੈ ਤੇ ਜਮਹੂਰੀ ਕਦਰਾਂ ਦੀ ਬਹਾਲੀ



ਲਈ ਸਾਨੂੰ ਵੀ ਹੱਥ ਵਟਾਉਣਾ ਚਾਹੀਦਾ ਹੈ।

ਕ੍ਰਿਸ਼ਨ: **ਉਸ ਪਿੱਛੋਂ ਫਿਰ ਆਪ ਨੇ ਰਾਜਨੀਤੀ ਵਿਚ ਹੀ ਹਿੱਸਾ ਲਿਆ।**

ਫ਼ੈਜ਼ : ਸਿਆਸਤ ਵਿਚ ਤਾਂ ਮੈਂ ਫੌਜ ਵਿਚ ਜਾਣ ਤੋਂ ਪਹਿਲਾਂ ਹੀ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਹੋਇਆ ਇਹ ਕਿ ਜਦੋਂ ਮੈਂ 1935 ਵਿਚ ਅੰਮ੍ਰਿਤਸਰ ਵਿਚ ਪੜ੍ਹਾਉਂਦਾ ਸੀ ਤਾਂ ਸਾਡੇ ਨਾਲ ਇੱਕ ਕੁਲੀਗ ਹੁੰਦੇ ਸਨ। ਉਹ ਰਾਮਪੁਰ ਦੇ ਸਾਹਿਬਜ਼ਾਦੇ ਮਹਿਮੂਦ ਅਲ ਜ਼ਫ਼ਰ ਇਹਨਾਂ ਦੀ ਬੇਗਮ ਸੀ। ਡਾਕਟਰ ਰਸ਼ੀਦਾ ਜਹਾਂ। ਉਹ ਲੋਕ ਸਾਡੇ ਨਾਲ ਸਨ। ਮਹਿਮੂਦ ਅਲ ਜ਼ਫਰ ਨੇ ਮੈਨੂੰ ਆਖਿਆ ਕਿ ਅਸਾਂ ਲੰਡਨ ਵਿਚ ਭਾਰਤੀ ਤਰੱਕੀ-ਪਸੰਦ ਮਸੰਨਫੀਨ (ਲੇਖਕਾਂ) ਦੀ ਇੱਕ ਐਸੋਸੀਏਸ਼ਨ ਕਾਇਮ ਕੀਤੀ ਹੈ ਤੇ ਹੁਣ ਅਸੀਂ ਚਾਹੁੰਦੇ ਹਾਂ ਕਿ ਉਹ ਜਥੇਬੰਦੀ ਹਿੰਦੁਸਤਾਨ ਵਿਚ ਵੀ ਬਣਾਈ ਜਾਵੇ। ਕੀ ਤੈਨੂੰ ਉਸ ਵਿਚ ਕੋਈ ਦਿਲਚਸਪੀ ਹੈ। ਤਾਂ ਮੈਂ ਆਖਿਆ ਹਾਂ, ਮੈਂ ਜ਼ਰੂਰ ਕੰਮ ਕਰਾਂਗਾ। ਇਹ ਮੇਰੀ ਜਵਾਨੀ (ਸ਼ਬਾਬ) ਦਾ ਸਮਾਂ ਸੀ ਤੇ ਆਸ਼ਕੀ ਦੀ ਮਰਜ਼ ਵੀ ਲਾਹੱਕ ਸੀ। ਬੇਗ਼ਮ ਰਸ਼ੀਦ ਜਹਾਂ ਨੇ ਆਖਿਆ, ਇਹ ਆਸ਼ਕੀ ਦੇ ਚੱਕਰ ਸਭ ਫ਼ਜ਼ੂਲ ਗੱਲਾਂ ਨੇ। ਦੁਨੀਆਂ ਦੇ ਦੁੱਖਾਂ ਦੀ ਗੰਭੀਰਤਾ ਜ਼ਿਆਦਾ ਸੰਗੀਨ ਹੈ। ਇਹ ਤੇਰੀ ਆਸ਼ਕੀ ਦਾ ਮਾਮਲਾ ਇੱਕ ਛੋਟਾ ਜਿਹਾ ਹੈ ਤੇ ਉਹਨਾਂ ਨੇ ਮੈਨੂੰ ਸਿਖਾਇਆ ਕਿ ਇਹ ਆਪਣਾ ਗ਼ਮ ਹੈ, ਇਹ ਤਾਂ ਬਹੁਤ ਮਾਮੂਲੀ ਜਿਹੀ ਗੱਲ ਹੈ। ਦੁਨੀਆਂ ਭਰ ਦੇ ਦੁੱਖ ਵੇਖੋ। ਆਪਣੇ ਲੋਕਾਂ ਦੇ ਤੇ ਆਪਣੀ ਕੌਮ ਦੇ ਤੇ ਆਪਣੇ ਮੁਲਕ ਦੇ। ਇਹਨਾਂ ਦੀ ਬਿਪਤਾ ਦੇ ਬਾਰੇ ਤੈਨੂੰ ਸੋਚਣਾ ਚਾਹੀਦਾ। ਜੇ ਆਪਣੇ ਲਈ ਸੋਚਦੇ ਰਹੋਗੇ ਤਾਂ ਖ਼ੁਦਗਰਜ਼ੀ ਦਾ ਕੰਮ ਹੋਵੇਗਾ। ਇਹ ਸ਼ਿਆਰ ਉਸੇ ਹੀ ਜ਼ਮਾਨੇ ਦਾ ਹੈ,

> ਔਰ ਭੀ ਗ਼ਮ ਹੈ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ,
> ਰਾਹਤੇਂ ਔਰ ਭੀ ਹੈ, ਵਸਲ ਕੀ ਰਾਹਤ ਕੇ ਸਿਵਾ।

ਕ੍ਰਿਸ਼ਨ: **ਕੁਝ ਲੋਕਾਂ ਦਾ ਕਹਿਣਾ ਹੈ ਕਿ ਜਦ ਆਪ ਜੇਲ੍ਹ ਵਿਚ ਸੀ ਤਾਂ ਉਹ ਜ਼ਮਾਨਾ ਆਪ ਦੀ ਸ਼ਾਇਰੀ ਦਾ ਸਭ ਤੋਂ ਜਰਖੇਜ਼ (ਉਪਜਾਊ) ਜ਼ਮਾਨਾ ਸੀ?**

ਫ਼ੈਜ਼ : ਇਹ ਬਿਲਕੁਲ ਠੀਕ ਹੈ, ਕਿਉਂਕਿ ਜੇਲ੍ਹਖਾਨੇ ਵਿਚ ਹੋਰ ਕੋਈ ਰੁਝੇਂਵਾ ਨਹੀਂ ਹੁੰਦਾ। ਜ਼ੇਲ੍ਹ ਦਾ ਜ਼ਮਾਨਾ ਇਸ ਤਰ੍ਹਾਂ ਦਾ ਹੁੰਦਾ ਹੈ ਜਿਵੇਂ ਕੋਈ ਮੁੜ ਕੇ ਇਸ਼ਕ ਕਰ ਰਿਹਾ ਹੋਵੇ। ਜਿਵੇਂ ਇਸ਼ਕ ਵਿਚ ਖਾਹ-ਮਖਾਹ ਸ਼ਿਅਰ ਬਣਦੇ ਚਲੇ ਜਾਂਦੇ ਹਨ। ਇਨਸਾਨ ਜਜ਼ਬਾਤ ਦੇ ਵਹਾਅ ਵਿਚ ਵਹਿ ਕੇ ਲਹਿੰਦਾ ਹੀ ਚਲਾ ਜਾਂਦਾ ਹੈ। ਜੇਲ੍ਹਖਾਨਾ ਵੀ ਐਸਾ ਹੀ ਹੁੰਦਾ ਹੈ, ਜਿਵੇਂ ਆਪ ਨੇ ਦੁਬਾਰਾ ਇਸ਼ਕ ਕਰ ਲਿਆ ਹੋਵੇ। ਜੇਲ੍ਹ ਵਿਚ ਮੇਰਾ ਇਹ ਇਸ਼ਕ ਸ਼ਾਇਰੀ ਨਾਲ ਸੀ।

ਕ੍ਰਿਸ਼ਨ: **ਆਮ ਤੌਰ ਤੇ ਲੋਕਾਂ ਦਾ ਖ਼ਿਆਲ ਹੈ ਕਿ ਆਪ ਨੇ ਅਤਿ ਦੀ ਭਰਪੂਰ ਅਤੇ ਕਾਮਯਾਬ**

ਜ਼ਿੰਦਗੀ ਗੁਜ਼ਾਰੀ ਹੈ। ਕੀ ਆਪ ਵੀ ਇਸ ਤਰ੍ਹਾਂ ਹੀ ਸਮਝਦੇ ਹੋ?

ਫ਼ੈਜ਼ : ਭਰਪੂਰ ਤਾਂ ਠੀਕ ਹੈ, ਪਰ ਕਾਮਯਾਬ ਮੈਂ ਨਹੀਂ ਕਹਿ ਸਕਦਾ। ਮੈਂ ਸਮਝਦਾ ਹਾਂ ਕਿ ਹਰ ਪੰਜ-ਛੇ ਸਾਲ ਬਾਅਦ ਇਨਸਾਨ ਨੂੰ ਆਪਣਾ ਕੰਮ ਬਦਲ ਲੈਣਾ ਚਾਹੀਦਾ ਹੈ। ਜਿਵੇਂ ਮੈਂ ਪਹਿਲੇ ਪੰਜ ਸਾਲ ਪੜ੍ਹਾਇਆ, ਫਿਰ ਪੰਜ ਸਾਲ ਫ਼ੌਜ ਦੀ ਨੌਕਰੀ ਕੀਤੀ। ਫਿਰ ਉਸ ਪਿੱਛੋਂ ਪੰਜ-ਛੇ ਸਾਲ ਪੱਤਰਕਾਰੀ ਦੀ ਨਜ਼ਰ ਕੀਤੇ। ਤੇ ਉਸ ਤੋਂ ਪਿੱਛੋਂ ਪੰਜ ਸਾਲ ਜੇਲ੍ਹਖਾਨੇ ਗਏ। ਇਸ ਪਿੱਛੋਂ ਮੈਂ ਸਭਿਆਚਾਰਕ ਕੰਮ ਕੀਤਾ। ਫਿਰ ਚਾਰ ਸਾਲ ਬਾਹਰ ਗੁਜ਼ਾਰੇ। ਮੈਂ ਸਮਝਦਾ ਹਾਂ ਕਿ ਆਦਮੀ ਨੂੰ ਇੱਕੋ ਰਟ ਵਿਚ ਨਹੀਂ ਲੱਗਾ ਰਹਿਣਾ ਚਾਹੀਦਾ।

**ਕ੍ਰਿਸ਼ਨ: ਕੋਈ ਅਜਿਹਾ ਕੰਮ ਜੋ ਆਪ ਕਰਨਾ ਚਾਹੁੰਦੇ ਸੀ ਤੇ ਉਹ ਨਹੀਂ ਹੋਇਆ?**

ਫ਼ੈਜ਼ : ਅਜਿਹੇ ਤਾਂ ਬਹੁਤ ਸਾਰੇ ਕੰਮ ਹਨ, ਜੋ ਮੈਂ ਕਰਨਾ ਚਾਹੁੰਦਾ ਸੀ ਤੇ ਹੋਏ ਨਹੀਂ ਤੇ ਅਜਿਹੇ ਵੀ ਬਹੁਤ ਸਾਰੇ ਕੰਮ ਹਨ, ਜੋ ਮੈਂ ਨਹੀਂ ਕਰਨਾ ਚਾਹੁੰਦਾ ਸੀ ਤੇ ਉਹ ਕੀਤੇ। ਮੈਂ ਸਮਝਦਾ ਹਾਂ ਕਿ ਜੋ ਕੰਮ ਮੈਨੂੰ ਕਰਨੇ ਚਾਹੀਦੇ ਸਨ, ਪਰ ਉਹ ਇਸ ਲਈ ਨਹੀਂ ਕਰ ਸਕੇ ਕਿ ਉਹ ਕੰਮ ਕਰਨ ਦੀ ਮੈਨੂੰ ਮੁਹਲਤ ਹੀ ਨਹੀਂ ਮਿਲੀ। ਮਿਸਾਲ ਵਜੋਂ ਮੈਂ ਚਾਹੁੰਦਾ ਸੀ ਕਿ ਸ਼ਾਇਰੀ ਨੂੰ ਛੱਡ ਕੇ ਅਦਬ/ਸਾਹਿਤ ਖ਼ਾਸ ਤੌਰ ਤੇ ਉਰਦੂ ਸ਼ਾਇਰੀ ਦੇ ਰਾਜਸੀ, ਆਰਥਿਕ ਅਤੇ ਸਮਾਜੀ ਰਿਸ਼ਤਿਆਂ ਦੀ ਬਾਬਤ ਜੰਮ ਕੇ ਬੈਠ ਕੇ ਕੁਝ ਲਿਖਦੇ। ਆਖ਼ਰ ਗ਼ਜ਼ਲ ਕਿਵੇਂ ਤੇ ਕਿਸ ਤਰ੍ਹਾਂ ਬਦਲਦੀ ਰਹੀ। ਵੱਖ-ਵੱਖ ਸਮਿਆਂ ਵਿਚ ਮਿਸਾਲ ਵਜੋਂ ਨਾਵਲ ਨੇ ਕਿਵੇਂ ਤੇ ਕਿਉਂ ਜਨਮ ਲਿਆ। ਅੰਗਰੇਜ਼ਾਂ ਦੇ ਆਉਣ ਤੇ ਨਕਸ਼ਾ ਕਿਵੇਂ ਬਦਲਿਆ ਆਦਿ। ਸਾਡੇ ਵੱਲ ਸਾਹਿਤ ਦਾ ਇਤਿਹਾਸ ਤਾਂ ਕਾਫ਼ੀ ਲਿਖਿਆ ਗਿਆ ਹੈ, ਪਰ ਉਹ ਸਾਰਾ ਸਤਿ ਹੀ ਹੈ। ਇਸ ਵਿਚ ਅਦਬ ਦੇ ਵਿਸ਼ਿਆਂ ਉੱਤੇ ਵਿਚਾਰ ਕੀਤੀ ਗਈ ਹੈ, ਪਰ ਸਾਹਿਤ ਦੇ ਸਭਿਆਚਾਰਕ ਆਰਥਿਕ ਅਤੇ ਸਿਆਸੀ ਰਿਸ਼ਤੇ ਹਨ, ਇਹਨਾਂ ਉੱਤੇ ਜ਼ਿਆਦਾ ਧਿਆਨ ਨਹੀਂ ਦਿੱਤਾ ਗਿਆ। ਮੈਂ ਚਾਹੁੰਦਾ ਸੀ ਕਿ ਨਿੱਠ ਕੇ ਬਹਿ ਕੇ ਇਸ ਖਲ਼ਾ ਨੂੰ ਭਰਿਆ ਜਾਂਦਾ। ਇਹ ਕਾਫ਼ੀ ਲੰਮਾ ਅਤੇ ਮਿਹਨਤ ਮੰਗਦਾ ਕੰਮ ਸੀ, ਜੋ ਮੈਂ ਅਜੇ ਤੱਕ ਨਹੀਂ ਕਰ ਸਕਿਆ।

**ਕ੍ਰਿਸ਼ਨ: ਨੌਜਵਾਨ ਕਵੀਆਂ ਨੂੰ ਤੁਸੀਂ ਸ਼ਾਇਰੀ ਦੇ ਬਾਰੇ ਕੀ ਸਲਾਹ ਦੇਵੋਗੇ?**

ਫ਼ੈਜ਼ : ਸ਼ਾਇਰੀ ਦੇ ਬਾਰੇ ਤਿੰਨ ਸਲਾਹਾਂ ਹਨ। ਪਹਿਲਾ ਮਸ਼ਵਰਾ ਤਾਂ ਇਹ ਹੈ ਕਿ ਜੋ ਕੁਝ ਲਿਖੋ ਆਪਣੇ ਦਿਲ ਵਿਚੋਂ ਲਿਖੋ। ਕਿਸੇ ਦੇ ਕਹਿਣ ਦੇ ਕਾਰਨ ਮੱਤ ਲਿਖੋ। ਦਬਾਅ ਵਿਚ ਆ ਕੇ ਮੱਤ ਲਿਖੋ। ਸਵਾਬ (ਪੁੰਨ) ਦੀ ਖ਼ਾਤਰ ਮੱਤ ਲਿਖੋ। ਇਥੋਂ ਤੀਕ ਕਿ ਸਿਆਸਤ ਦੀ ਖ਼ਾਤਰ ਮੱਤ ਲਿਖੋ। ਜੋ ਬਾਤ ਦਿਲ ਤੋਂ ਨਿਕਲਦੀ ਹੈ, ਉਹੀ ਲਿਖੋ। ਜੋ ਦਿਲ ਵਿਚੋਂ ਗੱਲ ਨਹੀਂ ਨਿਕਲਦੀ ਤਾਂ ਮਤ ਲਿਖੋ।



ਦੂਸਰਾ ਮਸ਼ਵਰਾ (ਸਲਾਹ) ਇਹ ਹੈ ਕਿ ਇਨਸਾਨ ਦੀ ਆਪਣੀ ਜ਼ਾਤ ਤਾਂ ਨਗੂਣੀ ਚੀਜ਼ ਹੈ। ਅੰਦਰੋਂ ਤੁਸੀਂ ਕੀ ਕੱਢ ਲਵੋਗੇ? ਅੰਦਰ ਜੋ ਕੁਝ ਵੀ ਹੈ, ਉਹ ਤਾਂ ਬਾਹਰ ਤੋਂ ਹੀ ਆਉਂਦਾ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਬਾਹਰ ਕੀ ਹੈ? ਬਾਹਰ ਦੀ ਗੱਲ ਦੇ ਤਿੰਨ ਹਲਕੇ ਹਨ। ਇੱਕ ਤਾਂ ਆਪਣੀ ਜ਼ਾਤ ਦਾ ਹਲਕਾ ਹੈ। ਤੁਹਾਡੇ ਉੱਤੇ ਖ਼ੁਦ ਕੀ ਬੀਤੀ ਤੇ ਆਪ ਦੇ ਉੱਤੇ ਜੋ ਬੀਤੀ, ਉਸਦਾ ਤੁਹਾਡੇ ਲੋਕਾਂ ਅਤੇ ਤੁਹਾਡੀ ਕੌਮ ਉੱਤੇ ਕੀ ਅਸਰ ਪਿਆ। ਇਹਨਾਂ ਪ੍ਰਸੰਗਾਂ ਵਿਚ ਤੁਸੀਂ ਹਾਲਾਤ ਦਾ ਜਾਇਜ਼ਾ ਲਵੋ ਤਾਂ ਇਹ ਤਿੰਨ ਖ਼ਾਸ ਦਾਇਰੇ ਹਨ ਜਿਨ੍ਹਾਂ ਉੱਤੇ ਇਨਸਾਨ ਦੀ ਨਜ਼ਰ ਹੋਣੀ ਚਾਹੀਦੀ ਹੈ। ਦੂਜੇ ਤੁਹਾਨੂੰ ਆਪਣੇ ਬੀਤੇ, ਵਰਤਮਾਨ ਤੇ ਭਵਿੱਖ ਉੱਤੇ ਵੀ ਨਜ਼ਰ ਰੱਖਣੀ ਚਾਹੀਦੀ ਹੈ। ਇਹ ਗੱਲ ਸਾਹਮਣੇ ਰਹਿੰਦੀ ਚਾਹੀਦੀ ਹੈ ਕਿ ਬੀਤੇ ਨਾਲ ਸਾਡਾ ਕੀ ਰਿਸ਼ਤਾ ਹੈ। ਅੱਜਕੱਲ ਅਸੀਂ ਕੀ ਕਰ ਰਹੇ ਹਾਂ ਤੇ ਭਵਿੱਖ ਵਿਚ ਸਾਨੂੰ ਕਿਹੜੇ ਰਸਤੇ ਉੱਤੇ ਚੱਲਣਾ ਚਾਹੀਦਾ ਹੈ। ਇਸ ਉੱਤੇ ਵੀ ਅੱਖ ਰੱਖਣੀ ਚਾਹੀਦੀ ਹੈ।

ਫਿਰ ਜਾ ਕੇ ਕਿਤੇ ਮਹਾਨ ਸ਼ਾਇਰੀ ਬਣਦੀ ਹੈ, ਜਿਸ ਨਾਲ ਸਮਾਜਿਕ ਪ੍ਰਬੰਧ ਦੀ ਸੇਵਾ ਸੰਭਵ ਹੁੰਦੀ ਹੈ।

**ਕ੍ਰਿਸ਼ਨ: ਅਖ਼ੀਰ ਵਿਚ ਮੈਂ ਦਰਖਾਸਤ ਕਰਾਂਗਾ ਕਿ ਆਪਣਾ ਕੋਈ ਤਾਜ਼ਾ ਕਲਾਮ ਸੁਣਾਉਣ ਦੀ ਕ੍ਰਿਪਾਲਤਾ ਕਰੋ?**

ਫ਼ੈਜ਼ : ਮੈਨੂੰ ਵਾਪਿਸ ਘਰ ਗਏ ਨੂੰ ਪੰਜ-ਛੇ ਮਹੀਨੇ ਹੋਏ ਸਨ ਕਿ ਮੈਂ ਉੱਥੇ ਜੋ ਕੁਝ ਵੇਖਿਆ ਤੇ ਜੋ ਕੁਝ ਸਾਡੇ ਉੱਤੇ ਗੁਜ਼ਰੀ, ਉਹ ਅਰਜ਼ ਕਰਦਾ ਹਾਂ

**ਨਹੀਂ ਨਿਗਾਹ ਮੇਂ ਮੰਜ਼ਿਲ ਤੋਂ ਜੁਸਤਜੂ ਹੀ ਸਹੀ**
**ਨਹੀਂ ਵਿਸ਼ਾਲ ਮੁਯੱਸਰ ਤੋਂ ਆਰਜ਼ੂ ਹੀ ਸਹੀ**
**ਨਾ ਤਨ ਮੇਂ ਖ਼ੂਨ ਫਰਾਹਮ**
**ਨਾ ਅਸ਼ਕ ਆਖੋਂ ਮੇਂ**
**ਨਿਮਾਜ਼ੇ ਸ਼ੌਕ ਤੋ ਵਾਜਿਬ ਹੈ**
**ਵਜ਼ੂ ਹੀ ਸਹੀ**
**ਗਰ ਇੰਤਜ਼ਾਰ ਕਠਿਨ ਹੈ ਤੋ ਜਬ ਤਲਕ ਐ ਦਿਲ**
**ਕਿਸੀ ਕੇ ਵਾਅਦਾ ਫਰਦਾ ਕੀ ਗੁਫ਼ਤਗੂ ਹੀ ਸਹੀ।**

**(ਸ਼ਬਦਸਤਾਨ, ਫਰਵਰੀ-ਮਾਰਚ 1985 ਦਾ ਅੰਕ)**

• • •

# ਹਬੀਬ ਤਨਵੀਰ ਨਾਲ ਗੁਫ਼ਤਗੂ

**1923-2009**

**ਸ਼ਾਹਿਦ ਅਨਵਰ : ਤੁਸਾਂ ਸਮਕਾਲੀ ਹਿੰਦੀ ਥੀਏਟਰ ਦੇ ਵਿਕਾਸ ਵਿਚ ਪ੍ਰਭਾਵਸ਼ਾਲੀ ਦੇਣ ਦਿੱਤੀ ਹੈ। ਤੁਹਾਡੇ ਖ਼ਿਆਲ ਵਿਚ ਇਸ ਲੰਮੀ ਯਾਤਰਾ ਵਿਚ ਕਿਹੜੇ ਵੱਡੇ ਮੀਲ ਪੱਥਰ ਸਨ?**

ਹਬੀਬ ਤਨਵੀਰ : ਹਾਂ, ਪਰ ਇਹ ਕੰਮ ਥੀਏਟਰ ਦੇ ਆਲੋਚਕਾਂ ਜਾਂ ਥ਼ੀਏਟਰ ਦੇ ਇਤਿਹਾਸਕਾਰਾਂ ਦਾ ਹੈ ਕਿ ਉਹ ਇਹਨਾਂ ਮਹੱਤਵ ਵਾਲੇ ਮੀਲ-ਪੱਥਰਾਂ ਬਾਰੇ ਬਾਤ ਕਰਨ। ਫਿਰ ਵੀ ਹਿੰਦੀ ਥੀਏਟਰ ਵਿਚ ਆਪਣੀ ਹਿੱਸੇਦਾਰੀ ਬਾਰੇ ਗੱਲ ਚਲਾਵਾਂਗਾ, ਸੰਭਵ ਹੈ ਕਿ ਇਸ ਨਾਲ ਇਸ ਸਫ਼ਰ ਉੱਤੇ ਵੀ ਕੁਝ ਚਾਨਣ ਪਵੇ। ਜਦੋਂ ਮੈਂ ਪੰਜਾਹ ਜਾਂ ਪੰਚਵੰਜਾ ਸਾਲ ਪਹਿਲਾਂ ਕਾਲਜ ਵਿਚ ਸੀ ਤਾਂ ਅੰਗਰੇਜ਼ੀ ਥੀਏਟਰ ਭਾਰੂ ਸੀ। ਇਹ ਮੁੱਖ ਤੌਰ ਤੇ ਪਾਰਸੀ ਥੀਏਟਰ ਸੀ, ਪਰ ਇਸ ਕੋਲ ਚੰਗੇ ਨਾਟਕਾਂ ਦੀ ਘਾਟ ਸੀ। ਇਸ ਪ੍ਰਸੰਗ ਵਿਚ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ ਅਰਥਾਤ (ਇਪਟਾ) ਇੱਕ ਵਿਸ਼ੇਸ਼ ਮੀਲ ਪੱਥਰ ਸੀ। ਇਸ ਲਹਿਰ ਨੇ ਦੇਸ਼ ਦੇ ਵੱਡੇ ਹਿੱਸਿਆਂ ਵਿਚ ਇੱਕ ਵਾਤਾਵਰਨ ਪੈਦਾ ਕੀਤਾ ਸੀ। ਬੰਬਈ ਤੋਂ ਕਲਕੱਤਾ, ਦਿੱਲੀ ਤੋਂ ਲਾਹੌਰ ਅਤੇ ਦੱਖਣ ਵਿਚ, ਇੱਕ ਨਵੀਂ ਜਾਗ੍ਰਿਤੀ ਪੈਦਾ ਹੋਈ। ਲੋਕਾਂ ਨੇ ਮਹਿਸੂਸ ਕਰਨਾ ਸ਼ੁਰੂ ਕੀਤਾ ਕਿ ਕਿਸੇ ਵੀ  ਭਾਂਤ ਦਾ ਪਰਿਵਰਤਨ ਤਾਂ ਹੀ ਆਵੇਗਾ ਜੇ ਥੀਏਟਰ ਵਿਚ ਲੋਕ-ਰੂਪਾਂ ਦੇ ਪ੍ਰਵੇਸ਼ ਦੀ ਆਗਿਆ ਮਿਲੇ।

ਕਿਸਾਨਾਂ ਤੇ ਮਜ਼ਦੂਰਾਂ ਦੀਆਂ ਲਹਿਰਾਂ ਨੇ ਵੀ ਸਾਡੇ ਸਭਿਆਚਾਰ ਉੱਤੇ ਆਪਣਾ ਪ੍ਰਭਾਵ ਪਾਇਆ। ਅਸਲ ਵਿਚ, ਕਿਸਾਨ ਤੇ ਮਜ਼ਦੂਰ ਇੱਕੋ ਹੀ ਸਭਿਆਚਾਰਕ ਪੱਧਰ ਉੱਤੇ ਸਨ। ਅਖ਼ੀਰ ਨੂੰ ਇਹ ਕਿਸਾਨ ਹੀ ਸਨ ਜੋ ਪਿੰਡਾਂ ਤੋਂ ਹਿਜਰਤ ਕਰਕੇ ਸ਼ਹਿਰੀ ਕੇਂਦਰਾਂ ਵਿਚ ਗਏ ਸਨ  ਤੇ ਮਜ਼ਦੂਰ ਬਣ ਗਏ ਸਨ। ਇਪਟਾ ਨੇ ਇਹਨਾਂ ਦੋਵਾਂ ਸ਼੍ਰੇਣੀਆਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ।

ਉਸ ਵੇਲੇ ਤੀਕ ਮੈਂ ਆਪਣਾ ਨਾਟਕ "ਸ਼ਤਰੰਜ ਕੇ ਮੋਹਰੇ" ਮੁਕੰਮਲ ਕਰ ਚੁੱਕਾ ਸੀ। ਦੀਨਾ ਪਾਠਕ ਨੇ ਨਾਟਕ ਦਾ ਨਿਰਦੇਸ਼ਣ ਕੀਤਾ ਤੇ ਮੈਂ ਇਸ ਵਿਚ ਕੰਮ ਕੀਤਾ ਸੀ। ਨਾਟਕ 1948 ਵਿਚ ਹੈਦਰਾਬਾਦ ਵਿਚ  ਪੇਸ਼ ਕੀਤਾ ਗਿਆ। 'ਸ਼ਤਰੰਜ ਕੇ ਮੋਹਰੇ' ਵਿਚ ਕੋਈ ਗੀਤ ਨਹੀਂ ਸਨ ਸਿਵਾਏ ਕਵੀ ਇਨਸ਼ਾਂ ਦੀ ਇੱਕ ਗ਼ਜ਼ਲ ਦੇ। ਮੈਂ 1954 ਵਿਚ ਦਿੱਲੀ ਆ ਗਿਆ ਤੇ ਇਪਟਾ ਦਾ ਸਾਮਾਨ ਕੱਛੇ ਮਾਰਿਆ। ਪਹਿਲੀ ਵਾਰ ਮੈਂ ਦਿੱਲੀ ਆ ਕੇ ਜੋ ਪਹਿਲਾ ਨਾਟਕ ਪੇਸ਼ ਕੀਤਾ। ਉਹ 'ਆਗਰਾ ਬਜ਼ਾਰ' ਸੀ,



ਜਿਸ ਵਿਚ ਇੱਕ ਗੀਤ ਵੀ ਸ਼ਾਮਿਲ ਸੀ। ਉਦੋਂ ਤੀਕ ਮੈਂ ਨਾ ਸੰਸਕ੍ਰਿਤ ਨਾਟਕ ਤੋਂ ਜਾਣੂ ਸੀ, ਨਾ ਬ੍ਰੈਖ਼ਤ ਤੋਂ। ਜਦੋਂ ਮੈਂ ਸੰਸਕ੍ਰਿਤ ਨਾਟਕ ਪੜ੍ਹੇ ਤਾਂ ਉਹ ਜਿਸ ਸ਼ੈਲੀ ਵਿਚ ਲਿਖੇ ਗਏ, ਉਸ ਤੋਂ ਬਹੁਤ ਪ੍ਰਭਾਵਿਤ ਹੋਇਆ।

ਅਗਲੇ ਤਿੰਨ ਸਾਲ ਮੈਂ ਸਾਰੇ ਯੂਰਪ ਦੀ ਯਾਤਰਾ ਕੀਤੀ ਤੇ ਵੱਖ-ਵੱਖ ਥਾਵਾਂ ਦੇ ਨਾਟਕਾਂ ਉੱਤੇ ਨੇੜਿਓਂ ਹੋ ਕੇ ਝਾਤੀ ਮਾਰਨ ਦਾ ਅਵਸਰ ਪ੍ਰਾਪਤ ਕੀਤਾ। ਮੈਂ ਅਨੁਭਵ ਕੀਤਾ ਕਿ ਗੀਤ ਤੇ ਸੰਗੀਤ ਬ੍ਰੈਖਤ ਦੇ ਨਾਟਕਾਂ ਦਾ ਵੀ ਉਸੇ ਤਰ੍ਹਾਂ ਹਿੱਸਾ ਹਨ, ਜਿਵੇਂ ਸਾਡੇ ਨਾਟਕਾਂ ਦਾ। ਫ਼ਰਕ ਸਿਰਫ਼ ਐਨਾ ਸੀ ਕਿ ਬ੍ਰੈਖਤ ਦੇ ਨਾਟਕਾਂ ਵਿਚ ਗੀਤ ਤੇ ਗਾਇਕੀ ਸਿਰਫ਼ ਸ਼ਿੰਗਾਰ ਲਈ ਨਹੀਂ ਵਰਤੇ ਜਾਂਦੇ ਸਨ, ਸਗੋਂ ਕਹਾਣੀ ਵਿਚ ਮੋੜ ਪੈਦਾ ਕਰਨ ਤੇ ਬਿਰਤਾਂਤ ਨੂੰ ਅੱਗੇ ਤੋਰਨ ਦੇ ਸੰਦ ਵਜੋਂ ਵਰਤੇ ਜਾਂਦੇ ਸਨ ਜਾਂ ਫਿਰ ਦੁਬਿਧਾ ਨੂੰ ਪ੍ਰਗਟ ਕਰਨ ਲਈ, ਗੀਤ ਤੇ ਸੰਗੀਤ ਉਹਨਾਂ ਜਜ਼ਬਿਆਂ ਨੂੰ ਪ੍ਰਗਟ ਕਰਦੇ ਹਨ, ਜੋ ਵਾਰਤਾਲਾਪ ਪ੍ਰਾਪਤ ਕਰਨ ਵਿਚ ਅਸਫਲ ਰਹਿੰਦੀ ਹੈ।

ਜਦੋਂ ਮੈਂ ਭਾਰਤ ਵਾਪਸ ਪਰਤਿਆ ਤਾਂ ਮੈਂ ਸ਼ਹਿਰੀ ਥੀਏਟਰ ਦੀ ਪਰੰਪਰਾ ਵਿਚ ਤੋੜ-ਵਿਛੋੜਾ ਵੇਖਿਆ, ਪਰ ਇਸਦੇ ਉਲਟ ਲੋਕਧਾਰਾ ਦੀਆਂ ਸ਼ੈਲੀਆਂ ਵਿਚ ਲਗਾਤਾਰਤਾ ਸੀ। "ਨਾਟਕ-ਸ਼ਾਸਤਰ" ਦੇ ਬੁਨਿਆਦੀ ਅਸੂਲ ਜੋ ਸੰਸਕ੍ਰਿਤ ਨਾਟਕਾਂ ਦੇ ਨੀਂਹ ਪੱਥਰ ਹਨ, ਉਹ ਲੋਕਯਾਨ ਦੀਆਂ ਸ਼ੈਲੀਆਂ ਉੱਤੇ ਵੀ ਲਾਗੂ ਹੁੰਦੇ ਹਨ। ਇਹ ਤਜ਼ਰਬਾ ਮੈਨੂੰ ਇੱਕ ਨਵੇਂ ਰਾਹ ਤੇ ਲੈ ਤੁਰਿਆ। ਮੈਂ ਇਸ ਸਿੱਟੇ ਉੱਤੇ ਪਹੁੰਚਿਆ ਕਿ ਸੰਸਕ੍ਰਿਤ ਨਾਟਕ ਦੀ ਪਰੰਪਰਾ ਅਤੇ ਲੋਕਧਾਰਾ ਦੀਆਂ ਸ਼ੈਲੀਆਂ, ਵੱਖਰੀਆਂ-ਵੱਖਰੀਆਂ ਨਹੀਂ ਹਨ, ਜਿਵੇਂ ਕਿ ਆਮ ਤੌਰ ਤੇ ਦੱਸੀਆਂ ਜਾਂਦੀਆਂ ਹਨ। ਸਮੇਂ, ਸਥਾਨ ਤੇ ਕਾਰਜ ਦੀ ਏਕਤਾ, ਜੋ 'ਨਾਟਅ ਸ਼ਾਸਤਰ' ਦਾ ਆਧਾਰ ਹੈ, ਉਹ ਲੋਕਧਾਰਾ ਵਿਚ ਵੀ ਮਿਲਦੀ ਹੈ। ਮੈਨੂੰ ਇਹ ਗੱਲ ਫੁਰੀ ਕਿ ਜੇ ਹਿੰਦੀ ਥੀਏਟਰ ਨੂੰ ਜਿਊਂਦੇ ਹੋਣਾ ਹੈ, ਤਾਂ ਪੱਛਮੀ ਨੇਮ ਤੇ ਮਿਸਾਲਾਂ ਕੰਮ ਨਹੀਂ ਦੇਣਗੀਆਂ। ਜਿਵੇਂ ਬ੍ਰੈਖ਼ਤ ਨੇ ਕੀਤਾ ਹੈ, ਸਾਨੂੰ ਉਸੇ ਤਰ੍ਹਾਂ ਆਪਣੇ ਖਜ਼ਾਨੇ ਵਿੱਚ ਡੂੰਘੀ ਚੁੱਭੀ ਲਾਉਣੀ ਪਵੇਗੀ। ਉਸਨੇ ਵੰਨ-ਸੁਵੰਨੀਆਂ ਥੀਏਟਰਾਂ ਦੀਆਂ ਪਰੰਪਰਾਵਾਂ ਵਿਚੋਂ ਚੋਣ ਕੀਤੀ ਸੀ ਅਤੇ ਸਮਕਾਲੀ ਸਥਿਤੀ ਨੂੰ ਪੇਸ਼ ਕਰਨ ਲਈ ਬਿਲਕੁਲ ਹੀ ਨਵੀਂ ਪਹੁੰਚ, ਅਪਣਾਈ ਸੀ। ਟੈਗੋਰ ਨੇ ਵੀ ਮਿਥਿਹਾਸ ਤੇ ਇਤਿਹਾਸ ਵਿਚੋਂ ਖ਼ਿਆਲ ਲਏ ਸਨ, ਪਰ ਉਹਨਾਂ ਨੂੰ ਨਵੇਂ ਅਰਥ ਦਿੱਤੇ ਸਨ, ਭਾਵੇਂ ਇਹ 'ਰਕਤਧਾਰਾ' ਹੋਵੇ ਜਾਂ 'ਚਿਤਰੰਗਾਧਾ' ਮੈਂ ਨਾ ਹੀ ਪੱਛਮੀ ਦੀ ਬਾਂਦਰ ਨਕਲ ਕਰਨਾ ਚਾਹੁੰਦਾ ਸੀ ਤੇ ਨਾ ਹੀ ਅੰਨ੍ਹੇਵਾਹ ਲੋਕ-ਧਾਰਾ ਰੂਪਾਂ ਦੀ। ਇਸ ਲਈ ਮੈਂ ਸ਼ਹਿਰ ਵਿਚ, ਪੇਂਡੂ ਭਾਰਤ ਦੇ ਕਲਾਕਾਰਾਂ ਨਾਲ ਆਇਆ। ਜਿਨ੍ਹਾਂ ਦੇ ਮਨਾਂ ਵਿਚ ਲੋਕਧਾਰਾ ਉੱਕਰੀ ਹੋਈ ਸੀ। ਤਿੰਨਾਂ ਸਾਲਾਂ ਦੀ ਨਿਰੰਤਰ ਮਿਹਨਤ

ਵਿਚੋਂ 'ਗਾਓਂ ਕਾ ਨਾਮ ਦਾਮਾਦ, ਮੋਰਾ ਨਾਮ ਸੁਸਰਾਲ' ਪੇਸ਼ ਕੀਤਾ। ਇਸ ਨਾਟਕ ਨੇ 'ਚਰਨ ਦਾਸ ਚੋਰ' ਲਈ ਭੋਂ ਤਿਆਰ ਕੀਤੀ। ਜਿਹੜਾ ਸਾਲ ਬਾਅਦ ਪੇਸ਼ ਕੀਤਾ ਗਿਆ। ਪਿੱਛੋਂ ਦੇ ਨਾਟਕ ਇੱਕੋਂ ਹੀ ਲੜੀ ਦੇ ਹਿੱਸੇ ਸਨ, ਭਾਵੇਂ ਕਿ ਮੈਂ ਸਮੇਂ-ਸਮੇਂ ਆਪਣੀ ਸ਼ੈਲੀ ਨੂੰ ਬਦਲਦਾ ਰਿਹਾ ਸੀ।

? : **ਥੀਏਟਰ ਹਿੰਦੀ ਇਲਾਕੇ ਵਿਚ ਕਲਾਤਮਕ ਅਤੇ ਸਭਿਆਚਾਰਕ ਤੌਰ ਉੱਤੇ ਲਾਜ਼ਮੀ ਤਲਾਸ਼ ਬਣਨ ਵਿਚ ਅਸਫਲ ਰਿਹਾ, ਭਾਵੇਂ ਕਿ ਲੋਕ-ਧਾਰਾ ਦੇ ਕਈ ਰੂਪ ਪ੍ਰਾਪਤ ਸਨ। ਕੁਝ ਲੋਕਾਂ ਦਾ ਵਿਸ਼ਵਾਸ ਹੈ ਕਿ ਇਹ ਇਸ ਕਾਰਨ ਸੀ, ਕਿ ਹਿੰਦੀ ਥੀਏਟਰ, ਹਿੰਦੀ ਬੋਲਦੇ ਇਲਾਕੇ ਦੀ ਸਭਿਆਚਾਰਕ ਚੇਤਨਾ ਅਤੇ ਸਮਾਜਿਕ ਢਾਂਚੇ ਨਾਲ ਜੁੜਨ ਵਿਚ ਅਸਫ਼ਲ ਰਿਹਾ ਸੀ।**

– : ਇਸ ਮਸਲੇ ਉੱਤੇ ਇਤਿਹਾਸਕ ਦ੍ਰਿਸ਼ ਵਜੋਂ ਤੱਕਦਿਆਂ ਪਾਰਸੀ ਥੀਏਟਰਾਂ ਦਾ ਅੰਤ 56 ਸਾਲ ਪਹਿਲਾਂ ਹੋ ਗਿਆ ਸੀ, ਜਿਹੜਾ ਕਿ ਕੋਈ ਲੰਮਾ ਸਮਾਂ ਨਹੀਂ ਹੈ। ਪਾਰਸੀ ਥੀਏਟਰ ਕੁਝ ਵੀ ਨਹੀਂ ਹਨ, ਸਿਵਾਏ ਹਿੰਦੀ-ਉਰਦੂ ਥੀਏਟਰ ਦੇ। ਉਹਨਾਂ ਦਿਨਾਂ ਵਿਚ ਇਸਦੀ ਕੋਈ ਕਲਾਤਮਕ ਲੋੜ ਨਹੀਂ ਸੀ। ਲੋਕੀ 'ਰੀਗਲ ਉਰਦੂ' ਥੀਏਟਰ ਦਿੱਲੀ ਵਿਖੇ ਨਾਟਕ ਵੇਖਣ ਜਾਂਦੇ ਹੁੰਦੇ ਸੀ। ਲਾਹੌਰ ਵਿਚ ਵੀ ਥੀਏਟਰ ਸਨ, ਛੋਟੇ ਨਗਰਾਂ ਤੇ ਸ਼ਹਿਰਾਂ ਵਿਚ ਮੇਰੇ ਸ਼ਹਿਰ ਰਾਏਪੁਰ ਵਾਂਗ, ਅਜਿਹੀ ਕੋਈ ਸਹੂਲਤ ਨਹੀਂ ਸੀ। ਡਰਾਮਾ ਕੰਪਨੀਆਂ ਆਪਣੇ ਨਾਟਕ ਕਰਨ ਲਈ ਤੰਬੂ ਗੱਡਦੀਆਂ ਹੁੰਦੀਆਂ ਸਨ ਤੇ ਲੋਕੀ ਆਪਣੇ ਪਰਿਵਾਰਾਂ ਤੇ ਮਿੱਤਰਾਂ ਨਾਲ ਇਹਨਾਂ ਤੰਬੂਆਂ ਵੱਲ ਭੱਜ ਉੱਠਦੇ ਸਨ।

ਜੇ ਅੱਜ ਥੀਏਟਰ ਲੋਕਾਂ ਦੀ ਕਲਾਤਮਕ ਤਾਂਘ ਨੂੰ ਸੰਤੁਸ਼ਟ ਕਰਨ ਵਿਚ ਅਸਫਲ ਰਿਹਾ ਹੈ ਤਾਂ ਇਸਦਾ ਇੱਕ ਕਾਰਨ ਇਹ ਹੋ ਸਕਦਾ ਹੈ ਕਿ ਲੋਕਾਂ ਨੂੰ ਹਿੰਦੀ ਥੀਏਟਰ ਵੱਲ ਖਿੱਚਣ ਲਈ ਬਹੁਤ ਚੰਗਾ ਕੰਮ ਨਹੀਂ ਹੋ ਸਕਿਆ। ਇਸ ਤੋਂ ਬਿਨਾਂ, ਸਾਡੀ ਵਿਕਾਸ ਪ੍ਰਕਿਰਿਆ ਦਾ ਇੱਕ ਗਲਤ ਸਿੱਟਾ ਇਹ ਹੈ ਕਿ, ਬਿਜਲਈ ਮੀਡੀਆ ਸਾਡੇ ਹਰ ਘਰ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਹੁਣ ਉਹਨਾਂ ਨੂੰ ਰਾਹਤ ਦੇਣ ਲਈ ਟੀ. ਵੀ. ਜੋ ਹੈ। ਇਸ ਲਈ ਥੀਏਟਰ ਵਿਚ ਜਾ ਕੇ ਨਾਟਕ ਵੇਖਣ ਦੀ ਲੋੜ ਹੀ ਨਹੀਂ ਰਹਿ ਗਈ।

ਵਿਕਾਸ ਦੇ ਮੰਤਰ, ਵਿਸ਼ਵੀਕਰਣ ਤੇ ਉਦਾਰਵਾਦ ਨੇ ਖਪਤਵਾਦੀ ਸਮਾਜ ਨੂੰ ਉਭਾਰਿਆ ਹੈ, ਜੋ ਆਪਣੀਆਂ ਸਭਿਆਚਾਰਕ ਰਵਾਇਤਾਂ ਨੂੰ ਸੰਭਾਲਣ ਵਿਚ ਦਿਲਚਸਪੀ ਨਹੀਂ ਰੱਖਦਾ। ਅਸੀਂ ਵਿਸ਼ਵੀਕਰਣ ਦੀਆਂ ਘੁੰਮਣ-ਘੇਰੀਆਂ ਵਿਚ ਆਪਣਾ ਰਵਾਇਤੀ ਗਿਆਨ-ਆਧਾਰ ਗਵਾ ਲਿਆ ਹੈ। ਸਾਡੀ ਬੱਚੇ ਪਾਪ ਕਲਚਰ



ਉੱਤੇ ਨਿਰਭਰ ਹਨ, ਜੋ ਟੀ. ਵੀ. ਚੋਂ ਉਤਪੰਨ ਹੁੰਦਾ ਹੈ। ਇਹ ਦਾਦੀ-ਮਾਂ ਦੀਆਂ ਬਾਤਾਂ ਉੱਤੇ ਨਿਰਭਰ ਨਹੀਂ। ਇਸ ਤਰ੍ਹਾਂ ਦੀ ਸਥਿਤੀ ਵਿਚ ਥੀਏਟਰ ਦੀ ਹੁਣ ਕੋਈ ਖਿੱਚ ਨਹੀਂ ਰਹਿ ਗਈ।

ਸਭਿਆਚਾਰਕ ਕਾਮਿਆਂ ਨੂੰ ਇਹਨਾਂ ਉੱਭਰ ਰਹੇ ਰੁਝਾਨਾਂ ਵਿਰੁੱਧ ਸੰਘਰਸ਼ ਕਰਨਾ ਚਾਹੀਦਾ ਹੈ ਤੇ ਸਿਰਫ਼ ਨਿਰਦੇਸ਼ਕਾਂ, ਨਾਟਕਕਾਰਾਂ ਤੇ ਕਲਾਕਾਰਾਂ ਨਾਲ ਹੀ ਸਿਰ ਨਹੀਂ ਖਪਾਉਣਾ ਚਾਹੀਦਾ। ਅਸੀਂ ਵਰਤਮਾਨ, ਉਪਜ ਦੀ ਵਿਧੀ ਬਦਲੇ ਬਗੈਰ, ਭਾਰਤ ਵਿਚ ਥੀਏਟਰ ਦੀ ਸਥਿਤੀ ਨਹੀਂ ਬਦਲ ਸਕਦੇ। ਇਹ ਗੱਲ ਸਿਰਫ਼ ਹਿੰਦੀ ਥੀਏਟਰ ਬਾਰੇ ਹੀ ਸੱਚ ਨਹੀਂ, ਸਗੋਂ ਸਮੁੱਚੇ ਭਾਰਤ ਦੇ ਥੀਏਟਰ ਦ੍ਰਿਸ਼ ਬਾਰੇ ਵੀ ਸੱਚ ਹੈ। ਹਿੰਦੀ ਥੀਏਟਰ ਦੀ ਹਾਲਤ ਸਭ ਤੋਂ ਬੁਰੀ ਹੈ, ਕਿਉਂਕਿ ਹਿੰਦੀ ਫਿਲਮਾਂ ਦਾ ਬਹੁਤ ਮਾਰੂ ਪ੍ਰਭਾਵ ਪੈ ਰਿਹਾ ਹੈ, ਜਿਸ ਕਾਰਨ ਵਧੇਰੇ ਦਖਲ ਦੀ ਲੋੜ ਹੈ।

? : **ਥੀਏਟਰ ਵਿਚ ਤਬਦੀਲੀਆਂ ਵਧੇਰੇ ਕਰਕੇ ਵਿਸ਼ੇ-ਵਸਤੂ ਦੀ ਥਾਂ ਉਸਦੇ ਰੂਪ ਵਿਚ ਹੀ ਆਈਆਂ ਹਨ, ਫਿਰ ਹਿੰਦੀ ਥੀਏਟਰ ਵਿਚਲੇ ਵਰਕਰਾਂ ਨੇ ਵਿਸ਼ੇ-ਵਸਤੂ ਨੂੰ ਕਿਉਂ ਵਧੇਰੇ ਮਹੱਤਵ ਨਹੀਂ ਦਿੱਤਾ?**

– : ਇਸ ਖੇਤਰ ਵਿਚ ਹਿੰਦੀ ਦੇ ਕਾਮਿਆਂ ਪ੍ਰਤੀ ਕੋਈ ਸ਼ਿਕਾਇਤ ਨਹੀਂ, ਕਿਉਂਕਿ ਮੈਂ ਨਹੀਂ ਸਮਝਦਾ ਕਿ ਸਿਰਫ਼ ਰੂਪ ਦੇ ਪੱਖੋਂ ਹੀ ਜ਼ੋਰ ਦਿੱਤਾ ਗਿਆ ਹੈ ਤੇ ਵਿਸ਼ੇ-ਵਸਤੂ ਉੱਤੇ ਜ਼ੋਰ ਨਹੀਂ ਦਿੱਤਾ ਗਿਆ। 'ਬੇਗਮ ਕਾ ਤਖੀਆ' 'ਛੋਟੇ ਸੱਯਦ ਬੜੇ ਸੱਯਦ', 'ਕੋਰਟ ਮਾਰਸ਼ਲ' ਜਾਂ 'ਤੁਗਲਕ' ਵਰਗੀਆਂ ਕਲਾਸਿਕ ਰਚਨਾਵਾਂ ਦੇ ਇਲਾਕਾਈ ਭਾਸ਼ਾਵਾਂ ਵਿਚ ਉਤਾਰੇ ਕਰਨੇ ਆਦਿ ਕੁਝ ਨਾਟਕ ਹਨ, ਜੋ ਵੱਖ-ਵੱਖ ਨਿਰਦੇਸ਼ਕਾਂ ਨੇ, ਵੱਖਰੇ-ਵੱਖਰੇ ਢੰਗ ਨਾਲ ਵਿਆਖਿਆ ਕੀਤੀ ਹੈ ਤੇ ਸਫਲਤਾ ਨਾਲ ਕੀਤੀ ਹੈ। ਪਟਨਾ ਵਿਚ ਵੀ ਬਥੇਰੇ ਥੀਏਟਰ ਗਰੁੱਪ ਹਨ, ਜੇ ਆਪਾਂ 'ਦਰਪਨ' ਦਾ ਮਾਮਲਾ ਹੀ ਲੈ ਲਈਏ ਜੋ ਕਾਨਪੁਰ ਵਿਚ ਇੱਕ ਜਥੇਬੰਦੀ ਹੈ ਅਤੇ ਜੋ ਵਿਸ਼ੇ ਬਾਰੇ ਬੜੇ ਹੀ ਸੁਚੇਤ ਹਨ। ਇਸ ਤੋਂ ਬਿਨਾਂ ਨੁੱਕੜ ਨਾਟਕ ਦੀ ਬੜੀ ਨਰੋਈ ਪਰੰਪਰਾ ਹਿੰਦੀ ਵਿਚ ਹੈ ਤੇ ਜਿਵੇਂ ਤੁਸੀਂ ਜਾਣਦੇ ਹੋ, ਨੁੱਕੜ ਨਾਟਕ ਵਿਚ ਨਵੇਂ ਵਿਸ਼ਿਆਂ ਦੀ ਕੋਈ ਥੁੜ੍ਹੋਂ ਨਹੀਂ।

? : **ਥੀਏਟਰ ਸਰਬ-ਪੱਖੀ ਕਲਾ ਦਾ ਰੂਪ ਹੈ, ਜੋ ਖੇਡਣ ਲਈ ਹੋਰ ਕਈ ਕਲਾਰੂਪਾਂ ਉੱਤੇ ਨਿਰਭਰ ਹੈ, ਪਰ ਹਿੰਦੀ ਥੀਏਟਰ ਇਹਨਾਂ ਕਲਾ-ਰੂਪਾਂ ਨਾਲ ਅਰਥ ਭਰਪੂਰ ਰਿਸ਼ਤਾ ਸਥਾਪਿਤ ਕਰਨ ਵਿਚ ਅਸਫਲ ਰਿਹਾ ਹੈ, ਇਹ ਕਿਉਂ?**

– : ਅਜਿਹਾ ਨਹੀਂ ਹੈ, ਮੈਂ ਸਮਝਦਾ ਹਾਂ ਕਿ ਹਿੰਦੀ ਥੀਏਟਰ ਵਿਚ ਇਹ ਸੰਪਰਕ ਲੱਭਦਾ ਹੈ। ਨੈਸ਼ਨਲ ਸਕੂਲ ਆਫ਼ ਡਰਾਮਾ (N.S.D.) ਇਸ ਸੇਧ ਵੱਲ ਸਾਂਝੀ ਕੋਸ਼ਿਸ਼ ਕਰਦਾ ਰਿਹਾ ਹੈ। ਇਹ ਉਹਨਾਂ ਦੀਆਂ ਪੇਸ਼ਕਾਰੀਆਂ ਵਿਚ ਵੇਖਿਆ ਜਾ ਸਕਦਾ ਹੈ। ਜੇ

ਤੁਸੀਂ ਸ਼ੌਕੀਆ ਥੀਏਟਰ ਗਰੁੱਪਾਂ ਦੀ ਗੱਲ ਕਰਦੇ ਹੋ ਤਾਂ ਉਹਨਾਂ ਕੋਲ ਇਹਨਾਂ ਪੱਖਾਂ ਬਾਰੇ ਧਿਆਨ ਦੇਣ ਲਈ ਪੈਸਾ ਨਹੀਂ ਹੈ। ਫਿਰ ਵੀ ਮੈਂ ਅਨੁਭਵ ਕਰਦਾ ਹਾਂ ਕਿ ਥੀਏਟਰ ਨੂੰ ਪ੍ਰਭਾਵਿਤ ਕਰਨ ਲਈ ਹੋਰ ਕਲਾ ਰੂਪ ਬਹੁਤੇ ਨਹੀਂ ਹੋਣੇ ਚਾਹੀਦੇ। ਅਲਕਾਜ਼ੀ ਨੇ ਪਿਛੋਕੜ ਲਈ 'ਮਰੀਚਕਾਟੀਕਮ' ਵਿਚ ਸੁੰਦਰ ਚਿੱਤਰਾਂ ਦੀ ਵਰਤੋਂ ਕੀਤੀ ਸੀ। ਨਿਰਸੰਦੇਹ ਉਹ ਸਭ ਸੁੰਦਰ ਤਸਵੀਰਾਂ ਹਨ, ਪਰ ਉਹ ਨਾਟਕ ਨੂੰ ਉਚੇਰਾ ਚੁੱਕਣ ਲਈ ਬਹੁਤੀਆਂ ਸਹਾਇਕ ਸਿੱਧ ਨਹੀਂ ਹੋਈਆਂ। ਸੱਚੀ ਗੱਲ ਤਾਂ ਇਹ ਕਿ ਉਹਨਾਂ ਨੇ ਨਾਟਕ ਨੂੰ ਖਰਾਬ ਕਰ ਦਿੱਤਾ। ਉਸਨੇ ਬਹੁਤ ਸੁੰਦਰ ਸੈੱਟ ਪੇਸ਼ ਕੀਤਾ ਪਰ ਸੱਚੀ ਗੱਲ ਇਹ ਹੈ ਕਿ ਇਹ 'ਮਰੀਚਕਾਟੀਕਮ' ਨਾਟਕ ਨੂੰ ਕਿਸੇ ਸੈੱਟ ਦੀ ਲੋੜ ਨਹੀਂ ਸੀ। ਸੰਭਵ ਹੈ, ਕਿ ਅਲਕਾਜੀ ਕਿਉਂਕਿ ਇੱਕ ਚੰਗਾ ਚਿੱਤਰਕਾਰ ਹੈ, ਇਸ ਲਈ ਉਹ ਪੇਂਟਿੰਗ ਦੀ ਪ੍ਰਦਰਸ਼ਨੀ ਕਰਨ ਤੇ ਲਾਲਚ ਨੂੰ ਕਾਬੂ ਨਾ ਕਰ ਸਕਿਆ ਹੋਵੇ। ਪਰ ਇਹੋ ਜਿਹੇ ਲਾਲਚ ਥੀਏਟਰ ਲਈ ਚੰਗੇ ਨਹੀਂ ਹੁੰਦੇ।

? : **ਪਿਛਲੇ ਕੁਝ ਦਹਾਕਿਆਂ ਵਿਚ ਨਿਰਦੇਸ਼ਕਾਂ ਦਾ ਹਿੰਦੀ ਥੀਏਟਰ ਵਿਚ ਬੋਲਬਾਲਾ ਰਿਹਾ ਹੈ। ਭਾਵੇਂ ਕਿ ਐਕਟਰ ਕਿਸੇ ਨਾਟਕ ਵਿਚ ਬੜੇ ਜ਼ਰੂਰੀ ਹੁੰਦੇ ਹਨ, ਦ੍ਰਿਸ਼ਟੀਗਤ ਜਾਂ ਜ਼ੁਬਾਨੀ ਪ੍ਰਭਾਵ ਲਈ, ਪਰ ਕੋਈ ਵੀ ਐਕਟਰ ਥੀਏਟਰ ਦੇ ਆਕਾਸ਼ ਉੱਤੇ ਨਹੀਂ ਚੜ੍ਹਿਆ। ਆਖ਼ਿਰ ਇਸਦਾ ਕਾਰਨ ਕੀ ਹੈ?**

– : ਜੇ ਐਕਟਰਾਂ ਨੂੰ ਥੋੜ੍ਹਾ ਮਹੱਤਵ ਦਿੱਤਾ ਜਾ ਰਿਹਾ ਹੈ ਤਾਂ ਇਹ ਡਾਇਰੈਕਟਰਾਂ ਦੀ ਅਸਫਲਤਾ ਹੈ। ਡਾਇਰੈਕਟਰ ਦਾ ਕੰਮ ਖਰੜੇ ਨੂੰ ਸਟੇਜ ਉੱਤੇ ਪੇਸ਼ ਕਰਨਾ ਤੇ ਪਾਲਸ਼ ਹੀ ਨਹੀਂ ਕਰਨਾ, ਸਗੋਂ ਐਕਟਰ ਦੇ ਕਸਬ ਉੱਤੇ ਵੀ ਅੱਖ ਰੱਖਣੀ ਹੁੰਦੀ ਹੈ। ਇੱਕ ਵਾਰ ਅਸ਼ੋਕ ਬਾਜਪੇਈ ਨੇ ਭੂਪਾਲ ਵਿਚ ਮੈਨੂੰ ਪੁੱਛਿਆ ਸੀ ਕਿ ਤੁਹਾਡੇ ਨਾਟਕਾਂ ਵਿਚ ਡਾਇਰੈਕਟਰ ਪਿਛਲੀ ਸੀਟ ਉੱਤੇ ਕਿਉਂ ਹੁੰਦਾ ਹੈ? ਖ਼ੈਰ! ਇਹ ਇਸ ਕਾਰਨ ਹੈ ਕਿ ਮੇਰੇ ਪੇਂਡੂ ਹੁਨਰ ਦੇ ਅਨਪੜ੍ਹ ਕਲਾਕਾਰ ਹੁੰਦੇ ਹਨ, ਇਹਨਾਂ ਨੂੰ ਮੈਂ ਅੱਗੇ ਲਿਆਉਣਾ ਹੁੰਦਾ ਹੈ। ਇਹ ਹੈ ਰੋਲ ਜੋ ਮੈਂ ਡਾਇਰੈਕਟਰ ਵਜੋਂ ਨਿਭਾਉਣਾ ਹੁੰਦਾ ਹੈ। ਡਾਇਰੈਕਟਰ ਨੇ ਹਰ ਪਾਤਰ ਦੇ ਰੋਲ ਨੂੰ ਆਪਣੇ ਹੀ ਢੰਗ ਨਾਲ ਗ੍ਰਹਿਣ ਕਰਨਾ ਹੁੰਦਾ ਹੈ। ਜੇ ਉਹ ਕਿਸੇ ਐਕਟਰ ਦੀ ਥਾਂ ਬਦਲਦਾ ਹੈ, ਤਾਂ ਸੰਭਵ ਹੈ ਕਿ ਡਾਇਰੈਕਟਰ ਦੀ ਸ਼ੈਲੀ ਵੀ ਬਦਲੇਗੀ। ਕਿਉਂਕਿ ਉਸਨੇ ਉਹੀ ਪ੍ਰਭਾਵ ਪੈਦਾ ਕਰਨ ਲਈ ਇੱਕ ਵੱਖਰੀ ਸ਼ਖ਼ਸੀਅਤ ਨਾਲ ਨਜਿੱਠਣਾ ਹੁੰਦਾ ਹੈ।

? : **ਜਿੱਥੋਂ ਤੀਕ ਸਮਾਜ ਜਾਂ ਵਿਅਕਤੀ ਦੇ ਵਿਸ਼ੇ ਪੇਸ਼ ਕਰਨ ਦਾ ਸਵਾਲ ਹੈ, ਹਿੰਦੀ ਥੀਏਟਰ ਬਹੁ-ਪਰਤੀ ਪਹੁੰਚ ਦਾ ਸ਼ਿਕਾਰ ਹੋਇਆ ਪ੍ਰਤੀਤ ਹੁੰਦਾ ਹੈ। ਕਿਸੇ ਚੰਗੀ ਕਵਿਤਾ ਜਾਂ ਪੇਂਟਿੰਗ ਵਿਚਲੀ ਡੂੰਘਿਆਈ ਹਿੰਦੀ ਥੀਏਟਰ ਵਿਚ ਪ੍ਰਾਪਤ ਨਹੀਂ ਹੈ। ਸਾਡੇ ਕੋਲ ਹਿੰਦੀ**



**ਵਿਚ ਬੜੇ ਘੱਟ ਨਾਟਕ ਹਨ, ਜੋ ਮਨੁੱਖੀ ਹੋਂਦ ਦੇ ਪਦਾਰਥਵਾਦੀ ਜਾਂ ਸਰਬ-ਵਿਆਪੀ ਪੱਖਾਂ ਨੂੰ ਨਿਭਾਉਂਦੇ ਹਨ। ਹਿੰਦੀ ਨਾਟਕਾਂ ਵਿਚਲੀ ਇਹ ਘਾਟ ਭਲਾ ਕੀ ਦਰਸਾਉਂਦੀ ਹੈ, ਖ਼ਾਸ ਤੌਰ ਤੇ ਉਦੋਂ ਜਦ ਕਿ ਹਿੰਦੀ ਦੇ ਹੋਰ ਸਾਹਿਤਕ ਰੂਪ ਪ੍ਰਫੁੱਲਤ ਹੋ ਰਹੇ ਹਨ?**

– : ਜਿਨ੍ਹਾਂ ਨਾਟਕਾਂ ਵੱਲ ਆਪ ਸੰਕੇਤ ਕਰ ਰਹੇ ਹੋ, 'ਆਧਾ ਯੁੱਗ' ਉਸ ਦੀ ਇੱਕ ਚੰਗੀ ਮਿਸਾਲ ਹੈ। ਇਹ ਨਾਟਕ ਜੀਵਨ ਅਤੇ ਬ੍ਰਹਿਮੰਡ ਬਾਰੇ, ਮਿਥਿਹਾਸਕ ਕਹਾਣੀਆਂ ਰਾਹੀਂ ਡੂੰਘਾ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਪਰ ਇਹ ਸਮੱਸਿਆ ਹਿੰਦੀ ਥੀਏਟਰ ਨਾਲ ਹੀ ਸੰਬੰਧਿਤ ਨਹੀਂ ਹੈ, ਸਗੋਂ ਦੂਸਰੀਆਂ ਭਾਸ਼ਾਵਾਂ ਦੇ ਥੀਏਟਰ ਨਾਲ ਵੀ ਸਬੰਧ ਰੱਖਦੀ ਹੈ। ਅਸੀਂ ਵਿਜੇ ਤੇਂਦੂਲਕਰ, ਬਾਦਲ ਸਰਕਾਰ ਅਤੇ ਗਰੀਸ਼ ਕਰਨਾਦ ਤੇ ਪਿਛੋਂ ਹੋਰ ਕਿਸੇ ਦਾ ਨਾਂ ਲੈ ਸਕਦੇ ਹਾਂ। ਕੋਈ ਨਹੀਂ ਕਹਿ ਸਕਦਾ ਕਿ ਇਸਦਾ ਕਾਰਨ ਕੀ ਹੈ ਤੇ ਇਹ ਕਿਵੇਂ ਵਾਪਰਦਾ ਹੈ? ਆਖ਼ਿਰ, ਯੂਨਾਨ ਕਿਹੜਾ ਐਨਾ ਵਿਕਸਿਤ ਹੋਇਆ ਦੇਸ਼ ਸੀ, ਜਦੋਂ ਉਥੇ ਮਹਾਨ ਨਾਟਕਕਾਰ ਜੰਮੇ ਸੀ। ਬਹੁਤ ਸਾਰੇ ਉੱਘੇ ਨਾਟਕਕਾਰਾਂ ਨੇ ਭਾਰਤ ਵਿਚ, ਹਜ਼ਾਰਾਂ ਸਾਲ ਪਹਿਲਾਂ, ਆਪਣਾ ਨਾਮ ਪੈਦਾ ਕੀਤਾ ਸੀ ਜਦਕਿ ਅਸੀਂ ਕੋਈ ਚੰਗੀ ਤਰੱਕੀ ਨਹੀਂ ਸੀ ਕੀਤੀ। ਇਸ ਲਈ ਮੈਂ ਹਾਲੇ ਆਸ ਨਹੀਂ ਛੱਡੀ। ਬਹੁਤ ਸਾਰੇ ਤੱਥ, ਸੰਭਵ ਹੈ ਇਤਿਹਾਸ ਦੇ ਪੰਨਿਆਂ ਵਿਚ ਲੁਕੇ ਹੋਏ ਹੋਣ। ਜੇ ਤੁਸੀਂ ਕਲਾਸਿਕ ਲੱਭਦੇ ਹੋ ਤਾਂ ਕਲਾਸਿਕ ਨਿੱਤ-ਨਿੱਤ ਨਹੀਂ ਲਿਖੇ ਜਾਂਦੇ।

? : **ਹਿੰਦੀ ਨਾਟਕ ਰਚਨਾ ਨੇ ਥੀਏਟਰ ਦੀ ਸ਼ਬਦਾਵਲੀ ਗਠਿਤ ਪਲਾਟ, ਦ੍ਰਿਸ਼ ਤੇ ਡਿਜ਼ਾਇਨ ਦੇ ਖੇਤਰ ਵਿਚ ਕੀ ਤਰੱਕੀ ਕੀਤੀ ਹੈ?**

– : ਇਹ ਸੱਚ ਹੈ ਕਿ ਹਿੰਦੀ ਦੇ ਨਾਟਕ-ਲੇਖਕ ਥੀਏਟਰ ਦੀ ਸ਼ਬਦਾਵਲੀ ਪ੍ਰਤੀ ਪੂਰੀ ਤਰ੍ਹਾਂ ਵਾਕਿਫ ਨਹੀਂ ਹਨ, ਤੇ ਮੈਂ ਸੋਚਦਾ ਹਾਂ ਕਿ ਇਹ ਦ੍ਰਿਸ਼ ਇਸੇ ਤਰ੍ਹਾਂ ਹੀ ਓਨੀ ਦੇਰ ਤੀਕ ਜਾਰੀ ਰਹੇਗਾ, ਜਦੋਂ ਤੀਕ ਕਿ ਥੀਏਟਰ ਦੀਆਂ ਸਰਗਰਮੀਆਂ ਵੱਧ ਨਹੀਂ ਜਾਂਦੀਆਂ ਤੇ ਇਹਨਾਂ ਉੱਤੇ ਨਿਰਭਰ ਉਦਯੋਗ ਚਾਲੂ ਨਹੀਂ ਹੁੰਦਾ। ਦੂਸਰੇ ਦੇਸ਼ਾਂ ਵਿਚ, ਥੀਏਟਰ, ਚੰਗਾ ਜਾਂ ਮਾੜਾ ਚੱਲਦਾ ਰਹਿੰਦਾ ਹੈ। ਇੰਗਲੈਂਡ ਵਿਚ, ਮਿਸਾਲ ਵਜੋਂ ਤੁਸੀਂ ਇੱਕੋ ਹੀ ਸਮੇਂ ਕਈ ਕਿਸਮਾਂ ਦਾ ਥੀਏਟਰ ਵੇਖ ਸਕਦੇ ਹੋ। ਜਿਸ ਸਦਕਾ ਇਸ ਨਾਲ ਹੋਰ ਸਬੰਧਿਤ ਸਹਾਇਕ ਧੰਦੇ ਵੀ ਵਿਕਸਿਤ ਹੋ ਗਏ ਹਨ। ਇਹੀ ਕਾਰਨ ਹੈ ਕਿ ਤੁਸੀਂ ਉਹਨਾਂ ਲੋਕਾਂ ਨੂੰ ਵੇਖੋਗੇ, ਜੋ ਪੂਰਾ ਸਮਾਂ, ਕੱਪੜੇ ਦੀਆਂ ਵੰਨਗੀਆਂ, ਵਿਚ ਰੁੱਝੇ ਹਨ ਤੇ ਕੁਝ ਹੋਰਨਾਂ ਨੂੰ ਨਵੇਂ ਰੰਗਾਂ ਨੂੰ ਵਿਕਸਿਤ ਕਰਨ ਤੇ ਕੁਝ ਨੂੰ ਲੱਕੜ ਦੀਆਂ ਕਿਸਮਾਂ ਦੀ ਨਿਰੰਤਰ ਤਲਾਸ਼ ਵਿਚ ਰੁੱਝੇ ਵੇਖੋਗੇ, ਜੋ ਲੱਕੜੀ ਕਿ ਸੈੱਟ ਬਣਾਉਣ ਦਾ ਕੰਮ ਕਰਨ ਲਈ ਆਸਾਨੀ ਨਾਲ ਚੁੱਕੀ ਜਾ ਸਕਦੀ ਹੈ।

ਇਸ ਖੇਤਰ ਵਿਚ ਸਾਡੇ ਨਾਟਕਕਾਰਾਂ ਕੋਲ ਸੀਮਤ ਸੂਚਨਾ ਹੁੰਦੀ ਹੈ, ਕਿਉਂਕਿ ਉਹ

ਮੋਟੇ ਤੌਰ ਤੇ ਅਲੱਗ ਹੀ ਰਹੇ ਹਨ। ਮਹਾਨ ਨਾਟਕਕਾਰ ਮੋਹਨ ਰਾਕੇਸ਼ ਵਰਗੇ ਨੇ ਵੀ ਆਪਣੇ ਆਪਨੂੰ ਬਾਹਰਲੀ ਦੁਨੀਆਂ ਨਾਲੋਂ ਕੱਟ ਲਿਆ ਹੈ। ਪਿੱਛੋਂ ਜਦੋਂ ਉਸਨੇ ਨੇੜਲੀ ਅੰਤਰ-ਪ੍ਰਕਿਰਿਆ ਦੀ ਲੋੜ ਅਨੁਭਵ ਕੀਤੀ ਤਾਂ ਇੱਕ ਗਰੁੱਪ ਬਣਾਇਆ ਗਿਆ। ਜਿਸ ਵਿਚ ਭਾਰਤ ਭੂਸ਼ਣ ਅਗਰਵਾਲ, ਸੁਰੇਸ਼ ਅਵਸਥੀ ਅਤੇ ਓਮ ਪ੍ਰਕਾਸ਼ ਵਰਗੇ ਲੋਕ ਸ਼ਾਮਿਲ ਹੋਏ। ਅਸੀਂ ਹਰ ਹਫਤੇ ਮਿਲਦੇ ਹੁੰਦੇ ਸੀ ਤੇ 'ਸਕੀਦ ਗੁਪਤ', 'ਧਰੁਵਾ ਸਵਾਮਿਨੀ' ਆਦਿ ਨਾਟਕਾਂ ਦੇ ਤਕਨੀਕੀ ਪੱਖਾਂ ਬਾਰੇ ਵਿਚਾਰ ਕਰਦੇ ਸੀ, ਅਸਲ ਵਿਚ ਅਜਿਹੀਆਂ ਹੀ ਮੀਟਿੰਗਾਂ ਵਿਚੋਂ 'ਲਹਿਰੋਂ ਕਾ ਰਾਜਹੰਸ' ਨਾਟਕ ਨੇ ਰੂਪ ਧਾਰਿਆ। ਅਸਗਰ ਵਜ਼ਾਹਤ ਇੱਕ ਮਹਾਨ ਨਾਟਕਕਾਰ ਹੈ, ਜੋ ਕਮਾਲ ਦੀ ਵਾਰਤਾਲਾਪ ਲਿਖਦਾ ਹੈ, ਪਰ 'ਜਿਸ ਲਾਹੌਰ ਨਹੀਂ ਵੇਖਿਆ' ਦੀਆਂ ਰਿਹਰਸਲਾਂ ਸਮੇਂ, ਉਸ ਨੇ ਵੀ ਅਨੁਭਵ ਕੀਤਾ ਕਿ ਚੰਗੇ ਨਾਟਕ ਲਿਖਣ ਲਈ, ਨਾਟਕ-ਲੇਖਕਾਂ ਨੂੰ ਕਲਾਕਾਰਾਂ ਨਾਲ ਨਿਰੰਤਰ ਅੰਤਰ-ਕਿਰਿਆ ਕਰਨੀ ਚਾਹੀਦੀ ਹੈ।

ਹੁਣ ਇਸ ਬਾਰੇ ਸੋਚੋ। ਵਾਰਤਾਲਾਪ ਆਦਿ ਵਰਗੀਆਂ ਗੱਲਾਂ ਥੀਏਟਰ ਵਿਚ ਐਨੀਆਂ ਮਹੱਤਵਪੂਰਨ ਗੱਲਾਂ ਨਹੀਂ ਹਨ ਜਿੰਨੀਆਂ ਕਿ ਸਮਝੀਆਂ ਜਾ ਰਹੀਆਂ ਹਨ। ਜੇ ਐਕਟਰ ਤੇ ਡਾਇਰੈਕਟਰ ਦੀ ਕਲਪਨਾ ਸ਼ਕਤੀ ਉੱਚੀ ਹੈ, ਜੇ ਉਹ ਕਾਫੀ ਸੋਝੀ ਵਾਲੇ ਹੋਣ ਤਾਂ ਉਹ ਬਗੈਰ ਸਬੰਧਤ ਸਹਾਇਕ ਸਮੱਗਰੀ ਦੇ ਵੀ ਚੰਗੇ ਨਾਟਕ ਲਿਖ ਸਕਦੇ ਹਨ। ਅਸੀਂ ਇਸ ਤਰ੍ਹਾਂ ਦੇ ਥੀਏਟਰ ਅਫਰੀਕੀ ਦੇਸ਼ਾਂ ਵਿਚ ਵੇਖੇ ਹਨ। ਇਟਲੀ ਵਿਚ ਇੱਕ ਗਰੁੱਪ ਹੈ, ਜੋ 'ਹੈਮਲਿਟ' ਤੇ 'ਮੈਕਬਥ' ਵਰਗੇ ਨਾਟਕਾਂ ਨੂੰ ਚਾਰ ਜਾਂ ਪੰਜ ਬੰਦਿਆਂ ਨਾਲ ਰਲ ਕੇ ਪੇਸ਼ ਕਰ ਸਕਦੇ ਹਨ।

? : **ਹਿੰਦੀ ਥੀਏਟਰ ਵਿਚ ਭਾਸ਼ਾ ਪ੍ਰਤੀ ਲਾਪ੍ਰਵਾਹੀ ਹੈ। ਇਸ ਦਾ ਕੀ ਕਾਰਨ ਹੈ? ਕੀ ਇਹ ਗੈਰ-ਹਿੰਦੀ ਬੋਲਣ ਵਾਲੇ ਨਿਰਦੇਸ਼ਕਾਂ ਦੇ ਪ੍ਰਭਾਵ ਕਾਰਨ ਹੈ?**

\- : ਇਹ ਸੰਭਵ ਹੈ ਕਿ ਇਹ ਕੁਝ ਗੈਰ-ਹਿੰਦੀ ਬੋਲਣ ਵਾਲੇ ਨਿਰਦੇਸ਼ਕਾਂ ਦੇ ਪ੍ਰਭਾਵ ਕਾਰਨ ਵਾਪਰ ਰਿਹਾ ਹੋਵੇ, ਪਰ ਵੱਡਾ ਕਾਰਨ ਖ਼ੁਦ (N.S.D.) ਕਾਰਨ ਹੈ। ਇਹ ਆਪਣੇ ਵਿਦਿਆਰਥੀ, ਵੱਖ-ਵੱਖ ਭਾਸ਼ਾਈ ਪਿਛੋਕੜਾਂ ਵਿਚੋਂ ਲੈਂਦਾ ਹੈ ਪਰ ਉਹਨਾਂ ਨੂੰ ਟਰੇਨਿੰਗ ਹਿੰਦੀ ਵਿਚ ਦਿੱਤੀ ਜਾਂਦੀ ਹੈ। ਸਿੱਟੇ ਵਜੋਂ ਉਹ ਹਿੰਦੀ ਵਿਚ ਨਾਟਕ ਕਰਨਾ ਪਸੰਦ ਕਰਦੇ ਹਨ। ਜਿਥੋਂ ਤੀਕ ਭਾਸ਼ਾ ਦਾ ਸੰਬੰਧ ਹੈ, ਇਸ ਨਾਲ ਉਲਟਾ ਪ੍ਰਭਾਵ ਪੈਂਦਾ ਹੈ। ਆਦਰਸ਼ ਵਜੋਂ ਹਰ ਇਲਾਕੇ ਵਿਚ ਅਜਿਹਾ ਸਕੂਲ ਹੋਣਾ ਚਾਹੀਦਾ ਸੀ ਤਾਂਕਿ ਬੰਦਾ ਆਪਣੀ ਭਾਸ਼ਾ ਵਿਚ ਸਿੱਖ ਸਕੇ ਤੇ ਨਾਟਕ ਕਰ ਸਕੇ ਤੇ ਇਸ ਤਰ੍ਹਾਂ ਨਾਲ ਆਪਣੇ ਸਭਿਆਚਾਰ ਦੇ ਵਿਕਾਸ ਵਿਚ ਹਿੱਸਾ ਪਾ ਸਕੇ। ਨਾਲ ਹੀ ਹਿੰਦੀ ਭਾਸ਼ਾ ਨੇ, ਲੋਕਾਂ ਦੀ ਰਸਮੀ ਭਾਸ਼ਾ ਤੋਂ ਆਪਣੇ ਆਪ ਨੂੰ ਐਨਾ ਦੂਰ ਕਰ ਲਿਆ ਹੈ



ਕਿ ਹੌਲੀ-ਹੌਲੀ ਇਹ ਬੋਲੀ ਜਾਣ ਵਾਲੀ ਭਾਸ਼ਾ ਦੀ ਥਾਂ ਲੈ ਰਹੀ ਹੈ। ਇੰਝ ਬਨਾਵਟ ਆ ਗਈ ਹੈ, ਜੋ ਕਿ ਥੀਏਟਰ ਲਈ ਚੰਗੀ ਨਹੀਂ ਹੈ। ਇਹ ਗੱਲ ਫ਼ਿਲਮਾਂ ਵਿਚ ਵੀ ਵਾਪਰ ਰਹੀ ਹੈ, ਪਰ ਬਾਕਸ-ਆਫਿਸ ਦੇ ਦਬਾ ਕਾਰਨ ਇਸਦਾ ਪ੍ਰਭਾਵ ਘੱਟ ਹੈ।

? : **ਥੀਏਟਰ ਵਿਚ ਗੰਭੀਰ ਸੋਚ ਦੀ ਘਾਟ ਹੈ। ਬਥੇਰੇ ਆਲੋਚਕ ਹਨ, ਪਰ ਸਾਡੇ ਕੋਲ ਅਜਿਹੇ ਲੋਕ ਨਹੀਂ ਹਨ ਜੋ ਥੀਏਟਰ ਦੇ ਇਕ ਕਲਾ ਰੂਪ ਵਜੋਂ ਹਰ ਬਾਰੀਕ ਅੰਤਰ (Nuance) ਨੂੰ ਸਮਝਦੇ ਹੋਣ। ਗੰਭੀਰ ਭਾਂਤ ਦੀ ਦਾਰਸ਼ਨਿਕ ਪਰੰਪਰਾ ਦੀ ਅਣਹੋਂਦ ਕਾਰਨ, ਥੀਏਟਰ ਸਿਰਫ਼ ਮਨਪ੍ਰਚਾਵੇ ਦਾ ਵਸੀਲਾ ਮਾਤਰ ਹੀ ਰਹਿ ਗਿਆ ਹੈ। ਆਪਾਂ ਇਸ ਘਾਟ ਉੱਤੇ ਕਿਵੇਂ ਕਾਬੂ ਪਾ ਸਕਦੇ ਹਾਂ?**

\- : ਦਾਰਸ਼ਨਿਕ ਪਰੰਪਰਾ ਦੀ ਘਾਟ, ਹਿੰਦੀ ਥੀਏਟਰ ਵਿਚ ਕਾਫੀ ਥੀਏਟਰ ਸਰਗਰਮੀ ਦੀ ਘਾਟ ਦਾ ਸਿੱਧਾ ਨਤੀਜਾ ਹੈ। ਵਿਆਕਰਣ ਭਾਸ਼ਾ ਤੋਂ ਪਹਿਲਾਂ ਨਹੀਂ ਆਉਂਦੀ। ਅਸਲ ਵਿਚ ਦਾਰਸ਼ਨਿਕ ਪਰੰਪਰਾ ਦੀ ਮੰਗ ਕਰਨਾ ਠੀਕ ਨਹੀਂ ਹੈ, ਜਦਕਿ ਸਾਡਾ ਥੀਏਟਰ ਅਜੇ ਕਾਫੀ ਵਿਕਸਿਤ ਨਹੀਂ ਹੈ। ਹਿੰਦੀ ਥੀਏਟਰ ਨੇ ਦੂਸਰੀਆਂ ਭਾਸ਼ਾਵਾਂ ਵਿਚਲੇ ਕੰਮ ਤੋਂ ਕਾਫ਼ੀ ਕੁਝ ਸਿੱਖਿਆ ਲੈ ਕੇ ਇਸ ਖੇਤਰ ਵਿਚ ਵਰਤਮਾਨ ਅਨੁਵਾਦ ਦੇ ਝੁਕਾ ਤੇ ਚੰਗਾ ਕੰਮ ਕੀਤਾ ਹੈ।

? : **ਕੀ ਲੋਕ-ਕਲਾ ਦੇ ਰੂਪਾਂ ਵਿਚ ਵਰਤਮਾਨ ਜੀਵਨ ਦੀਆਂ ਹਕੀਕਤਾਂ ਨੂੰ ਪ੍ਰਗਟ ਕਰਨ ਲਈ ਲੋੜੀਂਦੀਆਂ ਸਮੱਗਰੀਆਂ ਹਨ? ਕੀ ਉਹ ਵਰਤਮਾਨ ਹਿੰਦੀ ਥੀਏਟਰ ਦਾ ਆਧਾਰ ਬਣ ਸਕਦੀਆਂ ਹਨ?**

\- : ਕਿਉਂ ਨਹੀਂ? ਮੇਰਾ ਥੀਏਟਰ ਇਸਦੀ ਇੱਕ ਮਿਸਾਲ ਹੈ ਤੇ ਸਿਰਫ਼ ਮੇਰਾ ਥੀਏਟਰ ਹੀ ਕਿਉਂ? ਰਤਨ ਥੀਯਾਮ (Ratan Thiyam) ਦਾ ਗਰੁੱਪ ਹੈ ਅਤੇ ਹੋਰ ਵੀ ਕਈ ਡਰਾਮਾ ਗਰੁੱਪ ਹਨ, ਜੋ ਆਧੁਨਿਕ ਜੀਵਨ ਦੇ ਤਜਰਬਿਆਂ ਨੂੰ ਪ੍ਰਗਟ ਕਰਨ ਲਈ ਲੋਕ-ਕਹਾਣੀਆਂ ਦੀ ਵਰਤੋਂ ਕਰਦੇ ਹਨ। ਜਿਨ੍ਹਾਂ ਦਿਨਾਂ ਵਿਚ ਮਾਰਕਸਵਾਦ ਇੱਕ ਫੈਸ਼ਨ ਹੁੰਦਾ ਸੀ, ਤਾਂ ਸਭਿਆਚਾਰਕ ਉੱਨਤੀ ਨੂੰ ਸਮਾਜ ਦੀ ਉੱਨਤੀ ਨਾਲ ਸਿੱਧੀ ਤਰ੍ਹਾਂ ਜੁੜੀ ਹੋਈ ਸਮਝਿਆ ਜਾਂਦਾ ਸੀ। ਕਈ ਸਖਤ ਭਾਂਤ ਦੇ ਮਾਰਕਸਵਾਦੀ ਅਜੇ ਵੀ ਇਸੇ ਤਰ੍ਹਾਂ ਸੋਚਦੇ ਹਨ। ਇਹ ਗਲਤ ਧਾਰਨਾ ਹੈ, ਜੇ ਇਸ ਤਰ੍ਹਾਂ ਹੁੰਦਾ ਤਾਂ ਸਾਮੰਤਸ਼ਾਹੀ ਦੀ ਪੈਦਾਵਾਰ ਇਹ ਲੋਕ-ਕਲਾ ਰੂਪ ਸਾਮੰਤਸ਼ਾਹੀ ਦੇ ਖਾਤਮੇ ਨਾਲ ਹੀ ਅਲੋਪ ਹੋ ਗਏ ਹੁੰਦੇ। ਮਸਲੇ ਦੀ ਸੱਚਾਈ ਇਹ ਹੈ ਕਿ ਸਾਮੰਤਵਾਦ ਦੇ ਪਛਾਵਿਆਂ ਦੇ ਬਾਵਜੂਦ ਲੋਕ-ਕਲਾ ਇਸ ਤੋਂ ਪਾਰ ਵੇਖ ਸਕਣ ਦੇ ਕਾਬਿਲ ਹੈ। ਲੋਕ-ਕਲਾ ਵਿਚ ਹਰ ਤਰ੍ਹਾਂ ਦੇ ਵਿਸ਼ਿਆਂ ਨੂੰ ਨਜਿੱਠਣ ਦੀਆਂ ਕਾਫੀ ਸੰਭਾਵਨਾਵਾਂ ਹਨ। ਸ਼ਰਤ ਸਿਰਫ਼ ਇਹ ਹੈ ਕਿ ਲੇਖਕਾਂ ਤੇ ਨਿਰਦੇਸ਼ਕਾਂ ਨੂੰ ਲੋਕ-ਕਲਾ ਦੀ ਪਰੰਪਰਾ ਵਿਚ ਨਵੀਂ

ਸ਼ਕਤੀ ਭਰਨ ਲਈ ਪ੍ਰੇਰਨਾਮਈ ਦਖਲ-ਅੰਦਾਜ਼ੀ ਦੀ ਲੋੜ ਹੈ।

? : **ਰਵਾਇਤੀ ਲੋਕ ਥੀਏਟਰ ਵਿਚ ਵਸਤੂ ਉੱਤੇ ਰੂਪ ਦੇ ਭਾਰੂ ਹੋ ਜਾਣ ਦਾ ਖਦਸ਼ਾ ਹੈ। ਤੁਸੀਂ ਇਸ ਖ਼ਤਰੇ ਨਾਲ ਕਿਵੇਂ ਨਜਿੱਠੋਗੇ?**

– : ਮੇਰਾ ਖ਼ਿਆਲ ਹੈ ਕਿ ਰੂਪ ਅਜਿਹਾ ਹੋਵੇ ਕਿ ਇਹ ਨਾਟਕ ਦੀ ਮੰਗ ਨੂੰ ਪੂਰਾ ਕਰੇ। ਜੇ ਸ਼ੈਲੀ ਜਾਂ ਰੂਪ ਵਿਸ਼ੇ ਵਸਤੂ ਉੱਤੇ ਭਾਰੂ ਹੋ ਜਾਵੇ ਤਾਂ ਨਾਟਕ ਤਬਾਹ ਹੋ ਜਾਂਦਾ ਹੈ। 'ਰਕਤ ਕਲਿਆਣ' ਅਤੇ 'ਰਾਇਲ ਹੰਟ ਆਫ ਦਾ ਸੰਨ' (ਲੇਖਕ ਅਲਕਾਜ਼ੀ) ਦੋ ਮਿਸਾਲਾਂ ਹਨ, ਜਿੱਥੇ ਰੂਪ ਸਿਆਣਪ ਨਾਲ ਨਹੀਂ ਸੀ ਚੁਣੀ ਗਈ। ਸਿੱਟੇ ਵਜੋਂ ਵਿਸ਼ਾ ਸ਼ੈਲੀ ਦੇ ਥੱਲੇ ਦੱਬਿਆ ਰਿਹਾ। ਅਸਲ ਵਿਚ ਸ਼ੈਲੀ ਇੱਕ ਅਮੂਰਤ ਚੀਜ਼ ਹੈ ਅਤੇ ਵਿਸ਼ੇ ਦੇ ਬਦਲਣ ਨਾਲ ਬਦਲਣੀ ਚਾਹੀਦੀ ਹੈ, ਜਿਵੇਂ ਕਿ 'ਮੁਦਰਾ ਰਾਕਸ਼ਿਸ਼" ਦੀ ਸ਼ੈਲੀ 'ਮਿੱਟੀ ਕੀ ਗੱਦੀ' ਤੇ 'ਦੇਖ ਰਹੇ ਹੈਂ ਨਾਰਾਇਣ' ਦੀ ਸ਼ੈਲੀ ਵੱਖਰੀ ਹੈ।

? : **ਹਿੰਦੀ ਤੇ ਉਰਦੂ ਦੋ ਭਾਸ਼ਾਵਾਂ ਹਨ, ਪਰ ਦੋਵੇਂ ਇਕ ਦੂਸਰੀ ਜਿਹੀਆਂ ਹਨ। ਅੱਜ ਹਿੰਦੀ ਥੀਏਟਰ ਤਾਂ ਹੈ, ਪਰ ਉਰਦੂ ਥੀਏਟਰ ਕਿਤੇ ਦਿਸਦਾ ਹੀ ਨਹੀਂ, ਭਾਵੇਂ ਕਿ ਚੰਗੇ ਜਾਂ ਬੁਰੇ ਨਾਟਕ ਉਰਦੂ ਵਿਚ ਵੀ ਲਿਖੇ ਹੀ ਜਾ ਰਹੇ ਹਨ। ਅਸਲ ਵਿਚ ਹਿੰਦੀ ਤੇ ਉਰਦੂ ਦਾ ਹਲਕਾ ਇਕੋਂ ਹੀ ਹੈ। ਐਸੀ ਅਵਸਥਾ ਵਿਚ ਕੀ ਉਰਦੂ ਥੀਏਟਰ ਦਾ ਕੋਈ ਭਵਿੱਖ ਹੈ? ਕੀ ਹਿੰਦਸਤਾਨੀ ਥੀਏਟਰ ਹਿੰਦੀ ਤੇ ਉਰਦੂ ਦੋਹਾਂ ਦੀ ਪ੍ਰਤੀਨਿਧਤਾ ਕਰਦਾ ਹੈ?**

– : ਸ਼ਾਇਦ ਕਰਦਾ ਹੈ, ਕੁਝ ਸਮੇਂ ਪਹਿਲਾਂ ਤੀਕ, ਪਰ ਹੁਣ ਨਹੀਂ। ਉਰਦੂ ਕਿਤੇ ਵੀ ਨਹੀਂ ਹੈ, ਕਿਉਂਕਿ ਨੀਤੀ-ਘਾੜਿਆਂ ਨੇ ਇਸ ਨਾਲ ਬੁਰਾ ਵਿਹਾਰ ਕੀਤਾ ਹੈ। ਹੁਣ ਇਹ ਐਸੀ ਭਾਸ਼ਾ ਨਹੀਂ ਹੈ ਕਿ ਤੁਹਾਨੂੰ ਕਿਤੇ ਨੌਕਰੀ ਦਿਵਾ ਸਕੇ। ਸਰਕਾਰ ਦੀ ਗਲਤ ਨੀਤੀ ਨੇ ਭਾਸ਼ਾ ਦੀ ਪੱਧਰ ਉੱਤੇ ਇੱਕ ਵੱਖਵਾਦੀ ਰੁਝਾਨ ਪੈਦਾ ਕਰ ਦਿੱਤਾ ਹੈ। ਜੇ ਇਸਦੇ ਪ੍ਰਤੀਕਰਮ ਵਜੋਂ ਉਰਦੂ ਬੋਲਣ ਵਾਲੇ ਲੋਕ, ਇੱਕ ਵੱਖਰਾ ਉਰਦੂ ਥੀਏਟਰ ਚਲਾਉਣਾ ਚਾਹੁੰਦੇ ਹਨ ਤਾਂ ਇਸ ਵਿਚ ਕੋਈ ਬੁਰੀ ਗੱਲ ਨਹੀਂ ਹੈ।

? : **ਦੂਸਰੀਆਂ ਭਾਰਤੀ ਭਾਸ਼ਾਵਾਂ ਦੇ ਟਾਕਰੇ ਉੱਤੇ ਹਿੰਦੀ ਥੀਏਟਰ ਦੀਆਂ ਕੀ ਪ੍ਰਾਪਤੀਆਂ ਹਨ?**

– : ਹਿੰਦੀ ਥੀਏਟਰ ਨੇ ਕਈ ਸ਼ੈਲੀਆਂ ਤੇ ਰੂਪ ਵਿਕਸਿਤ ਕਰ ਲਏ ਹਨ। ਇਸਦੇ ਕਈ ਚੰਗੇ ਨਿਰਦੇਸ਼ਕ ਹੋਏ ਹਨ ਤੇ ਇਸਨੇ ਕਲਾਕਾਰਾਂ ਦੀ ਨਵੀਂ ਨਸਲ ਪੈਦਾ ਕਰ ਦਿੱਤੀ ਹੈ। ਜਿਵੇਂ ਕਿ ਓਮ ਪੁਰੀ ਤੇ ਨਸੀਰਉਲਦੀਨ ਸ਼ਾਹ ਆਦਿ। ਨਾਲ ਹੀ ਮੰਡੀ ਤੇ ਪ੍ਰਚਾਰ ਕਾਰਨ, ਹਿੰਦੀ ਥੀਏਟਰ ਨੇ ਆਪਣਾ ਧਿਆਨ ਚਮਕ ਦਮਕ ਤੇ ਵਿਖਾਵੇ ਵੱਲ ਮੋੜ ਲਿਆ ਹੈ। ਨਵੀਆਂ ਜੁਗਤਾਂ, ਜੋ ਸਾਡੇ ਸਮੇਂ ਦੀ ਉਪਜ ਹਨ, ਨੇ ਸਾਡੇ ਕਲਾਕਾਰਾਂ ਦੀ ਪਹੁੰਚ ਨੂੰ ਬਦਲ ਦਿੱਤਾ ਹੈ। ਮਾਈਕਰੋਫੋਨ ਨੇ ਸਾਡੇ ਕਲਾਸੀਕਲ



ਸੰਗੀਤ ਨੂੰ ਚੈਂਬਰ-ਸੰਗੀਤ ਵਿਚ ਬਦਲ ਦਿੱਤਾ ਹੈ। ਸਟੇਜ ਕਲਾਕਾਰਾਂ ਨੇ ਆਪਣੇ ਫਿਲਮੀ ਭਰਾਵਾਂ ਦੀ ਨਕਲ ਕਰਨੀ ਆਰੰਭ ਕਰ ਦਿੱਤੀ ਹੈ। ਨਾਟਕ-ਲੇਖਕ ਹੁਣ ਟੀ. ਵੀ. ਨੂੰ ਸਾਹਮਣੇ ਰੱਖ ਕੇ ਛੋਟੇ ਦ੍ਰਿਸ਼ ਲਿਖਦੇ ਹਨ, ਪਰ ਉਹ ਪੁਲਾੜ ਦੀ ਸੀਮਾ ਨੂੰ ਸੀਮਤ ਕਰਨ ਦੀ ਪ੍ਰਵਾਹ ਨਹੀਂ ਕਰਦੇ। ਸ਼ਕਤੀ ਦੇ ਨਾਂ ਉੱਤੇ ਉਹ ਆਲੇ-ਦੁਆਲੇ ਦੌੜੇ ਫਿਰਦੇ ਹਨ। ਇਸ ਸਭ ਕੁਝ ਦੇ ਬਾਵਜੂਦ ਮੈਂ ਆਸ ਨਹੀਂ ਛੱਡੀ, ਕਿਉਂਕਿ ਮੇਰਾ ਅਕੀਦਾ ਹੈ ਕਿ ਇਸ ਆਪੋਧਾਪੀ ਵਿਚੋਂ ਵੀ ਚੰਗੇ ਨਾਟਕ ਲਿਖੇ ਜਾਣਗੇ।

? : **ਕੀ (N.S.D.) ਵਰਗੀਆਂ ਸੰਸਥਾਵਾਂ ਨੇ ਹਿੰਦੀ ਥੀਏਟਰ ਦੀ ਕੋਈ ਸਹਾਇਤਾ ਕੀਤੀ ਹੈ?**

– : ਇਹਨਾਂ ਸੰਸਥਾਵਾਂ ਨੇ ਡਿਜ਼ਾਇਨ ਸੈਟਿੰਗ, ਰੌਸ਼ਨੀ, ਸਜਾਵਟੀ ਕਲਾ ਆਦਿ ਬਾਰੇ ਚੰਗੀ ਟਰੇਨਿੰਗ ਦਿੱਤੀ ਹੈ। ਪਰ ਉਹਨਾਂ ਦੀਆਂ ਪੇਸ਼ਕਾਰੀਆਂ ਨੇ ਵਿਸ਼ੇ ਜਾਂ ਸ਼ੈਲੀ ਪੱਖੋਂ ਕੋਈ ਅਸਾਧਾਰਨ ਪ੍ਰਤਿਭਾ ਦਾ ਪ੍ਰਦਰਸ਼ਨ ਨਹੀਂ ਕੀਤਾ। (N.S.D.) ਦੇ ਗ੍ਰੈਜੂਏਟਾਂ ਦੀ ਪਹੁੰਚ ਵਿਚ ਇੱਕੋ ਜਿਹੇ ਹੋਣ ਦੀ ਰੁਚੀ ਹੈ।

? : **ਤੁਸੀਂ 'ਗਰੁੱਪ ਥੀਏਟਰ' ਦੇ ਰੋਲ ਬਾਰੇ ਕੀ ਆਖਦੇ ਹੋ?**

– : ਮੈਂ 'ਗਰੁੱਪ ਥੀਏਟਰ' ਦੀ ਇੱਕ ਵੱਖਰੀ ਹੋਂਦ ਬਾਰੇ ਕੁਝ ਨਹੀਂ ਜਾਣਦਾ। ਅਸਲ ਵਿਚ ਇਹ ਨਾ ਕਲਕੱਤੇ ਵਾਲਿਆਂ ਦਾ ਦਿੱਤਾ ਹੋਇਆ ਹੈ। ਉਹ ਸਾਰਾ ਸਮਾਂ ਇਸਦੀ ਮਹਿਮਾ ਗਾਉਂਦੇ ਰਹਿੰਦੇ ਹਨ। ਅਸਲ ਵਿਚ, ਜਦ ਵੀ ਕਲਾਕਾਰ ਇੱਕ ਨਾਟਕ ਨੂੰ ਵਿਕਸਿਤ ਕਰਨ ਲਈ ਇਕੱਠੇ ਹੁੰਦੇ ਹਨ, ਉਹਨਾਂ ਦੇ ਇਕੱਠੇ ਹੋਣ ਨੂੰ ਇੱਕ ਵੱਖਰੇ ਹਸਤਾਖਰ ਦਾ ਨਾਂ ਦਿੱਤਾ ਜਾਂਦਾ ਹੈ। ਫਿਰ ਇਸ ਹਸਤਾਖਰ ਨੂੰ ਡਾਇਰੈਕਟਰ ਵਲੋਂ ਇੱਕ ਵਿਸ਼ੇਸ਼ ਸ਼ੈਲੀ ਵਿਚ ਢਾਲ ਲਿਆ ਜਾਂਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਕੋਈ ਐਸਾ ਥੀਏਟਰ ਨਹੀਂ, ਜੋ ਗਰੁੱਪ ਥੀਏਟਰ ਨਹੀਂ ਹੁੰਦਾ।

ਨੋਟ :- ਹਬੀਬ ਤਨਵੀਰ ਸਮਕਾਲੀ ਹਿੰਦੀ ਥੀਏਟਰ ਦਾ ਸਭ ਤੋਂ ਪ੍ਰਮੁੱਖ ਡਾਇਰੈਕਟਰ ਸੀ। ਉਸਨੇ ਇਸ ਖੇਤਰ ਵਿਚ ਲੋਕ-ਨਾਟ ਸ਼ੈਲੀ ਨੂੰ ਉੱਚਤਮ ਪੱਧਰ ਤੀਕ ਵਿਕਸਿਤ ਕਰਕੇ, ਭਾਰਤੀ ਥੀਏਟਰ ਵਿਚ ਇੱਕ ਨਵੀਂ ਨਾਟ-ਸ਼ੈਲੀ ਨੂੰ ਜਨਮ ਦਿੱਤਾ ਸੀ। ਪਿੱਛੇ ਜਿਹੇ ਉਹਨਾਂ ਦੀ ਹੋਈ ਮੌਤ ਨਾਲ ਇਸ ਨਾਟ-ਸ਼ੈਲੀ ਨੂੰ ਵੱਡੀ ਸੱਟ ਵੱਜੀ ਹੈ। ਸ਼ਾਹਿਦ ਅਨਵਰ ਥੀਏਟਰ ਬਾਰੇ ਲਗਾਤਾਰ ਲਿਖਦਾ ਰਹਿੰਦਾ ਹੈ। ਇਹ ਮੁਲਾਕਾਤ ਦਿੱਲੀ ਤੋਂ ਛਪਦੇ ਚੁਮਾਸਕ ਪੱਤ੍ਰਿਕਾ ਹਿੰਦੀ ਜੁਲਾਈ 2000 ਅੰਕ ਵਿਚੋਂ ਲੈ ਕੇ ਅੰਗਰੇਜ਼ੀ ਚੋਂ ਅਨੁਵਾਦ ਕੀਤੀ ਗਈ ਹੈ ਤੇ ਧੰਨਵਾਦ ਸਹਿਤ ਇੱਥੇ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। – ਅਨੁਵਾਦਕ

# ਮਾਰਜ਼ੀਏ "ਮੈਂ ਤਾਂ ਇੱਕ ਪਰਿੰਦਾ ਹਾਂ"

ਆਇਤੁੱਲਾ ਖ਼ੁਮੈਨੀ ਨੇ ਜਦੋਂ 1979 ਵਿਚ ਰਾਜ ਸੱਤਾ ਸੰਭਾਲੀ ਤਾਂ ਮਾਰਜ਼ੀਏ ਈਰਾਨ ਦੀ ਸਭ ਤੋਂ ਚਹੇਤੀ ਗਾਇਕਾ ਸੀ। ਪਰ ਛੇਤੀ ਹੀ ਮੁੱਲਾਂ ਨੇ ਇੱਕ ਫਤਵਾ ਜਾਰੀ ਕਰ ਦਿੱਤਾ ਕਿ ਕਿਸੇ ਔਰਤ ਲਈ ਖੁੱਲੇ ਆਮ ਗਾਉਣਾ ਅਨੈਤਿਕ ਹੈ। ਮਾਰਜ਼ੀਏ ਜਿਸਦਾ ਪੂਰਾ ਨਾਂ ਅਸ਼ਰਫ ਉਸਾਦਿਤ ਮੁਰਤਜ਼ਾਈ ਹੈ, ਦੇ ਹਰਮਨ ਪਿਆਰੇ ਗੀਤਾਂ ਦੇ ਗਾਉਣ, ਪ੍ਰਦਰਸ਼ਨ ਅਤੇ ਰਿਕਾਰਡਿੰਗ ਨੂੰ ਲੈ ਕੇ ਪਾਬੰਦੀ ਲਗਾ ਦਿੱਤੀ ਗਈ। ਉਸਦੇ ਗੀਤਾਂ ਦੀਆਂ ਕੈਸਿਟਾਂ ਦੁਕਾਨਾਂ ਤੋਂ ਹਟਾ ਦਿੱਤੀਆਂ ਗਈਆਂ। ਅਖ਼ੀਰ ਉਸਨੇ ਆਪਣਾ ਵਤਨ ਤਿਆਗ ਦਿੱਤਾ ਤੇ 'ਮੁਜਾਹਦੀਨ ਖਲਕ' ਨਾਂ ਦੀ ਖੱਬੇਪੱਖੀ ਜਥੇਬੰਦੀ ਨਾਲ ਨਾਤਾ ਜੋੜ ਲਿਆ। ਉਹ ਪੈਰਿਸ ਵਿਚ ਰਹਿਣ ਲੱਗ ਪਈ ਤੇ ਆਪਣੇ ਜਲਾਵਤਨ ਦੇਸ਼ ਵਾਸੀਆਂ ਲਈ ਸੰਗੀਤ ਤਿਆਰ ਕਰਨ ਵਿਚ ਜੁੱਟ ਗਈ। ਇਹ ਇੰਟਰਵਿਊ ਨਿਊਯਾਰਕ ਦੇ ਪੱਤਰਕਾਰ ਥੀਓਡੋਰ ਸਟੈਂਗਰ ਦੇ ਉੱਦਮ ਨਾਲ ਰਿਕਾਰਡ ਕੀਤਾ ਗਿਆ। ਜਿਸ ਰਾਹੀਂ ਉਸਨੇ ਆਪਣੇ ਵਤਨ ਦੇ ਲੋਕਾਂ ਦੇ ਪ੍ਰਸੰਗ ਵਿਚ ਗੱਲਾਂ ਕੀਤੀਆਂ। ਇਹ ਲਿਖਤ ਅਸਾਂ ਹਿੰਦੀ ਪੱਤ੍ਰਿਕਾ 'ਪਹਿਲ' ਅੰਕ 52 ਵਿਚੋਂ ਲੈ ਕੇ ਪੰਜਾਬੀ ਵਿਚ ਪੇਸ਼ ਕਰ ਰਹੇ ਹਾਂ।

? : **ਤੁਸਾਂ ਈਰਾਨ ਕਿਉਂ ਛੱਡਿਆ?**

– : ਈਰਾਨ ਵਿਚ ਔਰਤਾਂ ਬੜੀ ਮਾੜੀ ਦਸ਼ਾ ਵਿਚ ਰਹਿ ਰਹੀਆਂ ਹਨ। ਸਿਰਫ਼ ਇੱਕ ਮਿਸਾਲ ਇਹ ਦੱਸਣ ਲਈ ਕਾਫ਼ੀ ਹੈ ਕਿ ਇਹਨਾਂ ਹੀ ਦਿਨਾਂ ਵਿਚ ਉੱਥੇ ਫੈਸਲਾ ਹੋਇਆ ਹੈ ਕਿ ਜੇ ਕਿਸੇ ਔਰਤ ਨੂੰ ਫਾਂਸੀ ਦੇਣੀ ਹੈ, ਤਾਂ ਫਾਂਸੀ ਤੋਂ ਪਹਿਲਾਂ ਉਸ ਨਾਲ ਜਬਰ-ਜਿਨਾਹ ਕੀਤਾ ਜਾਣਾ ਚਾਹੀਦਾ, ਕਿਉਂਕਿ ਜੇ ਉਹ ਕੰਵਾਰੀ ਹੈ ਤਾਂ ਉਹ ਜੰਨਤ (ਸਵਰਗ) ਵਿਚ ਜਾਵੇਗੀ। ਉਂਝ ਵੀ ਨਿਤਾ-ਪ੍ਰਤੀ ਦੀ ਜ਼ਿੰਦਗੀ ਵਿਚ ਈਰਾਨ ਵਿਚ ਔਰਤਾਂ ਨਾਲ ਜੋ ਸਲੂਕ ਹੁੰਦਾ ਹੈ, ਉਸਦੇ ਚੱਲਦੇ ਮੈਂ ਉੱਥੇ ਨਹੀਂ ਰਹਿ ਸਕਦੀ ਸੀ। ਇਸ ਲਈ ਈਰਾਨ ਵਿਚ ਛੱਡੇ ਹੋਏ ਆਪਣੇ ਪਰਿਵਾਰ ਨੂੰ ਖ਼ਤਰੇ ਵਿਚ ਪਾਉਣ ਦਾ ਕਸ਼ਟ ਉਠਾ ਕੇ ਵੀ ਈਰਾਨ ਤਿਆਗ ਦਿੱਤਾ।

? : **ਈਰਾਨ ਵਿਚ ਇਸਲਾਮੀ ਅਧਿਕਾਰੀਆਂ ਨੇ ਆਪ ਨੂੰ ਗਾਉਣ ਤੋਂ ਕਿਉਂ ਰੋਕਿਆ?**

– : ਕੀ ਤੁਹਾਨੂੰ ਪਤਾ ਨਹੀਂ ਕਿ ਈਰਾਨ ਵਿਚ ਔਰਤ ਦੇ ਵਾਲਾਂ ਦੀ ਇੱਕ ਲਿਟ ਵੇਖੇ ਜਾਣ ਉੱਤੇ 74 ਕੋੜਿਆਂ ਦੀ ਸਜ਼ਾ ਮਿਲ ਸਕਦੀ ਹੈ। ਜੇ ਉਹ ਲਿਪਸਟਿਕ ਲਗਾਉਂਦੀ ਹੈ ਤਾਂ ਉਸਤਰੇ ਨਾਲ ਉਸਦੇ ਹੋਠਾਂ ਨੂੰ ਚੀਰ ਸਕਦੇ ਹਨ। ਜੇ ਉਹ ਮੇਕਅੱਪ ਕਰਦੀ ਹੈ ਤਾਂ ਉਸਦੇ ਚਿਹਰੇ ਉੱਤੇ ਤੇਜ਼ਾਬ ਛਿੜਕਦੇ ਹਨ। ਹੁਣ ਤੁਸੀਂ ਅੰਦਾਜ਼ਾ ਲਾ ਸਕਦੇ ਹੋ ਕਿ ਮੇਰੇ ਮੁਹੱਬਤ ਦੇ ਗੀਤ ਗਾਉਣ ਉੱਤੇ ਮੁੱਲਾਂ ਕੀ ਸੋਚਦੇ ਹੋਣਗੇ?



? : **ਤੁਹਾਡੇ ਉੱਤੇ ਪੰਦਰਾਂ ਸਾਲਾਂ ਤੋਂ ਪਾਬੰਦੀ ਲਾਗੂ ਹੈ। ਕੀ ਆਪ ਇਕਾਂਤ ਵਿਚ ਅਜੇ ਵੀ ਗਾਉਂਦੇ ਹੋ?**

– : ਹਾਂ, ਕਿਉਂ ਨਹੀਂ। ਜਦੋਂ ਮੈਂ ਆਪਣੇ ਪਿੰਡ ਸੀ, ਮੈਂ ਸਿਤਾਰਿਆਂ ਲਈ, ਨਦੀ ਲਈ, ਬ੍ਰਿਖਾ ਅਤੇ ਚਿੜੀਆਂ ਦੇ ਵਾਸਤੇ ਗਾਉਂਦੀ ਸੀ। ਕਈ ਵਾਰੀ ਕਈ ਲੋਕਾਂ ਨੇ ਮੈਨੂੰ ਮਹਿਫ਼ਿਲਾਂ ਵਿਚ ਜਾਣ ਲਈ ਸ਼ਾਨਦਾਰ ਰਕਮ ਦੀ ਤਜਵੀਜ਼ ਦਿੱਤੀ, ਪਰ ਮੈਂ ਅਜਿਹੀਆਂ ਮਹਿਫ਼ਿਲਾਂ ਵਿਚ ਕਦੇ ਨਹੀਂ ਗਾਇਆ। ਉਸ ਵਿਚ ਛਾਪਿਆਂ ਦਾ ਖ਼ਤਰਾ ਮੰਡਰਾਉਂਦਾ ਰਹਿੰਦਾ ਸੀ।

? : **ਤੁਹਾਡਾ ਨਿਤਾ-ਪ੍ਰਤੀ ਕੰਮ ਦਾ ਕੀ ਢੰਗ ਹੈ?**

– : ਵੇਖੋ, ਤੁਸੀਂ ਕਿਸੇ ਤਰ੍ਹਾਂ ਵੀ ਪਰਿੰਦੇ ਨੂੰ ਚਹਿਚਹਾਉਣ ਤੋਂ ਰੋਕ ਨਹੀਂ ਸਕਦੇ ਤੇ ਮੈਂ ਇੱਕ ਪਰਿੰਦਾ ਹਾਂ। ਨਿਰਸੰਦੇਹ ਇਹ ਬਹੁਤ ਕਠਿਨ ਸੀ, ਪਰ ਮੈਂ ਆਪਣਾ ਮਨੋਬਲ ਨੂੰ ਡਿੱਗਣ ਨਹੀਂ ਦਿੱਤਾ। ਜੇ ਮੁੱਲਾਂ ਮੇਰੇ ਮਾਮਲੇ ਵਿਚ ਸਫਲ ਹੋ ਗਏ ਹੁੰਦੇ ਤਾਂ ਮੈਂ ਅੱਜ ਇਥੇ ਨਾ ਹੁੰਦੀ।

? : **ਜੇ ਇਸਲਾਮੀ ਰਾਜ ਐਨਾ ਬਦਨਾਮ ਹੈ ਤਾਂ ਲੋਕ ਉਸਨੂੰ ਉਲਟਾ ਕਿਉਂ ਨਹੀਂ ਸੁੱਟਦੇ?**

– : ਬਾਹਰਲੀ ਦੁਨੀਆਂ ਈਰਾਨ ਦੇ ਅੰਦਰਲੇ ਦਮਨ ਦਾ ਅਨੁਭਵ ਨਹੀਂ ਕਰ ਸਕਦੀ। ਹਰ ਕੋਈ ਜਾਣਦਾ ਹੈ ਕਿ ਸਰਕਾਰ ਬੇਚੈਨੀ ਨੂੰ ਗੋਲੀਆਂ ਨਾਲ ਭੁੰਨ ਕੇ ਰੱਖ ਦੇਵੇਗੀ।

? : **ਕੀ ਇਸ ਗੱਲ ਦੀ ਸੰਭਾਵਨਾ ਹੈ ਕਿ ਆਪਣੇ ਆਪ ਮੁੱਲਾਂ-ਮੌਲਵੀ ਧਰਮ-ਨਿਰਪੱਖ ਤੇ ਸਹਿਣਸ਼ੀਲਤਾ ਸਰਕਾਰ ਦੇ ਗਠਨ ਦੇ ਲਈ ਤਿਆਰ ਹੋ ਜਾਣ?**

– : ਕਿਸੇ ਨੂੰ ਇਹ ਆਸ ਨਹੀਂ ਕਰਨੀ ਚਾਹੀਦੀ ਕਿ ਮੁੱਲਾਂ-ਮੌਲਵੀ ਸੁਧਰ ਜਾਣਗੇ। ਜੇ ਈਰਾਨ ਵਿਚ ਲੋਕ-ਰਾਜ ਨੂੰ ਬਹਾਲ ਕਰਨਾ ਹੈ ਤਾਂ ਅੰਤਰ ਰਾਸ਼ਟਰੀ ਬਰਾਦਰੀ ਨੂੰ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਮੈਂ ਇਸ ਪੱਖ ਵਿਚ ਹਾਂ ਕਿ ਸਭ ਲੋਕ-ਤਾਂਤਰਿਕ ਸਰਕਾਰਾਂ ਤਹਿਰਾਨ ਦੀ ਸਰਕਾਰ ਦਾ ਨਿਰੰਤਰ ਬਾਈਕਾਟ ਕਰਨ।

? : **ਕੀ ਪਿਛਲੀ ਸ਼ਾਹ ਸਰਕਾਰ ਇਸ ਨਾਲੋਂ ਬਿਹਤਰ ਸੀ?**

– : ਇਸ ਵਿਚ ਸ਼ੱਕ ਨਹੀਂ ਕਿ ਸ਼ਾਹ ਦਾ ਸ਼ਾਸਨ ਸਪੱਸ਼ਟ ਭਾਂਤ ਪੁਲਸ ਦਾ ਰਾਜ ਸੀ। ਪਰ ਮੁੱਲਾਂ ਨੇ ਸ਼ਾਹ ਨੂੰ ਪਿੱਛੇ ਛੱਡ ਦਿੱਤਾ ਹੈ। ਉਹਨਾਂ ਦੀ ਨਾਦਰ ਸ਼ਾਹੀ ਧਰਮ ਉੱਤੇ ਅਧਾਰਿਤ ਹੈ। ਜਿਸਦਾ ਅਰਥ ਹੈ ਕਿ ਉਹ ਸਿਰਫ਼ ਅੱਲ੍ਹਾ ਨੂੰ ਉਤਰਦਾਈ ਹਨ। ਇਸੇ ਤਰ੍ਹਾਂ ਭ੍ਰਿਸ਼ਟਾਚਾਰ ਨੇ ਵੀ ਸ਼ਾਹ ਦੇ ਜ਼ਮਾਨੇ ਨੂੰ ਪਿੱਛੇ ਛੱਡ ਦਿੱਤਾ ਹੈ। ਮੁੱਲਾਵਾਂ ਦੀ ਜਮਾਤ ਈਰਾਨ ਦੀ ਜ਼ਮੀਨ ਨੂੰ ਅੰਦਰੋਂ ਤੇ ਬਾਹਰੋਂ ਕੌਮੀ ਜਾਇਦਾਦ ਨੂੰ ਆਪਣੇ ਨਿਜੀ ਲਾਭ ਲਈ ਬਟੋਰ ਰਹੀ ਹੈ। ਉਹ ਤਹਿਰਾਨ ਤੇ ਅਨਯਤਰ ਵਿਚ ਆਪਣੇ ਲਈ ਮਹੱਲਾਂ ਵਰਗੇ ਮਕਾਨ ਖਰੀਦ ਰਹੇ ਹਨ। ਉਹਨਾਂ ਦੀਆਂ ਬੀਵੀਆਂ ਪੈਰਿਸ ਅਤੇ ਫਿਫਥ ਐਵੀਨਿਊ (ਨਿਊਯਾਰਕ) ਵਿਚ ਖਰੀਦਦਾਰੀ ਕਰਨ ਜਾਂਦੀਆਂ ਹਨ।

ਆਪਣੇ ਵਤਨ ਵਾਪਸ ਆਉਣ ਵੇਲੇ ਉਹਨਾਂ ਵਿਚੋਂ ਕਈ ਚਾਦਰਾਂ ਦੇ ਅੰਦਰ ਪੱਛਮੀ ਲਿਬਾਸ ਪਾਏ ਹੁੰਦੇ ਹਨ। ਮੁੱਲਾਂ ਬੁਲਟ ਪਰੂਫ ਮਰਸੀਡੀਜ਼ ਕਾਰਾਂ ਖਰੀਦ ਰਹੇ ਹਨ। ਉਹ 'ਕੈਵੀਅਰ' ਤੇ ਜੀਂਦੇ ਹਨ ਤੇ ਉਹਨਾਂ ਨੇ ਸੈਂਕੜੇ ਮਿਲੀਅਨ ਡਾਲਰ ਦੀ ਤਸਕਰੀ ਕਰਕੇ ਗ੍ਰਾਸ ਸਿਵਿਲ ਬੈਂਕਾਂ ਵਿਚ ਜਮਾਂ ਕਰਵਾ ਰੱਖੀ ਹੈ।

? : **ਕੀ ਈਰਾਨ ਵਿਚ ਆਮ ਲੋਕਾਂ ਲਈ ਹਾਲਾਤ ਸੁਧਰੇ ਹਨ?**

- : ਇਹ ਦੁਖਦਾਈ ਹੈ, ਪਰ ਸੱਚ ਹੈ ਕਿ ਉਹ ਲੋਕ ਜੋ ਆਇਤੁੱਲਾ ਖਮੈਨੀ ਦੇ ਵਾਸਤੇ ਛਾਤੀ ਉੱਤੇ ਗੋਲੀਆਂ ਖਾਣ ਵਿਚ ਸਭ ਤੋਂ ਅੱਗੇ ਹੁੰਦੇ ਸੀ, ਸਭ ਤੋਂ ਜ਼ਿਆਦਾ ਦੁੱਖ ਝੱਲ ਰਹੇ ਹਨ। ਉਹਨਾਂ ਦੇ ਮਨ ਵਿਚ ਵਰਤਮਾਨ ਹਕੂਮਤ ਦੇ ਲਈ ਘ੍ਰਿਣਾ ਹੈ, ਪਰ ਉਹ ਕੁਝ ਕਰ ਨਹੀਂ ਸਕਦੇ?

? : **ਕੀ ਹੁਣ ਈਰਾਨ ਵਿਚ ਕਲਾ ਲਈ ਕੋਈ ਉਮੀਦ ਬਚੀ ਹੈ?**

- : ਕਲਾਕਾਰਾਂ ਦੇ ਬੁੱਧੀਜੀਵੀਆਂ ਦੋਵਾਂ ਨੇ ਬਹੁਤ ਕੁਝ ਝੱਲਿਆ ਹੈ। ਸਾਡੇ ਕੁਝ ਬਹੁਤ ਬੇਹਤਰੀਨ ਸੰਗੀਤਕਾਰ ਮੌਤ ਦੇ ਮੂੰਹ ਵਿਚ ਜਾ ਪਏ। ਮੁੱਲਾਂ ਮੌਲਵੀ ਹਰ ਚੀਜ਼ ਦੇ ਵਿਰੁੱਧ ਹਨ। ਖ਼ੁਦ ਆਇਤੁੱਲਾ ਖੁਮੈਨੀ ਕਲਾਵਾਂ ਪ੍ਰਤੀ ਬਹੁਤ ਚੁਕੰਨੇ ਸਨ, ਪਰ ਹਾਲੀਂ ਵੀ ਈਰਾਨ ਵਿਚ ਕਲਾਧਰਮੀਆਂ ਨੇ ਸ਼ਮਾ ਬਾਲ ਰੱਖੀ ਹੈ। ਈਰਾਨੀ ਸੁਭਾਅ ਤੋਂ ਵਿਦਰੋਹੀ ਹਨ ਤੇ ਮੈਨੂੰ ਨਹੀਂ ਲੱਗਦਾ ਕਿ ਮੁੱਲਾਂ ਉਹਨਾਂ ਦੀ ਆਤਮਾ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਸਕਦੇ ਹਨ। ਪਰ ਇਹ ਈਰਾਨ ਦੇ ਇਤਿਹਾਸ ਦਾ ਸਭ ਤੋਂ ਕਾਲਾ ਦੌਰ ਹੈ। ਕੁਝ ਇੱਕ ਲੋਕ, ਜੋ ਮੇਰੇ ਟੇਪ ਪ੍ਰਾਪਤ ਕਰ ਸਕਦੇ ਹਨ, ਮੈਨੂੰ ਸੁਣਨ ਲਈ ਹੈਡਫੋਨ ਦੀ ਵਰਤੋਂ ਕਰਦੇ ਹਨ ਤਾਂ ਕਿ ਉਹ ਫੜ੍ਹੇ ਨਾ ਜਾਣ। ਮੇਰੀ ਆਵਾਜ਼ ਅੱਧੀ ਸਦੀ ਤੋਂ ਈਰਾਨੀਆਂ ਦੇ ਨਾਲ ਹੈ ਤੇ ਇਹ ਏਨੀ ਛੇਤੀ ਮਰੀ ਨਹੀਂ। ਹੁਣ ਤਾਂ ਉਹ ਮੈਨੂੰ ਈਰਾਨ ਤੋਂ ਬਾਹਰ ਮੁਜਾਹਦੀਨਾਂ ਰਾਹੀਂ ਚਲਾਏ ਰੇਡੀਓ ਪ੍ਰਸਾਰਨ ਤੋਂ ਵੀ ਸੁਣ ਸਕਦੇ ਹਨ।

? : **ਤੁਸਾਂ ਆਪਣੀ ਆਵਾਜ਼ ਨੂੰ ਹੁਣ ਤੀਕ ਏਨੀ ਸ਼ੋਖ ਕਿਵੇਂ ਬਣਾਈ ਰੱਖਿਆ ਹੈ?**

- : ਮੈਂ ਇੱਕ ਵੇਰ ਫਰੈਂਕ ਸਿਨਾਤਰਾ ਨੂੰ ਸਲਾਹ ਦਿੱਤੀ ਸੀ ਕਿ ਸੰਗੀਤਕਾਰ ਦੀ ਆਪਣੀ ਆਵਾਜ਼ ਦਾ ਜਾਦੂ ਬਰਕਰਾਰ ਰੱਖਣ ਲਈ ਤਮਾਕੂ ਜਾਂ ਸ਼ਰਾਬ ਤੋਂ ਬਚਣਾ ਚਾਹੀਦਾ ਹੈ ਤੇ ਖ਼ੂਬ ਕਸਰਤਾਂ ਕਰਨੀਆਂ ਚਾਹੀਦੀਆਂ ਹਨ। ਮੈਂ ਘੋੜ ਸਵਾਰੀ ਤੇ ਟੈਨਿਸ ਖੇਡਣਾ ਪਸੰਦ ਕਰਦੀ ਹਾਂ ਤੇ ਇਹੋ ਕਾਰਨ ਹੈ ਕਿ ਮੇਰੀ ਆਵਾਜ਼ ਰਤੀ ਭਰ ਨਹੀਂ ਬਦਲੀ।

? : **ਕੀ ਆਪ ਨੂੰ ਇੱਕ ਦਿਨ ਈਰਾਨ ਪਰਤਣ ਦੀ ਆਸ ਹੈ?**

- : ਮੈਂ ਸਦਾ ਲਈ ਜਲਾਵਤਨ ਰਹਿਣ ਲਈ ਈਰਾਨ ਨਹੀਂ ਛੱਡਿਆ। ਮੈਂ ਮੁੱਲਾਂ ਦਾ ਟਾਕਰਾ ਕਰਨ ਲਈ ਹੀ ਵਿਰੋਧੀ ਤਾਕਤਾਂ ਨਾਲ ਮਿਲੀ ਹਾਂ। ●





# ਸੰਘਰਸ਼ ਵਿਚ ਉਪਜੇ ਗੀਤ

**- ਹਾਂਸ ਆਈਸਲਰ**

ਹਾਂਸ ਆਈਸਲਰ (Hans Eisler 1898-1962) ਇੱਕ ਵਿਸ਼ਵ-ਪੱਧਰ ਦਾ ਜਰਮਨ ਸੰਗੀਤਕਾਰ ਸੀ, ਜਿਸਨੂੰ ਸੁਪ੍ਰਸਿੱਧ ਵਿਸ਼ਵ ਨਾਟਕਕਾਰ, ਡਾਇਰੈਕਟਰ ਤੇ ਕਵੀ ਬ੍ਰੈਖ਼ਤ ਨਾਲ ਉਸਦੇ ਨਾਟਕਾਂ ਵਿਚ ਸੰਗੀਤ ਪੇਸ਼ ਕਰਨ ਦਾ ਸ਼ਰਫ਼ ਹਾਸਿਲ ਹੁੰਦਾ ਰਿਹਾ ਸੀ। ਜਰਮਨੀ ਵਿਚ ਫਾਸ਼ੀਵਾਦ ਕਾਇਮ ਹੋਣ ਨਾਲ, ਉਸਨੂੰ ਹੋਰ ਖੱਬੇ ਪੱਖੀ ਕਲਾਕਾਰਾਂ ਤੇ ਬੁੱਧੀਜੀਵੀਆਂ ਨਾਲ ਜਲਾਵਤਨ ਹੋ, ਪ੍ਰਵਾਸ ਦੀਆਂ ਖੱਜਲ-ਖਵਾਰੀਆਂ ਝੱਲਣੀਆਂ ਪਈਆਂ। ਸਿੱਟੇ ਵਜੋਂ ਦੂਸਰੀ ਵਿਸ਼ਵ ਜੰਗ ਸਮੇਂ ਉਹ ਅਮਰੀਕਾ ਚਲਾ ਗਿਆ। ਉੱਥੇ ਵੀ ਮੈਕਾਰਥੀ ਪੁੱਛ-ਪੜਤਾਲ ਕਮੇਟੀ ਨੇ ਚੈਨ ਨਾਲ ਨਹੀਂ ਰਹਿਣ ਦਿੱਤਾ। ਉਸ ਉੱਤੇ ਰਾਜਸੀ ਦੂਸ਼ਣ ਲਾਉਂਦਿਆਂ ਉਸਨੂੰ ਕਮਿਊਨਿਸਟ ਸੰਗੀਤ-ਖੇਤਰ ਦਾ ਕਾਰਲ ਮਾਰਕਸ ਕਿਹਾ ਗਿਆ ਸੀ। ਬ੍ਰੈਖ਼ਤ ਨੇ ਉਸ ਬਾਰੇ ਲਿਖਦਿਆਂ ਆਖਿਆ ਸੀ, "ਆਈਸਲਰ ਦਾ 'ਮਾਂ' ਨਾਟਕ ਵਿਚਲਾ ਸੰਗੀਤ ਦਰਸ਼ਕਾਂ ਵਿਚ ਆਲੋਚਨਾਤਮਕ ਪਹੁੰਚ ਉਤਪੰਨ ਕਰਨ ਲਈ ਕੀਤਾ ਗਿਆ ਸੀ। ਇਹ ਸਭ ਤੋਂ ਔਖੇਰੀਆਂ ਰਾਜਨੀਤਿਕ ਸਮੱਸਿਆਵਾਂ ਨੂੰ ਕਿਸੇ ਹੱਦ ਤੀਕ ਸੌਖੇ ਰੂਪ ਵਿਚ ਪੇਸ਼ ਕਰਨ ਦਾ ਕਮਾਲ ਦਾ ਕਲਾਤਮਕ ਤਰੀਕਾ ਸੀ, ਜਿਸਦਾ ਹੱਲ ਲੱਭਣਾ ਮਜ਼ਦੂਰ ਜਮਾਤ ਲਈ ਜ਼ਿੰਦਗੀ-ਮੌਤ ਦਾ ਪ੍ਰਸ਼ਨ ਸੀ।" ਅਮਰੀਕਾ ਜਾਣ ਤੋਂ ਬਾਅਦ ਉੱਥੇ ਆਈਸਲਰ ਨੇ ਹਾਲੀਵੁੱਡ ਵਿਚ ਕੰਮ ਕੀਤਾ ਤੇ ਆਪਣੇ ਸੰਗੀਤ ਲਈ 'ਆਸਕਰ ਵਾਈਲਡ ਪੁਰਸਕਾਰ' ਪ੍ਰਾਪਤ ਕੀਤਾ। ਉਸਨੂੰ ਅਮਰੀਕਾ ਵਿਚੋਂ ਨਿਕਲ ਜਾਣ ਦਾ ਹੁਕਮ ਹੋ ਗਿਆ ਸੀ। ਜੰਗ ਮੁੱਕਣ ਉੱਤੇ ਉਹ ਜਰਮਨ ਡੈਮੋਕਰੇਟਿਕ ਰੀਪਬਲਿਕ ਵਿਚ ਵਾਪਸ ਆ ਟਿਕਿਆ। ਇਥੇ ਉਹ ਬਰਤੋਲਤ ਬ੍ਰੈਖ਼ਤ ਨਾਲ ਅੰਤ ਤੀਕ ਕੰਮ ਕਰਦਾ ਰਿਹਾ।

ਇਹ ਦੁਰਲੱਭ ਇੰਟਰਵਿਊ ਸਫ਼ਦਰ ਹਾਸ਼ਮੀ ਨੁੱਕੜ ਨਾਟਕ ਸੰਸਥਾ ਵਲੋਂ ਛਾਪੀ ਗਈ ਪੁਸਤਕ People's Art ਵਿਚੋਂ ਧੰਨਵਾਦ ਸਹਿਤ ਲੈ ਕੇ ਪੇਸ਼ ਕੀਤਾ ਜਾ ਰਿਹਾ ਹੈ।

? : **ਤੁਸੀਂ ਇਸ ਗੱਲ ਲਈ ਸਹਿਮਤੀ ਦੇ ਕੇ ਵੱਡੀ ਕ੍ਰਿਪਾਲਤਾ ਕੀਤੀ ਹੈ ਕਿ ਪਰਲੋਤਾਰੀ ਸੰਗੀਤ ਦੀਆਂ ਕੀ ਸਮੱਸਿਆਵਾਂ ਪੇਸ਼ ਹਨ? ਇਸ ਬਾਰੇ ਕੁਝ ਕਹੋ?**

ਹਾਂਸ : ਪਹਿਲੀ ਗੱਲ ਜੋ ਮੈਂ ਆਖਣੀ ਚਾਹਾਂਗਾ ਉਹ ਇਹ ਹੈ ਕਿ ਸੰਗੀਤ ਦੀਆਂ ਇਹਨਾਂ ਰਵਾਇਤਾਂ ਬਾਰੇ ਘੱਟ ਜਾਣਕਾਰੀ ਪ੍ਰਾਪਤ ਹੈ। ਪਰਲੋਤਾਰੀ ਸੰਗੀਤ ਦੀਆਂ ਇਹ ਪ੍ਰੰਪਰਾਵਾਂ ਜਿਹਨਾਂ ਨੂੰ ਮਜ਼ਦੂਰਾਂ ਦੇ ਸੰਗੀਤ ਦੀ ਲਹਿਰ ਕਹਿਣਾ ਸ਼ਾਇਦ ਵਧੇਰੇ ਵਾਜਿਬ ਹੋਵੇਗਾ, ਦਾ ਲੰਮਾ ਇਤਿਹਾਸ ਹੈ। ਮੈਂ ਇਥੇ ਇਸ ਬਾਰੇ ਕੋਈ ਲੰਮਾ ਇਤਿਹਾਸਕ ਪ੍ਰਵਚਨ (Discurse) ਕਰਨ ਲਈ ਤਿਆਰ ਨਹੀਂ ਹਾਂ। ਪਰ ਮੈਂ ਇਹ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਉੱਨੀਵੀਂ ਸਦੀ ਦੇ ਅੱਧ ਵਿਚਕਾਰ ਮਜ਼ਦੂਰਾਂ ਦੀ ਭਜਨ-ਮੰਡਲੀ (Choir) ਦੀ ਹੋਂਦ ਸੀ।

? : **ਕੀ ਉਸ ਸਮੇਂ ਇਹ ਸੰਗੀਤ ਸੋਸ਼ਲ ਡੈਮੋਕਰੇਟਿਕ ਮਜ਼ਦੂਰ ਜਮਾਤ ਦੀ ਲਹਿਰ ਨਾਲ**

**ਬੜੀ ਨੇੜਲੀ ਤਰ੍ਹਾਂ ਜੁੜਿਆ ਹੋਇਆ ਸੀ?**

ਹਾਂਸ : ਮਜ਼ਦੂਰ ਜਮਾਤ ਦੀ ਨੌਜਵਾਨ ਸਮਾਜਵਾਦੀ ਲਹਿਰ ਨਾਲ-ਨਾਲ ਇਹ ਨਿਰਸੰਦੇਹ ਹਾਲੀ ਗੈਰ-ਵਿਵੇਕ-ਪੂਰਨ (unsophisticated) ਸੀ। ਇਸ ਵਿਚ ਸਾਰੇ ਹੀ ਜ਼ਰੂਰੀ ਤੱਤ ਸਨ, ਭਾਵੇਂ ਸਭ ਤੋਂ ਵਧੀਆ ਨਹੀਂ ਸਨ, ਇਹ ਲੋਕਗੀਤਾਂ ਦੀ ਪਰੰਪਰਾ ਤੇ ਯਾਤਰੀਆਂ ਦੇ ਗੀਤਾਂ ਦੀ ਪਰੰਪਰਾ ਸੀ। ਉਸ ਸਮੇਂ ਭਾਵੇਂ ਮਜ਼ਦੂਰਾਂ ਦੇ ਵਿਸ਼ੇਸ਼ ਭਾਂਤ ਦੇ ਗੀਤ ਫੁੱਟ ਰਹੇ ਸਨ, ਜੋ ਅੱਜ ਦੇ ਸਮੇਂ ਮਜ਼ਦੂਰਾਂ ਦੇ ਵਿਰਸੇ ਦਾ ਹਿੱਸਾ ਹਨ। ਮਿਸਾਲ ਵਜੋਂ 1860 ਵਿਚ ਲੀਪ ਜ਼ਿੱਗ ਵਿਚ ਮਜ਼ਦੂਰਾਂ ਦੇ ਗੀਤ ਗਾਏ ਗਏ ਸਨ ਅਤੇ ਉਹ ਬੁਰਜ਼ੂਆ ਸਹਿਤ ਨਾਲ ਵਿਸ਼ੇਸ਼ ਤੌਰ ਤੇ ਵੱਖਰੇ ਸਨ।

? : **ਮਜ਼ਦੂਰਾਂ ਦੀਆਂ ਇਹਨਾਂ ਭਜਨ ਮੰਡਲੀਆਂ, ਸੋਸਾਇਟੀਆਂ ਨੂੰ ਉਹਨਾਂ ਦਾ ਮਸਾਲਾ (Text) ਜਾਂ ਸਮੱਗਰੀ ਕਿੱਥੋਂ ਮਿਲਦੀ ਸੀ? ਕੀ ਇਹ ਸਾਦੇ ਲੋਕਗੀਤ ਸਨ ਜਾਂ ਇਹ ਉਸ ਸਮੇਂ ਰਾਜਸੀ ਅੰਦੋਲਨ ਲਈ ਵਰਤੇ ਜਾਂਦੇ ਸਨ?**

ਹਾਂਸ : ਇਹ ਉਸ ਸਮੇਂ ਦੀਆਂ ਪ੍ਰਚਲਿਤ ਸੰਗੀਤਕ ਸੁਰਾਂ ਸਨ ਤੇ ਇਹਨਾਂ ਨੂੰ ਅਜੇ ਸੋਹਣੀ ਤਰ੍ਹਾਂ ਵਿਉਂਤਬੱਧ ਨਹੀਂ ਸੀ ਕੀਤਾ ਗਿਆ। ਉਨੀਵੀਂ ਸਦੀ ਦੇ ਅੱਧ ਵਿਚ ਕਈ ਮਹਾਨ ਕ੍ਰਾਂਤੀਕਾਰੀ ਗੀਤਾਂ ਦਾ ਜਨਮ ਹੋਇਆ। ਮਿਸਾਲ ਵਜੋਂ ਕਵੀ ਹਰਵੇਗ (Herwegh) ਜਿਸਦੀ ਸ਼ਾਨਦਾਰ ਕਵਿਤਾ (ਪ੍ਰਾਰਥਨਾ ਅਤੇ ਮਿਹਨਤ ਸੰਸਾਰ ਨੂੰ ਬੁਲਾਵਾ ਦਿੰਦੀ ਹੈ) ਨੌਜਵਾਨ ਸਮਾਜਵਾਦੀ ਮਜ਼ਦੂਰ-ਜਮਾਤ ਦਾ ਲਹਿਰ ਦਾ ਪ੍ਰਾਰਥਨਾ ਗੀਤ (Hymn) ਬਣ ਗਈ। ਮਜ਼ਦੂਰਾਂ ਵਿਚੋਂ ਰਚਨਾਕਾਰ ਭਜਨ-ਮੰਡਲੀਆਂ ਦੇ ਰੂਪ ਵਿਚ ਅੱਗੇ ਆਏ। ਉਹ ਜਾਂ ਸੰਗੀਤ-ਮੰਡਲੀਆਂ ਦੇ ਮੈਂਬਰ ਸਨ ਜਾਂ ਅਧਿਆਪਕ। ਮਿਸਾਲ ਵਜੋਂ ਉੱਧਮਾਨ ਜੋ ਮਜ਼ਦੂਰਾਂ ਦੀ ਸੰਗੀਤ ਟੋਲੀ ਦਾ ਰਚਨਾਕਾਰ ਤੇ ਸੰਗੀਤ ਕਰਤਾ ਸੀ, ਜਿਸਦੀ ਸਰਗਰਮੀ ਦਾ ਸਮਾਂ 1890 ਤੋਂ 1910 ਤੀਕ ਦਾ ਸੀ। ਉਸ ਵੇਲੇ ਦੇ ਗੀਤਾਂ ਵਿਚੋਂ ਇੱਕ ਪ੍ਰਸਿੱਧ ਗੀਤ ਸੀ।

**ਬੰਦਾ ਭਾਵੇਂ ਮਰ ਵੀ ਜਾਵੇ,**
**ਪਰ ਝੰਡਾ ਉੱਚਾ ਝੁੱਲੇਗਾ।**

? : **ਇਹ ਤਾਂ ਹੋਏ ਮਜ਼ਦੂਰਾਂ ਦੇ ਗੀਤ ਜਾਂ ਸਵਰ ਗੀਤਾ ਕੀ। ਉਸ ਸਮੇਂ ਮਜ਼ਦੂਰਾਂ ਦੇ ਸਾਜ਼ਾਂ ਨਾਲ ਸਬੰਧਿਤ ਸੰਗੀਤ ਦੀ ਵੀ ਕੋਈ ਪਰੰਪਰਾ ਸੀ?**

ਹਾਂਸ : ਨਿਰਸੰਦੇਹ ਸੀ। ਸ਼ੁਰੂ ਵਿਚ ਹੀ ਮਜ਼ਦੂਰਾਂ ਦੇ ਆਰਕੈਸਟਰਾ ਸਨ। ਜੋ ਇਲਾਕੇ ਉੱਤੇ ਨਿਰਭਰ ਹੋਣ ਕਾਰਨ, ਮਾੜੇ ਜਾਂ ਚੰਗੇ ਸ਼ੌਕੀਆ ਆਰਕੈਸਟਸਨ। ਉਹ ਕੁਦਰਤੀ ਹੀ, ਮਜ਼ਦੂਰਾਂ ਦੇ ਪ੍ਰਸਿੱਧ ਗੀਤਾਂ ਇੰਟਰਨੈਸ਼ਨਲ ਤੇ ਮਾਰਸੇਲੈਸੇ ਆਦਿ ਗੀਤਾਂ ਵਿਚ ਮੁਹਾਰਤ ਰੱਖਦੇ ਸਨ। ਵੀਮਾਰ ਲੋਕ-ਰਾਜ ਵਿਚ ਆਮ ਹੀ ਰੂਸੀ ਕ੍ਰਾਂਤੀਕਾਰੀ ਕੁਚ ਗੀਤ ਗਾਏ ਜਾਂਦੇ ਸਨ, ਜਿਹਨਾਂ ਦੀਆਂ ਸੁਰਾਂ ਬੜੀ ਨਿਪੁੰਨਤਾ ਨਾਲ ਗਾਈਆਂ ਜਾਂਦੀਆਂ ਸਨ ਤੇ ਜੋ ਸਾਡੇ ਸਰੋਤਿਆਂ ਉੱਤੇ ਸਦਾ ਹੀ ਡੂੰਘਾ ਪ੍ਰਭਾਵ ਪਾਉਂਦੀਆਂ ਸਨ। ਭਾਵੇਂ ਅਦਾਇਗੀ ਕਿਹੋ ਜਿਹੀ ਵੀ ਹੁੰਦੀ ਸੀ, ਇਹ ਸੰਗੀਤ



ਮਜ਼ਦੂਰਾਂ ਦੇ ਇਕੱਠਾਂ ਵਿਚ ਹੀ ਸੁਣਿਆ ਜਾ ਸਕਦਾ ਸੀ। ਤੇ ਕਿਸੇ ਵੀ ਬੁਰਜੂਆ ਘਮੰਡੀ ਦੇ ਸਤਿਕਾਰ ਨਾਲ ਇਸਨੂੰ ਸੁਣਨ ਤੋਂ ਬਿਨਾਂ ਪਰਖਣ ਦੀ ਜੁਰਅਤ ਨਹੀਂ ਸੀ।

? : **ਤੁਸੀਂ ਹੁਣੇ ਹੀ ਵੀਹਵਿਆਂ ਦੀ ਗੱਲ ਕੀਤੀ। ਕੀ ਇਹਨਾਂ ਹੀ ਸਮਿਆਂ ਵਿਚ ਮਜ਼ਦੂਰਾਂ ਦੇ ਸੰਗੀਤ ਦੀ ਲਹਿਰ ਸਿਖ਼ਰ ਤੀਕ ਨਹੀਂ ਪਹੁੰਚੀ?**

ਹਾਂਸ : ਇਹ ਸਿਖ਼ਰ ਉੱਤੇ ਪਹੁੰਚੀ ਕਿਉਂਕਿ ਬਹੁਤ ਸਾਰੇ ਮਾਹਰ, ਜਿਨ੍ਹਾਂ ਵਿਚ ਸੰਗੀਤਕਾਰ, ਕਵੀ ਤੇ ਸਭ ਭਾਂਤ ਦੇ ਕਲਾਕਾਰ ਇਕੱਠੇ ਹੋ ਗਏ ਸਨ। ਮਿਸਾਲ ਵਜੋਂ ਕਲਪਨਾ ਕਰੋ ਕਿ 1928-29 ਵਿਚ ਇਕ ਪੇਸ਼ਕਾਰੀ ਸੀ। ਜਿਸ ਵਿਚ ਬ੍ਰੈਖ਼ਤ, ਐਰਿਕ ਵੀ ਨਰਟ ਤੇ ਮੇਰਾ ਮਿੱਤਰ ਬੀਚਰ ਅਤੇ ਐਕਟਰ ਤੇ ਕਵੀ ਜਿਵੇਂ ਕਿ ਆਰਨੈਸਟ ਬੁੱਛ, ਹੈਲੇਨ ਵੈਗਲ ਅਤੇ ਰਚਨਾਕਾਰ, ਮੁਆਫ਼ ਕਰਨਾ - ਮੇਰੇ ਵਰਗੇ ਹੀ ਸ਼ਾਮਿਲ ਨਹੀਂ ਸਨ, ਸਗੋਂ ਮੇਰਾ ਮਿੱਤਰ ਅਰਨੈਸਟ ਹਰਮਾਨ ਮੇਅਰ ਤੇ ਕਈ ਹੋਰ ਲੋਕ ਸ਼ਾਮਿਲ ਸਨ। ਸੋ ਤੁਸੀਂ ਵੇਖਦੇ ਹੋ ਕਿ ਉਹ ਕਲਾਕਾਰ ਜਿਹੜੇ ਅੱਜ ਅੰਤਰ-ਰਾਸ਼ਟਰੀ ਰੋਲ ਨਿਭਾ ਰਹੇ ਹਨ, ਉਸ ਵੇਲੇ ਦੀ ਮਜ਼ਦੂਰ-ਸ਼੍ਰੇਣੀ ਦੇ ਅੰਦੋਲਨ ਨਾਲ ਬੜੇ ਨੇੜਿਉਂ ਜੁੜੇ ਹੋਏ ਸਨ। ਇਹ ਪੇਸ਼ਕਾਰੀਆਂ ਬਹੁਤ ਉੱਚੇ ਪੱਧਰ ਦੀਆਂ ਸਨ। ਇਹ ਸ਼ਬਦ ਦੇ ਸਹੀ ਅਰਥਾਂ ਵਿਚ ਆਧੁਨਿਕ ਸਨ। ਕਲਾਤਮਿਕ ਤੌਰ ਤੇ ਵੀ ਆਧੁਨਿਕ।

? : **ਵੀਹਵਿਆਂ ਵਿਚ ਮਜ਼ਦੂਰਾਂ ਦੇ ਗੀਤਾਂ ਸਮੇਤ ਇਹ ਪੇਸ਼ਕਾਰੀਆਂ ਕਦੋਂ ਪੇਸ਼ ਕੀਤੀਆਂ ਗਈਆਂ ਸਨ। ਅਰਨੈਸਟ ਬੁਸ਼ ਪਹਿਲੀ ਵਾਰ ਕਦੋਂ ਪ੍ਰਗਟ ਹੋਇਆ?**

ਹਾਂਸ : ਅਰਨੈਸਟ ਬੁਸ਼ ਮੇਰੇ ਨਾਲ ਪਹਿਲੀ ਵਾਰ 1928 ਵਿਚ ਪ੍ਰਗਟ ਹੋਇਆ ਤੇ ਇਹ ਮਜ਼ਦੂਰਾਂ ਦਾ ਇਕੱਠ ਸੀ, ਜਿੱਥੇ ਸੋਵੀਅਤ ਕਵੀ ਮਾਇਆਕੋਵਸਕੀ ਵੀ ਪ੍ਰੋਗਰਾਮ ਵਿਚ ਸ਼ਾਮਿਲ ਹੋਇਆ ਸੀ। ਮੈਂ ਜ਼ੋਰ ਦੇ ਕੇ ਕਹਿੰਦਾ ਹਾਂ ਕਿ ਇਹ ਏਨੀ ਹੈਰਾਨੀਜਨਕ ਸਫਲਤਾ ਸੀ ਕਿ ਅਰਨੈਸਟ ਬੁੱਸ਼ ਰਾਤੋਂ-ਰਾਤ ਬਰਲਿਨ ਦੀ ਮਜ਼ਦੂਰ ਸ਼੍ਰੇਣੀ ਵਿਚ ਘਰ-ਘਰ ਦੀ ਚਰਚਾ ਬਣ ਗਿਆ।

? : **ਉਸ ਵੇਲੇ ਉਸ ਨੇ ਕੀ ਗਾਇਆ ਸੀ?**

ਹਾਂਸ : ਬ੍ਰੈਖ਼ਤ ਐਰਿਚਵੀਨਰਟ ਟੂਚੋਲਸਕੀ ਦੀਆਂ ਲਿਖਤਾਂ ਵਿਚਲੇ ਗੀਤਾਂ ਨਾਲ। ਇਸ ਨਾਲ ਬ੍ਰੈਖਤ ਨਾਲ ਨੇੜਲਾ ਸੰਬੰਧ ਬਣ ਗਿਆ। ਜਿਸਨੇ ਅਰਨੈਸਟ ਬੁੱਸ਼ ਦੇ ਇੱਕ ਐਕਟਰ ਤੇ ਗਵੱਈਏ ਵੱਡੀ ਦਿਲਚਸਪੀ ਲਈ। ਪਰ ਬ੍ਰੈਖ਼ਤ ਨੇ ਮੇਰੇ ਨਾਲ ਹੈਲਨ ਵੈਗਲ ਲਈ ਕਈ ਗੀਤ ਲਿਖੇ, ਜਿਨ੍ਹਾਂ ਵਿਚ ਇੱਕ ਸੀ, ਮਜ਼ਦੂਰ ਜਮਾਤ ਮਾਵਾਂ ਲਈ ਪੰਘੂਣੇ ਦੇ ਗੀਤ। ਫਿਰ ਮੈਂ ਤੇ ਬ੍ਰੈਖ਼ਤ ਨੇ 'ਮਾਂ' ਨਾਟਕ ਵਿਚ ਇਕੱਠੇ ਕੰਮ ਕੀਤਾ। ਨਾਲ ਇੱਕ ਸਿੱਖਿਆਮਈ ਨਾਟਕ ਵੀ ਸੀ।

? : **ਜਿਹੜੇ ਗੀਤ ਉਦੋਂ ਲਿਖੇ ਗਏ, ਉਹ ਪਰਲੋਤਾਰੀ ਆਵਾਮੀ ਗੀਤ ਕਿੱਥੇ ਪੇਸ਼ ਕੀਤੇ ਗਏ ਸਨ।**

ਹਾਂਸ : ਅਰਨੈਸਟ ਬੁਸ਼, ਹੈਲਨ ਵੇਗਲ, ਬ੍ਰੈਖ਼ਤ ਤੇ ਖ਼ੁਦ ਮੇਰੇ ਲਈ ਕੋਈ ਵੀ ਬਾਰ ਪੇਸ਼ਕਾਰੀ

ਲਈ ਐਨਾ ਛੋਟਾ ਨਹੀਂ ਸੀ ਤੇ ਐਨਾ ਵੱਡਾ ਵੀ ਕੋਈ ਹਾਲ ਨਹੀਂ ਸੀ ਤੇ ਨਾ ਹੀ ਕੋਈ ਥੀਏਟਰ ਸਾਡੇ ਪ੍ਰੋਗਰਾਮ ਲਈ ਐਨਾ ਸ਼ਾਨਦਾਰ ਸੀ। ਅਗਲੀ ਸ਼ਾਮ ਨੂੰ ਅਰਨੈਸਟ ਬੁਸ਼ ਨੇ ਮੇਰੇ ਸਾਥ ਪਿਆਨੋ ਨਾਲ ਗੀਤ ਗਾਇਆ। ਉਹ ਨਿੱਕੀ ਬਾਰ ਸੀ ਤੇ ਅਸੀਂ ਖੁਸ਼ੀ ਨਾਲ ਗੀਤ ਗਾਏ।

**? : ਇਸ ਤਰੀਕੇ ਨਾਲ ਅਰਨੈਸਟ ਬੁੱਸ਼ ਅਤੇ ਬਰਤੋਲਤ ਬ੍ਰੈਖ਼ਤ ਨੇ ਆਪਣੇ ਸਮੇਂ ਦੇ ਰਾਜਸੀ ਸੰਘਰਸ਼ਾਂ ਵਿਚ ਸਿੱਧਾ ਹਿੱਸਾ ਲਿਆ?**

ਹਾਂਸ : ਹਾਂ, ਯਕੀਨੀ ਤੌਰ ਉੱਤੇ ਜੇ ਕੋਈ ਨਵੀਂ ਗੱਲ ਵਾਪਰਦੀ ਸੀ, ਤਾਂ ਸਭ ਤੋਂ ਪਹਿਲਾਂ ਬ੍ਰੈਖ਼ਤ ਵਲੋਂ ਮੈਨੂੰ ਟੈਲੀਫੋਨ ਆਉਂਦਾ ਸੀ। ਸਾਨੂੰ ਇਸ ਬਾਰੇ ਹੁਣੇ ਹੀ ਕੁਝ ਕਰਨਾ ਚਾਹੀਦਾ ਹੈ।

**? : ਕੀ ਤੁਸੀਂ ਸਾਨੂੰ ਕੋਈ ਠੋਸ ਮਿਸਾਲ ਦੇ ਸਕਦੇ ਹੋ?**

ਹਾਂਸ : ਹਾਂ, ਬ੍ਰੈਖ਼ਤ ਨੇ ਬਦਨਾਮ ਪੈਰਾ 218 ਬਾਰੇ ਅਤੇ ਆਸਥਿਲਫੇ ਸਕੈਂਡਲ ਬਾਰੇ ਕੁਝ ਵਾਰਾਂ ਲਿਖੀਆਂ। ਅਸੀਂ ਭਾਰੀ ਬੇਰੁਜ਼ਗਾਰੀ ਦੇ ਦਿਨੀਂ 'ਬੇਰੁਜ਼ਗਾਰਾਂ ਦਾ ਗੀਤ' ਲਿਖਿਆ। 1929 ਦੀ ਚੋਣ ਸਾਡਾ ਵਿਸ਼ਾ ਸੀ। ਇਸ ਮੁਹਿਮ ਦੇ ਸਮੇਂ ਸੋਸ਼ਲ ਡੈਮੋਕਰੇਟਿਕ ਲੀਡਰਸ਼ਿਪ ਨੇ ਬਰਲਿਨ ਵਿਚ ਸਾਬਣ ਦੀਆਂ ਟਿੱਕੀਆਂ ਵੰਡੀਆਂ, ਜਿਨ੍ਹਾਂ ਵਲੇਟੇ ਕਾਗਜ਼ ਉੱਤੇ (SOD) ਨੂੰ ਵੋਟ ਪਾਓ ਲਿਖਿਆ ਹੋਇਆ ਸੀ। ਇਹਨੂੰ ਵੇਖ ਕੇ ਇੱਕ ਗੀਤ ਜੋੜਨਾ ਤੇ ਸੰਗੀਤਬੱਧ ਕਰਨਾ ਸੀ। ਇਹ ਸਾਡੇ ਗਰੁੱਪ ਲਈ ਕੁਦਰਤੀ ਕੰਮ ਸੀ। ਇਸਦਾ ਨਾਂ ਸਾਬਣ-ਗੀਤ ਸੀ। ਹੁਣ ਮੈਂ ਆਪਣੇ ਕਿਸੇ ਸੋਸ਼ਲ ਡੈਮੋਕਰੇਟਿਕ ਮਿੱਤਰਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦਾ ਸੀ ਪਰ ਇਸ ਗੀਤ ਦੀ ਧਾਰਨਾ ਇੰਝ ਸੀ।

**ਆਪਣੇ ਇਹਨਾਂ ਹੱਥਾਂ ਨੂੰ ਹੁਣ, ਬਹਿ ਕੇ ਮਲ ਮਲ ਧੋਵਾਂਗੇ।**

ਅਰਨੈਸਟ ਬੁੱਸ਼ ਨੇ ਇਹ ਗੀਤ ਕਮਾਲ ਦਾ ਗਾਇਆ ਸੀ ਤੇ ਸਰੋਤੇ ਬਹੁਤ ਖੁਸ਼ ਹੋਏ ਸਨ। ਇਕ ਸੂਝਵਾਨ ਸੋਸ਼ਲ ਡੈਮੋਕਰੇਟਿਕ ਕਾਮਰੇਡ ਨੇ ਇਸ ਉੱਤੇ ਐਨਾ ਹੀ ਹੱਸਣਾ ਸੀ ਜਿੰਨਾ ਕਿ ਇੱਕ ਕਮਿਊਨਿਸਟ ਵਰਕਤ ਤੇ ਗੈਰ-ਪਾਰਟੀ ਬੰਦੇ ਨੇ। ਇਹ ਉਹ ਗੀਤ ਸੀ, ਜਿਸਨੂੰ ਤੁਸੀਂ 'ਗਰਮ-ਗਰਮ' ਗੀਤ ਕਹਿੰਦੇ ਹੋ ਤੇ ਇਹ ਇਸ ਚੋਣ ਮੁਹਿਮ ਦਾ ਜ਼ਰੂਰੀ ਮਿਰਚ-ਮਸਾਲਾ ਸੀ। ਮੈਨੂੰ ਚੇਤੇ ਕਰਦੇ ਹੋਏ ਹਾਸੀ ਆਉਂਦੀ ਹੈ, ਜਦੋਂ ਅਰਨੈਸਟ ਬਾਛ ਨੇ ਆਪਣੀ ਜਾਣੀ-ਪਛਾਣੀ ਮੁਸਕਾਨ ਨਾਲ ਸਾਬਣ-ਗੀਤ ਗਾਉਣ ਦਾ ਐਲਾਨ ਕੀਤਾ। ਉਸਦੇ ਗੀਤ ਦੇ ਸ਼ੁਰੂ ਕਰਨ ਤੋਂ ਪਹਿਲਾਂ ਦੋ ਮਿੰਟ ਤਾੜੀਆਂ ਵੱਜਦੀਆਂ ਰਹੀਆਂ।

**? : ਮਜ਼ਦੂਰਾਂ ਦੇ ਸੰਗੀਤ ਦੀਆਂ ਰਵਾਇਤਾਂ ਵਿਚ ਨਿਰਸੰਦੇਹ 1933 ਵਿਚ ਵਿਘਨ ਪੈ ਗਿਆ। ਉਹ ਪ੍ਰਵਾਸ ਦੇ ਸਮੇਂ ਜਾਰੀ ਕਿਵੇਂ ਰਹੀਆਂ?**

ਹਾਂਸ : ਅਸੀਂ ਜਰਮਨੀ ਵਾਂਗ ਹੀ, ਉਸੇ ਤਰ੍ਹਾਂ ਜਾਰੀ ਰੱਖੀਆਂ ਸਿਰਫ਼ ਹਾਲਾਤ ਕੁਝ ਜ਼ਿਆਦਾ ਔਖੇਰੇ ਸਨ। ਨਵੀਆਂ ਭਾਸ਼ਾਵਾਂ ਪਹਿਲਾਂ ਸਿੱਖਣੀਆਂ ਪੈਣੀਆਂ ਸਨ। ਸਾਨੂੰ ਰਾਜਸੀ



ਪ੍ਰਵਾਸੀ ਕਾਰਨ ਵੀ ਕੁਝ ਰੁਕਾਵਟ ਸੀ। ਫਿਰ ਵੀ ਅਸੀਂ ਜੋ ਕਰ ਸਕਦੇ ਸੀ ਕੀਤਾ।

**? : ਤੁਸੀਂ ਇਹਨੀਂ ਦਿਨੀਂ ਕਿਸ ਤਰ੍ਹਾਂ ਦੇ ਗੀਤ ਲਿਖੇ?**

ਹਾਂਸ : ਇੱਕ ਨਾਂ ਦੱਸਣ ਲਈ 'ਸਾਂਝੇ ਮੋਰਚੇ ਦਾ ਗੀਤ'। ਇਹ ਲੰਡਨ ਵਿਚ 1934 ਵਿਚ ਲਿਖਿਆ ਗਿਆ ਸੀ, ਕਿਉਂਕਿ ਲੋਕ-ਮੋਰਚੇ ਦੀ ਕਾਂਗਰਸ ਹੋਣ ਤੋਂ ਬਾਅਦ, ਏਕਤਾ ਦਾ ਸਵਾਲ ਮਜ਼ਦੂਰਾਂ ਲਈ ਬੜਾ ਜ਼ਰੂਰੀ ਹੋ ਗਿਆ ਸੀ। ਬ੍ਰੈਖ਼ਤ ਨੇ ਮੈਨੂੰ ਟੈਲੀਫੋਨ ਕੀਤਾ ਤੇ ਕਿਹਾ ਕਿ ਸਾਨੂੰ ਇਸ ਬਾਰੇ ਗੀਤ ਲਿਖਣਾ ਚਾਹੀਦਾ ਹੈ। ਅਗਲੇ ਦਿਨ ਅਰਨੈਸਟ ਬਾਛ ਨੇ ਇਸਨੂੰ ਅੰਗਰੇਜ਼ੀ ਵਿਚ ਗਾਇਆ।

**? : ਤੇ ਅਗਲੇ ਕੁਝ ਹਫ਼ਤਿਆਂ ਵਿਚ ਕਈ ਦੇਸ਼ਾਂ ਦੇ ਮਜ਼ਦੂਰ ਇਸ ਨੂੰ ਗਾ ਰਹੇ ਸਨ। ਕੀ ਏਦਾਂ ਹੀ ਸੀ?**

ਹਾਂਸ : ਹਾਂ, ਨਿਰਸੰਦੇਹ!

**? : ਤੁਸੀਂ ਬ੍ਰੈਖ਼ਤ ਦੇ ਨਾਂ ਦਾ ਅਕਸਰ ਹੀ ਜ਼ਿਕਰ ਕਰਦੇ ਹੋ ਤੇ ਉਸਦੇ ਨਿੱਤ ਦੇ ਸੰਘਰਸ਼ਾਂ ਵਿਚ ਹਿੱਸਾ ਲੈਣ ਬਾਰੇ ਵੀ।**

ਹਾਂਸ : ਇਹ ਗੱਲ ਆਮ ਜਾਣੀ ਜਾਂਦੀ ਨਹੀਂ ਹੈ। ਜਦੋਂ ਜ਼ਰੂਰੀ ਹੁੰਦਾ ਸੀ, ਬ੍ਰੈਖ਼ਤ ਬਰਲਨ ਦੇ ਵਰਕਰਾਂ ਲਈ ਮੈਖਾਨੇ ਦੇ ਗੀਤ ਵੀ ਲਿਖਦਾ ਸੀ ਤੇ ਇਹ ਗੱਲ ਠੀਕ ਸੀ। ਉਹ ਇਹ ਕੰਮ ਵਧੀਆ ਢੰਗ ਨਾਲ ਕਰਦਾ ਸੀ, ਜਿਸਨੂੰ ਸਾਨੂੰ ਭੁੱਲਣਾ ਨਹੀਂ ਚਾਹੀਦਾ।

**? : ਇਹ ਪਰੰਪਰਾਵਾਂ ਪਿਛਲੀ ਸਦੀ ਦੇ ਅੱਧ ਤੀਕ ਪਿੱਛੇ ਅਤੇ ਹੁਣ ਦੇ ਵੀਹਵਿਆਂ ਤੀਕ ਸਿਖ਼ਰ ਉੱਤੇ ਜਾਂਦੀਆਂ ਹਨ ਤੇ ਇਹ 1945 ਵਿਚ ਸਾਡੇ ਲੋਕ ਰਾਜ ਸਮੇਂ ਫਿਰ ਜਾਰੀ ਹੋ ਗਈਆਂ ਸਨ। ਕੀ ਨਹੀਂ?**

ਹਾਂਸ : ਹਾਂ, ਇਹ ਸੱਚ ਹੈ। ਅਸੀਂ ਇਹਨਾਂ ਪਰੰਪਰਾਵਾਂ ਤੋਂ ਸਿੱਖ ਸਕਦੇ ਹਾਂ। ਮਿਸਾਲ ਵਜੋਂ ਆਪਣੇ ਸਾਧਨਾਂ ਵਿਚ ਲਚਕੀਲਾਪਨ ਆਪਣੇ ਤਰੀਕਿਆਂ ਵਿਚ ਬਹੁ-ਗੁਣਵੰਤਤਾ ਤੇ ਰੋਜ਼ ਦੇ ਆਪਣੇ ਰਾਜਸੀ ਜੀਵਨ ਵਿਚ ਚੌਕਸੀ। ਇਸ ਸਾਰੇ ਕੁਝ ਨਾਲ ਸੰਗੀਤ ਦੇ ਕਈ ਰੂਪਾਂ ਨੂੰ ਹੁਲਾਰਾ ਮਿਲਦਾ ਹੈ। ਸੰਗੀਤਕਾਰਾਂ ਵਜੋਂ ਸਾਨੂੰ ਅੱਜ ਇਹ ਗੱਲਾਂ ਯਾਦ ਰੱਖਣੀਆਂ ਚਾਹੀਦੀਆਂ ਸਨ। ਨਿਰਸੰਦੇਹ, ਇਹ ਉਹ ਰਵਾਇਤ ਹੈ ਜੋ ਜ਼ਰੂਰੀ ਤੌਰ ਤੇ ਜਾਰੀ ਰੱਖਣੀ ਚਾਹੀਦੀ ਹੈ। ਪਿੱਛੇ ਜਿਹੇ ਮੈਂ ਵਰਨਰ ਸੀਲਿਨ ਬਾਈਡਰ ਹਾਲ ਵਿਚ ਡਰੈੱਸ ਰੀਹਰਸਲ ਲਈ ਹਾਜ਼ਰ ਸੀ, ਜੋ ਕਿ ਪੇਸ਼ਕਾਰੀ ਤੋਂ ਪਹਿਲਾਂ ਹੋ ਰਹੀ ਸੀ, ਜੋ ਕਿ ਅਕਤੂਬਰ ਕ੍ਰਾਂਤੀ ਦੀ ਚਾਲੀਵੀਂ ਵਰ੍ਹੇ ਗੰਢ ਦੇ ਜਸ਼ਨ ਵਜੋਂ ਸੀ। ਇੱਥੇ ਮੇਰਾ ਮਿੱਤਰ ਕੂਬਾ ਆਇਆ ਤੇ ਮੈਨੂੰ ਇੱਕ ਨਿੱਕੀ ਜਿਹੀ ਕਵਿਤਾ ਫੜਾ ਗਿਆ। ਉਸਨੇ ਪੁੱਛਿਆ, 'ਕੀ ਤੂੰ ਇਸਨੂੰ ਛੇਤੀ ਹੀ ਰਾਗਬੱਧ ਕਰ ਸਕਦਾ ਹੈਂ? ਇਹ ਵਧੀਆ ਗੱਲ ਹੋਵੇਗੀ ਜੇ ਅਸੀਂ ਇਸਨੂੰ ਇਸ ਪ੍ਰੋਗਰਾਮ ਵਿਚ ਸ਼ਾਮਿਲ ਕਰ ਸਕੀਏ।" ਇਸ ਲਈ ਮੈਂ ਉਸੇ ਵੇਲੇ ਤੇ ਉਸੇ ਹੀ ਥਾਂ ਇਸਨੂੰ ਸੁਰ-ਬੱਧ ਕੀਤਾ ਤੇ ਗੀਸੇਲਾ ਮੇਯ ਨਾਲ ਅਭਿਆਸ ਕੀਤਾ। ਨਹੀਂ ਸਪੁਤਨਿਕ ਗੀਤ ਬਾਅਦ ਦੀ ਗੱਲ ਹੈ। ਇਹ ਦੋ ਭੈਣਾਂ, ਮਾਸਕੋ ਤੇ ਬਰਲਿਨ

ਵਾਲੀ ਸੀ।

ਪੇਸ਼ਕਾਰੀ ਤੋਂ ਕੁਝ ਸਮਾਂ ਪਹਿਲਾਂ ਇੱਕ ਹੋਰ ਨੌਜਵਾਨ ਘਬਰਾਇਆ ਸਟੇਜ ਦੇ ਪਿਛਲੇ ਪਾਸਿਉਂ ਦੌੜਦਾ ਹੋਇਆ ਆਇਆ ਤੇ ਉਸ ਕੋਲ ਪੰਜ ਹੋਰ ਕਵਿਤਾਵਾਂ ਸਨ, ਜੋ ਉਸ ਦੀ ਇੱਛਾ ਸੀ ਕਿ ਪ੍ਰੋਗਰਾਮ ਵਿਚ ਸ਼ਾਮਿਲ ਕਰ ਲਈਆਂ ਜਾਣ। ਇਸ ਲਈ ਅਸੀਂ ਕਾਹਲੀ-ਕਾਹਲੀ ਉਹ ਵੇਖੀਆਂ ਤੇ ਨਵਾਂ ਗੀਤ ਗਾਇਆ। ਇਹ ਐਤਵਾਰ ਸਵੇਰੇ ਸਵੱਖਤੇ ਦੀ ਗੱਲ ਸੀ ਕਿ ਸਪੁਤਨਿਕ ਦਾ ਪਤਾ ਲੱਗਾ ਸੀ ਤੇ ਸ਼ਾਮ ਨੂੰ ਅਸੀਂ ਇਸ ਬਾਰੇ ਇੱਕ ਨਵਾਂ ਗੀਤ ਗਾਇਆ ਸੀ, ਜਿਸ ਜਨਤਕ ਇਕੱਠ ਵਿਚ ਸੱਤ ਹਜ਼ਾਰ ਲੋਕ ਹਾਜ਼ਰ ਸਨ। ਮੈਂ ਬੜੀ ਦੇਰ ਤੋਂ ਬਰਲਿਨ ਵਿਚ ਅਜਿਹੀ ਖੁਸ਼ੀ ਦਾ ਆਨੰਦ ਨਹੀਂ ਮਾਣਿਆ ਸੀ। ਬਿਨਾਂ ਭੱਜ-ਦੌੜ ਤੋਂ ਕਲਾਕਾਰ ਦੀ ਖੁਸ਼ੀ। ਗੀਸੇਲਾ ਮੇਘ ਨੂੰ ਵੀ ਵੱਡੀ ਸਫਲਤਾ ਮਿਲੀ ਸੀ, ਜਿਸਦੀ ਉਹ ਸਹੀ ਤੌਰ ਤੇ ਹੱਕਦਾਰ ਸੀ।

? : **ਕੀ ਇਸ ਪਰੰਪਰਾ ਨੂੰ ਅੱਗੇ ਤੋਰਨ ਦੀ ਗੱਲ ਵਰਕਰਾਂ ਦੇ ਗੀਤਾਂ ਉੱਤੇ ਹੀ ਲਾਗੂ ਹੁੰਦੀ ਹੈ, ਜਾਂ ਇਹ ਸਾਜ਼ਾਂ ਦੇ ਸੰਗੀਤ, ਓਪਰੇ ਜਾਂ ਸੰਗੀਤ ਦੇ ਹੋਰਸ ਰੂਪਾਂ ਉੱਤੇ ਵੀ ਲਾਗੂ ਹੁੰਦੀ ਹੈ?**

ਹਾਂਸ : ਇਹ ਹੁੰਦੀ ਹੈ। ਅਸੀਂ ਆਰਕੈਸਟਰਾ, ਭਾਸ਼ਣਾਂ, ਚੈਂਬਰ ਸੰਗੀਤ ਤੇ ਕਥਾ-ਕਾਵਿ ਲਈ ਰਚਨਾਵਾਂ ਲਿਖਦੇ ਰਹੇ ਹਾਂ। ਅੱਜ ਜਿੱਥੇ ਵੀ ਸਾਡੀ ਤਾਕਤ ਹੈ। ਸੰਗੀਤ-ਮਾਹਰ ਨੂੰ ਸਭ ਰੂਪਾਂ ਦਾ ਮਾਹਰ ਹੋਣਾ ਚਾਹੀਦਾ ਹੈ। ਮੈਂ ਸਵੈ-ਆਲੋਚਨਾ ਦੇ ਤੌਰ ਤੇ ਕਹਿੰਦਾ ਹਾਂ, ਜੇ ਤੁਸੀਂ ਪਸੰਦ ਕਰੋ ਤਾਂ ਕਿ ਅਸੀਂ ਦੇਰ ਤੋਂ ਕਾਫ਼ੀ ਪ੍ਰਾਪਤੀ ਨਹੀਂ ਕੀਤੀ। ਜੇ ਅਸੀਂ ਸ਼ੁਰੂ ਕਰਨ ਲਈ, ਨਿੱਤ ਦੇ ਜੀਵਨ ਨੂੰ ਵਰਤਣ ਦੀ ਕੋਸ਼ਿਸ਼ ਕਰੀਏ, ਤਾਂ ਅਸੀਂ ਵੇਖਾਂਗੇ ਕਿ ਨਵੀਂ ਪਬਲਿਕ ਕਿੰਨੀ ਜਲਦੀ ਆਪਣਾ ਪ੍ਰਤੀਕਰਮ ਦੇਵੇਗੀ। ਪਰ ਇਹ ਇੱਕ ਤਰਫ਼ਾ ਗੱਲ ਨਹੀਂ ਹੋਣੀ ਚਾਹੀਦੀ। ਸਾਡੇ ਸੰਗੀਤ-ਰਚਨਾਕਾਰ ਤੇ ਸਿੰਫਨੀ (ਸੁਰ-ਸੰਗਤੀ) ਤੇ ਸ਼ਾਂਤੀ ਤੇ ਚੁੱਪ ਵਿਚ ਕੰਮ ਕਰ ਸਕਦੇ ਹਨ, ਜਿਸਦਾ ਕਿ ਸਾਡੇ ਰੋਜ਼ਾਨਾ ਜੀਵਨ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੁੰਦਾ। ਪਰ ਜੋ ਇੱਕ ਦੂਜੇ ਨਾਲ ਸਬੰਧਿਤ ਹੁੰਦਾ ਹੈ। ਇੱਕ ਚੀਜ਼ ਦੂਸਰੀ ਨੂੰ ਪਾਸੇ ਨਹੀਂ ਕਰ ਦਿੰਦੀ। ਇਸ ਦਾ ਅਰਥ ਇਹ ਨਹੀਂ ਕਿ ਹੁਣ ਹਰ ਸੰਗੀਤਕਾਰ ਨੂੰ ਮੈਖਾਨੇ ਲਈ ਚਲੰਤ ਗੀਤ ਲਿਖਣਾ ਜ਼ਰੂਰੀ ਹੈ। ਪਰ ਉਸਨੂੰ ਵਧੀਆ ਹੋਣ ਦੀ ਭਾਵਨਾ ਹੇਠ ਕੰਮ ਨਹੀਂ ਕਰਨਾ ਚਾਹੀਦਾ ਜਾਂ ਅੰਤਰਮੁਖੀ ਨਹੀਂ ਹੋਣਾ ਚਾਹੀਦਾ। ਜੇ ਤੁਸੀਂ ਪਸੰਦ ਕਰੋ ਤਾਂ ਤਿੰਨ ਮਹੀਨੇ ਲਈ ਬਾਹਰ ਚਲੇ ਜਾਓ ਤੇ ਸਿੰਫਨੀ ਲਿਖ ਕੇ ਲਿਆਓ। ਫਿਰ ਉਸ ਸਿੰਫਨੀ ਨੂੰ ਸੁਰ-ਬੱਧ ਕਰੋ ਤੇ ਕੋਈ ਹੋਰ ਵੀ ਰਚਨਾ ਦੀ ਸਿਰਜਣਾ ਕਰੋ।

ਇਹ ਕੰਮ ਬਹੁ-ਪੱਖੀ ਹੈ ਤੇ ਸਾਡੇ ਲਈ ਸੰਭਾਵਨਾਵਾਂ ਦੀ ਬੜੀ ਦੌਲਤ ਹੈ।

• • •





## ਮੇਰਾ ਜੀਵਨ ਕਦੇ ਨਾ ਖ਼ਤਮ ਹੋਣ ਵਾਲੀ ਤਲਾਸ਼ ਹੈ

**- ਅਰਪਨਾ ਕੌਰ**

ਅਰਪਨਾ ਕੌਰ ਉਸਦੇ ਆਪਣੇ ਸ਼ਬਦਾਂ ਵਿਚ "ਆਪਣੇ ਸੁਨਹਿਰੀ ਦੌਰ ਵਿਚੋਂ ਲੰਘ ਰਹੀ ਹੈ। ਉਹ ਸਮਕਾਲੀ ਕਲਾਕਾਰਾਂ ਵਿਚੋਂ ਚੋਟੀ ਦੀ ਇੱਕ ਕਲਾਕਾਰ ਮੰਨੀ ਜਾਂਦੀ ਹੈ। ਪਿਛਲੇ 28 ਸਾਲਾਂ ਵਿਚ ਉਸਦਾ ਬੜਾ ਵਿਕਾਸ ਹੋਇਆ ਹੈ। ਸੁਰਚਨਾ ਤੇ ਰੰਗ ਉਸਦੀ ਕਲਾ ਦੀ ਕੁੰਜੀ ਹਨ। ਉਸਨੇ ਪਹਾੜੀ ਲਘੂ ਚਿੱਤਰਾਂ ਦੀਆਂ ਬਣਤਰਾਂ ਨੂੰ ਗ੍ਰਹਿਣ ਕੀਤਾ ਹੈ। ਜਿਸ ਵਿਚ ਗੋਲ ਸ਼ਕਲਾਂ, ਟੇਢੇ ਦੁਮੇਲ ਤੇ ਪਿਛੋਕੜ ਦੀ ਅੰਬਰ, ਧਰਤੀ ਤੇ ਪਾਣੀ ਵਿਚ ਵੰਡ ਹੈ ਤੇ ਨਾਲ ਹੀ ਹਰ ਰਚਨਾ ਵਿਚ ਸਿਰਜਣਾ ਦੇ ਕਈ ਕੇਂਦਰ ਸਰਗਰਮ ਹੁੰਦੇ ਹਨ। ਅਸਲ ਵਿਚ ਉਹ ਭਾਰਤ ਦੀ ਕਲਾ ਦੀ ਉਸ ਪਰੰਪਰਾ ਨੂੰ ਅੱਗੇ ਲਿਜਾ ਰਹੀ ਹੈ, ਜਿਸ ਵਿਚ ਲੋਕ-ਕਲਾ ਤੇ ਸਮਕਾਲੀ ਕਲਾ-ਸਕੂਲਾਂ ਦਾ ਸੰਗਮ ਹੈ।

ਉਹ ਆਪਣੇ ਰੰਗਾਂ ਦੀ ਵਰਤੋਂ, ਤਹਿਦਾਰ ਰੰਗਾਂ ਨੂੰ ਤਿਆਰ ਕਰਨ ਦੀਆਂ ਤਕਨੀਕਾਂ ਅਨੁਸਾਰ ਵਰਤਦੀ ਹੈ। ਉਹ ਲਘੂ-ਚਿੱਤਰਾਂ ਦੀ ਚਿੱਤਰਕਾਰੀ ਨਾਲੋਂ ਟੁੱਟ ਕੇ ਛਾਂ-ਚਾਨਣ ਚਿਤਰਨ ਦੀ ਤਕਨੀਕ ਨੂੰ ਅਪਣਾ ਚੁੱਕੀ ਹੈ, ਢੰਗ ਜੋ ਰੰਗ ਉੱਤੇ ਅਧਾਰਤ ਹੈ, ਨਾ ਕਿ ਅੰਦਾਜ਼ ਉੱਤੇ, ਜਿਸ ਵਿਚੋਂ ਭਾਰਤੀ ਕੰਧ-ਚਿਤਰਨ ਦੀ ਪਹੁੰਚ ਦੀ ਮੌਲਿਕਤਾ ਦਾ ਪ੍ਰਭਾਵ ਪੈਂਦਾ ਹੈ।

ਅਰਪਨਾ ਦਾ ਕੰਮ ਬਸਤੀਵਾਦੀ ਢੰਗ-ਤਰੀਕਿਆਂ ਤੋਂ ਤੋੜ-ਵਿਛੋੜਾ ਕਰ ਚੁੱਕਾ ਹੈ। ਉਹ ਅਜੋਕੇ ਪ੍ਰਸੰਗ ਵਿਚ ਆਪਣੀਆਂ ਅਸਲੀ ਸਭਿਆਚਾਰਕ ਜੜ੍ਹਾਂ ਨੂੰ ਵਰਤਦੀ ਹੈ। ਮੁੜ-ਉਸਾਰੀ ਦੀ ਇਹ ਪ੍ਰਕਿਰਿਆ ਦੀ ਹਰਕਤ ਦੇ ਆਪਣੇ ਹੀ ਨੇਮ ਹਨ। ਸਭ ਤੋਂ ਸ਼ਕਤੀਸ਼ਾਲੀ ਢੰਗ ਜੋ ਅਰਪਨਾ ਵਰਤਦੀ ਹੈ, ਉਹ ਹੈ ਕੰਧ-ਚਿੱਤਰ ਦੀ ਤਕਨੀਕ।

ਉਹ ਇੱਕ ਮਨੁੱਖ ਵਜੋਂ ਸਾਦੀ ਹੈ, ਆਪਣੀ ਉਮਰ ਨਾਲੋਂ ਬਹੁਤ ਜਵਾਨ ਲੱਗਦੀ ਤੇ ਡੀਂਗਾਂ ਮਾਰਨ ਤੋਂ ਪ੍ਰਹੇਜ ਕਰਦੀ ਹੈ। ਉਸਨੇ ਮੈਨੂੰ ਮਿਲਣ ਦਾ ਦੋ ਵਾਰ ਮੌਕਾ ਦਿੱਤਾ। ਇੱਕ ਵਾਰ ਸੂਰਜ-ਕੁੰਡ ਵਿਚ ਕਲਾਕਾਰਾਂ ਦੇ 'ਸੰਗਮ' ਸਮੇਂ, ਜਿੱਥੇ ਉਹ ਸਾਰਾ ਦਿਨ ਐਮ. ਐਫ. ਹੁਸੈਨ ਨੂੰ ਉਡੀਕਦੀ ਰਹੀ, ਨਾ ਨਖ਼ਰਾ ਕੀਤਾ, ਨਾ ਬੁੜ-ਬੁੜ। ਦੂਸਰੀ ਵਾਰ ਖੇਲ ਇੰਸਟੀਚਿਊਸ਼ਨਲ ਏਰੀਆ ਵਿਚ, ਜਿੱਥੇ ਉਸਦੀ ਮਾਂ ਇੱਕ ਕਲਾ-ਕੇਂਦਰ ਚਲਾਉਂਦੀ ਹੈ। ਸਿਖ਼ਰਲੀ ਮੰਜ਼ਿਲ ਉੱਤੇ ਉਸਦਾ ਸਟੂਡੀਓ ਹੈ। ਸਟੂਡੀਓ ਵਿਚ ਘੱਟ ਤੋਂ ਘੱਟ ਫਰਨੀਚਰ ਹੈ, ਕੋਈ ਸਜਾਵਟੀ ਸਮਾਨ ਨਹੀਂ। ਬੱਸ ਉਸਦੇ ਕੈਨਵਸ, ਫਰੇਮ ਤੇ ਰੰਗ ਹਨ, ਜੋ ਚਾਰੇ ਪਾਸੇ ਖਿੱਲਰੇ ਪਏ ਹਨ।

ਅਰਪਨਾ ਸੋਚਵਾਨ ਵਿਅਕਤੀ ਹੈ, ਜੋ ਆਪਣੇ ਖ਼ਿਆਲਾਂ ਦੇ ਸਿੱਟਿਆਂ ਦਾ ਸਾਹਮਣਾ

ਕਰਨ ਤੋਂ ਡਰਦੀ ਨਹੀਂ। ਸਫਲਤਾ ਨੇ ਉਸਦਾ ਸਿਰ ਨਹੀਂ ਫੇਰਿਆ, ਜੋ ਦਿਲੋਂ ਅਸਲੀ ਪੰਜਾਬੀ ਕੁੜੀ ਹੈ। ਉਹ ਆਖਦੀ ਹੈ, "ਮੇਰੇ ਦਿਲ ਵਿਚ ਪੰਜਾਬ ਲਈ ਇੱਕ ਨਰਮ ਗੋਸ਼ਾ ਹੈ। ਇੱਕ ਠੰਢ ਪਾਉਣ ਵਾਲੀ ਕੋਮਲ ਆਵਾਜ਼ ਵਿਚ ਉਸਨੇ ਕਲਾ ਸੰਸਾਰ ਦੇ ਵਿਭਿੰਨ ਪੱਖਾਂ ਬਾਰੇ ਖੁੱਲ ਕੇ ਬੇਲੂ ਮਹੇਸ਼ਵਰੀ ਨੂੰ ਇੰਟਰਵਿਊ ਦਿੱਤਾ -

? : **ਕੀ ਕਾਰਨ ਹੈ ਕਿ ਬਹੁਤੇ ਲੋਕ ਆਧੁਨਿਕ ਕਲਾ ਨੂੰ ਸਮਝਦੇ ਨਹੀਂ?**

ਅਰਪਨਾ : ਸਮਕਾਲੀ ਦ੍ਰਿਸ਼ਟੀਗਤ ਕਲਾ ਵਿਯੂਅਲ ਆਰਟ ਵਿਅਕਤੀਵਾਦੀ ਹੈ, ਤੇ ਕਲੰਡਰ-ਕਲਾ ਦੇ ਉਲਟ ਹੈ। ਜਿਸਦੇ ਕਿ ਜਾਣੇ-ਪਛਾਣੇ ਬਿੰਬ ਹੁੰਦੇ ਹਨ। ਨਾਲ ਹੀ ਇਸਦੇ ਬਿਰਤਾਂਤ ਦੀ ਭਾਸ਼ਾ ਬੜੀ ਕੋਮਲ ਹੁੰਦੀ ਹੈ। ਇਹ ਪੱਤਰਕਾਰੀ ਤੇ ਫੋਟੋਗ੍ਰਾਫੀ ਦੇ ਉਲਟ ਹੁੰਦੀ ਹੈ। ਕਲਾ ਕਵਿਤਾ ਦੀ ਕਲਾ ਦੇ ਸਭ ਤੋਂ ਵੱਧ ਨੇੜੇ ਹੈ। ਇਹ ਕਲਾਕਾਰ ਦੇ ਤਜਰਬਿਆਂ, ਸੰਵੇਦਨਾਵਾਂ ਤੇ ਸੋਚਣੀ ਦੀ ਕੁੱਲ ਜਮਾਂ ਹੁੰਦੀ ਹੈ। ਇਸਦੀ ਸਿਰਜਣਾ-ਪ੍ਰਕਿਰਿਆ ਦੀ ਕਲਾਕਾਰ ਨੂੰ ਵੀ ਪੂਰੀ ਸਮਝ ਨਹੀਂ ਲੱਗਦੀ। ਉਹ ਇਸਦੇ ਆਰੰਭ ਤੇ ਮਨ ਵਿਚਲੇ ਬਿੰਬਾਂ ਨੂੰ ਜਾਣਦਾ ਹੈ, ਪਰ ਫਿਰ ਵੀ ਇਸਦਾ ਕੁਝ ਭਾਗ ਇੱਕ ਰਹੱਸ ਵਿਚ ਰਹਿ ਜਾਂਦਾ ਹੈ। ਪਰ ਚਿੱਤਰਮਈ ਕੰਮ ਸਮਝਣਾ ਔਖਾ ਨਹੀਂ ਹੈ।

? : **ਅਸੀਂ ਆਧੁਨਿਕ ਕਲਾ ਨੂੰ ਲੋਕਾਂ ਵਿਚ ਹਰਮਨ-ਪਿਆਰਾ ਕਿਵੇਂ ਬਣਾ ਸਕਦੇ ਹਾਂ?**

ਅਰਪਨਾ : ਮੈਂ 1975 ਵਿਚ ਆਪਣੀ ਪਹਿਲੀ ਨੁਮਾਇਸ਼ ਸ਼੍ਰੀਧਨ ਗੈਲਰੀ ਵਿਚ ਲਾਈ ਸੀ। ਮੈਂ ਪੈਂਡੂਲਮ ਦੇ ਝੂਲਣ ਨੂੰ ਤੱਕਿਆ ਹੈ। ਉਸ ਸਮੇਂ ਕਲਪਨਾ ਨਹੀਂ ਸੀ ਕੀਤੀ ਜਾ ਸਕਦੀ। ਉਸ ਵੇਲੇ ਦਿੱਲੀ ਵਿਚ ਦੋ ਆਰਟ ਗੈਲਰੀਆਂ ਤੇ ਦੋ ਸੰਗ੍ਰਹਿਆਲੇ ਸਨ। ਮੇਰੀ ਨੁਮਾਇਸ਼ ਵਿਚ ਰੋਜ਼ ਦਾ ਇੱਕ ਆਦਮੀ ਆਉਂਦਾ ਹੁੰਦਾ ਸੀ। ਮੇਰੇ ਮਿੱਤਰ ਮਖੌਲ ਕਰਦੇ ਤੇ ਕਹਿੰਦੇ ਸਨ, "ਤੂੰ ਅਗਲਾ ਇੱਕ ਪੁਰਖਾ ਸ਼ੋਅ ਕਦੋਂ ਕਰ ਰਹੀ ਹੈ? ਕਲਾਕਾਰ ਜੁੜੇ ਹੋਏ ਹੱਥਾਂ ਨਾਲ ਆਪਣੀ ਕਿਰਤ ਵੇਚਣ ਜਾਂਦੇ ਹਨ। ਗੈਲਰੀਆਂ ਉਹਨਾਂ ਉੱਤੇ ਹੁਕਮ ਚਲਾਉਂਦੀਆਂ ਸਨ।

ਹੁਣ ਸਾਡੇ ਸੈਂਕੜੇ ਹੀ ਗੈਲਰੀਆਂ ਹਨ ਤੇ ਸੈਂਕੜੇ ਹੀ ਸੰਗ੍ਰਹਿਆਲੇ। ਬਹੁਤੇ ਕਲਾਕਾਰਾਂ ਲਈ ਦੋ ਦਹਾਕੇ ਪਹਿਲਾਂ ਦਾ ਉਹ ਸੰਘਰਸ਼ ਖ਼ਤਮ ਹੋ ਗਿਆ ਹੈ। ਸਾਡੇ ਹੁਣ ਕੁੜੀਆਂ ਤੇ ਵਾਤਾਵਰਣ ਦੇ ਵਿਸ਼ੇ ਉੱਤੇ ਕਈ ਸ਼ੋਅ ਹੋ ਰਹੇ ਹਨ। ਅਸੀਂ ਹੁਣ ਇਕੱਠੇ ਵੀ ਨੁਮਾਇਸ਼ ਲਾਉਂਦੇ ਹਾਂ ਅਤੇ ਕਲਾ ਤੇ ਕਲਾਕਾਰਾਂ ਬਾਰੇ ਲਿਖਿਆ ਜਾ ਰਿਹਾ ਹੈ, ਭਾਰਤੀ ਕਲਾਕਾਰ ਬਾਹਰਲੇ ਦੇਸ਼ਾਂ ਵਿਚ ਵਿਕ ਰਹੇ



ਹਨ। ਜਿੱਥੇ ਅਸੀਂ ਇੱਕ ਹਜ਼ਾਰ ਕਮਾਉਂਦੇ ਹੁੰਦੇ ਸੀ, ਹੁਣ ਲੱਖ ਤੋਂ ਵੱਧ ਕਮਾਉਂਦੇ ਹਾਂ। ਕਲਾਕਾਰਾਂ ਕੋਲ ਘਰ ਤੇ ਕਾਰਾਂ ਹਨ। ਮੋਢੇ ਝੋਲਾ ਲਟਕਾਈ ਤੇ ਜੇਬਾਂ ਖਾਲੀ ਵਾਲੇ ਚਿੱਤਰਕਾਰ ਹੁਣ ਬੀਤੇ ਦੀ ਗੱਲ ਬਣ ਗਏ ਹਨ।

? : **ਅਜੇ ਵੀ ਪ੍ਰਦਰਸ਼ੀ ਕਲਾ ਏਨੀ ਹਰਮਨ ਪਿਆਰੀ ਨਹੀਂ, ਜਿੰਨੀ ਕਿ ਐਕਟਿੰਗ ਆਦਿ ਦੀ ਕਲਾ ਹੈ। ਇਹ ਹੋਰ ਵਧੇਰੇ ਕਿਵੇਂ ਹਰਮਨ ਪਿਆਰੀ ਹੋ ਸਕਦੀ ਹੈ?**

ਅਰਪਨਾ : ਹਾਂ, ਇਹ ਆਮ ਲੋਕਾਂ ਦੀ ਕਲਾ ਨਹੀਂ। ਇਹ ਸ਼੍ਰੇਸ਼ਟ ਵਰਗ ਲਈ ਹੈ। ਹੁਣ ਵੀ 25 ਜਾਂ 30 ਲੋਕੀਂ ਕਿਸੇ ਇਕੱਲੇ ਕਲਾਕਾਰ ਦੀ ਨੁਮਾਇਸ਼ ਨੂੰ ਵੇਖਣ ਲਈ ਆਉਂਦੇ ਹਨ। ਜੇ ਤੁਸੀਂ ਮਹੀਨੇ ਭਰ ਲਈ ਕੋਈ ਸ਼ੋਅ ਲਾਓ ਤਾਂ ਅੱਟੇ-ਸੱਟੇ ਮਹੀਨੇ ਵਿਚ ਹਜ਼ਾਰ ਕੁ ਦੇ ਕਰੀਬ ਕੁੱਲ ਬੰਦੇ ਆਏ ਹੋਣਗੇ।

ਕਲਾ ਨੂੰ ਪ੍ਰਚਾਰਨ ਦਾ ਸਵਾਲ ਮੈਨੂੰ ਪ੍ਰੇਸ਼ਾਨ ਕਰਦਾ ਹੁੰਦਾ ਸੀ, ਜਦੋਂ ਮੈਂ ਕੁਝ ਜਵਾਨ ਸੀ। ਹੁਣ ਮੇਰਾ ਅਨੁਮਾਨ ਹੈ ਕਿ ਮੇਰੀ ਸ਼ਕਤੀ ਖਿੰਡ-ਪੁੰਡ ਗਈ ਹੈ ਤੇ ਹੁਣ ਮੇਰੀ ਸਾਰੀ ਇਕਾਗਰਤਾ ਆਪਣੇ ਕੰਮ ਪ੍ਰਤੀ ਹੈ। ਮੈਂ ਮਹਿਸੂਸ ਕਰਦੀ ਹਾਂ ਕਿ ਕਲਾ ਦਾ ਪ੍ਰਚਾਰ ਕਰਨਾ, ਗੈਲਰੀਆਂ, ਅਜਾਇਬ ਘਰਾਂ ਤੇ ਮੀਡੀਏ ਦਾ ਕੰਮ ਹੈ। ਸਾਡਾ ਕੰਮ ਹੈ, ਪੇਂਟ ਕਰਨਾ ਤੇ ਚੰਗੀ ਕਿਰਤ ਦੀ ਸਿਰਜਣਾ ਕਰਨਾ।

? : **ਤੁਸੀਂ ਹੁਣ ਦੇ ਸਮੇਂ ਨੂੰ ਆਪਣਾ ਸੁਨਹਿਰੀ ਕਾਲ ਕਿਉਂ ਆਖਦੇ ਹੋ? ਕੀ ਇਸਦਾ ਕਾਰਨ ਉਹ ਪੈਸਾ ਹੈ, ਜੋ ਤੁਹਾਡੀ ਕੈਨਵਸ ਕਮਾਉਂਦੀ ਹੈ?**

ਅਰਪਨਾ : ਮੈਨੂੰ ਲੰਮਾ ਸਫ਼ਰ ਤਹਿ ਕਰਨਾ ਪਿਆ ਹੈ ਤੇ ਮੈਂ ਬੜੀ ਧੰਨਵਾਦੀ ਹਾਂ। ਐਨੀ ਜ਼ਿਆਦਾ ਕਿ ਮੇਰੇ ਨਾਲ ਜੋ ਕੁਝ ਵਾਪਰਿਆ ਹੈ, ਮੈਂ ਉਸਦੀ ਕਲਪਨਾ ਵੀ ਨਹੀਂ ਕੀਤੀ ਸੀ। ਮੇਰੀ ਸਤੰਬਰ ਵਿਚ ਜਰਮਨੀ ਵਿਚ ਪ੍ਰਦਰਸ਼ਨੀ ਹੋ ਰਹੀ ਹੈ, ਨਵੰਬਰ ਵਿਚ ਮੈਂ ਐਮਸਟਰਡੰਮ ਵਿਚ, ਜਨਵਰੀ ਵਿਚ ਭਾਰਤ ਵਿਚ। ਚੰਗੇ ਸੰਗ੍ਰਹਿ ਕਰਨ ਵਾਲੇ ਮੇਰੀ ਕਿਰਤ ਦੀ ਮੰਗ ਕਰਦੇ ਹਨ। ਬਾਹਰਲੇ ਅਜਾਇਬ ਘਰ (ਉਹਨਾਂ ਵਿਚੋਂ ਛੇ) ਮੇਰੇ ਕੰਮ ਨੂੰ ਪ੍ਰਦਰਸ਼ਿਤ ਕਰਦੇ ਹਨ। ਇਸ ਵਿਚ ਵਿਕਟੋਰੀਆ, ਅਲਬਰਟ ਅਜਾਇਬ ਘਰ, ਲੰਡਨ ਵੀ ਸ਼ਾਮਿਲ ਹੈ।

ਇਸ ਵਾਧੇ ਦੇ ਬਾਵਜੂਦ ਭਾਰਤੀ ਕਲਾ ਬਾਹਰ ਬਹੁਤੀ ਹਰਮਨ ਪਿਆਰੀ ਨਹੀਂ ਹੈ। ਜਾਪਾਨ ਵਲੋਂ ਪੰਜ ਏਸ਼ੀਆਈ ਕਲਾਕਾਰਾਂ ਨੂੰ ਹੀਰੋਸ਼ੀਮਾ, ਬੰਬਾਰੀ ਦੀ ਪੰਜਾਹਵੀਂ ਵਰ੍ਹੇ-ਗੰਢ ਦੇ ਮੌਕੇ ਉੱਤੇ ਕੰਮ ਕਰਨ ਲਈ ਮੈਨੂੰ ਛੇ ਲੱਖ ਅੱਸੀ ਹਜ਼ਾਰ ਰੁਪਏ ਮਿਹਨਤਾਨਾ ਦਿੱਤਾ ਗਿਆ ਸੀ। ਇਹ ਪੱਛਮੀ ਕਲਾਕਾਰਾਂ ਦੇ ਬਰਾਬਰ ਸੀ। ਹੋਰ ਬੰਦੇ ਨੂੰ ਕੀ ਚਾਹੀਦਾ ਹੁੰਦਾ ਹੈ?

? : **ਇੱਕ ਕਲਾਕਾਰ ਹੋਣ ਦੇ ਨਾਤੇ, ਤੁਸੀਂ ਆਪਣੇ ਆਪਨੂੰ ਕਿੱਥੇ ਕੁ ਰੱਖਦੇ ਹੋ?**

ਅਰਪਨਾ : ਕਲਾਕਾਰ ਆਪਣਾ ਆਲੋਚਕ ਆਪ ਹੁੰਦਾ ਹੈ। ਜੋ ਵੀ ਕਲਾ-ਕਿਰਤ ਬਣਦੀ ਹੈ, ਉਹ ਇਕੋ ਜਿਹੇ ਕੱਦ-ਕਾਠ ਦੀ ਨਹੀਂ ਹੁੰਦੀ। ਜਿਹੜੀ ਵੀ ਕਲਾ-ਕਿਰਤ ਕਿਸੇ ਪੱਧਰ ਦੀ ਹੁੰਦੀ ਹੈ, ਉਸ ਵਿਚ ਵੀ ਬੀ. ਅਤੇ ਸੀ. ਮਿਆਰ ਹੁੰਦਾ ਹੈ। ਜਦੋਂ ਮੈਂ ਜਵਾਨ ਸੀ, ਤੇ ਕੋਈ ਗੈਲਰੀ ਮੇਰੀ ਕਲਾ-ਕਿਰਤ ਮੰਗਦੀ ਸੀ ਤਾਂ ਮੈਂ ਬੀ. ਤੇ ਸੀ. ਪੱਧਰ ਦੀ ਕਿਰਤ ਭੇਜ ਦਿੰਦੀ ਸੀ ਤੇ ਏ ਕਿਸਮ ਦੀ ਕਿਰਤ ਇਕ-ਪੁਰਖਾ ਸ਼ੋਅ ਲਈ ਸੰਭਾਲ ਲੈਂਦੀ ਸੀ।

ਮੈਂ ਵੇਖਦੀ ਹਾਂ ਕਿ ਮੇਰੀਆਂ ਬੀ ਅਤੇ ਸੀ ਪੱਧਰ ਦੀਆਂ ਕਲਾ-ਕਿਰਤਾਂ ਪਬਲਿਕ ਕੋਲ ਜਾਂ ਨੀਲਾਮੀ ਲਈ ਚਲੇ ਗਈਆਂ ਹਨ। ਇੱਕ ਅਜਿਹੀ ਕਲਾ-ਕਿਰਤ ਕਿਸੇ ਬਰਤਾਨਵੀ ਦੇ ਹੱਥ ਲੱਗ ਗਈ, ਜਿਸਨੇ ਅੱਗੇ ਇਹ ਸੋਥੇਬੇ ਨੂੰ ਸੌਂਪ ਦਿੱਤੀ। ਉਥੋਂ ਇਹ ਵਿਕਟੋਰੀਆ ਅਲਬਰਟ ਮਿਊਜ਼ਿਮ ਤੀਕਰ ਪਹੁੰਚ ਗਈ। ਇਹ ਜੀਵਨ ਵਿਚ ਇੱਕ ਵਾਰ ਹੀ ਹੁੰਦਾ ਹੈ ਕਿ ਉਹ ਕਿਸੇ ਕਲਾਕਾਰ ਦੀ ਇੱਕ ਕਿਰਤ ਨੂੰ ਖਰੀਦਣ ਦੀ ਹਿੰਮਤ ਕਰ ਸਕੇ। ਇਸ ਲਈ ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ। ਉਸਦੀ ਸਭ ਤੋਂ ਵਧੀਆ ਕਿਰਤ ਮੰਡੀ ਵਿਚ ਜਾਵੇ। ਤੁਹਾਨੂੰ ਆਪਣੀ ਕਮਜ਼ੋਰ ਕਲਾ-ਕਿਰਤ ਰੋਕ ਰੱਖਣੀ ਚਾਹੀਦੀ ਹੈ। ਜਦੋਂ ਕੋਈ ਕਲਾਕਾਰ ਆਪਮੀ ਕਲਾ-ਕਿਰਤੀ ਵੇਚ ਰਿਹਾ ਹੈ ਤਾਂ ਉਸਨੂੰ ਚਾਹੀਦਾ ਹੈ ਕਿ ਆਪਣੀ ਕਮਜ਼ੋਰ ਕਿਰਤ ਨੂੰ ਪਾਸੇ ਰੱਖ ਲਵੇ। ਛੇਤੀ ਨਾਲ ਲਾਭ ਉਠਾਉਣ ਲਈ ਕਿਸੇ ਨੂੰ ਕਾਹਲੀ ਕਰਨ ਦਾ ਲਾਲਚ ਨਹੀਂ ਕਰਨਾ ਚਾਹੀਦਾ। ਬਰਲਨ ਵਿਚ ਮੇਰੇ ਸ਼ੋਅ ਲਈ ਉਹਨਾਂ ਨੇ ਦਸ ਤਸਵੀਰਾਂ ਮੰਗੀਆਂ ਸਨ। ਮੈਂ ਉਹਨਾਂ ਨੂੰ ਸਿਰਫ਼ ਪੰਜ ਸਭ ਤੋਂ ਵਧੀਆ ਭੇਜ ਰਹੀ ਹਾਂ। ਰਚਨਾਤਮਿਕ ਮਨੁੱਖ ਹੋਣ ਦੇ ਨਾਤੇ ਮੈਂ ਚੰਗੇ ਤੋਂ ਚੰਗੇਰਾ ਕੰਮ ਕਰਨਾ ਚਾਹੁੰਦੀ ਹਾਂ ਅਤੇ ਮੈਂ ਅਜੇ ਵੀ ਕੋਸ਼ਿਸ਼ ਕਰ ਰਹੀ ਹਾਂ।

? : **ਤੁਸੀਂ ਮੁਆਫਕ ਹਾਲਾਤ ਦਾ ਲਾਭ ਕਿਉਂ ਨਹੀਂ ਉਠਾਉਂਦੇ ਤੇ ਹੋਰ ਜ਼ਿਆਦਾ ਪੇਂਟ ਕਰਦੇ?**

ਅਰਪਨਾ : ਜੇ ਤੁਸੀਂ ਸੁਭਾਅ ਵਜੋਂ ਸੁਸਤ ਜੇ ਅਤੇ ਤੁਸੀਂ ਆਪਣੀ ਰਫ਼ਤਾਰ ਨੂੰ ਤੇਜ਼ ਕਰਨਾ ਚਾਹੁੰਦੇ ਹੋ ਤਾਂ ਤੁਹਾਡੇ ਕੰਮ ਦੀ ਪੱਧਰ ਹੇਠਾਂ ਆਵੇਗੀ। ਹੁਸੈਨ ਸੁਭਾਅ ਵਜੋਂ ਤੇਜ਼ ਹੈ। ਦੋ ਸਾਲ ਪਹਿਲਾਂ ਸਿੰਘਾਪੁਰ ਦੇ ਅਜਾਇਬ ਘਰ ਦਾ ਨਿਰਦੇਸ਼ਕ ਭਾਰਤੀ ਚਿੱਤਰਾਂ ਦੀ ਤਲਾਸ਼ ਕਰਦਾ ਇੱਥੇ ਆਇਆ। ਉਸਨੇ ਕਿਹਾ, "ਤੂੰ ਬੜੀ ਸ਼ਰਾਰਤੀ ਹੈਂ। ਤੂੰ ਜਾਣਦੀ ਹੈ ਕਿ ਤੇਰੀ ਮੰਗ ਹੈ, ਇਸ ਲਈ ਤੂੰ ਮਹਿੰਗਾ ਮੁੱਲ ਮੰਗ ਰਹੀ ਹੈਂ।" ਮੈਂ ਵੱਧ ਮੁੱਲਾਂ ਨੂੰ ਪਸੰਦ ਨਹੀਂ ਕਰਦੀ, ਜੋ ਕਿ ਵਸੂਲ



ਕੀਤੀਆਂ ਜਾ ਰਹੀਆਂ ਹਨ। ਮੈਨੂੰ ਉਹ ਗੈਰ-ਵਾਜਬ ਲੱਗਦੀਆਂ ਹਨ। ਹਰ ਸਾਲ ਕੀਮਤਾਂ ਉੱਤੇ ਜਾ ਰਹੀਆਂ ਹਨ ਤੇ ਕਈ ਵਿਅਕਤੀ ਸੱਤ ਲੱਖ ਤੋਂ ਦਸ ਲੱਖ ਤੀਕ ਵੇਚ ਰਹੇ ਹਨ। ਮੈਂ ਬੇਚੈਨ ਅਨੁਭਵ ਕਰਦੀ ਹਾਂ। ਮੈਂ ਆਪਣੀ ਕੀਮਤ ਹੌਲੀ-ਹੌਲੀ ਵਧਾਈ ਹੈ। ਘਰ ਦੇ ਜੀਅ ਮੈਨੂੰ ਵੀ ਫੂਕ ਛਕਾਉਂਦੇ ਹਨ। ਬਰਲਨ ਗੈਲਰੀ ਵਾਲੇ ਮੇਰੇ ਕੰਮ ਦਾ ਘੱਟ ਮੁੱਲ ਵੇਖਕੇ ਹੈਰਾਨ ਹੋ ਗਏ। ਸਿਰਫ਼ ਇੱਕ ਵੇਰ ਮੈਨੂੰ ਹੀਰੋਸ਼ੀਮਾ ਵਾਸਤੇ ਹੈਰਾਨੀਜਨਕ ਰਕਮ ਮਿਲੀ ਸੀ ਤੇ ਉਥੋਂ ਦਾ ਮੇਅਰ ਮੈਨੂੰ ਐਨੀ ਘੱਟ ਕੀਮਤ ਦਿੰਦਿਆਂ ਮੁਆਫ਼ੀ ਮੰਗ ਰਿਹਾ ਸੀ।

? : **ਦੱਸੀਆਂ ਜਾ ਰਹੀਆਂ ਕੀਮਤਾਂ ਯਥਾਰਥਕ ਨਹੀਂ ਹਨ। ਉਹ ਉਤਸ਼ਾਹ ਵਧਾਉਣ ਲਈ ਦੱਸੀਆਂ ਜਾਂਦੀਆਂ ਕੀਮਤਾਂ ਹਨ ਤੇ ਗਲਤ ਤੌਰ ਤੇ ਵਧਾਈਆਂ ਗਈਆਂ ਹਨ। ਕੀ ਇਹ ਸੱਚ ਹੈ?**

ਅਰਪਨਾ : ਇਹ ਸੱਚ ਹੈ ਕਿ ਵੱਡੇ ਕਲਾਕਾਰਾਂ ਦੇ ਚਿੱਤਰ ਪੈਸੇ ਲਾਉਣ ਖ਼ਾਤਿਰ ਖਰੀਦੇ ਜਾ ਰਹੇ ਹਨ। ਪਰ ਇਹ ਵੀ ਸੱਚ ਹੈ ਕਿ ਇੱਕ ਗਲਤ ਪ੍ਰਭਾਵ ਪੈਦਾ ਕੀਤਾ ਜਾਂਦਾ ਹੈ। ਚੰਗਾ ਹੋਵੇ ਜੇ ਉੱਚਿਤ ਮੁੱਲ ਮੰਗਿਆ ਜਾਵੇ ਕਿਉਂਕਿ ਲੋਕੀਂ ਗੱਲ ਸਮਝਣ ਲੱਗ ਪਏ ਹਨ। ਕੁਝ ਸੰਗ੍ਰਹਿ ਕਰਨ ਵਾਲੇ ਲੋਕ ਆਉਣਗੇ ਤੇ ਤੁਹਾਨੂੰ ਅਸਲੀ ਕੀਮਤ ਦੱਸ ਦੇਣਗੇ। ਬਿੱਲੀ ਥੈਲੇ ਵਿਚੋਂ ਬਾਹਰ ਆ ਹੀ ਜਾਣੀ ਹੈ।

? : **ਆਧੁਨਿਕ-ਕਲਾ ਦੇ ਮੁਲਾਂਕਣ ਦਾ ਕੋਈ ਪੈਮਾਨਾ ਤਾਂ ਹੋਣਾ ਚਾਹੀਦਾ ਹੈ? ਕੀ ਤੁਸੀਂ ਦੱਸ ਸਕਦੇ ਹੋ ਕਿ ਇੱਕ ਸਾਧਾਰਨ ਆਦਮੀ ਕਿਵੇਂ ਇਸਨੂੰ ਸਮਝਣ ਦੀ ਕੋਸ਼ਿਸ਼ ਕਰੇ?**

ਅਰਪਨਾ : ਕਿੰਨੇ ਲੋਕ ਹਨ ਜੋ ਪੇਂਟਿੰਗ ਦੇ ਸਾਹਮਣੇ ਖਲੋ ਕੇ ਇਸਨੂੰ ਸਮਝਣ ਲਈ ਵਕਤ ਲਾਉਂਦੇ ਹਨ। ਲੋਕੀ ਗੈਲਰੀਆਂ ਵਿਚੋਂ ਦੀ ਹਵਾ ਵਾਂਗ ਗੁਜ਼ਰ ਜਾਂਦੇ ਹਨ। ਵੇਖਣ ਤੇ ਤੱਕਣ ਵਿਚ ਫ਼ਰਕ ਹੈ। ਦਰਸ਼ਕ ਨੂੰ ਪੇਂਟਿੰਗ ਦਾ ਅਧਿਐਨ ਕਰਨਾ ਚਾਹੀਦਾ ਹੈ ਤੇ ਇਸਦੇ ਸਿਰਲੇਖ ਨੂੰ ਮਨ ਵਿਚ ਰੱਖਣਾ ਚਾਹੀਦਾ ਹੈ। ਇਹ ਆਪਣੇ ਭੇਤ ਦਾ ਕੁਝ ਹਿੱਸਾ ਪ੍ਰਗਟ ਕਰ ਦੇਵੇਗੀ। ਵਿਅਕਤੀਗਤ ਸ਼ੋਅ ਸਮੇਂ ਚਿੱਤਰ-ਸੂਚੀ ਨੂੰ ਪੜ੍ਹੋ, ਜੇ ਕਲਾਕਾਰ ਲਾਗੇ ਹੋਵੇ ਤਾਂ ਉਸਨੂੰ ਪੁੱਛੋ।

ਲੰਮੇ ਸਮੇਂ ਲਈ ਸਮਝਣ ਵਾਸਤੇ, ਕਲਾ ਬਾਰੇ ਪੁਸਤਕਾਂ ਪੜ੍ਹੋ। ਅਸੀਂ ਆਪਣੀ ਆਧਾਰਿਕ ਸੁਰਚਨਾ (ਇਨਫਰਾਸਟਰਕਚਰ) ਵਿਚ ਪੂੰਜੀ ਨਹੀਂ ਲਾਈ। ਸੰਘਣੀ ਆਬਾਦੀ ਵਾਲੇ ਦੇਸ਼ ਵਿਚ ਸਿਰਫ਼ ਛੇ ਜਾਂ ਸੱਤ ਅਜਾਇਬ ਘਰ ਹਨ। ਪੰਜਾਬ ਕਿੰਨਾ ਅਮੀਰ ਰਾਜ ਹੈ। ਇੱਥੇ ਇੱਕ ਵੀ ਅਜਾਇਬ ਘਰ ਨਹੀਂ ਹੈ। ਕਲਾਕਾਰ ਘੱਟ ਕੀਮਤ ਉੱਤੇ ਅਜਾਇਬ ਘਰਾਂ ਨੂੰ ਆਪਣੀ ਕਿਰਤ ਵੇਚਣ ਲਈ ਤਿਆਰ

ਹਨ। ਅਸੀਂ ਸਾਰੇ ਇਤਿਹਾਸ ਬਾਰੇ ਸੁਚੇਤ ਹਾਂ। ਇਹ ਕੰਮ ਸਾਥੋਂ ਬਾਅਦ ਵਧੇਰੇ ਸਮਾਂ ਰਹੇਗਾ। ਸਕੂਲ ਦੇ ਵਿਦਿਆਰਥੀਆਂ ਨੂੰ ਅਜਾਇਬ ਘਰਾਂ ਵਿਚੋਂ ਲਿਜਾਣਾ ਚਾਹੀਦਾ ਹੈ ਅਤੇ ਅਮੂਰਤ ਚੀਜ਼ਾਂ ਨੂੰ ਸਮਝਣ ਦੀ ਆਦਤ ਨੂੰ ਤਿੱਖਾ ਕਰਨਾ ਚਾਹੀਦਾ ਹੈ।

? : **ਕੀ ਸਰਕਾਰ ਕਲਾਕਾਰਾਂ ਦਾ ਹੌਸਲਾ ਨਹੀਂ ਵਧਾਉਂਦੀ?**

ਅਰਪਨਾ : ਹੌਸਲਾ ਵਧਾਉਣਾ? ਅਸਲ ਵਿਚ ਜੇ ਤੁਸੀਂ ਆਪਣੀ ਕੋਈ ਕਲਾ-ਕਿਰਤ ਬਾਹਰ ਨੁਮਾਇਸ਼ ਲਈ ਭੇਜਦੇ ਹੋ ਤਾਂ ਤੁਹਾਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਤੁਹਾਨੂੰ ਰਿਜ਼ਰਵ ਬੈਂਕ ਆਫ਼ ਇੰਡੀਆ ਤੋਂ ਆਗਿਆ ਲੈਣੀ ਪੈਂਦੀ ਹੈ। ਤੁਹਾਡੇ ਨਾਲ ਮਾਲ ਬਾਹਰ ਭੇਜਣ ਵਾਲੇ ਵਪਾਰੀਆਂ ਵਰਗਾ ਵਿਹਾਰ ਕੀਤਾ ਜਾਂਦਾ ਹੈ ਅਤੇ ਤੁਹਾਨੂੰ ਜੀ. ਆਈ. ਫਾਰਮ ਭਰਨਾ ਪੈਂਦਾ ਹੈ। ਤੁਹਾਨੂੰ ਇਹ ਲਿਖ ਕੇ ਦੇਣਾ ਪੈਂਦਾ ਹੈ ਕਿ ਕਮਾਇਆ ਸਾਰਾ ਪੈਸਾ ਭਾਰਤ ਵਿਚ ਵਿਦੇਸ਼ੀ ਤਬਾਦਲੇ ਵਿਚ ਵਾਪਸ ਆਵੇਗਾ। ਜਿਹੜੇ ਕੈਨਵਸ ਵਿਕਦੇ ਨਹੀਂ ਅਤੇ ਵਾਪਸ ਦੇਸ਼ ਆ ਜਾਂਦੇ ਹਨ, ਉਹਨਾਂ ਨੂੰ ਕਸਟਮ ਅਧਿਕਾਰੀ ਰੋਕ ਲੈਂਦੇ ਹਨ ਤੇ ਉਹਨਾਂ ਉੱਤੇ ਡਿਊਟੀ ਲਾਈ ਜਾਂਦੀ ਹੈ।

ਤੁਸੀਂ ਆਪਣੀ ਟਿਕਟ ਉੱਤੇ ਪੈਸੇ ਖਰਚੇ ਹਨ ਅਤੇ ਪੈਸੇ ਖੁਣੋਂ ਬਾਹਰ ਦਿਨ ਵਿਚ ਇੱਕ ਵਾਰ ਹੀ ਖਾਣਾ ਖਾਧਾ ਹੈ। ਇਸ ਦੇਸ਼ ਦੇ ਸਭਿਆਚਾਰ ਦੇ ਪ੍ਰਤੀਨਿਧ ਵਜੋਂ ਤੁਹਾਡੇ ਨਾਲ ਬੜਾ ਘਟੀਆ ਵਿਹਾਰ ਕੀਤਾ ਜਾਂਦਾ ਹੈ। ਇਹਨਾਂ ਰੁਕਾਵਟਾਂ ਕਾਰਨ ਬਾਹਰਲੀਆਂ ਬਹੁਤੀਆਂ ਗੈਲਰੀਆਂ ਭਾਰਤੀ ਕਲਾ ਕਿਰਤਾਂ ਨੂੰ ਗੈਰ-ਵਪਾਰਕ ਪ੍ਰਦਰਸ਼ਨੀਆਂ ਲਈ ਮੰਗਵਾਉਂਦੇ ਹਨ।

ਨਿਊਯਾਰਕ ਵਿਚ ਲੋਕ ਮੇਰੀਆਂ ਕਲਾ-ਕਿਰਤਾਂ ਲੈਣਾ ਚਾਹੁੰਦੇ ਸਨ, ਪਰ ਇਹ ਇਸ ਕਾਰਨ ਵੇਚੀਆਂ ਨਾ ਜਾ ਸਕਦੀਆਂ, ਕਿਉਂਕਿ ਇਸ ਉੱਤੇ ਸਰਕਾਰ ਵਲੋਂ ਗੈਰ-ਵਪਾਰਕ ਬਿੱਲਾ ਚਿਪਕਾਇਆ ਹੋਇਆ ਸੀ।

ਸਾਨੂੰ ਬਥੇਰੀ ਪ੍ਰੇਸ਼ਾਨੀ ਹੁੰਦੀ ਹੈ। ਕਸਟਮ ਵਾਲੇ ਓਨਾ ਚਿਰ ਤੁਹਾਡੇ ਕਾਗਜ਼ ਮਨਜ਼ੂਰ ਨਹੀਂ ਕਰਦੇ, ਜਿੰਨਾ ਚਿਰ ਤੀਕ ਤੁਹਾਨੂੰ ਰਿਜ਼ਰਵ ਬੈਂਕ ਹਾਮੀ ਨਹੀਂ ਭਰਦਾ। ਰਿਜ਼ਰਵ ਬੈਂਕ ਜੀ. ਆਈ. ਫਾਰਮ ਉੱਤੇ ਦਸਤਖਤ ਨਹੀਂ ਕਰਦਾ, ਜਿੰਨਾ ਚਿਰ ਤੀਕ ਤੁਸੀਂ ਆਪਣੀ ਕਲਾ-ਕਿਰਤ ਦੇ ਮੁੱਲ ਦੀ ਗਾਰੰਟੀ ਨਹੀਂ ਦਿੰਦੇ। ਜੇ ਦਸ ਕਲਾ-ਕਿਰਤਾਂ ਜਾ ਰਹੀਆਂ ਹਨ, ਤੇ ਤੁਸੀਂ ਹਰ ਕਲਾ-ਕਿਰਤ ਦਾ ਮੁੱਲ 50 ਹਜ਼ਾਰ ਲਾਉਂਦੇ ਹੋ, ਤਾਂ ਤੁਹਾਨੂੰ ਪੰਜ ਲੱਖ ਦੀ ਗਾਰੰਟੀ ਦੇਣੀ ਪੈਂਦੀ ਹੈ। ਕਲਾਕਾਰ ਐਨਾ ਰੁਪਈਆ ਕਿੱਥੋਂ ਲਿਆਵੇ? ਵਪਾਰੀ ਤਾਂ ਗਾਰੰਟੀ



ਦਾ ਪੈਸਾ ਦੇ ਸਕਦਾ ਹੈ, ਪਰ ਅਸੀਂ ਨਹੀਂ।

ਜਦੋਂ ਮੈਂ ਆਪਣੀਆਂ ਹੀਰੋਸ਼ੀਮਾ ਵਾਲੀਆਂ ਪੇਂਟਿੰਗ ਬਾਹਰ ਭੇਜਣੀਆਂ ਸਨ, ਉਹਨਾਂ ਮੇਰੀਆਂ ਕਿਰਤਾਂ ਇਸ ਗੱਲ ਦੇ ਬਾਵਜੂਦ ਰੋਕ ਲਈਆਂ ਕਿ ਇਹ ਭਾਰਤੀ ਚਿੱਤਰਕਾਰ ਲਈ ਮਾਣ ਦੀ ਗੱਲ ਸੀ ਕਿ ਉਹਨਾਂ ਨੇ ਮੈਨੂੰ ਇਹ ਕੰਮ ਕਰਨ ਲਈ ਦਿੱਤਾ ਸੀ। ਕਸਟਮ-ਅਧਿਕਾਰੀ ਆਖਦੇ ਸਨ, "ਤੁਸੀਂ ਕਿਵੇਂ ਜਾਣਦੇ ਹੋ ਕਿ ਇਹ ਪ੍ਰਾਚੀਨ ਕਲਾ-ਕਿਰਤ ਨਹੀਂ ਹੈ।" ਮੈਂ ਆਖਿਆ, "ਮੈਂ ਜਿਊਂਦੀ ਹਾਂ। ਇਹ ਮੇਰਾ ਕੀਤਾ ਕੰਮ ਹੈ।" ਮੈਨੂੰ ਡਰਾਉਣੇ ਸੁਪਨੇ ਆਉਂਦੇ ਸੀ, ਕਿਉਂਕਿ ਇਹ ਭੇਜਣ ਲਈ ਮਿਤੀ ਬੱਧ ਸੀ। ਫਿਰ ਮੈਂ ਅਖ਼ਬਾਰ ਵਿਚਲੀ ਇੱਕ ਫੋਟੋ ਲੱਭਣ ਦਾ ਪ੍ਰਬੰਧ ਕੀਤਾ ਜਿਸ ਵਿਚ ਮੈਂ ਤਸਵੀਰ ਦੇ ਸਾਹਮਣੇ ਖਲੋਤੀ ਸੀ ਤੇ ਇਸ ਤੋਂ ਸਾਬਤ ਹੁੰਦਾ ਸੀ ਕਿ ਇਹ ਮੇਰੀ ਕਲਾ-ਕਿਰਤ ਹੈ। ਅਸੀਂ ਦੋ ਪ੍ਰਧਾਨ-ਮੰਤਰੀਆਂ ਨੂੰ ਮਿਲ ਚੁੱਕੇ ਹਾਂ ਤੇ ਉਹਨਾਂ ਸਾਨੂੰ ਭਰੋਸਾ ਦਿੱਤਾ ਸੀ, ਪਰ ਕੁਝ ਵੀ ਨਹੀਂ ਹੋਇਆ।

? : **ਤੁਸੀਂ ਪੇਂਟਿੰਗ ਨੂੰ ਕਿਵੇਂ ਪਸੰਦ ਕਰਦੇ ਹੋ ਤੇ ਆਪਣੇ ਵਿਸ਼ਾ-ਵਸਤੂ ਦਾ ਕਿਵੇਂ ਫੈਸਲਾ ਕਰਦੇ ਹੋ?**

ਅਰਪਨਾ : ਮੈਂ ਠੇਕੇ ਉੱਤੇ ਕੰਮ ਨਹੀਂ ਕਰਦੀ। ਮੈਂ ਉਹੀ ਚੀਜ਼ ਪੇਂਟ ਕਰਦੀ ਹਾਂ, ਜੋ ਮੇਰੀ ਕਲਪਨਾ ਦੀ ਪਕੜ ਵਿਚ ਆਉਂਦੀ ਹੈ, ਜਾਂ ਮੈਂ ਇਸ ਬਾਰੇ ਤਕੜੀ ਤਰ੍ਹਾਂ ਅਨੁਭਵ ਕਰਦੀ ਹਾਂ। ਮਾਇਆ ਤਿਆਗੀ ਦਾ ਜਬਰ ਜਿਨਾਹ, 1984 ਦੇ ਸਿੱਖ-ਵਿਰੋਧੀ ਦੰਗੇ, ਰਾਜਸਥਾਨ ਦੇ ਮੰਦਰ ਵਿਚ, ਔਰਤ ਨੂੰ ਤਸੀਹੇ ਤੇ ਉਸਦਾ ਕਤਲ, ਵਰਿੰਦਾਵਨ ਦੀਆਂ ਔਰਤਾਂ ਦੇ ਮੰਤਨ ਆਦਿ ਕੁਝ ਘਟਨਾਵਾਂ ਹਨ, ਜਿਨ੍ਹਾਂ ਬਾਰੇ ਤਿੱਖੀ ਤਰ੍ਹਾਂ ਅਨੁਭਵ ਕਰਦੀ ਹਾਂ।

ਮੇਰੀਆਂ ਤਸਵੀਰਾਂ ਵਿਚ ਮੇਰੇ ਖ਼ਿਆਲ, ਸੁਪਨੇ ਮੇਰੀਆਂ ਸੋਚ-ਉਡਾਰੀਆਂ ਘੁਲ-ਮਿਲ ਜਾਂਦੀਆਂ ਹਨ। ਮੈਂ ਭਾਰਤ ਦੀਆਂ ਦੁਪਾਸੀਆਂ (duality) ਗੱਲਾਂ ਨੂੰ ਪੇਂਟ ਕਰਨਾ ਪਸੰਦ ਕਰਦੀ ਹਾਂ। ਇੱਕ ਥਰਮਲ-ਪਲਾਂਟ ਸਟੇਸ਼ਨ ਦੀਆਂ ਕੰਧਾਂ ਉੱਤੇ ਗਾਂ ਦੇ ਗੋਹੇ ਦੀਆਂ ਪੱਥੀਆਂ ਪਾਥੀਆਂ ਸੁੱਕ ਰਹੀਆਂ ਹਨ। ਦੋਵੇਂ ਹੀ ਸ਼ਕਤੀ ਦੇ ਸੋਮੇ ਹਨ, ਅਸੀਂ ਕਈ ਸਮਿਆਂ ਵਿਚ ਰਹਿ ਰਹੇ ਹਾਂ। ਭਾਰਤ ਵਿਚਲੀਆਂ ਵੱਖ-ਵੱਖ ਕਈ ਪੀੜ੍ਹੀਆਂ ਵਿਚ, ਜਿਵੇਂ ਕਿ ਗੱਡੇ ਉੱਤੇ ਟਰੱਕ ਦੀ ਉਪਰਲੀ ਬਾਡੀ ਲੱਦੀ ਜਾ ਰਹੀ ਹੈ।

? : **ਭਾਰਤ ਦੀ ਸਮਕਾਲੀ ਕਲਾ ਦਾ ਸਾਰ-ਤੱਤ ਕੀ ਹੈ?**

ਅਰਪਨਾ : ਸਾਡੇ ਕਲਾਕਾਰਾਂ ਦੀ ਪਹਿਲੀ ਪੀੜ੍ਹੀ ਜਿਵੇਂ ਐਮ. ਐਫ. ਹੁਸੈਨ ਪੱਛਮ (ਪੈਰਿਸ) ਵੱਲ ਝਾਕਦੀ ਸੀ। ਹੁਣ ਅਸੀਂ ਆਪਣੇ ਅੰਦਰ ਵੱਲ ਝਾਕਦੇ ਹਾਂ। ਪਿਛਲੇ

ਵੀਹਾਂ ਸਾਲਾਂ ਵਿਚ, ਭਾਰਤੀ ਕਲਾ ਨੇ ਆਪਣੀ ਪਛਾਣ ਪ੍ਰਾਪਤ ਕਰ ਲਈ ਹੈ। ਬੜੇ ਘੱਟ ਦੇਸ਼ਾਂ ਨੇ ਇਸ ਤਰ੍ਹਾਂ ਕੀਤਾ ਹੈ। ਐਨੀ ਪ੍ਰਾਚੀਨ ਸਭਿਅਤਾ ਵਾਲਾ ਯੂਨਾਨ ਵੀ ਚਿੱਤਰਕਲਾ ਦੀਆਂ ਪੱਛਮੀ ਵਿਧੀਆਂ ਪਿੱਛੇ ਚੱਲਦਾ ਹੈ।

? : **ਇੱਕ ਮਨੁੱਖ ਵਜੋਂ ਆਪਣੇ ਬਾਰੇ ਕੁਝ ਜਾਣਕਾਰੀ ਦਿਉ?**

ਅਰਪਨਾ : ਮੈਂ ਦਿੱਲੀ ਦੀ ਜੰਮੀ-ਜਾਈ ਹਾਂ। ਮੈਂ ਲੇਡੀ ਸ੍ਰੀ ਰਾਮ ਕਾਲਜ ਵਿਚੋਂ ਅੰਗਰੇਜ਼ੀ ਪੜ੍ਹੀ ਹੈ। ਮੈਂ ਕਲਾਵਾਂ ਬਾਰੇ ਕੋਈ ਰਸਮੀ ਸਿੱਖਿਆ ਨਹੀਂ ਲਈ। ਸੱਤ ਸਾਲ ਦੀ ਉਮਰ ਵਿਚ ਮੈਂ ਗੁਰਮੁਖੀ ਸਿੱਖੀ ਤੇ ਢੇਰ ਸਾਰਾ ਪੰਜਾਬੀ ਸਾਹਿਤ ਪੜ੍ਹਿਆ। ਮੈਂ ਸੂਫ਼ੀ ਲੇਖਕਾਂ ਜਿਵੇਂ ਫਰੀਦ, ਬੁੱਲ੍ਹੇ ਸ਼ਾਹ ਆਦਿ ਦੀਆਂ ਲਿਖਤਾਂ ਪੜ੍ਹੀਆਂ। ਮੇਰੀ ਮਾਂ ਨੇ ਮੈਨੂੰ ਬਹੁਤ ਹੀ ਪ੍ਰਭਾਵਿਤ ਕੀਤਾ। ਉਹ ਪੰਜਾਬੀ ਦੀ ਪ੍ਰਸਿੱਧ ਲੇਖਿਕਾ ਅਜੀਤ ਕੌਰ ਹੈ। ਉਸ ਦੀ ਨਵੀਂ ਪੁਸਤਕ "Pebbles In Tin Drum" ਦੇ ਪ੍ਰਸੰਸਾ ਭਰੇ ਰੀਵਿਊ ਛਪੇ ਹਨ। ਇੱਕ ਅੰਗਰੇਜ਼ੀ ਨਾਵਲ ਨੇ ਉਸਨੂੰ ਪ੍ਰਸਿੱਧ ਕਰ ਦਿੱਤਾ ਹੈ, ਜਦਕਿ ਇੱਕ ਇਲਾਕਾਈ ਭਾਸ਼ਾ ਵਿਚ ਲਿਖਣ ਤੇ ਨਹੀਂ ਸੀ ਕੀਤਾ। ਉਹ ਪਰਉਪਕਾਰੀ ਵਿਅਕਤੀ ਹੈ। ਮੇਰਾ ਪਤੀ ਆਰਟਸ ਕਾਲਜ ਚੰਡੀਗੜ੍ਹ ਵਿਚ ਹੈ। ਉਹ ਇੰਡੀਅਨ ਐਕਸਪ੍ਰੈਸ ਵਿਚ ਕਾਰਟੂਨਿਸਟ ਹੈ।

ਬੁਨਿਆਦੀ ਤੌਰ ਤੇ ਮੈਂ ਸੰਗਾਊ ਔਰਤ ਹਾਂ। ਮੈਂ 1979 ਵਿਚ ਕਲਾ ਦੀ ਪੜ੍ਹਾਈ ਕਰਨ ਲਈ ਇੰਗਲੈਂਡ ਗਈ ਸੀ, ਕਿਉਂਕਿ ਵਿਦੇਸ਼ੀ ਮੋਹਰ ਜ਼ਰੂਰੀ ਸਮਝੀ ਜਾਂਦੀ ਸੀ। ਪਰ ਮੈਂ ਵਾਪਸ ਪਰਤ ਆਈ, ਕਿਉਂਕਿ ਮੈਂ ਇਕੱਲੀ ਰਹਿ ਕੇ ਪੱਥਰ ਹੋ ਗਈ ਸੀ। 1980 ਵਿਚ ਮੈਂ ਬੰਬਈ ਸੀ, ਜਦੋਂ ਮੈਂ ਸਭ ਕੁਝ ਵੇਚ ਦਿੱਤਾ ਤੇ ਉਡਾਰੀ ਮਾਰ ਗਈ। ਮੈਂ ਸਾਰੀ ਦੁਨੀਆਂ ਵਿਚ ਆਪਣੀਆਂ ਨੁਮਾਇਸ਼ਾਂ ਲਾਈਆਂ ਹਨ ਅਤੇ 1986 ਵਿਚ ਟਰਾਈਨੀਲੀ ਪੁਰਸਕਾਰ ਜਿੱਤਿਆ ਹੈ। ਫੈਸਲਾ ਕਰਨ ਵਾਲੇ ਜੱਜ ਕੌਮਾਂਤਰੀ ਸਨ। ਮੈਂ ਕਿਤਾਬਾਂ ਇਕੱਠੀਆਂ ਕਰਨੀਆਂ, ਪੁਰਾਣਾ ਹਿੰਦੀ ਫਿਲਮੀ ਸੰਗੀਤ ਸੁਣਨਾ ਤੇ ਥੀਏਟਰ ਜਾਣ ਨੂੰ ਪਿਆਰ ਕਰਦੀ ਹਾਂ।

? : **ਤੁਹਾਡੇ ਜੀਵਨ ਦਾ ਫਲਸਫਾ ਕੀ ਹੈ?**

ਅਰਪਨਾ : ਮੇਰੀ ਜ਼ਿੰਦਗੀ ਇੱਕ ਤਲਾਸ਼ ਹੈ, ਕਦੇ ਨਾ ਮੁੱਕਣ ਵਾਲੀ ਜੁਸਤਜੂ। ਮੈਂ ਦੇਸ਼ ਵਿਚਲਾ ਆਰਥਿਕ ਵਖਰੇਵਾਂ ਵੇਖ ਦੁਖੀ ਹੁੰਦੀ ਹਾਂ। ਮੈਂ ਆਪਣੀ ਮਾਂ ਤੇ ਦਾਦੇ ਨੂੰ ਬਹੁਤ ਕੁਝ ਦਾਨ ਕਰਦੇ ਤੱਕਿਆ ਹੈ। ਮੈਂ ਵੰਡ ਕੇ ਖਾਣ ਵਿਚ ਵਿਸ਼ਵਾਸ ਕਰਦੀ ਹਾਂ। ਅਜੇ ਵੀ ਮੇਰੀ ਮਾਂ 200 ਕੁੜੀਆਂ ਨੂੰ ਵਜੀਫਾ ਦਿੰਦੀ ਹੈ।

**(ਅੰਗਰੇਜ਼ੀ ਟ੍ਰਿਬਿਊਨ ਮਿਤੀ ਸਤੰਬਰ 20, 1998 ਵਿਚੋਂ )**





# ਹੈਦਰ ਰਜ਼ਾ ਨਾਲ ਊਸ਼ਾ ਮਹਾਜਨ

**ਇੱਕ ਕੀੜੀ ਆਕਾਸ਼ ਵੱਲ ਉੱਡਦੀ ਹੈ ਤੇ ਸੂਰਜ ਨੂੰ ਨਿਗਲ ਜਾਂਦੀ ਹੈ।**

ਪੈਰਿਸ ਦੀ ਦੁਨੀਆਂ ਅਨੋਖੀ ਹੈ। ਚੱਪੇ-ਚੱਪੇ ਉੱਤੇ ਇੱਕ ਅਜਬ ਰੁਮਾਂਟਿਕਤਾ ਨਾਲ ਭਰਪੂਰ ਚੌੜੀਆਂ ਸੜਕਾ, ਜਿਹਨਾਂ ਦੇ ਦੋਵੇਂ ਪਾਸੇ ਬਿਰਖਾਂ ਦੀਆਂ ਕਤਾਰਾਂ। ਦੁਨੀਆਂ ਵਿਚ ਆਪਣੀ ਤਰ੍ਹਾਂ ਦੇ ਅਨੋਖੇ ਬਾਜ਼ਾਰ। ਹੇਠਾਂ ਚਮਕਦੀਆਂ ਦੁਕਾਨਾਂ, ਉੱਪਰ ਛੇ ਮੰਜ਼ਿਲੇ ਰਿਹਾਇਸ਼ੀ ਮਕਾਨ। ਪੱਕੀ ਰਿਹਾਇਸ਼, ਰੌਣਕ ਤੇ ਮਸਤੀ ਨਾਲ ਭਰਪੂਰ। ਪੈਦਲ ਚੱਲਦੇ ਲੋਕ, ਨਾਲ ਜੀਵੰਤ ਸੜਕਾਂ ਦੇ ਕਿਨਾਰੇ ਅੱਗੇ ਵਧਾਏ ਰੈਸਟੋਰੈਂਸ, ਕੈਫੇ, ਲਾਲ ਨੀਲੀ ਛੱਤਰੀਆਂ ਦੇ ਹੇਠ ਜੀਵਨ ਦਾ ਲੁਤਫ਼ ਲੈਂਦੇ, ਖਾਂਦੇ-ਪੀਂਦੇ ਲੋਕ।

ਮਾਂ ਮਾਦੇ ਵਿਚ ਅਟਕੀ ਹੋਈ ਹੈ, ਬੇਟੀ ਰੀਨਾ ਦੇ ਕੋਲ। ਰੀਨਾ ਆਰਕੀਟੈਕਟ ਹੈ। ਫਰਾਂਸੀਸੀਆਂ ਵਾਂਗੂੰ ਫਰੈਂਚ ਭਾਸ਼ਾ ਬੋਲਦੀ ਹੈ। ਪੈਰਿਸ ਦੀ ਗਲੀ-ਗਲੀ ਤੋਂ ਵਾਕਿਫ, ਬੇਸ਼ੱਕ ਨਕਸ਼ਿਆਂ ਰਾਹੀਂ ਹੀ ਸਹੀ। ਪਹਿਲਾਂ ਹੀ ਉਸਨੂੰ ਦੱਸ ਦਿੱਤਾ ਸੀ ਕਿ ਰਜ਼ਾ ਸਾਹਿਬ ਦਾ ਇੰਟਰਵਿਊ ਲੈਣਾ ਹੈ ਅਤੇ ਇਸ ਬਾਬਤ ਪਹਿਲਾਂ ਹੀ ਉਹਨਾਂ ਨੂੰ ਪੱਤਰ ਲਿਖ ਚੁੱਕੀ ਹਾਂ। ਚਿੱਤਰਕਲਾ ਅਤੇ ਮੂਰਤੀ ਕਲਾ ਦਾ ਦਾਮਨ-ਚੋਲੀ ਦਾ ਸਾਥ। ਫੋਨ ਉੱਤੇ ਗੱਲਬਾਤ ਨਾਲ ਹੀ ਰਜ਼ਾ ਸਾਹਿਬ ਦੇ ਨਾਲ ਰੀਨਾ ਦੀ ਆਪਸੀ ਨੇੜਤਾ ਬਣ ਚੁੱਕੀ ਸੀ। ਉਹਨਾਂ ਨੇ ਫਰਾਂਸ ਪਹੁੰਚਣ ਦੇ ਦੂਸਰੇ ਦਿਨ ਹੀ ਬੁਲਾ ਲਿਆ।

ਸ਼ਾਮ ਦੇ ਚਾਰ ਵਜੇ ਸਨ। ਮੀਟਰੋ ਤੋਂ ਉੱਤਰ ਪੌੜੀਆਂ ਚੜ੍ਹ ਅਸੀਂ ਰੀਯੂ-ਦਾ-ਸ਼ਾਹੋਂਤ (ਸੜਕ ਦਾ ਨਾਂ) ਉੱਤੇ ਆ ਗਏ ਹਾਂ। ਪੈਦਲ ਤੁਰਦੇ ਗਏ ਕਿ ਰੀਨਾ ਨੇ ਕਿਹਾ, "ਲਓ ਆ ਗਿਆ ਰਜ਼ਾ ਦਾ ਘਰ 'ਸੀਤੇ-ਦਾ-ਕੂੰਆ' ਇਹ ਇੱਕ ਬਹੁਤ ਪੁਰਾਣੀ ਕਾਨਵੈਂਟ ਦੀ ਇਮਾਰਤ ਹੈ।

ਸੜਕ ਅਤੇ ਅੰਦਰ ਵਾਲੀ ਗਲੀ ਦੇ ਮੂੰਹ ਉੱਤੇ ਸਥਿਤ ਇੱਕ ਵਿਸ਼ਾਲ, ਪ੍ਰਾਚੀਨ ਇਮਾਰਤ ਦੇ ਵੱਡੇ ਸਾਰੇ ਪੁਰਾਣੇ ਫਾਟਕ ਉੱਤੇ ਕੋਡ ਦੇ ਅੰਕਾਂ ਨੂੰ ਦਬਾਇਆ ਰੀਨਾ ਨੇ। ਰਜ਼ਾ ਸਾਹਿਬ ਨੇ ਫੋਨ ਉੱਤੇ ਹੀ ਉਸਨੂੰ ਫਾਟਕ ਖੋਲ੍ਹਣ ਦਾ ਕੋਡ ਦੱਸ ਦਿੱਤਾ ਸੀ। ਪੈਰਿਸ ਵਿਚ ਆਮ ਕਰਕੇ ਸਭ ਵੱਡੀਆਂ ਇਮਾਰਤਾਂ ਨੂੰ ਕੋਡ ਰਾਹੀਂ ਖੋਲ੍ਹ ਕੇ ਅੰਦਰ ਜਾਣ ਦਾ ਪ੍ਰਬੰਧ ਹੈ। ਰਜ਼ਾ ਸਾਹਿਬ ਪਹਿਲੀ ਮੰਜ਼ਿਲ ਉੱਤੇ ਰਹਿੰਦੇ ਸਨ। ਪੌੜੀਆਂ ਬੇਹੱਦ ਚੌੜੀਆਂ ਘਸੀਆਂ ਹੋਈਆਂ ਤੇ ਪੁਰਾਣੀਆਂ ਕਲਕੱਤੇ ਦੀਆਂ ਰਾਜ ਦੇ ਵੇਲੇ ਦੀਆਂ ਜਰਜਰੀਆ ਇਮਾਰਤਾਂ ਦੀਆਂ ਪੌੜੀਆਂ ਵਰਗੀਆਂ। ਉਹੀ ਜਿਹਾ ਫਲੈਟ ਦਾ ਦਰਵਾਜ਼ਾ ਲੱਗਿਆ ਜਿਵੇਂ ਕਿਸੇ ਬਹੁਤ ਪੁਰਾਣੇ ਇਤਿਹਾਸਕ ਇਮਾਰਤ ਵਿਚ ਆ ਪਹੁੰਚੇ ਹਾਂ।

ਘੰਟੀ ਵਜਾਈ। ਦਰਵਾਜ਼ਾ ਇੱਕ ਨੌਜਵਾਨ ਨੇ ਖੋਲ੍ਹਿਆ। ਰਜ਼ਾ ਸਾਹਿਬ ਸਾਹਮਣੇ ਹੀ

ਖਲੋਤੇ ਸੀ। ਗਰਮਜੋਸ਼ੀ ਨਾਲ ਮਿਲੇ। ਰੀਨਾ ਨਾਲ ਤਾਂ ਇੰਝ ਜਿਵੇਂ ਪਹਿਲਾਂ ਦੀ ਹੀ ਜਾਣ-ਪਛਾਣ ਹੋਵੇ। (ਫੋਨ ਦੇ ਰਾਹੀਂ ਤਾਂ ਸੀ ਹੀ) ਘਰ ਵਿਚ ਇੱਕ ਵਿਦੇਸ਼ੀ ਔਰਤ ਵੀ ਦਿਸੀ। ਪਿਛੋਂ ਉਹਨਾਂ ਨੇ ਜਾਣ-ਪਛਾਣ ਕਰਾਈ। ਉਹ ਆਸਟਰੇਲੀਅਨ ਯੁਵਤੀ ਉਹਨਾਂ ਦੇ ਚਿੱਤਰਾਂ ਦੇ ਕੇਂਦਰੀ ਵਿਸ਼ੇ ਉੱਤੇ ਖੋਜ ਕਰ ਰਹੀ ਸੀ।

ਡਿਕਟਾਫੋਨ ਕੱਢ ਕੇ ਮੈਂ ਅਜੇ ਮੇਜ਼ ਉੱਤੇ ਰੱਖਿਆ ਹੀ ਸੀ ਕਿ ਦੱਸਣ ਲੱਗੇ,

'ਮੇਰਾ ਜਨਮ ਮੱਧ-ਪ੍ਰਦੇਸ਼ ਦੇ ਇੱਕ ਛੋਟੇ ਜਿਹੇ ਪਿੰਡ ਵਿਚ ਹੋਇਆ। ਮੇਰਾ ਪਿਤਾ ਜੰਗਲਾਤ ਮਹਿਕਮੇ ਵਿਚ ਕੰਮ ਕਰਦੇ ਸਨ। ਮੇਰਾ ਬਚਪਨ ਮੰਡਲਾਂ ਦੇ ਜੰਗਲਾਂ ਵਿਚ ਬੀਤਿਆ। ਆਪਣੇ ਬਚਪਨ ਦਾ ਮੈਨੂੰ ਪੂਰੀ ਤਰ੍ਹਾਂ ਚੇਤਾ ਹੈ। ਫਿਰ ਅਸੀਂ ਦਮੋਹ ਵਿਚ ਰਹੇ । ਹਾਈ ਸਕੂਲ ਦੇ ਇਮਤਿਹਾਨ ਪਿੱਛੋਂ ਮੈਂ ਨਾਗਪੁਰ ਚਲਾ ਗਿਆ। ਉੱਥੇ 'ਨਾਗਪੁਰ ਸਕੂਲ ਆਫ਼ ਆਰਟਸ' ਵਿਚ ਦਾਖਲ ਹੋ ਗਿਆ। 1942 ਵਿਚ ਮੈਂ ਵੀਹ ਸਾਲ ਦਾ ਸੀ। ਬੰਬਈ ਦੇ ਜੇ. ਜੇ. ਸਕੂਲ ਆਫ਼ ਆਰਟਸ ਵਿਚ ਦਾਖਲੇ ਲਈ ਮੈਂ ਬੇਤਾਬ ਸੀ। ਬੰਬਈ ਗਿਆ ਪਰ ਕਈ ਕਾਰਨਾਂ ਕਰਕੇ ਮੇਰਾ ਉਥੇ ਦਾਖਲਾ ਨਾ ਹੋ ਸਕਿਆ। ਪਰ ਉਥੇ ਹੀ 'ਐਕਸਪ੍ਰੈਸ ਬਲਾਕ ਸਟੂਡੀਓ' ਵਿਚ ਮੈਨੂੰ 40 ਰੁਪਏ ਵਿਚ ਡਿਜ਼ਾਇਨਰ ਦੀ ਨੌਕਰੀ ਮਿਲ ਗਈ। ਮੈਂ 10 ਵਜੇ ਤੋਂ ਲੈ ਕੇ 6 ਵਜੇ ਸ਼ਾਮ ਤੱਕ ਲਗਾਤਾਰ ਕੰਮ ਕਰਦਾ, ਕਿਉਂਕਿ ਮੈਂ ਆਪਣੀ ਜੀਵਿਕਾ ਕਮਾਉਣੀ ਸੀ, ਪਿਤਾ ਜੀ ਰਿਟਾਇਰ ਹੋ ਗਏ ਸੀ ਤੇ ਘਰ ਵਿਚ ਮੇਰੇ ਪੰਜ ਭਰਾ ਤੇ ਇੱਕ ਭੈਣ ਸੀ। ਪਿਤਾ ਨੇ ਉਹਨਾਂ ਸਾਰਿਆਂ ਦੀ ਪਾਲਣਾ ਕਰਨੀ ਸੀ। ਨਾਗਪੁਰ ਵਿਚ ਮੇਰੀ ਪੜ੍ਹਾਈ ਦੇ ਸਮੇਂ ਉਹ ਮੇਰੀ ਮਦਦ ਕਰਨ ਲਈ ਉਹ ਰਿਟਾਇਰਮੈਂਟ ਤੋਂ ਪਿੱਛੋਂ ਦੋ ਸਾਲ ਨੌਕਰੀ ਕਰਦੇ ਰਹੇ ਸੀ।

ਅਤੇ ਮੈਨੂੰ ਜੇ. ਜੇ. ਸਕੂਲ ਆਫ਼ ਆਰਟ ਵਿਚ ਦਾਖਲਾ ਮਿਲ ਗਿਆ। ਉੱਥੇ ਕਲਾ ਦੀ ਪੜ੍ਹਾਈ ਦੇ ਦੌਰਾਨ ਸਾਨੂੰ ਇਹ ਜਾਨਣਾ ਹੁੰਦਾ ਸੀ ਕਿ 'ਯੂਰਪੀ ਯਥਾਰਥਵਾਦ' ਕੀ ਸੀ, ਪੁਨਰ ਜਾਗਰਣ ਕੀ ਸੀ? ਆਧੁਨਿਕ ਕਲਾ ਕੀ ਸੀ? ਇੱਕ ਚਿੱਤਰਕਾਰ ਦੇ ਰੂਪ ਵਿਚ ਮੈਂ ਖੋਜ ਕਰ ਰਿਹਾ ਸੀ। ਮੈਂ ਫਰਾਂਸੀਸੀ ਪ੍ਰਭਾਵਵਾਦੀ ਅਤੇ ਜਰਮਨ ਪ੍ਰਗਤੀਵਾਦੀ ਚਿੱਤਰਕਾਰਾਂ ਤੋਂ ਜ਼ਿਆਦਾ ਪ੍ਰਭਾਵਿਤ ਹੋ ਰਿਹਾ ਸੀ। ਇਹਨਾਂ ਦਿਨਾਂ ਵਿਚ ਮੈਂ ਕਈ ਸ਼ਹਿਰਾਂ ਵਿਚ ਰਹਿ ਕੇ ਚਿੱਤਰ ਬਣਾਏ। ਮੈਂ ਬੰਬਈ ਵਿਚ ਰਿਹਾ। ਨਾਸਿਕ, ਇੰਦੌਰ ਤੇ ਰਾਜਸਥਾਨ ਦੇ ਕਈ ਸ਼ਹਿਰਾਂ ਵਿਚ ਰਿਹਾ। 1948 ਵਿਚ ਮੈਂ ਕਸ਼ਮੀਰ ਚਲਾ ਗਿਆ। ਸ੍ਰੀਨਗਰ, ਭਾਰਤ ਅਜੇ ਆਜ਼ਾਦ ਹੋਇਆ ਹੀ ਸੀ ਤੇ ਅਸੀਂ ਨੌਜਵਾਨ ਲੋਕ ਸਮਝਦੇ ਸੀ ਕਿ 'ਅਸੀਂ ਪਹਾੜਾਂ ਨੂੰ ਵੀ ਹਿਲਾ ਸਕਦੇ ਹਾਂ।' ਉਸ ਪੀੜ੍ਹੀ ਦੇ ਚਿੱਤਰਕਾਰ ਅਸੀਂ ਸੋਚਦੇ ਸੀ ਕਿ ਭਾਰਤੀ ਸਮਕਾਲੀ ਕਲਾ ਨੂੰ ਅਸੀਂ ਸਹੀ ਅਰਥਾਂ ਵਿਚ ਭਾਰਤੀਪਨ ਦੇਣਾ ਹੈ, ਨਾ ਕਿ ਯੂਰਪ ਤੋਂ ਪ੍ਰਭਾਵਿਤ ਹੋ ਕੇ ਕੰਮ ਕਰਨਾ ਹੈ।

ਸਾਨੂੰ ਪੱਛਮ ਦਾ ਯਥਾਰਥਵਾਦ ਸੰਤੁਸ਼ਟ ਨਹੀਂ ਕਰ ਰਿਹਾ ਸੀ। ਸੂਜ਼ਾ, ਐਮ. ਐਫ. ਹੁਸੈਨ, ਗਾਏਤੋਂਡੇ, ਬਾਕਰੇ ਤੇ ਮੈਂ, ਅਸੀਂ ਸਭ ਆਪਣੀ-ਆਪਣੀ ਚੇਤਨਾ ਦੇ ਅਨੁਸਾਰ



ਅੱਡ-ਅੱਡ ਤੇ ਨਾਲ ਮਿਲ ਕੇ, ਕੰਮ ਕਰ ਰਹੇ ਸੀ। ਅੰਤ ਅਸੀਂ ਆਪਣਾ ਇੱਕ ਗਰੁੱਪ ਬਣਾਇਆ। "ਪ੍ਰਗਤੀਸ਼ੀਲ ਕਲਾਕਾਰ ਗਰੁੱਪ" ਜਿਸਦਾ ਪ੍ਰਸਿੱਧ ਗਾਂਧੀਵਾਦੀ ਲੇਖਕ, ਮੁਲਕ ਰਾਜ ਆਨੰਦ ਨੇ ਬਕਾਇਦਾ ਐਲਾਨ ਕੀਤਾ। ਉਸ ਮੌਕੇ ਅਸੀਂ ਸਾਰਿਆਂ ਨੇ ਤਸਵੀਰਾਂ ਦੀ ਇੱਕ ਪ੍ਰਦਰਸ਼ਨੀ ਵੀ ਲਾਈ ਸੀ। ਇਹ ਇੱਕ ਬਹੁਤ ਵੱਡੀ ਘਟਨਾ ਸੀ, ਕਿਉਂਕਿ ਅਸੀਂ ਬਰਤਾਨਵੀ-ਪ੍ਰੇਰਿਤ ਯਥਾਰਥਵਾਦੀ ਚਿੱਤਰਕਲਾ ਅਤੇ ਰਵਾਇਤੀ ਸ਼ੈਲੀ ਤੋਂ ਵੱਖ ਹੋ ਕੇ ਕੰਮ ਕਰ ਰਹੇ ਸੀ। ਭਾਰਤੀ ਕਲਾ ਦਾ ਨਵ-ਜਾਗਰਣ ਤਾਂ ਬੰਗਾਲ ਤੋਂ ਸ਼ੁਰੂ ਹੋਇਆ ਸੀ। ਨੰਦ ਲਾਲ ਬੋਸ, ਅਮਿਤ ਕੁਮਾਰ ਹਲਦਰ, ਰਵੀਇੰਦਰ ਨਾਥ ਟੈਗੋਰ, ਅਵਨਿੰਦਰ ਨਾਥ ਟੈਗੋਰ, ਯਾਮਿਨੀ ਰਾਏ ਆਦਿ ਰਾਹੀਂ ਅਸੀਂ ਲੋਕ ਕਲਾ ਜਗਤ ਵਿਚ ਬਹੁਤ ਸਰਗਰਮ ਹੋ ਕੇ ਹਿੱਸਾ ਲੈ ਰਹੇ ਸੀ ਤੇ ਭਾਰਤੀ-ਕਲਾ ਨੂੰ ਇੱਕ ਨਵਾਂ ਰਾਹ ਦੇ ਰਹੇ ਸੀ। ਮੈਂ ਬੜੇ ਫ਼ਖ਼ਰ ਨਾਲ ਕਹਿ ਸਕਦਾ ਹਾਂ ਕਿ ਸਮਕਾਲੀ ਕਲਾ ਉੱਤੇ ਕੋਈ ਐਸੀ ਕਿਤਾਬ ਨਹੀਂ ਹੋਵੇਗੀ, ਜਿਸ ਵਿਚ 1947-48 ਵਿਚ ਬਣੇ 'ਪ੍ਰੋਗਰੈਸਿਵ ਆਰਟਿਸਟ ਗਰੁੱਪ' ਦਾ ਜ਼ਿਕਰ ਨਾ ਹੋਵੇ।

ਸਾਡੇ ਸਾਰਿਆਂ ਵਿਚ ਆਪਣੇ-ਆਪਣੇ ਖੇਤਰ ਵਿਚ ਅੱਗੇ ਵਧਣ ਦਾ ਤੇ ਕੁਝ ਕਰਨ ਦਾ ਜਜ਼ਬਾ ਸੀ। ਸਾਮੰਤ ਅਮਰੀਕਾ ਚਲੇ ਗਿਆ, ਸੂਜ਼ਾ ਨੇ ਲੰਡਨ ਵੱਲ ਮੂੰਹ ਕਰ ਲਿਆ ਤੇ ਮੈਂ ਤਾਂ ਪੈਰਿਸ ਜਾਣ ਦਾ ਪੱਕਾ ਇਰਾਦਾ ਕੀਤਾ ਹੋਇਆ ਸੀ। ਮੇਰੀ ਨਜ਼ਰ ਵਿਚ ਪੱਛਮੀ ਕਲਾ-ਜਗਤ ਵਿਚ ਜੇ ਕਿਤੇ ਕਲਾ ਦਾ ਪ੍ਰਗਟਾਵਾ ਸਭ ਤੋਂ ਵੱਧ ਖਿੱਚ ਪਾਊ ਸੀ ਤਾਂ ਉਹ ਫਰਾਂਸੀਸੀ ਕਲਾ ਹੀ ਸੀ। ਪੈਰਿਸ ਉਹਨੀਂ ਦਿਨੀਂ ਇੱਕ ਮਹੱਤਵਪੂਰਨ 'ਕਲਾ-ਰਾਜਧਾਨੀ' ਸੀ। ਜਿੱਥੇ ਮੈਂ ਆਪਣੇ ਆਪ ਨੂੰ ਹੋਰ ਵਧੇਰੇ ਉੱਚਾ ਬਣਾ ਸਕਦਾ ਸੀ। ਉੱਥੇ ਜਾਣ ਦਾ ਫੈਸਲਾ ਕਰਨ ਦੇ ਨਾਲ-ਨਾਲ ਮੈਂ ਜਾਨ ਮਾਰ ਕੇ ਫਰਾਂਸੀਸੀ ਭਾਸ਼ਾ ਸਿੱਖਣੀ ਸ਼ੁਰੂ ਕਰ ਦਿੱਤੀ। ਕਿਉਂਕਿ ਫਰਾਂਸੀਸੀ ਸਰਕਾਰ ਦੇ ਪ੍ਰਤੀਨਿਧਾਂ ਨੇ ਮੈਨੂੰ ਕਿਹਾ ਸੀ ਕਿ ਜੇ ਆਪ ਨੂੰ ਫਰਾਂਸੀਸੀ ਭਾਸ਼ਾ ਦਾ ਕੰਮ ਚਲਾਊ ਗਿਆਨ ਹੋ ਜਾਵੇ ਤਾਂ ਅਸੀਂ ਆਪ ਨੂੰ ਵਿਦਿਆਰਥੀ ਵਜ਼ੀਫਾ ਦੇ ਕੇ, ਉੱਥੇ ਪੜ੍ਹਨ ਲਈ ਭੇਜ ਸਕਦੇ ਹਾਂ। ਉਹਨਾਂ ਦਿਨਾਂ ਵਿਚ ਦਿੱਲੀ ਵਿਚ 'ਕਲਾਰਡ ਸ਼ੂਨੇ' ਕਲਚਰਲ ਅਟੈਚੀ ਸੀ ਤੇ ਹਾਬਰ ਬੰਬਈ ਵਿਚ ਫਰਾਂਸੀਸੀ ਕੌਂਸਲਰ ਸਨ। ਦੋਵਾਂ ਨੂੰ ਮੇਰੀ ਪੇਂਟਿੰਗ ਪਸੰਦ ਸੀ ਤੇ ਉਹਨਾਂ ਕੋਲ ਮੇਰੀ ਪੇਂਟਿੰਗ ਵੀ ਸੀ। ਮੈਂ ਦੋ ਸਾਲਾਂ ਤੀਕ ਫਰਾਂਸੀਸੀ ਭਾਸ਼ਾ ਸਿੱਖੀ। ਮੇਰੀ ਵਿਧੀ ਅਨੁਸਾਰ ਪ੍ਰੀਖਿਆ ਲਈ ਗਈ 50-60 ਉਮੀਦਵਾਰਾਂ ਵਿਚੋਂ ਇੱਕ ਮੈਂ ਹੀ ਸੀ ਜੋ ਫਰੈਂਚ ਬੋਲ ਵੀ ਸਕਦਾ ਸੀ। ਨਤੀਜੇ ਵਜੋਂ ਮੈਨੂੰ ਇੱਕ ਦੀ ਥਾਂ ਦੋ ਸਾਲ ਤੀਕ ਪੈਰਿਸ ਵਿਚ ਰਹਿ ਕੇ 'ਏਕੋਲ ਨਾ ਸੀਓ ਨਾਲ-ਦੇ-ਬੋਜ਼ਾਈ (ਕਲਾ-ਕਾਲਜ) ਵਿਚ ਪੜ੍ਹਨ ਲਈ ਵਜ਼ੀਫਾ ਮਿਲ ਗਿਆ।

ਮੈਂ ਸਮੁੰਦਰੀ ਜਹਾਜ਼ ਵਿਚ ਸਵਾਰ ਹੋ ਕੇ ਪੈਰਿਸ ਲਈ ਕੂਚ ਕੀਤਾ, ਕਿਉਂਕਿ ਹਵਾਈ ਟਿਕਟ ਲੈਣ ਲਈ ਮੇਰੇ ਕੋਲ ਪੈਸੇ ਨਹੀਂ ਸੀ। ਜਹਾਜ਼ ਮਾਰਸੇਈ ਵਿਚ ਰੁਕਿਆ ਤੇ ਉਥੋਂ ਮੈਂ ਪੈਰਿਸ ਆ ਗਿਆ ਤੇ ਆਪਣਾ ਦਾਖਲਾ 'ਏਕੋਲ ਨਾ ਸਿਓ ਨਾਲ-ਦੇ- ਬੀਜ਼ਾਈ' ਵਿਚ ਲੈ

ਲਿਆ। ਇਹ ਅਨੁਭਵ ਬਿਆਨ ਨਹੀਂ ਕੀਤਾ ਜਾ ਸਕਦਾ। ਮੋਪਾਰਨਾਸ ਵਿਚ ਮੇਰਾ ਪਹਿਲਾ ਦਿਨ। ਬੁਲਵਾਈ ਮੋਪਾਰਨਾਸ ਤੇ ਬੁਲਵਾਈ ਰਾਸ ਪਾਈਮਾਲ ਦੇ ਸੰਗਮ ਉੱਤੇ ਸਥਾਪਿਤ ਰੋਡਾਂ ਦੀ ਬਣਾਈ ਬਾਲਜ਼ਾਕ ਦੀ ਪ੍ਰਤਿਮਾ ਦੇ ਸਾਹਮਣੇ ਖਲੋਤਾ ਹੈ। ਬਹੁਤ ਚੰਗਾ ਲੱਗ ਰਿਹਾ ਸੀ। ਗਲੀ ਵਿਚ ਇੱਕ ਪੋਸਟਰ ਲੱਗਿਆ ਹੋਇਆ ਸੀ, 'ਕੋਲਾਜ-ਦ-ਮਾਤੀਸ' ਪ੍ਰਦਰਸ਼ਨੀ ਦੇ ਬਾਰੇ ਵਿਚ। ਪੈਰਿਸ ਵਿਚ ਉਹ ਪਹਿਲੀ ਪ੍ਰਦਰਸ਼ਨੀ ਸੀ ਜੋ ਮੈਂ ਅਕਬਰ ਪਦਮਸ ਤੇ ਪ੍ਰੀਤੋਸ਼ ਸੇਨ ਨਾਲ ਵੇਖੀ। ਅਗਲੇ ਦਿਨ ਅਸੀਂ ਇੱਕ ਹੋਰ ਪ੍ਰਦਰਸ਼ਨੀ ਵੇਖਣ ਗਏ। ਜਿੱਥੇ ਅਸੀਂ ਵਾਨ ਗਾਗ, ਸੇਜ਼ਾਨ ਅਤੇ ਕਈ ਫਰੈਂਚ ਕਲਾਕਾਰਾਂ ਦੀਆਂ ਕਲਾ-ਕਿਰਤਾਂ ਵੇਖੀਆਂ।

ਮੈਨੂੰ ਪਹਿਲੀ ਨਜ਼ਰ ਤੋਂ ਹੀ ਪੈਰਿਸ ਨਾਲ ਪਿਆਰ ਹੋ ਗਿਆ। ਇੰਝ ਹੀ ਹੁੰਦਾ ਹੈ ਜਾਂ ਤੇ ਤੁਸੀਂ ਪਹਿਲਾਂ ਹੀ ਨਜ਼ਰ ਨਾਲ ਕਿਸੇ ਥਾਂ, ਕਿਸੇ ਵਿਅਕਤੀ ਨੂੰ ਚਾਹੁੰਦੇ ਹੋ ਜਾਂ ਨਹੀਂ ਚਾਹੁੰਦੇ। ਜੇ ਚਾਹੁੰਦੇ ਹੋ ਤਾਂ ਤਹਿ ਦਿਲ ਤੋਂ ਚਾਹੁੰਦੇ ਹੋ। ਮੈਂ ਇਥੇ ਬਹੁਤ ਖੁਸ਼ ਸੀ। ਮੈਂ ਦੋ ਸਾਲਾਂ ਤੀਕ ਏਕੋਲ-ਦੇ- ਬੋਜਾਈ ਵਿਚ ਪੜ੍ਹਾਈ ਕੀਤੀ ਤੇ ਉਸ ਤੋਂ ਪਿੱਛੋਂ 'ਏਕੋਲ-ਦਾ-ਪਾਰਿਸ' ਵਿਚ। ਇਹ ਮੇਰਾ ਜੀਵਨ ਦਾ ਸੁੱਖ ਸੀ। ਕਲਾ ਵੀ ਮੇਰੀ ਸੰਪੂਰਨ ਸਿੱਖਿਆ ਤੇ ਮੇਰੇ ਜੀਵਨ ਦਾ ਇਤਿਹਾਸ।

1959 ਵਿਚ ਮੈਂ ਇੱਕ ਫਰਾਂਸੀਸੀ ਚਿੱਤਰਕਾਰ ਜ਼ਿਆਨੀਨ ਮੋਜਈਲਾ ਨਾਲ ਸ਼ਾਦੀ ਕਰ ਲਈ। ਸਾਡਾ 42 ਸਾਲ ਦਾ ਵਿਆਹਕ ਜੀਵਨ ਬੇਹੱਦ ਖੁਸ਼ਗਵਾਰ ਰਿਹਾ, ਪਰ ਅਫ਼ਸੋਸ ਬੜੀ ਸੇਵਾ ਸੰਭਾਲ ਤੇ ਦੇਖਭਾਲ ਦੇ ਬਾਵਜੂਦ, ਇੱਕ ਲੰਬੀ ਬੀਮਾਰੀ ਤੋਂ ਪਿੱਛੋਂ ਉਹ 2002 ਵਿਚ ਚੱਲ ਵਸੀ। ਹੁਣ ਮੈਂ ਇਕੱਲਾ ਹਾਂ ਜਾਂ ਮੇਰਾ ਕੰਮ।

ਪਿਛਲਾ ਸਾਲ ਬਹੁਤ ਚੰਗਾ ਰਿਹਾ। ਕਈ ਥਾਈਂ ਮੇਰੀਆਂ ਕਲਾ-ਕ੍ਰਿਤਾਂ ਦੀਆਂ ਨੁਮਾਇਸ਼ਾਂ ਲੱਗੀਆਂ। ਅਗਲੇ ਸਾਲ ਮੇਰੀਆਂ ਪ੍ਰਦਰਸ਼ਨੀਆਂ ਲੰਡਨ, ਨਿਊਯਾਰਕ ਤੇ ਦਿੱਲੀ ਵਿਚ ਲੱਗਣ ਵਾਲੀਆਂ ਹਨ। ਜਿਵੇਂ ਕਿ ਤੂੰ ਜਾਣਦੀ ਹੈ ਚਿੱਤਰਕਾਰੀ ਦੇ ਪੈਸੇ ਪਿੱਛੇ ਪਾਗਲ ਭੀੜ ਲੱਗੀ ਹੈ, ਪਰ ਮੈਂ ਪੈਸੇ ਦੇ ਪਿੱਛੇ ਨਹੀਂ ਭੱਜਦਾ। ਆਰਥਿਕ ਤਰੱਕੀ ਤੋਂ ਮੈਂ ਨਿਰਲੇਪ ਨਹੀਂ ਹਾਂ, ਪਰ ਮੈਂ ਸਮਝਦਾ ਹਾਂ ਕਿ ਮਹੱਤਤਾ ਕਲਾ ਦੇ ਹਿੱਤਾਂ ਨੂੰ ਮਿਲਣੀ ਚਾਹੀਦੀ। ਇਹ ਉਸੇ ਤਰ੍ਹਾਂ ਹੈ, ਜਿਵੇਂ ਕਿ ਆਪ ਕਿਸੇ ਇਸਤਰੀ ਜਾਂ ਪੁਰਸ਼ ਨੂੰ ਮਿਲਦੇ ਹੋ ਤਾਂ ਤੁਹਾਨੂੰ ਪਤਾ ਲੱਗ ਜਾਂਦਾ ਹੈ ਕਿ ਤੁਸੀਂ ਉਸਨੂੰ ਪਸੰਦ ਕਰਦੇ ਹੋ ਜਾਂ ਨਹੀਂ। ਜੇ ਕਰਦੇ ਹੋ ਤਾਂ ਉਸਦੇ ਰੁਪਏ, ਪੈਸੇ, ਧੰਨ-ਦੌਲਤ ਤੇ ਸੁੱਖ-ਆਰਾਮ ਕਾਰਨ ਨਹੀਂ ਸਗੋਂ ਉਸਦੇ ਪੂਰੇ-ਸੂਰੇ ਵਿਅਕਤਿਤਵ ਕਾਰਨ। ਉਸੇ ਤਰ੍ਹਾਂ ਮੈਂ ਆਪਣੇ ਮਿੱਤਰ ਤੇ ਕਲਾ-ਪ੍ਰੇਮੀਆਂ ਨੂੰ ਆਖਦਾ ਹਾਂ ਕਿ ਆਪ ਆਪਣੇ ਨੂੰ ਦਿਲ ਨੂੰ ਟਟੋਲੇ ਕਿ ਫਲਾਣੀ ਪੇਟਿੰਗ ਤੁਹਾਨੂੰ ਚੰਗੀ ਲੱਗੀ ਹੈ ਜਾਂ ਨਹੀਂ। ਸਿਰਫ਼ ਉਸਦੀ ਕੀਮਤ ਵੇਖ ਕੇ ਹੀ ਉਸਨੂੰ ਨਾ ਖਰੀਦੋ। ਤੁਸਾਂ ਉਸ ਪੇਂਟਿੰਗ ਨਾਲ ਜੀਵਨ ਭਰ ਰਹਿਣਾ ਹੈ, ਇਹ ਨਹੀਂ ਕਿ ਪੈਸਾ ਲਗਾਉਣ ਲਈ ਖਰੀਦ ਲਵੋ ਤੇ ਪਿੱਛੋਂ ਵੇਚ ਕੇ ਪੈਸਾ ਕਮਾਓ।

? : **ਪਰ ਜਿਵੇਂ ਕਿ ਆਪ ਨੇ ਖ਼ੁਦ ਹੀ ਆਖਿਆ ਹੈ, ਕਿ 'ਕਲਾ-ਜਗਤ' ਵਿਚ ਪੈਸੇ ਦਾ ਉਛਾਲ ਆਇਆ ਹੋਇਆ ਹੈ। ਬਹੁਤ ਸਾਰੇ ਚਿੱਤਰਕਾਰ ਤਾਂ ਪੈਸੇ ਲਈ ਹੀ ਧੜਾ-ਧੜ ਪੇਂਟ ਕਰ ਰਹੇ ਹਨ?**

– : ਹਾਂ, ਇਹ ਬੜੇ ਦੁੱਖ ਦੀ ਗੱਲ ਹੈ। ਮੈਨੂੰ ਇਸ ਬਾਰੇ ਅਫਸੋਸ ਹੈ। ਪਰ ਮੈਂ ਆਪਨੂੰ ਦੱਸਦਾ ਹਾਂ ਕਿ ਮੈਂ ਇਸ ਸਭ ਕੁਝ ਤੋਂ ਨਿਰਲੇਪ ਹਾਂ। ਮੈਂ ਗੈਲਰੀ ਵਾਲੇ ਤੇ ਪ੍ਰਬੰਧਕਾਂ ਨੂੰ ਦੱਸਦਾ ਹਾਂ ਕਿ ਮੈਨੂੰ ਪੈਸੇ ਦੀ ਇੱਛਾ ਨਹੀਂ ਹੈ। ਪੇਂਟਿੰਗ ਦੇ ਮੁੱਲ ਬਾਰੇ ਤਰਕ ਸੰਗਤ ਰਹਿਣਾ ਚਾਹੀਦਾ ਹੈ। ਪੈਸੇ ਦੇ ਪਿੱਛੇ ਭੱਜਣ ਦਾ ਇਹ ਪਾਗਲਪੁਣਾ ਸੱਚਮੁੱਚ ਬਹੁਤ ਬੁਰਾ ਹੈ। ਜੋ ਕਲਾਕਾਰ ਇਹ ਕਹਿ ਰਹੇ ਹਨ ਕਿ ਦਰਮਿਆਨੇ ਦਰਜ਼ੇ ਦੀ ਮਾਨਸਿਕਤਾ ਦੇ ਮਾਲਕ ਪੇਂਟਰ ਹਨ ਤੇ ਉਹਨਾਂ ਨੇ ਕਲਾ ਦੀ ਅਸਲੀ ਕੀਮਤ ਦੀ ਰਾਹ ਗਵਾ ਲਈ ਹੈ। ਮੈਨੂੰ ਪੈਰਿਸ ਵਿਚ 1956 ਵਿਚ ਦਾ ਪ੍ਰਸਿੱਧ ਪੁਰਸਕਾਰ 'ਫਰੀ-ਦਾ-ਲਾ ਨਿਰਟੀਕ' ਮਿਲ ਚੁੱਕਿਆ ਹੈ। ਉਸਦੇ ਨਾਲ ਹੀ ਮੈਂ ਰਾਤੋ-ਰਾਤ ਪ੍ਰਸਿੱਧ ਹੋ ਗਿਆ ਹਾਂ। 'ਲਾ ਮਾਂਦ ਫਿਗਾਰੋ' ਇਨਫਰਮੇਸ਼ਨ ਸਭ ਅਖ਼ਬਾਰਾਂ ਨੇ ਮੇਰੇ ਬਾਰੇ ਲਿਖਿਆ ਪੈਰਿਸ ਵਿਚ ਹੀ ਨਹੀਂ ਲੰਡਨ, ਅਮਰੀਕਾ, ਜਰਮਨੀ, ਹਾਲੈਂਡ – ਸਭਨਾਂ ਦੀ ਪ੍ਰੈਸ ਨੇ ਉਹਨੀਂ ਦਿਨੀਂ ਮੇਰੇ ਬਾਰੇ ਛਾਪਿਆ। ਪੈਰਿਸ ਵਿਚ ਰਹਿ ਕੇ, ਛੇ ਸਾਲਾਂ ਤੱਕ ਮੈਂ ਬੜੀ ਮਿਹਨਤ ਕੀਤੀ। ਤਦ ਜਾ ਕੇ ਮੈਨੂੰ ਇਹ ਪੁਰਸਕਾਰ ਮਿਲਿਆ। ਸੋ, ਮਤਲਬ ਕੰਮ ਕਰਨ ਤੋਂ ਹੈ, ਪੈਸੇ ਕਮਾਉਣ ਤੋਂ ਨਹੀਂ। ਤੁਹਾਨੂੰ ਪਤਾ ਹੈ, ਵਿੰਨਸੈਂਟ ਵਾਨ ਗਾਗ ਨੇ ਆਪਣੇ ਜੀਵਨ ਵਿਚ ਸਿਰਫ਼ ਆਪਣੀ ਇੱਕ ਹੀ ਪੇਂਟਿੰਗ ਵੇਚੀ ਸੀ। ਉਸਦਾ ਭਰਾ ਥੀਓ ਤੇ ਗੋਗਾ ਅਰਥਾਤ ਕੁਝ ਹੋਰ ਫਰੈਂਚ ਚਿੱਤਰਕਾਰ ਉਸਦੀ ਮਦਦ ਕਰਦੇ ਸੀ। ਮੈਨੂੰ ਇਹਨਾਂ ਨੌਜਵਾਨ ਚਿੱਤਰਕਾਰਾਂ ਨੂੰ ਵੇਖ ਕੇ ਬੜਾ ਦੁੱਖ ਲੱਗਦਾ ਹੈ ਕਿ ਉਹ ਇੱਕ ਤੋਂ ਬਾਅਦ ਇੱਕ ਪੇਂਟਿੰਗ ਬਣਾਉਂਦੇ ਹਨ, ਕਿਉਂਕਿ ਉਹ ਆਸਾਨੀ ਨਾਲ ਉਸਨੂੰ ਵੇਚ ਲੈਂਦੇ ਹਨ, ਜਦਕਿ ਉਹਨਾਂ ਨੂੰ ਆਪਣੇ ਕੰਮ ਵਿਚ ਗੁਣਵੰਤਤਾ ਲਿਆਉਣ ਲਈ ਹੋਰ ਮਿਹਨਤ ਕਰਨੀ ਚਾਹੀਦੀ ਹੈ।

ਫਰੀਹ-ਦਾ-ਲਾ ਕਿਰਟੀਕ ਪੁਰਸਕਾਰ ਪਾਉਣ ਵਾਲਾ ਮੈਂ ਪਹਿਲਾਂ ਵਿਦੇਸ਼ੀ ਸੀ। ਉਸਤੋਂ ਪਹਿਲਾਂ ਕਿਸੇ ਵੀ ਵਿਦੇਸ਼ੀ ਨੂੰ ਫਰਾਂਸ ਦਾ ਇਹ ਪ੍ਰਤਿਸ਼ਟ ਪੁਰਸਕਾਰ ਨਹੀਂ ਮਿਲਿਆ ਸੀ। ਚੌਦਾਂ ਕਲਾ ਮਾਹਰਾਂ ਨੇ ਮੇਰੀਆਂ ਕਲਾ-ਕਿਰਤਾਂ ਨੂੰ ਜਾਂਚਿਆ – ਪਰਖਿਆ ਸੀ ਤਾਂ ਜਾ ਕੇ ਇਹ ਤੈਅ ਕੀਤਾ ਕਿ ਇਹ ਮੈਨੂੰ ਮਿਲੇ। ਤੇ ਕਲਾ ਦੀ ਦੁਨੀਆਂ ਵਿਚ ਨਾਂ ਕਮਾਉਣ ਲਈ ਬੜੀ ਮਿਹਨਤ ਦੀ ਜ਼ਰੂਰਤ ਹੈ।

ਮੈਂ ਪਿਛਲੇ ਵੀਹ ਸਾਲਾਂ ਤੋਂ ਚੁੱਪ-ਚਾਪ ਕੰਮ ਕਰ ਰਿਹਾ ਹਾਂ ਤੇ ਆਪਣੀਆਂ ਕਲਾ ਕਿਰਤਾਂ ਨੂੰ ਢੁੱਕਵੇਂ ਮੁੱਲ ਉੱਤੇ ਵੇਚ ਰਿਹਾ ਹਾਂ। ਮੈਂ ਅੱਜਕੱਲ ਇਕਾਂਤ ਵਿਚ ਕੰਮ ਕਰਦਾ ਹਾਂ ਤੇ ਬਹੁਤ ਜ਼ਿਆਦਾ ਲੋਕਾਂ ਨੂੰ ਨਹੀਂ ਮਿਲਦਾ।

? : **ਤੁਸੀਂ ਐਮ. ਐਫ. ਹੁਸੈਨ ਦੁਆਰਾ ਆਪਣੇ ਚਿੱਤਰਾਂ ਬਾਰੇ ਪੈਦਾ ਕੀਤੇ ਵਿਵਾਦਾਂ ਬਾਰੇ ਕੀ**

**ਆਖੋਗੇ? ਕੀ ਤੁਸੀਂ ਵੀ ਆਪਣੇ ਜੀਵਨ ਵਿਚ ਕਦੇ ਆਪਣੇ ਚਿੱਤਰਾਂ ਦੁਆਰਾ ਕੋਈ ਵਾਦ-ਵਿਵਾਦ ਪੈਦਾ ਕੀਤਾ?**

– : ਮੈਂ ਅਲੰਕਾਰਕ ਚਿੱਤਰ ਨਹੀਂ ਬਣਾਉਂਦਾ। ਉਂਝ ਵੀ ਮੈਂ ਸਰਬਜਨਕ ਪ੍ਰਕਾਰ ਦੇ ਵਾਦ-ਵਿਵਾਦਾਂ ਵਿਚ ਪੈਣਾ ਪਸੰਦ ਨਹੀਂ ਕਰਦਾ। ਮੈਂ ਇਸ ਤੋਂ ਦੂਰ ਹੀ ਰਹਿਣਾ ਚਾਹੁੰਦਾ ਹਾਂ। ਮੈਨੂੰ ਹੁਸੈਨ ਨੂੰ ਲੈ ਕੇ ਚੱਲੇ ਵਿਵਾਦਾਂ ਨੂੰ ਸੁਣਕੇ ਦੁੱਖ ਲੱਗਦਾ ਹੈ। ਉਹ ਇੱਕ ਵੱਡਾ ਪੇਂਟਰ ਹੈ। ਉਸ ਉੱਤੇ ਇਸ ਤਰ੍ਹਾਂ ਦੀਆਂ ਤੋਹਮਤਾਂ ਨਹੀਂ ਲੱਗਣੀਆਂ ਚਾਹੀਦੀਆਂ। ਪਰ ਬਾਤ ਇਹ ਹੈ ਕਿ ਹਰ ਕਲਾਕਾਰ ਆਪਣੀ-ਆਪਣੀ ਤਰ੍ਹਾਂ ਨਾਲ ਕੰਮ ਕਰਦਾ ਹੈ। ਹੁਸੈਨ ਆਪਣੇ ਨਾਲ, ਸੂਜਾ ਆਪਣੀ ਤਰ੍ਹਾਂ ਨਾਲ ਤੇ ਗਾਏ ਤੌਂਡੇ ਆਪਣੇ ਮੁਤਾਬਿਕ। ਮੈਂ ਆਪਣਾ ਜੀਵਨ ਆਪਣੀ ਤਰ੍ਹਾਂ ਨਾਲ ਜੀ ਰਿਹਾ ਹਾਂ ਅਤੇ ਕਿਉਂਕਿ ਮੇਰਾ ਕੰਮ ਘੱਟ ਸਰੀਰਕ ਹਾਵ-ਭਾਵ ਹੈ। ਐਬਸਟਰੈਕਟ (ਅਮੂਰਤ) ਹੈ ਤੇ ਭਾਰਤੀ ਸੰਸਕ੍ਰਿਤੀ ਉੱਤੇ ਅਧਾਰਿਤ ਹੈ, ਇਸ ਲਈ ਸਾਡੇ ਵਿਚ ਵਿਵਾਦਾਂ ਦੀ ਘੱਟ ਸੰਭਾਵਨਾ ਹੈ। ਮੈਂ ਕਿਸੇ ਨੂੰ ਵੀ ਤਕਲੀਫ ਨਹੀਂ ਪਹੁੰਚਾਉਂਦਾ।

? : **ਆਪ ਪੈਰਿਸ ਵਿਚ ਰਹਿੰਦੇ ਹੋਏ ਵੀ ਭਾਰਤ ਨਾਲ ਐਨੀ ਨੇੜਤਾ ਤੇ ਇਕਮਿਕਤਾ ਨਾਲ ਕਿਵੇਂ ਜੁੜੇ ਰਹਿ ਸਕੇ ਹੋ?**

– : ਵੈੱਲ! ਮੈਂ ਇੱਕ ਭਾਰਤੀ ਨਾਗਰਿਕ ਹਾਂ। ਭਾਰਤ ਵਿਚ ਜੰਮਿਆ, ਹਿੰਦੀ ਮੇਰੀ ਭਾਸ਼ਾ ਹੈ। ਮੈਂ ਇੱਥੇ ਰਹਿ ਕੇ ਵੀ ਆਪਣੇ ਦੇਸ਼ ਨਾਲ ਜੀਵੰਤ ਰਿਸ਼ਤਾ ਬਣਾਈ ਰੱਖਿਆ ਹੈ। ਇਥੇ ਆ ਕੇ ਤਾਂ ਮੈਂ ਹੋਰ ਵੀ ਭਾਰਤੀ ਬਣ ਗਿਆ ਹਾਂ। ਹਰ ਸਾਲ ਭਾਰਤ ਜਾਂਦਾ ਹਾਂ। ਮੇਰੀ ਪਾਸਪੋਰਟ ਭਾਰਤੀ ਹੈ। ਮੈਂ ਆਪਣੀ ਭਾਰਤੀ ਨਾਗਰਿਕਤਾ ਕਾਇਮ ਰੱਖੀ ਹੈ। ਮੈਨੂੰ ਸੰਸਕ੍ਰਿਤ ਦੇ ਸ਼ਲੋਕ ਕੰਠ ਹਨ। ਮੈਂ ਲੋਕਾਂ ਨਾਲ ਹਿੰਦੀ ਵਿਚ ਗੱਲ ਕਰਦਾ ਹਾਂ। ਮੈਂ ਹੁਣ ਵੀ ਆਪਣੇ ਪ੍ਰਾਇਮਰੀ ਸਕੂਲ ਦੇ ਪੜਾਕੂਆਂ ਨੂੰ ਯਾਦ ਕਰਦਾ ਹਾਂ। ਨੰਦ ਲਾਲ ਆਰੀਆ, ਬੇਨੀ ਪ੍ਰਸ਼ਾਦ ਜੀ, ਭੋਲੇ ਸ਼ੰਕਰ ਜੀ। ਭਾਰਤ ਮੇਰੇ ਲਹੂ ਵਿਚ ਹੈ, ਮੇਰੇ ਪੂਰੇ ਸਿਸਟਮ ਵਿਚ ਹੈ। ਮੈਂ ਉਸਨੂੰ ਭੁੱਲ ਨਹੀਂ ਸਕਦਾ। ਇਹ ਇੱਕਦਮ ਸੁਭਾਵਿਕ ਹੈ। ਲੰਘੇ ਫਰਵਰੀ ਮਹੀਨੇ ਵਿਚ ਮੈਂ ਮੰਡਲਾ ਤੇ ਦਮੋਹ  ਗਿਆ। ਉਹਨਾਂ ਥਾਵਾਂ ਨੂੰ ਦੇਖਿਆ, ਜਿੱਥੇ ਮੇਰਾ ਬਚਪਨ ਬੀਤਿਆ ਸੀ। ਮੈਂ ਆਪਣੇ ਉਸ ਸਕੂਲ ਵਿਚ ਗਿਆ, ਜਿੱਥੇ ਬਚਪਨ ਵਿਚ ਮੈਂ ਆਪਣੀ ਪੜ੍ਹਾਈ ਕੀਤੀ ਸੀ। ਮੈਂ ਐਨਾ ਭਾਵੁਕ ਹੋ ਗਿਆ ਕਿ ਉੱਥੇ ਹੀ ਸੜਕ ਉੱਤੇ ਬੈਠ, ਫਾਟਕ ਦੇ ਸਾਹਮਣੇ ਝੁਕ ਗਿਆ। ਮੈਂ ਉੱਥੇ ਨਮਸਕਾਰ ਕੀਤੀ। ਉਸ ਧਰਤੀ ਨੂੰ ਚੁੰਮਿਆ। ਮੈਂ ਇਹ ਸਭ ਕੁਝ ਆਪਣੇ ਲਈ ਕੀਤਾ। ਇਹ ਕਰਜ਼ ਉਤਾਰਨ ਦਾ ਯਤਨ ਸੀ, ਇਹੀ ਹਿੰਦੂ ਵਿਧੀ ਹੈ। ਔਰਤਾਂ ਮੇਰੇ ਲਈ ਦੇਵੀਆਂ ਦੇ ਬਰਾਬਰ ਹਨ। ਮੈਂ ਉਹਨਾਂ ਦਾ ਨਿਰਾਦਰ ਨਹੀਂ ਕਰਦਾ। ਮੈਂ ਔਰਤਾਂ ਵਿਚ ਸਤੀ ਦਾ ਰੂਪ ਵੇਖਣ ਦੇ ਸਖ਼ਤ ਖਿਲਾਫ਼ ਹਾਂ। ਮੈਂ ਨਹੀਂ ਚਾਹੁੰਦਾ ਕਿ ਉਹਨਾਂ ਨੂੰ ਸਿਰਫ਼



ਬੱਚਿਆਂ ਦੀ ਦੇਖਭਾਲ ਤੇ ਪਤੀ ਦੀ ਸੇਵਾ ਕਰਨ ਵਾਲੀ ਹੀ ਸਮਝਿਆ ਜਾਵੇ। ਮੈਂ ਸਮਝਦਾ ਹਾਂ ਕਿ ਇਸਤਰੀ ਬਿਨਾਂ ਪੁਰਸ਼ ਕੁਝ ਵੀ ਨਹੀਂ ਕਰ ਸਕਦਾ।

ਸੰਤ ਗਿਆਨੇਸ਼ਵਰ ਦੀ ਭੈਣ ਮੁਕਤੀ ਬਾਈ ਲਿਖਦੀ ਹੈ, "ਮੂੰਗੀ ਉੜਾਲੀ ਆਕਾਸ਼ੀ, ਤੂਨੇ ਘੇਰਾਲੀ ਸੂਰੇਯਾਸ਼ੀ" ਅਰਥਾਤ ਇੱਕ ਚਿੜੀ ਆਕਾਸ਼ ਵਿਚ ਉੱਡਦੀ ਹੈ ਤੇ ਸੂਰਜ ਨੂੰ ਨਿਗਲ ਜਾਂਦੀ ਹੈ। ਸਾਡੇ ਦੇਸ਼ ਦੀ ਕਿਆ ਮਾਣਯੋਗ ਸੱਭਿਅਤਾ ਹੈ। ਇਸ ਤਰ੍ਹਾਂ ਦੀ ਕਲਪਨਾ ਕਰਨਾ ਹੀ ਵਿਅਕਤੀ ਨੂੰ ਅਮਰ ਬਣਾਉਣ ਦਾ ਯਤਨ ਹੈ। ਤੇ ਮੇਰੇ ਪਿਆਰੇ ਮਿੱਤਰੋ, ਸੰਨ 75-80 ਤੋਂ ਮੇਰਾ ਯਤਨ ਰਿਹਾ ਹੈ ਕਿ ਮੈਂ ਆਪਣੀਆਂ ਕਲਾ-ਕਿਰਤਾਂ ਵਿਚ ਭਾਰਤੀ ਪ੍ਰਤੀਕਾਂ, ਭਾਰਤੀ ਦਰਸ਼ਨ, ਭਾਰਤੀ ਚਿੰਤਨ ਨੂੰ ਉਤਾਰਾਂ ਤੇ ਮੈਂ ਇਹੀ ਕਰਦਾ ਰਿਹਾ ਹਾਂ। ਇਸੇ ਲਈ ਉਸ ਵਿਚ ਬਿੰਦੂ ਹੈ, ਕੁੰਡਲਿਨੀ ਹੈ, ਪ੍ਰਕਿਰਤੀ ਹੈ।

? : **ਤੁਸੀਂ ਫਰਾਂਸ ਵਿਚ ਕੰਮ ਕਰ ਰਹੇ ਸਮਕਾਲੀ ਭਾਰੀਤ ਮੂਲ ਦੇ ਚਿੱਤਰਕਾਰਾਂ ਬਾਰੇ ਕੀ ਸੋਚਦੇ ਹੋ?**

– : ਹਾਂ, ਪੈਰਿਸ ਵਿਚ ਸੱਚਮੁੱਚ ਹੀ ਬਹੁਤ ਚੰਗੇ ਭਾਰਤੀ ਮੂਲ ਦੇ ਪੇਂਟਰ ਕੰਮ ਕਰ ਰਹੇ ਹਨ। ਵਿਸ਼ਵਰਧਨ ਬਹੁਤ ਵਧੀਆ ਹਨ। ਫਸਟ ਕਲਾਸ। ਰਾਜਿੰਦਰ ਧਵਨ ਹਨ, ਜੋ ਬਹੁਤ ਸਿੱਕੇ ਬੰਦ ਅਤੇ ਮਹੱਤਵਪੂਰਨ ਕਲਾਕਾਰ ਹਨ। ਇੱਥੇ ਸੁਜਾਤਾ ਬਜਾਜ ਹਨ ਜੋ 10 ਸਾਲ ਪਹਿਲਾਂ ਫਰਾਂਸ ਆਈ ਸੀ। ਸਤੀਸ਼ ਪਾਚਾਲ ਹਨ, ਜੋ ਬਹੁਤ ਦਿਲਚਸਪ ਕੰਮ ਕਰ ਰਹੇ ਹਨ। ਮੈਂ ਕੇਵਲ ਉਹਨਾਂ ਵਿਚ ਹੀ ਰੁਚੀ ਰੱਖਦਾ ਹਾਂ। ਜਿਹਨਾਂ ਦਾ ਕਲਾ-ਜਗਤ ਨੂੰ ਕੋਈ ਨਿੱਜੀ ਅਵਦਾਨ ਹੈ, ਤੇ ਜਿਹਨਾਂ ਦੀ ਆਪਣੀ ਹੀ ਸ਼ੈਲੀ ਹੈ, ਸੁਭਾਅ ਹੈ। ਇਹ ਨਾ ਭੁੱਲੋ ਕਿ ਭਾਰਤ ਵਿਚ ਵੀ ਇਸੇ ਤਰ੍ਹਾਂ ਕੁਝ ਪੇਂਟਰ ਚੰਗਾ ਕੰਮ ਕਰ ਰਹੇ ਹਨ। ਅਸੀਂ ਹੁਸੈਨ ਦੀਆਂ ਪੇਂਟਿੰਗਜ਼ ਦੇ ਮਹੱਤਵ ਨੂੰ ਵੀ ਨਕਾਰ ਨਹੀਂ ਸਕਦੇ। ਇਸਦੇ ਬਾਵਜੂਦ ਉਸਦੀਆਂ ਕਮਜ਼ੋਰੀਆਂ ਦੇ। ਕਦੇ-ਕਦੇ ਉਹ ਇੱਕ ਦੇ ਬਾਅਦ ਇੱਕ ਪੇਂਟਿੰਗ ਬਣਾਈ ਚਲੇ ਜਾਂਦੇ ਹਨ। ਪਰ ਉਹਨਾਂ ਨੇ ਕਈ ਬੜੇ ਮਹੱਤਵਪੂਰਨ ਕੰਮ ਕੀਤੇ ਹਨ। ਉਸਨੂੰ ਸਮਕਾਲੀ ਭਾਰਤੀ ਚਿਤਰਕਲਾ ਦੇ ਇਤਿਹਾਸ ਵਿਚੋਂ ਕੱਢਿਆ ਨਹੀਂ ਜਾ ਸਕਦਾ, ਭਾਵੇਂ ਕਿ ਉਸਦੇ ਵਿਰੁੱਧ ਕਿਸ ਤਰ੍ਹਾਂ ਦੀ ਆਲੋਚਨਾ ਕਿਉਂ ਨਾ ਹੁੰਦੀ ਹੋਵੇ।

ਹੁਣ ਬਾਤ ਇਹ ਹੈ ਕਿ ਮੇਰੀ ਮੂਲ ਧਾਰਨਾ ਇਹ ਹੈ ਕਿ ਭਾਰਤੀ ਚਿੱਤਰਕਾਰੀ ਨੂੰ ਆਪਣੀ ਆਤਮਾ ਦੀ ਆਵਾਜ਼ ਦੇ ਅਨੁਸਾਰ ਮੌਲਿਕ ਪ੍ਰਕਾਰ ਦੇ ਖੋਜਾਂ ਉੱਤੇ ਕੇਂਦਰਤ ਕਰਨਾ ਚਾਹੀਦਾ ਅਤੇ ਆਪਣੇ ਅੰਤਰ ਗਿਆਨ ਅਤੇ ਅੰਦਰਲੀ ਜੋਤੀ ਦੇ ਅਨੁਕੂਲ ਆਪਣੇ ਕੰਮ ਦਾ ਵਿਕਾਸ ਕਰਨਾ ਚਾਹੀਦਾ। ਹੁਣ ਵੇਖੋ ਕਿ ਮੈਂ ਆਪ ਨੂੰ ਇਹ ਸ਼ਬਦ ਕਹਿ ਰਿਹਾ ਹਾਂ ਤੇ ਮੈਂ ਚਾਹੁੰਦਾ ਹਾਂ ਕਿ ਦੇਸ਼ ਦੇ ਲੋਕੀ, ਜੋ ਦੇਸ਼ ਵਿਚ ਰਹਿੰਦੇ ਹਨ, ਉਹਨਾਂ ਨੂੰ ਇਸ ਗੱਲ ਦਾ ਪਤਾ ਹੋਵੇ। ਦੇਸ਼ ਵਿਚ ਵੀ ਲੋਕਾਂ ਨੂੰ ਆਪਣੇ ਦੇਸ਼ ਦੀਆਂ ਯਾਦਾਂ ਦੇ ਬਾਰੇ ਪਤਾ ਨਹੀਂ ਹੈ। ਇਹ ਜਾਣਕੇ ਮੈਨੂੰ ਬਹੁਤ ਦੁੱਖ ਹੁੰਦਾ ਹੈ। ਮੈਂ ਪੂਨੇ

ਜਾਂਦਾ ਹਾਂ ਕਿ ਲੋਕਾਂ ਨੂੰ ਪੁੱਛਦਾ ਹਾਂ ਕਿ ਮੁਕਤਾ ਬਾਈ ਕੌਣ ਸੀ? ਜਾਣਦੇ ਹੋ, ਉਹਨਾਂ ਨੂੰ ਪਤਾ ਨਹੀਂ ਹੁੰਦਾ। ਉਹ ਨਹੀਂ ਜਾਣਦੇ ਕਿ ਉਹ ਸੰਤ ਗਿਆਨੇਸ਼ਵਰ ਦੀ ਭੈਣ ਸੀ। ਵਿਦਵਾਨ ਭੈਣ। ਉਹ ਸੰਤ ਗਿਆਨੇਸ਼ਵਰ ਨੂੰ ਨਹੀਂ ਜਾਣਦੇ, ਸੰਤ ਤੁੱਕਾਰਾਮ ਨੂੰ ਨਹੀਂ ਜਾਣਦੇ ਤਾਂ ਮੈਨੂੰ ਦੁੱਖ ਲੱਗਦਾ ਹੈ। ਮੈਂ ਇੱਥੇ ਪੈਰਿਸ ਵਿਚ ਬੈਠਾ ਸੁਣਦਾ ਹਾਂ। "ਮੂੰਗੀ ਲੜਾਈ ਤੇਨੇ ਬੰਗਲੀ ਮੂਰਛਾਈ।" ਮੇਰੇ ਕੋਲ ਇਸਦਾ ਰਿਕਾਰਡ ਹੈ। ਮੂੰਗੀ ਉੜਾਲੀ ਅਰਥਾਤ ਇੱਕ ਕੀੜੀ ਆਕਾਸ਼ ਵੱਲ ਉੱਡਦੀ ਹੈ ਤੇ ਸੂਰਜ ਨੂੰ ਨਿਗਲ ਜਾਂਦੀ ਹੈ..... ਅਰਥਾਤ ਮੇਰੇ ਵਰਗਾ ਸਾਧਾਰਨ ਇੱਕ ਆਦਮੀ ਪੈਰਿਸ ਆਉਂਦਾ ਹੈ ਤੇ ਪੈਰਿਸ ਨੂੰ ਜਿੱਤ ਲੈਂਦਾ ਹੈ।

? : **'ਬਿੰਦੂ' ਤੁਹਾਨੂੰ ਕੇਂਦਰੀ ਥੀਮ (ਵਿਸ਼ਾ) ਹੈ। ਜ਼ਿਆਦਾਤਰ ਪੇਂਟਿੰਗਜ਼ ਵਿਚ?**

\- : ਬਿੰਦੂ ਵਿਚ ਬੇਅੰਤ ਸੰਭਾਵਨਾਵਾਂ ਹਨ। ਇਹ ਇੱਕ ਸੰਘਣਾ ਰੂਪ ਹੈ। ਭਾਰਤੀ ਇੱਛਾ ਵਿਚ ਇਹ ਅਤਿ ਛੋਟਾ ਆਕਾਰ ਹੈ। ਬੀਜ ਜਿਹਾ। ਜਿਵੇਂ ਬੀਜ ਵਿਚ ਹੀ ਸਾਰੀ ਗੁਪਤ ਸ਼ਕਤੀ ਲੁਕੀ ਹੁੰਦੀ ਹੈ। ਉਸੇ ਤਰ੍ਹਾਂ ਆਪਨੇ ਇਸਨੂੰ ਧਰਤੀ ਦੇ ਅੰਦਰ ਪਾਉਣਾ ਹੈ, ਬੱਸ ਪਾਣੀ ਨਾਲ ਸਿੰਝਣਾ ਹੈ ਤੇ ਇੱਕ ਵਿਸ਼ਾਲਤਰ ਬਿਰਖ ਵਿਚ ਬਦਲ ਜਾਂਦਾ ਹੈ ਇਸੇ ਤਰ੍ਹਾਂ ਸਾਡੇ ਅੰਦਰ ਜੋ ਵੀ ਹੈ, ਬੱਚੇ ਦੇ ਅੰਦਰ ਜੋ ਵੀ ਹੈ, ਉਹ ਬਿੰਦੂ ਦੀ ਤਰ੍ਹਾਂ ਹੀ ਵਿਕਸਿਤ ਹੋ ਸਕਦਾ ਹੈ। ਆਪ ਸਮਝ ਲਓ, ਬਿੰਦੂ ਹੀ ਸਿਰਜਕ ਹੈ।

**'ਪਹਿਲ' ਅੰਕ ਨਵੰਬਰ 85 ਵਿਚੋਂ ਪੰਜਾਬੀ ਅਨੁਵਾਦ**


ਫ਼ਾਰਮ 4 ਨਿਯਮ 8

**ਤਿਮਾਹੀ ਚਿਰਾਗ ਬਾਰੇ ਜਾਣਕਾਰੀ**

1. ਪ੍ਰਕਾਸ਼ਨ ਸਥਾਨ : ਜਲੰਧਰ
2. ਪ੍ਰਕਾਸ਼ਨ ਕਾਲ : ਤ੍ਰੈਮਾਸਿਕ
3. ਪ੍ਰਕਾਸ਼ਕ ਤੇ ਮਾਲਕ : ਡਾ. ਅਨੂਪ ਸਿੰਘ
   ਸ਼ਹੀਦ ਸਰਵਣ ਸਿੰਘ ਚੀਮਾ ਭਵਨ,
   ਗੜ੍ਹਾ, ਜਲੰਧਰ (0181-2483033)
4. ਸੰਪਾਦਕ : ਹਰਭਜਨ ਸਿੰਘ ਹੁੰਦਲ
   ਪਿੰਡ ਫੱਤੂ ਚੱਕ, ਡਾਕ: ਢਿਲਵਾਂ
   ਜ਼ਿਲ੍ਹਾ ਕਪੂਰਥਲਾ (01822-273188)
5. ਮੈਂ ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਰਜ ਵੇਰਵੇ ਮੇਰੇ ਗਿਆਨ ਅਤੇ ਵਿਸ਼ਵਾਸ ਅਨੁਸਾਰ ਸਹੀ ਹਨ।

ਸਹੀ /-
(ਡਾ. ਅਨੂਪ ਸਿੰਘ)






# ਪ੍ਰਕਿਰਤੀ ਵੀ ਸ਼ਾਂਤੀ ਚਾਹੁੰਦੀ ਹਾਂ

**ਯਵਗਾਨੀ ਯਵਤੂਸ਼ੈਂਕੋ**

ਕਲਾ ਦੇ ਖੇਤਰ ਵਿਚ ਨਿੱਤ ਨਵੇਂ ਤਜ਼ਰਬੇ ਹੁੰਦੇ ਰਹਿੰਦੇ ਹਨ ਤੇ ਅੱਗੇ ਤੋਂ ਵੀ ਹੁੰਦੇ ਰਹਿਣਗੇ। ਮਨੁੱਖੀ ਪ੍ਰਤਿਭਾ ਦੀ ਕੋਈ ਅੰਤਮ ਸੀਮਾ ਨਹੀਂ ਹੁੰਦੀ। ਹਰ ਨਵੀਂ ਰਚਨਾ, ਸਾਨੂੰ ਚੁਕ੍ਰਿਤ ਕਰਦੀ ਹੋਈ ਮਨੁੱਖੀ ਖੂਬਸੂਰਤੀ ਵਿਚ ਵਾਧਾ ਕਰਦੀ, ਬੰਦੇ ਲਈ ਨਵੇਂ ਦਿਸਹੱਦੇ ਉਜਾਗਰ ਕਰਦੀ ਹੈ। ਵੇਖੋ ਆਹ, ਇੱਕ ਅਮਰੀਕੀ ਪ੍ਰਤਿਭਾ ਹੈ, ਜਿਸ ਦੀ ਦੱਸ ਰੂਸੀ ਕਵੀ ਯਵਗੇਨੀ ਯਵਤੂਸੈਂਕੋ ਨੇ ਪਾਈ ਸੀ। ਇਸ ਅਦਭੁੱਤ ਬੰਦੇ ਦਾ ਨਾਂ ਹੈ ਪਾਲ ਵਿੰਟਰ। ਉਹ ਅਮਰੀਕਾ ਦਾ ਸੰਗੀਤਕਾਰ ਤੇ ਗਵੱਈਆ ਹੈ। ਉਹ ਕੁਦਰਤੀ ਵਾਤਾਵਰਨ ਵਿਚੋਂ ਪੰਛੀਆਂ, ਜਾਨਵਰਾਂ, ਦਰਿਆਵਾਂ ਤੇ ਜੀਵਾਂ, ਅਥਵਾ ਪੰਛੀਆਂ ਤੇ ਸਮੁੰਦਰਾਂ ਦੀਆਂ ਡੋਲਫਿਨਾਂ ਦੀਆਂ ਸੁਭਾਵਕ ਆਵਾਜ਼ਾਂ ਨੂੰ ਪਕੜਦਾ, ਸੁਣਦਾ ਤੇ ਫਿਰ ਸੰਗੀਤ-ਬੱਧ ਕਰਦਾ ਸੀ। ਕੁਦਰਤੀ ਵਾਤਾਵਰਨ ਵਿਚੋਂ ਜੋ ਆਵਾਜ਼ ਵੀ ਉਸਨੂੰ ਅਲੋਕਾਰ ਲੱਗਦੀ ਸੀ, ਉਸ ਉਸਨੂੰ ਰਿਕਾਰਡ ਕਰ ਲੈਂਦਾ ਸੀ ਤੇ ਫਿਰ ਉਹਨਾਂ ਅਦਭੁੱਤ ਆਵਾਜ਼ਾਂ ਨੂੰ ਸੁਰਬੱਧ ਕਰਕੇ ਮਹਿਫਲਾਂ ਵਿਚ ਸੁਣਾਉਂਦਾ ਤੇ ਸਰੋਤਿਆਂ ਨੂੰ ਚਕਿਤ ਕਰਦਾ ਸੀ। ਉਸਨੇ ਜੰਗਲ ਵਿਚੋਂ ਇੱਕ ਬਘਿਆੜੀ ਫੜ ਲਿਆਂਦੀ ਤੇ ਉਸਨੂੰ ਪਾਲਤੂ ਜਾਨਵਰ ਬਣਾਕੇ ਉਸਦੀਆਂ ਆਵਾਜ਼ਾਂ ਦੇ ਪ੍ਰੋਗਰਾਮ ਵਿਖਾਉਣ ਲੱਗ ਪਿਆ। ਪਰ ਮਾੜੀ ਕਿਸਮਤ ਉਸਦੇ ਕਿਸੇ "ਫੈਨ" ਨੇ ਬਘਿਆੜੀ ਨੂੰ ਜ਼ਹਿਰ ਦੇ ਦਿੱਤਾ ਤੇ ਉਹ ਮਰ ਗਈ। ਵਿੰਟਰ ਪਾਲ ਨੂੰ ਦੁੱਖ ਹੋਇਆ। ਬਘਿਆੜ ਵਾਰ-ਵਾਰ ਬੰਦੇ ਦੇ ਕਾਬੂ ਥੋੜ੍ਹੇ ਆਉਂਦੇ ਨੇ।

ਪਾਲ ਵਿੰਟਰ ਨੇ ਯੂ. ਐਨ. ਜਨਰਲ ਅਸੈਂਬਲੀ ਦੇ ਹਾਲ ਵਿਚ ਇੱਕ ਪ੍ਰੋਗਰਾਮ ਕੀਤਾ ਤੇ ਸਾਰੇ ਸੰਸਾਰ ਵਿਚ ਉਸ ਦੀਆਂ ਧੁੰਮਾਂ ਪੈ ਗਈਆਂ। ਉਸ ਹਾਲ ਵਿਚ ਵਿਸ਼ਵ ਭਰ ਦੇ ਦੋ ਹਜ਼ਾਰ ਰਾਜਦੂਤ ਹਾਜ਼ਰ ਸਨ। ਉਸ ਹਾਲ ਵਿਚ ਆਪਣੀ ਸਿੰਫਨੀ ਪੇਸ਼ ਕਰਦਿਆਂ ਪਾਲ ਨੇ ਵਿਲਕਦੇ ਉਦਾਸ ਹੋਏ, ਸਹਿਮੇ ਤੇ ਭੁੱਖੇ ਬਘਿਆੜ ਦੀਆਂ ਕਰੁਣਾਮਈ ਆਵਾਜ਼ਾਂ ਕੱਢ ਕੇ ਸਰੋਤਿਆਂ ਨੂੰ ਸੁਣਾਈਆਂ ਤੇ ਦੱਸਿਆ ਕਿ ਜੰਗਲਾਂ ਦੇ ਵਢਾਂਗਿਆਂ ਨਾਲ ਤੇ ਬੰਬਾਂ ਦੀ ਬਰਬਾਦੀ ਨਾਲ ਜੰਗਲੀ, ਜੀਵਾਂ ਦੀ ਹੋਂਦ-ਹਸਤੀ ਤੇ ਕੁਦਰਤੀ ਵਾਤਾਵਰਣ ਦੀ ਸ਼ਾਂਤੀ ਭੰਗ ਹੋ ਰਹੀ ਹੈ। ਕੁਦਰਤੀ ਵਾਤਾਵਰਣ ਦੀ ਬੇਕਿਰਤੀ ਨਾਲ ਕੀਤੀ ਬਰਬਾਦੀ ਬੰਦਿਆਂ ਹੀ ਨਹੀਂ, ਜੰਗਲੀ ਜੀਵਾਂ ਲਈ ਵੀ ਖ਼ਤਰਾ ਬਣ ਗਈ ਹੈ।

ਪਾਲ ਵਿੰਟਰ ਧਰਤੀ ਮਾਂ ਨੂੰ ਬਚਾਉਣਾ ਚਾਹੁੰਦਾ ਸੀ। ਉਸਨੇ ਆਪਣੀ ਸਾਰੀ ਪ੍ਰਤਿਭਾ ਇਸ ਪਵਿੱਤਰ ਕਾਰਨ ਵਿਚ ਲਾਈ ਹੋਈ ਸੀ। ਪਰ ਵਿੰਟਰ ਨੂੰ ਸ਼ਾਇਦ ਪਤਾ ਸੀ ਜਾਂ ਨਹੀਂ ਕਿ ਅਮਰੀਕਾ ਦੇ ਸਾਮਰਾਜੀ ਹਾਕਮ ਇਹਨਾਂ ਕੋਮਲ ਗੱਲਾਂ ਦੀ ਕਦੋਂ ਪ੍ਰਵਾਹ ਕਰਦੇ ਨੇ। ਪਰ ਪਾਲ ਨਿਰਾਸ਼ ਹੋਣ ਵਾਲਾ ਕਲਾਕਾਰ ਨਹੀਂ ਸੀ। ਭਾਵੇਂ ਉਦੋਂ ਅਮਰੀਕੀ ਕਲਾਕਾਰਾਂ ਨੂੰ ਖੁੱਲ੍ਹੇ

ਆਮ ਤੇ ਆਸਾਨੀ ਨਾਲ ਰੂਸ ਦੀ ਯਾਤਰਾ ਕਰਨ ਦੀ ਖੁੱਲ ਨਹੀਂ ਸੀ ਹੁੰਦੀ, ਪਰ ਕਿਵੇਂ ਨਾ ਕਿਵੇਂ ਉਹ ਦੋ ਵਾਰ ਰੂਸ ਗਿਆ ਤੇ ਅਬਖਾਸੀਆਂ ਤੇ ਝੀਲ ਬੈਕਾਲ ਦੀ ਯਾਤਰਾ ਕਰ ਆਇਆ ਤੇ ਕੁਦਰਤ ਦੇ ਖੇਤਰ ਵਿਚੋਂ ਨਵੀਆਂ ਆਵਾਜ਼ਾਂ ਰਿਕਾਰਡ ਕਰ ਲਿਆਇਆ। ਉਹ ਇਹਨਾਂ ਯਾਤਰਾਵਾਂ ਦੇ ਰਿਕਾਰਡ ਬਣਾਕੇ, ਸਾਰੇ ਸੰਸਾਰ ਵਿਚ ਆਪਣੇ ਪ੍ਰੋਗਰਾਮ ਪੇਸ਼ ਕਰਨ ਦੇ ਸੁਪਨੇ ਲੈ ਰਿਹਾ ਸੀ। ਉਹ ਨਾਲ ਦੀ ਨਾਲ ਹਰ ਇਲਾਕੇ ਦੀ ਲੋਕਧਾਰਾ ਦੇ ਸੰਗੀਤ ਨੂੰ ਵੀ ਰਿਕਾਰਡ ਕਰਨ ਦਾ ਚਾਹਵਾਨ ਸੀ। ਉਹ ਬਰਫੀਲੇ ਇਲਾਕਿਆਂ ਦੇ ਪੋਲਰ-ਰਿੱਛਾਂ, ਚੀਤਿਆਂ, ਹੰਸਾਂ, ਸ਼ੇਰਾਂ, ਘੋੜਿਆਂ ਤੇ ਯੂਕਰੇਨ ਦੀਆਂ ਬੁਲਬੁਲਾਂ ਦੀਆਂ ਆਵਾਜ਼ਾਂ ਰਿਕਾਰਡ ਕਰਨ ਦਾ ਪ੍ਰੋਗਰਾਮ ਬਣਾਈ ਬੈਠਾ ਸੀ। ਕੈਸਾ ਅਜੀਬ ਕਲਾਕਾਰ ਸੀ ਇਹ ਪਾਲੀ ਵਿੰਟਰ। ਉਹ 'ਰੂਸ ਕੇ ਗੀਤ' ਨਾਂ ਦੀ ਐਲਬਮ ਬਣਾਉਣ ਦਾ ਸੁਪਨਾ ਲੈ ਰਿਹਾ ਸੀ।

ਕਿੰਨਾ ਕੁਝ ਸੀ ਕੁਦਰਦ ਦੇ ਭੰਡਾਰੇ ਵਿਚ, ਜੋ ਸਾਂਭਣ ਖੋਜਣ ਤੇ ਰਿਕਾਰਡ ਕਰਨ ਯੋਗ ਹੈ ਤੇ ਐਨੇ ਵੱਡੇ ਕਾਰਜ ਲਈ ਪੀਟਰ ਪਾਲ ਦੀ ਇਕੱਲੀਕਾਰੀ ਜਾਨ। ਪਰ ਉਹ ਹਾਰ ਮੰਨਣ ਵਾਲਾ ਵਿਅਕਤੀ ਨਹੀਂ ਸੀ। ਹਨ੍ਹੇਰੀਆਂ, ਕਾਲੀਆਂ ਰਾਤਾਂ ਵਿਚ ਮੋਮਬੱਤੀਆਂ ਤੇ ਚਿਰਾਗ਼ ਜਲਾਉਣ ਵਾਲਾ ਸ਼ੇਰ ਦੂਲਾ ਪਾਲੀ। ਅਸ਼ਕੇ ਇਸ ਅਦੁੱਤੀ ਇਨਸਾਨ ਦੇ। ਅਜਿਹੇ ਸਪੁੱਤਰ ਮਾਵਾਂ ਨਿੱਤ-ਨਿੱਤ ਨਹੀਂ ਜੰਮਦੀਆਂ ਹੁੰਦੀਆਂ। ਜੇ ਇੰਝ ਪਰ ਹੋ ਸਕੇ ਤਾਂ ਧਰਤੀ ਕਿੰਨੀ ਸੁੰਦਰ, ਕਿੰਨੀ ਸੰਗੀਤਮਈ ਤੇ ਹਸੀਨ ਹੋ ਜਾਵੇ। ਪਰ ਪਾਲ ਵਿੰਟਰ ਥੋੜ੍ਹੇ ਹਨ ਤੇ ਜੰਗਬਾਜ਼, ਕਾਤਲ ਵਧੇਰੇ ਖ਼ੂਨਖਾਰ। ਜਿਵੇਂ ਇੱਕ ਮੱਛੀ ਹੀ ਪੂਛਾਂ ਮਾਰ-ਮਾਰ ਸਾਰੇ ਛੱਪੜ ਦਾ ਪਾਣੀ ਗੰਦਾ ਕਰ ਦਿੰਦੀ ਹੈ। ਇੰਝ ਹੀ ਇੱਕ ਬੰਬ ਹਨ੍ਹੇਰ ਲਿਆ ਦਿੰਦਾ ਹੈ। ਪਾਲ ਆਪਣੇ ਰੈਣ-ਬਸੇਰੇ ਦੀ ਹੀ ਨਹੀਂ, ਸਾਰੇ ਸੰਸਾਰ ਦੀ ਸ਼ਾਂਤੀ ਦੀ ਚਿੰਤਾ ਕਰਦਾ, ਜਿੱਥੋਂ ਕਿਤਿਓਂ ਵੀ ਅਮਨ ਦਾ ਸੁਨੇਹਾ ਮਿਲੇ, ਰਿਕਾਰਡ ਕਰ ਲੈਂਦਾ ਹੈ ਤੇ ਧਨੀ ਰਾਮ ਚਾਤ੍ਰਿਕ ਦੇ ਕਹਿਣ ਅਨੁਸਾਰ ਦਰਬਾਰ ਲਾ ਕੇ ਬਹਿ ਜਾਂਦਾ ਹੈ।

**ਉਥੇ ਇਸ਼ਕ ਦੀ ਛਿੜੇਗੀ ਵਾਰ ਮਾਹੀਆ**
**ਜਿਥੇ ਚਾਰ ਬੰਦੇ ਰਲ ਕੇ ਬਹਿਣਗੇ ਵੇ।**

ਬੈਕਾਲ ਝੀਲ ਦੀ ਵਿਸ਼ਾਲਤਾ, ਸੁਚੱਤਾ ਤੇ ਡੂੰਘਾਈ ਵੇਖ ਪਾਲ ਦੇ ਕਾਲਜੇ ਨੂੰ ਜਿਵੇਂ ਠੰਢ ਜਿਹੀ ਪੈ ਗਈ ਤੇ ਉਸਦੇ ਮੂੰਹੋਂ ਆਪ-ਮੁਹਾਰੇ ਵਾਹ! ਵਾਹ! ਨਿਕਲੀ।

**ਮਹਾਂ ਸਾਗਰ !**
**ਐ ਮਹਾਨ ਬੈਕਾਲ**
**ਧੰਨ ਤੇਰੀ ਵਡਿਆਈ**
**ਤੇ ਧੰਨ ਤੂੰ !!**

ਰੂਸੀ ਕਵੀ ਯਵਤੂਸ਼ੇਕੋ ਉਸਨੂੰ ਅਬਖਾਸੀਆ ਵਿਚ ਜਾ ਮਿਲਿਆ। ਉਸਨੂੰ ਅਫੈਨ ਦੀਆਂ ਗਾਰਾਂ ਵਿਖਾਈਆਂ। ਵੇਖਕੇ ਵਿੰਟਰ ਦੰਗ ਰਹਿ ਗਿਆ। ਸੁਬਾਨ-ਅੱਲਾ!! ਪਾਣੀ ਦੇ



ਇੱਕ-ਇੱਕ ਡਿੱਗਦੇ ਤੁਪਕੇ ਦਾ ਸੰਗੀਤ ਰਿਕਾਰਡ ਕਰਨ ਲੱਗਾ। ਕਵੀ ਵੇਖੇ ਤੇ ਹੈਰਾਨ ਹੋਵੇ। ਸੋਚੇ ਇਹ ਕਿਹੜੇ ਦੇਸ਼ ਦਾ ਦੀਵਾਨਾ ਹੈ, ਜੋ ਡਿੱਗਦੇ ਪਾਣੀ ਦੇ ਤੁਪਕੇ ਦਾ ਸੰਗੀਤ ਵੀ ਸੁਣਕੇ ਪਛਾਣ ਲੈਂਦਾ ਹੈ। ਕਿਤੇ ਉਸਨੇ ਆਪਣੇ ਗੋਰੇ ਜਿਹੇ ਕੰਨਾਂ ਵਿਚ ਕੋਈ ਯੰਤਰ ਤਾਂ ਫਿੱਟ ਨਹੀਂ ਕਰਵਾਏ ਹੋਏ। ਆਖਣ ਲੱਗਾ, "ਸਾਡਾ ਸੰਗੀਤ, ਸ਼ੋਰ ਨੇ ਖੋਹ ਲਿਆ ਹੈ। ਸ਼ੋਰ ਤੇ ਸੰਗੀਤ ਦਾ ਕੀ ਭਲਾ ਰਿਸ਼ਤਾ। ਕੰਨ ਪਾੜਵਾਂ ਸੰਗੀਤ ਹੋਰ ਭਾਵੇਂ ਕੁਝ ਵੀ ਹੋਵੇ, ਪਰ ਸੰਗੀਤ ਨਹੀਂ ਹੋ ਸਕਦਾ" ਪੜ੍ਹਕੇ ਮੈਂ ਖ਼ੁਦ ਹੈਰਾਨ ਹੋਇਆ। ਕਾਸ਼ ਸਾਡੇ ਪਿੰਡਾਂ, ਵਿਆਹ-ਭਵਨਾਂ, ਧਾਰਮਿਕ ਸਥਾਨਾਂ ਦੇ ਪ੍ਰਬੰਧਕ ਕਿਤੇ ਪਾਲ ਵਿੰਟਰ ਨੂੰ ਚਾਰ ਦਿਨ ਲਈ ਪੰਜਾਬ ਸੱਦ ਲੈਣ।

ਅਬਖਾਸੀਆ ਵਿਚ ਉਸਨੇ ਰੁੱਖ ਨਾਲ ਲਟਕਦੀ ਇੱਕ ਫਲਾਂ ਦੀ ਟੋਕਰੀ ਦੇ ਰੁੱਖ ਦੇ ਤਣੇ ਨਾਲ ਖਹਿੰਦੀ ਹੋਈ ਦੀ ਜੋ ਆਵਾਜ਼ ਨਿਕਲ ਰਹੀ ਸੀ, ਉਸਨੂੰ ਸੁਣ ਲਿਆ ਤੇ ਕੰਨ ਖੜੇ ਕਰ ਲਏ। ਉਸਦੇ ਕੰਨ ਘੋੜਿਆਂ ਦੇ ਕੰਨਾਂ ਵਰਗੇ ਸੰਵੇਦਨਸ਼ੀਲ ਸਨ। ਕਮਾਲ ਹੈ ਇਹ ਬੰਦਾ ਵੀ, ਕਵੀ ਨੇ ਸੋਚਿਆ।

ਵਿੰਟਰ+ ਵਾਪਸ ਵਤਨ ਪਰਤਿਆ ਤੇ ਜਾ ਕੇ ਇੱਕ ਗਿਰਜੇ ਦੇ ਹਾਲ ਵਿਚ ਪ੍ਰੋਗਰਾਮ ਪੇਸ਼ ਕੀਤਾ। ਉਸਦੇ ਗੀਤ ਦਾ ਮੁੱਖੜਾ ਲੋਕ-ਗੀਤ ਵਰਗਾ ਸੀ।

ਧੁੱਪਾਂ ਚੜ੍ਹੀਆਂ ਰਹਿਣ ਦੋਸਤਾ,
ਧੁੱਪਾਂ ਚੜ੍ਹੀਆਂ ਰਹਿਣ।
ਫੁੱਲ ਖਿੜਨ ਬਾਗਾਂ ਵਿਚ ਜੰਮ-ਜੰਮ
ਬਾਲ ਕਹਾਣੀ ਕਹਿਣ।

ਪਾਲ ਦੀਆਂ ਅੱਖਾਂ ਵਿਚ ਬੱਚਿਆਂ ਵਰਗੀ ਨਿਰਛਲਤਾ ਸੀ ਤੇ ਗੁਲਾਬ ਦੀਆਂ ਪੱਤੀਆਂ ਵਰਗੀ ਕੋਮਲਤਾ।

ਸਭ ਕੁਝ ਵੇਖ, ਸੁਣ ਤੇ ਅਨੁਭਵ ਕਰਕੇ ਕਵੀ ਯਵਤੂਸ਼ੇਕੋ ਕੋਲੋਂ ਰਹਿ ਨਾ ਹੋਇਆ। ਉਸਦਾ ਜੀਅ ਕੀਤਾ ਕਿ ਪਿੰਟਰ ਨੂੰ ਪੁੱਛੇ,

**"ਤੂੰ ਕਿਸ ਗੋਰੀ ਮਾਂ ਦਾ ਜਾਇਆ, ਕਿੱਥੋਂ ਆਇਆ, ਦੱਸ ਤੂੰ ਕੀ ਸੰਦੇਸ਼ ਲਿਆਇਆ?**

ਕਵੀ : **ਤੂੰ ਸੰਗੀਤ ਤੱਕ ਕਿਵੇਂ ਪਹੁੰਚਿਆ?**

ਪਾਲ : ਮੈਂ ਪੈਨਸਾਈਲਵਾਨੀਆ ਦੇ ਸ਼ਹਿਰ ਅਲਤੂਨਾ ਤੋਂ ਹਾਂ। ਜੋ ਇੱਕ ਛੋਟਾ ਜਿਹਾ ਕਸਬਾ ਹੈ। ਸਤਾਰਾਂ ਸਾਲ ਦੀ ਉਮਰ ਵਿਚ ਮੇਰਾ ਦਾਦਾ ਉੱਤਰ ਵੱਲ ਇੱਕ ਮਿਲਟਰੀ ਬੈਂਡ ਦਾ ਕੰਡਕਟਰ ਸੀ। ਇਹ ਪਰਿਵਾਰਕ ਪਰੰਪਰਾ ਸੀ। ਬਚਪਨ ਤੋਂ ਮੈਂ ਦੋ ਝੁਕਾਵਾਂ ਵਿਚ ਦਿਲਚਸਪੀ ਰੱਖਦਾ ਸੀ, ਯੂਰਪੀ ਤੇ ਅਫਰੀਕਾ, ਜਿਹੜੇ ਅਮਰੀਕਾ ਵਿਚ ਆ ਕੇ ਇੱਕ ਦੂਜੇ ਵਿਚ ਘੁਲ-ਮਿਲ ਗਏ ਸੀ। ਬਾਰਾਂ ਸਾਲ ਦੀ ਉਮਰੇ ਮੈਂ ਪੇਸ਼ਾਵਰ ਕਲਾਕਾਰ ਬਣ ਗਿਆ ਤੇ ਇੱਕ ਜਾਜ਼ ਬੈਂਡ ਦੀ ਆਗਵਾਈ ਕਰਨ ਲੱਗਾ, ਭਾਵੇਂ ਕਿ ਮੇਰੀ ਆਪਣੀ ਸਾਰੀ ਜ਼ਿੰਦਗੀ ਕਲਾਸੀਕਲ ਸੰਗੀਤ ਤੇ ਜਾਜ਼

ਨੂੰ ਬਰੋਬਰ ਦੀ ਅਰਪਿਤ ਰਹੀ ਹੈ। ਅਸੀਂ ਜਾਜ਼ ਵਜਾਉਂਦੇ ਹੁੰਦੇ ਸੀ। ਜਦੋਂ ਲੋਕ ਕਿਸ਼ੋਰ ਅਵਸਥਾ ਵਿਚੋਂ ਗੁਜ਼ਰ ਰਹੇ ਹੋਣ, ਤਾਂ ਉਹਨਾਂ ਦੀ ਸ਼ਕਤੀ ਲਈ ਕਿਸੇ ਰਾਹ ਦੀ ਲੋੜ ਹੁੰਦੀ ਹੈ ਤੇ ਇਸ ਤੋਂ ਵੱਧ ਸੰਗੀਤ ਦੀ ਲੋੜ ਹੁੰਦੀ ਹੈ, ਜੋ ਇੱਕ ਤਰ੍ਹਾਂ ਦੀ ਬਗਾਵਤ ਹੁੰਦੀ ਹੈ ਤੇ ਹੋਰ ਵੀ ਕਿ ਆਪਣੇ ਆਪ ਦਾ ਹੱਕ ਜਿਤਾਉਣਾ। ਮਸਫੁੱਟ, ਜਦੋਂ ਆਪਣੇ ਮਾਤਾ-ਪਿਤਾ ਨਾਲੋਂ ਤੋੜ-ਵਿਛੋੜਾ ਕਰਦਾ ਹੈ ਤਾਂ ਉਸਨੂੰ ਆਪਣੇ ਗੀਤ ਦੀ ਲੋੜ ਹੁੰਦੀ ਹੈ। ਆਪਣੀ ਪੀੜ੍ਹੀ ਦੇ ਗੀਤ ਦੀ, ਜਿਸ ਨਾਲ ਉਸਦੀ ਸ਼ਖ਼ਸੀਅਤ ਦਾ ਦਾਅਵਾ ਕਾਇਮ ਹੋਵੇ। ਮੇਰੇ ਲਈ ਇਹ ਸੰਗੀਤ ਜਾਜ਼ ਸੀ। ਪਿਛਲੇ ਵੀਹ-ਤੀਹ ਸਾਲਾਂ ਵਿਚ ਰਾਕ-ਐਨ-ਰੋਲ ਅਮਰੀਕਾ ਦੀ ਨੌਜਵਾਨ ਪੀੜ੍ਹੀ ਦਾ ਸੰਗੀਤ ਬਣ ਚੁੱਕਾ ਸੀ।

ਕਵੀ : **ਐਪਰ ਅਜਿਹੇ ਲੋਕ ਵੀ ਹਨ, ਜੋ ਸੋਚਦੇ ਹਨ ਕਿ ਰਾਕ-ਐਨ-ਰੋਲ ਵੀ ਇੱਕ ਤਰ੍ਹਾਂ ਦਾ ਜਾਜ਼ ਹੀ ਹੈ। ਤੁਹਾਡੀ ਸੋਚ-ਸਮਝ ਅਨੁਸਾਰ ਉਹਨਾਂ ਵਿਚ ਫ਼ਰਕ ਕੀ ਹੈ?**

ਪਾਲ : ਰਾਕ-ਐਨ-ਰੋਲ ਤੇ ਜਾਜ਼ ਦੋਵਾਂ ਦੀਆਂ ਇੱਕੋ-ਦੋਵੇਂ ਹੀ ਨੀਗਰੋ ਆਤਮਾ ਦਾ ਪ੍ਰਗਟਾਵਾ ਕਰਦੇ ਹਨ। ਜਾਜ਼ ਸੰਗੀਤ ਦੀ ਤਲਾਸ਼ ਹੈ, ਜਦਕਿ ਰਾਕ-ਐਨ-ਰੋਲ 'ਲਿੰਗਕ ਕ੍ਰਾਂਤੀ' ਨਾਲ ਵਾਸਤਾ ਰੱਖਦਾ ਹੈ। ਰਾਕ ਵਿਚ ਸੰਗੀਤਕ ਨੀਂਹ ਦੀ ਐਨੀ ਮਹੱਤਤਾ ਨਹੀਂ।

ਕਵੀ : **ਕੀ ਤੁਹਾਡਾ ਮਤਲਬ ਹੈ ਕਿ 'ਰਾਕ' ਦਾ ਸੰਬੰਧ ਜਿਸਮ ਨਾਲ ਹੈ ਤੇ ਜਾਜ਼ ਦਾ ਆਤਮਾ ਨਾਲ?**

ਪਾਲ : ਕਿਸੇ ਹੱਦ ਤੀਕ ਹੈ। ਬਹੁਤ ਵਾਰ ਰਾਕ ਸੰਗੀਤ ਵਿਚ ਅਸੀਂ ਸ਼ਹਿਰੀਕਾਰਾਂ ਦਾ ਸ਼ੋਰ ਸੁਣਦੇ ਹਾਂ। ਬੰਮ, ਬੰਮ, ਬੰਮ, ਮੈਨੂੰ ਇਸ ਵਿਚੋਂ ਪ੍ਰਕਿਰਤੀ ਦੀ ਵਿਸ਼ਾਲਤਾ ਸਮੇਤ ਮਨੁੱਖੀ ਪ੍ਰਕਿਰਤੀ ਨਹੀਂ ਸੁਣਦੀ। ਰਾਕ ਦਸਤਕਾਰੀ ਦਾ ਬੱਚਾ ਹੈ ਤੇ ਵਪਾਰਕ ਸੰਗੀਤ, ਸ਼ਹਿਰੀ ਸੰਸਾਰ ਨਾਲ ਸੰਬੰਧਿਤ ਹੈ। ਜਿੰਨਾ ਵੱਧ ਸਮਾਂ ਲੋਕ ਸ਼ਹਿਰਾਂ ਵਿਚ ਰਹਿਣਗੇ, ਓਨਾ ਹੀ ਵੱਧ ਉਹਨਾਂ ਦੇ ਜਿਸਮ ਵੱਧ ਗੁਲਾਮ ਹੋ ਜਾਣਗੇ ਤੇ ਓਨਾ ਹੀ ਵੱਧ ਉਹਨਾਂ ਦੇ ਸੰਗੀਤ ਨੂੰ ਉੱਚੀ ਆਵਾਜ਼ ਦੀ ਲੋੜ ਪਵੇਗੀ। ਹਾਲ ਹੀ ਵਿਚ ਸੰਗੀਤ ਉੱਚੀ ਆਵਾਜ਼ ਦੀ ਲੋੜ ਪਵੇਗੀ। ਹਾਲ ਹੀ ਵਿਚ, ਸੰਗੀਤ ਲੋਕਾਂ ਦਾ ਧਿਆਨ ਖਿੱਚਣ ਲਈ ਹੋਰ ਵੱਧ ਸ਼ੋਰੀਲਾ ਹੁੰਦਾ ਜਾ ਰਿਹਾ ਹੈ। ਉਹਨਾਂ ਲੋਕਾਂ ਲਈ ਜੋ ਹੋਰ ਵਧੇਰੇ ਸਖ਼ਤ ਹੁੰਦੇ ਗਏ ਹਨ, ਜਿਵੇਂ ਉਹਨਾਂ ਨੂੰ ਅਜੋਕੀ ਸ਼ਹਿਰੀ ਜ਼ਿੰਦਗੀ ਨਾਲ ਅਧਰੰਗ ਹੋ ਗਿਆ ਹੋਵੇ।

ਕਵੀ : **ਕੀ ਤੁਸੀਂ ਯਕੀਨੀ ਤੌਰ ਤੇ ਸ਼ਹਿਰ ਨੂੰ ਨਫ਼ਰਤ ਕਰਨ ਵਾਲੇ ਤੇ ਨਹੀਂ?**

ਪਾਲ : ਨਾ, ਨਾ ਬਿਲਕੁਲ ਨਹੀਂ। ਮੈਂ ਉਹਨਾਂ ਨੂੰ ਆਪਣੇ ਸੰਗੀਤ ਨਾਲ ਇੰਝ ਹੀ ਤਕੜੇ ਕਰਨਾ ਚਾਹੁੰਦਾ ਹਾਂ। ਜਿਵੇਂ ਕੋਈ ਸ਼ਹਿਰ ਵਿਚ ਰਹਿਣ ਵਾਲੇ ਲੋਕਾਂ ਦੀ ਖੁਰਾਕ



ਲਈ ਪਿੰਡ ਤੋਂ ਸੇਬਾਂ ਦਾ ਭਰਿਆ ਟਰੱਕ ਲੈ ਕੇ ਆਉਂਦਾ ਹੈ। ਆਖ਼ਰ ਉਹ ਮੇਰੇ ਆਪਣੇ ਹੀ ਲੋਕ ਹਨ। ਪ੍ਰਕਿਰਤੀ ਇਸ ਰਾਹੀਂ ਹੀ ਆਪਣਾ ਪ੍ਰਗਟਾਵਾ ਕਰਦੀ ਹੈ, ਸੰਗੀਤ ਰਾਹੀਂ ਤੇ ਸਾਹਿਤ ਰਾਹੀਂ।

ਕਵੀ : **ਸਾਡੇ ਕੋਲ ਇੱਕ ਮੁਕੰਮਲ ਸਾਹਿਤਕ ਝੁਕਾਅ ਹੈ, ਜਿਸਨੂੰ ਪੇਂਡੂ ਸਾਹਿਤ ਕਿਹਾ ਜਾਂਦਾ ਹੈ।**

ਪਾਲ : ਹਾਂ, ਸ਼ਹਿਰੀ ਲੋਕ ਬੇਗਾਨਗੀ ਦਾ ਸ਼ਿਕਾਰ ਹੋ ਜਾਂਦੇ ਹਨ ਤੇ ਭੁੱਲ ਜਾਂਦੇ ਹਨ ਕਿ ਸ਼ਹਿਰਾਂ ਤੋਂ ਬਾਹਰ ਇੱਕ ਹੋਰ ਵੀ ਯਥਾਰਥ ਹੈ। ਮੈਂ ਚਾਹੁੰਦਾ ਹਾਂ ਕਿ ਸੰਗੀਤ ਯਥਾਰਥਾਂ ਵਿਚ ਇਕ ਪੁਲ ਬਣੇ। ਮੇਰੇ ਬਚਪਨ ਤੋਂ ਲੱਗ ਕੇ ਮੈਂ ਇਹ ਵੇਖਦਿਆਂ ਆਨੰਦ ਮਾਣਿਆ ਹੈ ਕਿ ਕਿਵੇਂ ਸੰਗੀਤ ਲੋਕਾਂ ਨੂੰ ਇਕੱਠੇ ਜੋੜਦਾ ਹੈ। ਕਿਉਂਕਿ ਅਮਰੀਕਾ ਵਿਚ ਵਿਅਕਤੀਵਾਦ ਬਹੁਤ ਜ਼ਿਆਦਾ ਹੈ ਤੇ ਅੰਤਰ-ਪ੍ਰਕਿਰਿਆ ਘੱਟ ਹੈ। ਮੈਂ ਹਮੇਸ਼ਾ ਹੀ ਸੰਗੀਤ ਦੀਆਂ ਦੋ ਵਿਸ਼ੇਸ਼ਤਾਈਆਂ ਦੀ ਕਦਰ ਕੀਤੀ ਹੈ। ਇਸ ਦੀ ਅਸਾਧਾਰਨ ਤੌਰ ਤੇ ਵਿਸ਼ਾਲ ਹੋਣ ਦੀ ਯੋਗਤਾ ਅਤੇ ਇਸਦਾ ਇੱਕ ਸਮੁੱਚ ਵਿਚ ਇਕੱਠੇ ਹੋਣ ਦੀ ਕਾਬਲੀਅਤ। ਸਾਰਾ ਜਾਜ਼ ਨਹੀਂ, ਪਰ ਉਹੀ ਜਾਜ਼ ਜਿਸ ਨੂੰ ਮੈਂ ਪਿਆਰ ਕਰਦਾ ਹਾਂ, ਵਿਚ ਦੋਵੇਂ ਗੁਣ ਹਨ। ਜਾਜ਼ ਉਸ ਆਤਮਾ ਦਾ ਅਸਲੀ ਅਧਿਐਨ ਹੈ, ਜੋ ਤੱਤਕਾਲੀ ਰਚਨਾ ਨੂੰ ਵਰਤੋਂ ਵਿਚ ਲਿਆਉਂਦਾ ਹੈ।

ਕਵੀ : **ਇਹ ਤਾਂ ਉਹ ਗੱਲ ਹੈ ਕਿ ਸਾਜ਼ਾਂ ਦੀ ਸਹਾਇਤਾ ਨਾਲ ਸਵੈ-ਪ੍ਰਗਟਾਵੇ ਦਾ ਧਮਾਕਾ ਹੋ ਜਾਣਾ?**

ਪਾਲ : ਸਾਰਾ ਜਾਜ਼ ਸਵੈ-ਪ੍ਰਗਟਾਵੇ ਦਾ ਸਾਧਨ ਹੈ, ਪਰ ਇਹ ਵਿਸ਼ੇਸ਼ ਤੌਰ ਤੇ ਜਾਜ਼ ਦਾ ਸੰਗੀਤਮਈ ਵਿਕਾਸ ਦਾ, ਉੱਤਮ ਭਾਂਤ ਦਾ ਸੱਚ ਹੈ। ਤੁਸੀਂ ਕਹਿ ਸਕਦੇ ਹੋ ਕਿ ਫਾਕਨਰ ਦੀਆਂ ਲਿਖਤਾਂ ਸਾਹਿਤਕ ਜਾਜ਼ ਹਨ ਤੇ ਉਸਦੇ ਕੁਝ ਵਾਕ ਐਨੇ ਜਟਿਲ ਹਨ ਕਿ ਉਹ ਡੇਢ ਪੰਨਾ ਭਰ ਦਿੰਦੇ ਹਨ।

ਕਵੀ : **ਫਿਰ, ਤੁਸੀਂ ਕਹੋਗੇ ਕਿ ਹੈਮਿੰਗਵੇ ਰਵਾਇਤੀ ਭਾਂਤ ਦਾ ਜਾਜ਼ ਹੈ?**

ਪਾਲ : ਸੰਭਵ ਹੈ ਇਹ ਉਪਮਾ ਵਧੀਆ ਨਾ ਹੋਵੇ...... ਮੇਰਾ ਸੰਗੀਤ ਇਸ ਭਾਂਤ ਦੇ ਜਾਜ਼ ਦਾ ਅਗਵਾਨੂੰ ਸੀ, ਪਰ ਮੈਂ ਖ਼ੁਦ ਇਸਦਾ ਮੋਢੀ ਨਹੀਂ ਬਣਿਆ। ਜਦ ਮੈਂ ਤੀਹ ਸਾਲ ਦਾ ਹੋ ਗਿਆ ਤਾਂ ਮੈਂ ਬਾਚ ਦੀ ਪੁਨਰ ਭਾਲ ਕੀਤੀ, ਕਲਾਸੀਕਲ ਸੰਗੀਤ ਨੂੰ ਦੁਬਾਰਾ ਤਲਾਸ਼ਿਆ, ਪਰ ਮੈਂ ਇਹਨਾਂ ਨੂੰ ਨਵੀਂ ਤਰ੍ਹਾਂ ਪੇਸ਼ ਕਰਨਾ ਚਾਹੁੰਦਾ ਸੀ। ਮੈਂ ਇੱਕ ਗਰੁੱਪ ਕਾਇਮ ਕੀਤਾ ਤੇ ਉਸਦਾ ਨਾਂ ਪਾਲ ਵਿੰਟਰ ਕਨਸੋਰਟ ਰੱਖਿਆ। ਇਸ ਵਿਚ ਮੈਂ ਆਪਣੇ ਮਨਪਸੰਦ ਸਾਰੇ ਸਾਜ਼ ਲੈ ਆਂਦੇ। ਸੀਲੋ ਤੇ ਸ਼ਹਿਨਾਈ ਸਿੰਫਨੀ ਵਿਚੋਂ, ਸੈਕਸਫੋਨ ਤੇ ਬੰਸਰੀ ਜਾਜ਼ ਵਿਚੋਂ, ਅਫਰੀਕੀ ਤੇ ਬਰਾਜ਼ੀਲ ਗਟਾਰ। ਮੈਂ ਚਾਹੁੰਦਾ ਸੀ ਕਿ ਗਾਇਕ-ਮੰਡਲੀ ਵਿਚ ਆਰਕੈਸਟਰਾ ਦੇ ਪ੍ਰਬੰਧ ਹੋਣ

ਤੇ ਨਾਲ ਦੀ ਨਾਲ ਹਰ ਕਲਾਕਾਰ ਨੂੰ ਮੌਕੇ ਅਨੁਸਾਰ ਪੂਰੀ ਆਜ਼ਾਦੀ ਹੋਵੇ।

**ਕਵੀ : ਤੇ ਤੁਸੀਂ ਵਾਤਾਵਰਨ ਦੇ ਮੁੱਦਿਆਂ ਵਿਚ ਕਿਵੇਂ ਦਿਲਚਸਪੀ ਲੈਣ ਲੱਗੇ?**

ਪਾਲ : ਜਦ ਮੈਂ ਸੱਠਵਿਆਂ ਵਿਚ ਸੀ ਕਿ ਵੇਲ-ਮੱਛੀਆਂ ਤੇ ਬਘਿਆੜਾਂ ਦੇ ਸੱਦੇ ਸੁਣੇ। ਇਹਨਾਂ ਨੇ ਮੈਨੂੰ ਇੰਝ ਹੀ ਪ੍ਰਭਾਵਿਤ ਕੀਤਾ ਜਿਵੇਂ ਚਾਰਲੀ ਪਾਰਕਰ ਸੈਕਸਾਫੋਨ ਵਜਾ ਰਿਹਾ ਹੋਵੇ। ਮੈਂ ਇਹਨਾਂ ਆਵਾਜ਼ਾਂ ਵਿਚੋਂ ਜੀਵਨ ਦੀ ਆਤਮਾ ਦਾ ਪ੍ਰਗਟਾਵਾ ਅਨੁਭਵ ਕੀਤਾ। ਮੇਰੇ ਲਈ ਇਹ ਕੋਈ ਫ਼ਰਕ ਨਹੀਂ ਸੀ ਕਿ ਇਹ ਮਨੁੱਖੀ ਆਤਮਾ ਨਹੀਂ ਸੀ। ਮੈਂ ਚਾਹੁੰਦਾ ਸੀ ਕਿ ਸਾਡੀ 'ਕਨਸੋਰਟ' ਸਭ ਕਿਸਮਾਂ ਦੇ ਸੰਗੀਤ ਦਾ ਫੋਰਮ ਬਣੇ। ਮੈਂ ਮੁਹਿੰਮ ਉੱਤੇ ਚੜ੍ਹ ਪਿਆ ਕਿ ਮੈਂ ਕੁਦਰਤੀ ਵਾਤਾਵਰਨ ਵਿਚੋਂ ਜਾਨਵਰਾਂ ਦੀਆਂ ਆਵਾਜ਼ਾਂ ਸੁਣਾਂ। ਹਰ ਆਦਮੀ ਜਿਸਨੇ ਨੇੜੇ ਤੋਂ ਵੇਲ-ਮੱਛੀਆਂ ਨੂੰ ਵੇਖਿਆ ਸੀ, ਹੁਣ ਮੇਰੇ ਲਈ ਉਹ ਇੱਕ ਵੱਖਰਾ ਵਿਅਕਤੀ ਬਣ ਗਿਆ ਸੀ। ਕੁਦਰਤ ਨਾਲ ਇੱਕਮਿਕ ਹੋਣ ਦੀ ਸੂਝ ਐਨੀ ਭਾਰੂ ਹੋ ਗਈ ਕਿ ਇਹ ਮੇਰੇ ਜੀਵਨ ਦਾ ਇੱਕ ਹਿੱਸਾ ਬਣ ਗਈ। ਐਪਰ ਮੈਂ ਇਹ ਵੀ ਵੇਖਿਆ ਕਿ ਕਈ ਜਾਨਵਰਾਂ ਦੀ ਹੋਂਦ ਹੁਣ ਖ਼ਤਮ ਹੋਣ ਕਿਨਾਰੇ ਸੀ ਅਤੇ ਕੋਈ ਇੱਕ ਹਜ਼ਾਰ ਜੀਵ ਮੁਕੰਮਲ ਤੌਰ ਤੇ ਮੁੱਕਣ ਕੰਢੇ ਸਨ। ਸੰਸਾਰ ਉੱਤੇ ਸ਼ਹਿਰੀ ਲੋਕ ਰਾਜ ਕਰ ਰਹੇ ਹਨ। ਪਰ ਪ੍ਰਕਿਰਤੀ ਲੋਕਾਂ ਨੂੰ ਪਾਲਦੀ ਹੈ ਤੇ ਸੰਗੀਤ ਬੰਦੇ ਤੇ ਕੁਦਰਤ ਨੂੰ ਇੱਕ ਦੂਜੇ ਦੇ ਨੇੜੇ ਲਿਆ ਸਕਦੇ ਹਨ। ਮਿਸਾਲ ਵਜੋਂ ਸੁਰ-ਤਾਲ ਵਿਚ ਗਾਉਣਾ ਲੋਕਾਂ ਉੱਤੇ ਤਕੜਾ ਪ੍ਰਭਾਵ ਪਾਉਂਦਾ ਹੈ।

**ਕਵੀ : ਐਪਰ ਹਿਟਲਰ ਦੇ ਸਮੇਂ ਇਹ ਸ਼ਕਤੀ ਫਾਸ਼ੀਵਾਦ ਨੇ ਵਰਤੋਂ ਵਿਚ ਲਿਆਂਦੀ, ਲੋਕ ਉਸ ਵੇਲੇ ਸੁਰ-ਤਾਲ ਵਿਚ ਗਾਉਂਦੇ ਸਨ।**

ਪਾਲ : ਹਰ ਸ਼ਕਤੀ ਮਾੜੇ ਮੰਤਵਾਂ ਲਈ ਵੀ ਵਰਤੀ ਜਾ ਸਕਦੀ ਹੈ। ਇਥੋਂ ਤੀਕ ਕਿ ਕੌਮੀ ਗੀਤ ਵੀ ਸ਼ਾਂਤੀ ਭੰਗ ਕਰਨ ਲਈ ਵਰਤੇ ਜਾ ਸਕਦੇ ਹਨ। ਜੇ ਉਹ ਛਾਵਨਵਾਦ ਵੱਲ ਤੁਰ ਪੈਣ। ਇਹ ਅੱਗ ਵਾਂਗ ਹਨ। ਜੋ ਨਿੱਘ ਵੀ ਦਿੰਦੀ ਹੈ ਤੇ ਸਾੜਦੀ ਵੀ ਹੈ। ਪਰ ਮੈਨੂੰ ਆਸ ਹੈ ਕਿ ਸੰਗੀਤ ਦੀ ਸਿਰਜਣਾ ਲੋਕਾਂ ਵਿਚ ਸ਼ਾਂਤੀ ਲਿਆਉਣ ਲਈ ਬੜੇ ਕੰਮ ਆ ਸਕਦੀ ਹੈ। ਮੈਂ ਨਹੀਂ ਸੋਚਦਾ ਕਿ ਮੈਂ ਸਰਕਾਰਾਂ ਨੂੰ ਇਹਨਾਂ ਸਵਾਲਾਂ ਦੇ ਖਾਸ ਜਵਾਬ ਪੇਸ਼ ਕਰ ਸਕਦਾ ਹਾਂ। ਮੈਂ ਇਸ ਗੱਲ ਵਿਚ ਦਿਲਚਸਪੀ ਰੱਖਦਾ ਹਾਂ ਕਿ ਹਰ ਵਿਅਕਤੀ ਕੀ ਕਰ ਸਕਦਾ ਹੈ। ਖ਼ੌਫ ਸ਼ਾਂਤੀ ਲਈ ਸਭ ਤੋਂ ਵੱਡੀ ਰੁਕਾਵਟ ਹੈ। ਖ਼ੌਫ ਠੰਢੀ ਜੰਗ ਦੀ ਜੜ੍ਹ ਹੈ।

**ਕਵੀ : ਕਿਸੇ ਚੀਜ਼ ਤੋਂ ਡਰ ਜਾਂ ਕਿਸੇ ਵਿਅਕਤੀ ਤੋਂ?**

ਪਾਲ : ਕਈ ਅਸਲੀ ਡਰ ਹੁੰਦੇ ਹਨ ਤੇ ਕਈ ਕਲਪਿਤ। ਮਨੁੱਖੀ ਦਲੀਲ ਬੜੀ ਕਾਬੂ ਹੈ। ਜਦ ਇਹ ਡਰ ਦੀ ਸਿਰਜਣਾ ਕਰਦੀ ਹੈ। ਬੇਲੋੜੇ ਡਰਾਂ ਤੋਂ ਛੁਟਕਾਰਾ ਪਾਉਣ ਦੀ ਲੋੜ ਹੈ। ਪ੍ਰਕਿਰਤੀ ਲੋਕਾਂ ਨੂੰ ਅੰਦਰੂਨੀ ਦਿਆਨਤਦਾਰੀ ਦੇ ਕੇ ਉਹਨਾਂ ਦੀਆਂ



ਆਤਮਾਵਾਂ ਨੂੰ ਤੰਦਰੁਸਤ ਕਰ ਸਕਦੀ ਹੈ।

**ਕਵੀ : ਮੇਰਾ ਖ਼ਿਆਲ ਹੈ ਤੁਸੀਂ ਪ੍ਰਕਿਰਤੀ ਦਾ ਆਦਰਸ਼ੀਕਰਨ ਕਰ ਰਹੇ ਹੋ? ਇਸ ਵਿਚ ਹਜ਼ਾਰਾਂ ਹੀ ਜੰਗਾਂ ਦੀ ਹੋਂਦ ਹੈ। ਮੈਂ ਮਿਸਾਲ ਵਜੋਂ ਨਹੀਂ ਸੋਚਦਾ ਕਿ ਮੈਂ ਕਦੇ ਸ਼ਾਕਾਹਾਰੀ ਸ਼ੇਰਾਂ ਦੀ ਨਸਲ ਸੁਣੀ ਹੋਵੇ। ਪ੍ਰਕਿਰਤੀ ਕਿਤੇ ਵੀ ਕੋਈ ਮਿਸਾਲ ਨਹੀਂ ਦਿੰਦੀ ਕਿ ਇਹ ਸ਼ਾਂਤੀ ਵਿਚ ਰਹਿ ਸਕਦੀ ਹੈ।**

ਪਾਲ : ਸਿਵਾਏ ਆਦਮੀ ਤੋਂ ਹੋਰ ਕੋਈ ਜੀਵਾਂ ਦੀ ਨਸਲ ਆਪਣੇ ਹੀ ਜੀਵਾਂ ਨੂੰ ਕਤਲ ਨਹੀਂ ਕਰਦੀ। ਦੋ ਬਘਿਆੜ ਜਦੋਂ ਆਪਣੇ ਜੱਥੇ ਦੇ ਆਗੂ ਬਣਨ ਲਈ ਲੜਦੇ ਹਨ ਤਾਂ ਜਦੋਂ ਲੜਾਈ ਵਿਚ ਇੱਕ ਹਾਰ ਜਾਂਦਾ ਹੈ ਤਾਂ ਉਹ ਹਾਰਿਆ ਹੋਇਆ, ਜੇਤੂ ਨੂੰ ਆਪਣੀ ਗਰਦਨ ਪੇਸ਼ ਕਰ ਦਿੰਦਾ ਹੈ, ਤੇ ਜੇਤੂ ਉਸਨੂੰ ਜਾਨੋਂ ਨਹੀਂ ਮਾਰਦਾ। ਜਦੋਂ ਕੋਈ ਜਾਨਵਰ ਕਿਸੇ ਨੂੰ ਮਾਰਦਾ ਹੈ ਤਾਂ ਇਹ ਜੀਵਨ ਦੇ ਸਭ ਰੂਪਾਂ ਦਾ ਨਿਚੋੜ ਹੈ, ਜਿਸ ਨਾਲ ਖ਼ੁਰਾਕ ਦੀ ਲੜੀ ਚੱਲਦੀ ਹੈ। ਮਨੁੱਖ ਹੀ ਇਕੱਲਾ ਜਾਨਵਰ ਹੈ, ਜੋ ਦੂਸਰੇ ਬੰਦੇ ਨੂੰ ਕਤਲ ਕਰਦਾ ਹੈ, ਪਰ ਖਾਣ ਲਈ ਨਹੀਂ। ਅਸਾਂ ਮਨੁੱਖਾਂ ਨੇ ਅਜੇ ਤੀਕ ਆਪਣੀ ਪ੍ਰਕਿਰਤੀ ਨੂੰ ਸਮਝਿਆ ਨਹੀਂ। ਹੋਮੋ ਸੇਪੀਅਨ ਕਰੀਬ-ਕਰੀਬ ਤਿੰਨ ਸੌ ਹਜ਼ਾਰ ਸਾਲਾਂ ਤੋਂ ਹੋਂਦ ਵਿਚ ਹਨ, ਜਦ ਕਿ ਵੇਲ੍ਹ ਮੱਛੀਆਂ ਪੰਦਰਾਂ ਮਿਲੀਅਨ ਤੋਂ ਪਹਿਲਾਂ ਹੋਂਦ ਵਿਚ ਆਈਆਂ ਸਨ। ਕੁਦਰਤ ਦੇ ਵਿਸ਼ੇਸ਼ ਤਜਰਬੇ ਵਿਚ ਅਸੀਂ ਬੜੇ ਥੋੜ੍ਹੀ ਉਮਰ ਦੇ ਹਾਂ ਤੇ ਅਜੇ ਸ਼ੁਰੂ ਹੀ ਕਰਨ ਵਾਲੇ ਹਾਂ। ਇਹ ਤੱਥ ਕਿ ਅਸੀਂ ਆਪਣੇ ਆਪ ਨੂੰ ਸਭ ਤੋਂ ਵੱਧ ਤਰਕਸ਼ੀਲ ਜੀਵ ਸਮਝਦੇ ਹਾਂ, ਤੋਂ ਇਹ ਗਾਰੰਟੀ ਨਹੀਂ ਮਿਲਦੀ ਕਿ ਸਾਡੀ ਜੀਵਾਂ ਦੀ ਨਸਲ ਕਾਮਯਾਬ ਹੋਵੇਗੀ। ਅਸੀਂ ਹੋਰ ਜੀਵਾਂ ਤੋਂ ਕਾਫੀ ਕੁਝ ਸਿੱਖ ਸਕਦੇ ਹਾਂ।

**ਕਵੀ : ਬੱਚੇ ਵਜੋਂ ਰੂਸ ਬਾਰੇ ਤੁਹਾਡੇ ਪਹਿਲੇ ਖ਼ਿਆਲ ਕੀ ਸਨ?**

ਪਾਲ : ਸ਼ਾਇਦ ਕਿਸੇ ਤੁਰਾਡੇ ਦੇਸ਼ ਬਾਰੇ ਧੁੰਦਲਾ ਜਿਹਾ ਤਸੱਵਰ ਯਾਦ ਹੈ ਕਿ ਉੱਥੇ ਲੋਕ ਭਿਆਨਕ ਠੰਢ ਵਿਚ ਰਹਿੰਦੇ ਸਨ। .... ਜਦੋਂ ਮੈਂ ਵਾਈਟ ਹਾਊਸ ਵਿਚ ਗਾਇਕ-ਮੰਡਲੀ ਨਾਲ ਪੇਸ਼ਕਾਰੀ ਕੀਤੀ, ਮੈਂ ਰਾਬਰਡ ਕੈਨੇਡੀ ਨਾਲ ਗੱਲ ਕੀਤੀ। ਜੋ ਕਿ ਉਸ ਸਮੇਂ ਅਟਾਰਨੀ ਜਨਰਲ ਸੀ ਕਿ ਅਸੀਂ ਸੋਵੀਅਤ ਯੂਨੀਅਨ ਜਾਣਾ ਚਾਹੁੰਦੇ ਹਾਂ ਤੇ ਹੈਰਾਨ ਹੋਏ ਕਿ ਕੀ ਉਹ ਸਾਡੀ ਸਹਾਇਤਾ ਕਰੇਗਾ। ਪਰ ਵੀਹ ਸਾਲ ਸਾਡਾ ਇਹ ਸੁਪਨਾ ਖੁੱਡੇ ਲਾਈਨ ਲੱਗਾ ਰਿਹਾ। ਜਦੋਂ ਆਵਾਜਾਈ ਕੁਝ ਖੁੱਲੀ ਤਾਂ ਮੈਂ ਹੈਰਾਨ ਹੁੰਦਾ ਸੀ ਕਿ ਸੋਵੀਅਤ ਲੋਕੀਂ ਪ੍ਰਕਿਰਤੀ ਵਿਚੋਂ ਆਪਣੇ ਲਈ ਜਜ਼ਬਾਤੀ ਸ਼ਕਤੀ ਲੈਣ ਲਈ ਕਿੱਥੇ ਜਾਂਦੇ ਹੋਣਗੇ ਤੇ ਉਨ੍ਹਾਂ ਦੀਆਂ ਗਰੈਂਡ ਸੋਵੀਅਤ ਕਾਨੀਉਨ ਤੇ ਯੈੱਲਸਟੋਨ ਪਾਰਕਾਂ ਕਿੱਥੇ ਹੋਣਗੀਆਂ।

ਮੇਰਾ ਵਿਸ਼ਵਾਸ ਹੈ ਕਿ ਸਾਡੇ ਵਿਚ ਹੋਰ ਵਧੇਰੇ ਅੰਤਰ-ਪ੍ਰਕਿਰਿਆ ਦੀ ਲੋੜ ਹੈ। ਸਾਨੂੰ ਸਭਿਆਚਾਰਕ ਵਟਾਂਦਰੇ ਦੀ ਬੁਰੀ ਤਰ੍ਹਾਂ ਲੋੜ ਹੈ। ਕਵੀਆਂ, ਸੰਗੀਤਕਾਰਾਂ

ਤੇ ਹਰ ਤਰ੍ਹਾਂ ਦੇ ਕਲਾਕਾਰਾਂ ਦੇ ਵਟਾਂਦਰੇ ਦੀ। ਆਪਸੀ ਸੰਚਾਰ ਦੀ ਘਾਟ ਖ਼ਤਰਨਾਕ ਹੈ। ਚੁੱਪ ਧਮਕੀ ਭਰੇ ਅਰਥਾਂ ਨਾਲ ਭਰੀ ਹੁੰਦੀ ਹੈ। ਮੈਂ ਸਮਝਦਾ ਹਾਂ ਪ੍ਰਕਿਰਤੀ ਬੜੇ ਅਵਸਰ ਪ੍ਰਦਾਨ ਕਰਦੀ ਹੈ, ਸੰਪਰਕਾਂ ਨੂੰ ਚੰਗੇਰਾ ਬਣਾਉਣ ਦੇ ਮੌਕੇ। ਸੰਭਵ ਹੈ ਮੇਰਾ ਸੰਗੀਤ ਪਾਣੀ ਦੀ ਬਾਲਟੀ ਵਿਚੋਂ ਇੱਕ ਤੁਪਕੇ ਸਮਾਨ ਹੋਵੇ, ਪਰ ਮੈਂ ਆਸ ਕਰਦਾ ਹਾਂ ਕਿ ਇਹ ਸਬੰਧਾਂ ਨੂੰ ਸੁਧਾਰਨ ਵਿਚ ਸਹਾਈ ਹੋਵੇਗਾ, ਜਦੋਂ ਅਸੀਂ ਕਿਸੇ ਦੋਸਤ ਨੂੰ ਮਿਲਦੇ ਹਾਂ ਤਾਂ ਕਹਿੰਦੇ ਹਾਂ, ਉਹ 'ਸ਼ਸ਼ਤਰਹੀਣ' ਹੋ ਗਿਆ ਹੈ। ਕੀ ਰੂਸੀ ਵਿਚ ਵੀ ਇਸ ਦੇ ਇਹੀ ਅਰਥ ਹਨ।

**ਕਵੀ : ਬਿਲਕੁਲ ਇਹੀ।**

ਪਾਲ : ਸਾਰੇ ਇਤਿਹਾਸ ਵਿਚ, ਜੰਗਲ ਦੇ ਰਾਜ ਵਿਚ ਬਘਿਆੜ ਪਤਿਤ ਮੰਨੇ ਜਾਂਦੇ ਰਹੇ ਹਨ ਤੇ ਬਾਕੀ ਜਾਨਵਰਾਂ ਨਾਲੋਂ ਵਧੇਰੇ ਡਰ ਪੈਦਾ ਕਰਦੇ ਰਹੇ ਨੇ। ਪਰ ਹੁਣ ਸਾਨੂੰ ਪਤਾ ਲੱਗਾ ਹੈ ਕਿ ਉਹਨਾਂ ਕੋਲੋਂ ਤਰਨ ਦੀ ਉੱਕਾ ਹੀ ਕੋਈ ਲੋੜ ਨਹੀਂ ਹੈ। ਇਹ ਨਾ ਮੰਨਣ-ਯੋਗ ਮਨੋਵਿਗਿਆਨਕ ਕਦਮ ਹੈ। ਸਾਨੂੰ ਪਤਾ ਲੱਗਾ ਹੈ ਕਿ ਵੇਲ੍ਹ-ਮੱਛੀਆਂ ਬੜੀਆਂ ਸਾਊ ਜਾਨਵਰ ਹਨ ਤੇ ਉਹ ਲੋਕਾਂ ਨੂੰ ਹੜੱਪ ਨਹੀਂ ਕਰਦੀਆਂ। ਜਿਵੇਂ ਕਿ ਬਾਈਬਲ ਦੀ ਜੌਨਾਹ ਵਿਚਲੀ ਕਹਾਣੀ ਵਿਚ ਲਿਖਿਆ ਗਿਆ ਸੀ। ਮਿਸਾਲ ਵਜੋਂ ਯੂ. ਐਸ. ਏ. ਵਿਚ ਲੋਕੀਂ ਬੇੜੀਆਂ ਲੈ ਕੇ ਵੇਲ੍ਹ-ਮੱਛੀਆਂ ਨੂੰ ਮਾਰਨ ਨਹੀਂ, ਸਗੋਂ ਗਹੁ ਨਾਲ ਤੱਕਣ ਜਾਂਦੇ ਹਨ ਤੇ ਇਸ ਗੱਲ ਨੇ ਉਹਨਾਂ ਨੂੰ ਬੜੀ ਖੁਸ਼ੀ ਦਿੱਤੀ ਹੈ। ਜੇ ਅਸੀਂ ਇਹਨਾਂ ਦੈਤਾਂ ਦਾ ਖ਼ੌਫ਼ ਲਾਹੁਣ ਵਿਚ ਸਫਲ ਹੋਏ ਹਾਂ ਤਾਂ ਅਸੀਂ ਦੂਸਰੇ ਲੋਕਾਂ ਤੋਂ ਆਉਂਦੇ ਖੌਫ਼ ਨੂੰ ਵੀ ਲਾਹ ਕੇ ਸੁੱਟ ਸਕਦੇ ਹਾਂ। ਜਿਨ੍ਹਾਂ ਦੀ ਵਿਚਾਰਧਾਰਾ ਧਰਮ ਜਾਂ ਚਮੜੀ ਦਾ ਰੰਗ ਵੱਖਰਾ ਹੈ। ਅਸੀਂ ਲੋਕਾਂ ਨਾਲ ਆਪਣੇ ਰਿਸ਼ਤੇ ਨੂੰ ਚੰਗੇਰਾ ਬਣਾਉਣ ਦੀ ਕੋਸ਼ਿਸ ਕਰਨਾ ਸਿੱਖ ਸਕਦੇ ਹਾਂ, ਜੇ ਅਸੀਂ ਜਾਨਵਰਾਂ ਦੀ ਸਲਤਨਤ ਨਾਲ ਆਪਣੇ ਰਿਸ਼ਤੇ ਨੂੰ ਸੁਧਾਰ ਲਿਆ ਹੋਵੇ।

ਇੱਕ ਸਿਧਾਂਤ ਇਹ ਹੈ ਕਿ ਜੰਗਾਂ ਕੋਈ ਦਸ ਹਜ਼ਾਰ ਸਾਲ ਪਹਿਲਾਂ ਲੜਨੀਆਂ ਸ਼ੁਰੂ ਹੋਈਆਂ, ਕਿਉਂਕਿ ਚਰਾਦਾਂ ਦੀ ਲੋੜ ਵੱਧ ਗਈ ਸੀ। ਕਈ ਕਲਪਤ ਸਿਧਾਂਤ ਹਨ ਜੋ ਇਸਨੂੰ ਝੁਠਲਾਉਂਦੇ ਹਨ, ਪਰ ਮੇਰੀ ਦਿਲਚਸਪੀ ਇਸ ਖ਼ਿਆਲ ਵਿਚ ਹੈ ਕਿ ਸੰਭਵ ਹੈ ਕਿ ਜੰਗਾਂ ਸਦਾ ਨਹੀਂ ਸੀ ਹੁੰਦੀਆਂ। ਮੈਂ ਇੱਕ ਮਾਨਵ ਵਿਗਿਆਨੀ ਵਾਂਗੂੰ, ਬਿਨਾਂ ਕਿਸੇ ਅਧਿਕਾਰ ਤੋਂ, ਦਲੀਲਬਾਜ਼ੀ ਕਰ ਰਿਹਾ ਹਾਂ। ਜੰਗ ਬਾਰੇ ਗੱਲ ਕਰਦਿਆਂ ਮੈਂ ਇਸਨੂੰ ਜੀਵਨ ਦਾ ਕੁਦਰਤੀ ਵਿਕਾਸ ਨਹੀਂ ਸਮਝਦਾ। ਬਿਲਕੁਲ ਹੀ ਨਹੀਂ।

**"ਸਭਿਆਚਾਰ ਦੇ ਮਾਲਕੋ, ਤੁਸੀਂ ਕਿਹੜੇ ਪਾਸੇ ਵੱਲ ਹੋ" ਪੁਸਤਕ ਵਿਚੋਂ**
**ਪਰਾਗਰੈਂਸ ਪਬਲਿਸ਼ਰਜ਼, ਮਾਸਕੋ 1987 ਵਿਚੋਂ)**





# ਧਰਤੀ ਉੱਤੇ ਰਹਿਣਾ ਖੁਸ਼ੀ ਦੀ ਗੱਲ ਹੈ

## ਚੰਗੇਜ਼ ਐਤਮਾਤੋਵ ਦੀ ਨਿਕੋਲਾਈ ਖੋਖਲੋਵ ਨਾਲ ਵਾਰਤਾਲਾਪ

ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਕੁਦਰਤ ਨੇ ਸਾਰੀ ਬਰਫ਼ ਧਰਤੀ ਨੂੰ ਵਾਪਸ ਪਰਤਾਉਣ ਦਾ ਇਰਾਦਾ ਕਰ ਲਿਆ ਸੀ ਤੇ ਇਸ ਤੋਂ ਵੱਧ ਉਹ ਬਰਫ ਵੀ ਜੋ ਪਹਿਲੇ ਸਾਲਾਂ ਵਿਚ ਵੀ ਨਹੀਂ ਪਈ ਸੀ। ਬਰਫ ਅਸਾਧਾਰਨ ਤੌਰ ਤੇ ਭਾਰੀ ਸੀ, ਤੀਸਰੀ ਤਹਿ ਅਤੇ ਮਾਰਚ ਵਿਚ। ਹਵਾ ਨਾਲ ਵਰ੍ਹਦੀ ਬਰਫ਼ ਇੰਝ ਜਿਵੇਂ ਬੁੱਢੇ ਆਦਮੀ ਦੇ ਝਾੜੀ ਵਰਗੇ ਭਰਵੱਟੇ ਹੋਣ। ਇਹ ਪਹਾੜਾਂ ਦੀਆਂ ਚੋਟੀਆਂ ਅਤੇ ਪੇਂਡੂ ਘਰਾਂ ਦੀਆਂ ਛੱਤਾਂ ਉੱਤੇ ਪੈ ਰਹੀ ਸੀ। 'ਚਿੱਟਾ ਜਹਾਜ਼' ਵਰਗੇ ਪਿੰਡ ਬਰਫ਼ ਨਾਲ ਜੰਮੇ ਪਏ ਸੀ। ਧਰਤੀ-ਮਾਂ ਇੰਝ ਸੀ ਜਿਵੇਂ ਲੇਲੇ ਦੀ ਉੱਨ ਹੁੰਦੀ ਹੈ। ਲੋਕ ਤੇ ਜਾਨਵਰ ਇਸ ਨਾ-ਇਤਬਾਰ ਕਰਨ ਯੋਗ ਤੂਫਾਨ ਦੇ ਰੂ-ਬ-ਰੂ ਸਨ।

ਮੈਂ ਜਿਸ ਬੰਦੇ ਨੂੰ ਮਿਲਣ ਲਈ ਬੇਚੈਨ ਸੀ, ਉਹ ਇਸ ਤੂਫਾਨ ਵਿਚ ਘਿਰ ਗਿਆ ਸੀ ਤੇ ਉਸ ਨੂੰ ਦੇਰ ਹੋ ਰਹੀ ਸੀ। ਪਰ ਜਦੋਂ ਉਹ ਮਿਲ ਪਿਆ ਤਾਂ ਮੇਰੀ ਚਿੰਤਾ ਇਸ ਤਰ੍ਹਾਂ ਮਖੌਲ ਵਿਚ ਬਦਲ ਗਈ।

ਤੂੰ ਹੀ ਜਿਸਨੇ ਬੁਰਾਨੀ ਸਟੇਸ਼ਨ ਦੀ ਕਾਢ ਕੱਢੀ ਸੀ। ਉਹ ਮੁਸਕਰਾਇਆ। ਫਿਰ ਅਸੀਂ ਉਸ ਬਾਰੇ ਗੱਲਾਂ ਕਰਨ ਲੱਗੇ, ਜੋ ਕੁਝ ਉਸਨੇ ਵੇਖਿਆ ਸੀ। ਮਨੁੱਖੀ ਆਸਰਾ ਲੱਭਣ ਲਈ, ਜੰਗਲੀ ਬੱਕਰੇ ਪਹਾੜੀਆਂ ਤੋਂ ਥੱਲੇ ਉੱਤਰ ਰਹੇ ਸੀ। ਪ੍ਰੇਸ਼ਾਨ ਹੋਏ ਬਘਿਆੜ ਤੇ ਲੂੰਬੜੀਆਂ ਖੁੱਲ੍ਹੇ ਆਮ ਭੱਜੀਆਂ ਫਿਰਦੀਆਂ ਸਨ। ਮਾੜੀ ਕਿਸਮਤ ਕਿ ਤਿੱਤਰ ਤੇ ਹੋਰ ਪੰਛੀ ਮਰ ਰਹੇ ਸੀ। ਇਹ ਉਹ ਇਲਾਕਾ ਸੀ, ਜਿੱਥੇ ਅਨਾਰ ਤੇ ਅੰਗੂਰ ਹੁੰਦੇ ਹਨ। ਉਸਨੇ ਉਹ ਵਾਰਤਾਲਾਪ ਤੇ ਮੀਟਿੰਗਾਂ ਚੇਤੇ ਕੀਤੀਆਂ, ਜੋ ਉਹਨਾਂ ਲੋਕਾਂ ਨਾਲ ਹੋਈਆਂ ਸਨ, ਜਿਨ੍ਹਾਂ ਉਸਨੂੰ ਪੰਜਵੀਂ ਵਾਰ ਸੋਵੀਅਤ ਰੂਸ ਦੀ ਸੁਪਰੀਮ ਸੋਵੀਅਤ ਲਈ ਚੁਣਿਆ ਸੀ।

**ਖੋਖਲੋਵ : ਮੈਂ ਚਾਹੁੰਦਾ ਸੀ ਕਿ ਚੰਗੇਜ਼ ਐਤਮਾਤੋਵ ਨਾਲ ਆਪਣੀ ਵਾਰਤਾਲਾਪ ਉਸਦੀ ਨਵੀਂ ਪੁਸਤਕ ਦੀ ਇੱਕ ਟੂਕ ਨਾਲ ਆਰੰਭ ਕਰਦਾ। ਇਹ ਮੇਰਾ ਮੌਲਿਕ ਵਿਚਾਰ ਸੀ। ਅਖ਼ਬਾਰ ਨੇ ਇਹ ਖੁਸ਼ੀ-ਖੁਸ਼ੀ ਛਾਪਣੀ ਸੀ। ਭਲਾ ਨਵੀਂ ਕਿਤਾਬ ਕਾਹਦੇ ਬਾਰੇ ਸੀ?**

**ਐਤਮਾਤੋਵ** : ਮੈਂ ਨਾ ਹੀ ਟੂਕ ਪੇਸ਼ ਕਰ ਸਕਦਾਂ ਤੇ ਨਾ ਹੀ ਤੇਰੇ ਪ੍ਰਸ਼ਨ ਦਾ ਉੱਤਰ ਦੇ ਸਕਦਾਂ। ਮੈਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ। ਪਰ ਮੈਂ ਇਹ ਕੰਮ ਵੀ ਕਦੇ ਨਹੀਂ ਕੀਤਾ। ਮੇਰੇ ਲਈ ਇਹ ਦੱਸਣਾ ਸੌਖਾ ਨਹੀਂ ਕਿ ਮੇਰੇ ਨਾਵਲ ਤੇ ਕਹਾਣੀਆਂ ਕਾਹਦੇ ਬਾਰੇ ਹਨ। ਕੀ ਇਹ ਗੱਲ ਅਜੀਬ ਲੱਗਦੀ ਹੈ? ਮੈਂ ਪਾਠਕ ਦੇ ਅੱਗੇ-ਅੱਗੇ ਨਹੀਂ ਭੱਜ ਸਕਦਾ, ਜਿਸਨੂੰ ਕਿ ਆਪਣੇ ਸਿੱਟੇ ਆਪ ਕੱਢਣੇ ਚਾਹੀਦੇ ਹਨ। ਮੇਰੇ ਬਾਰੇ ਸਖ਼ਤ ਨਾ ਹੋਵੋ, ਪਰ ਮੈਂ ਉਹੀ ਗੱਲ ਦੁਹਰਾ ਸਕਦਾ ਹਾਂ। ਜੋ ਮੈਂ ਇੱਕ ਵਾਰ ਕਹੀ ਸੀ। ਕਿਤਾਬ ਦੇ ਵਿਸ਼ੇ ਨੂੰ ਵੱਖ ਕਰਕੇ ਦੱਸਣਾ ਇੰਝ ਹੀ ਹੈ, ਜਿਵੇਂ ਰੋਟੀ ਵਿਚੋਂ ਪਾਣੀ ਤੇ ਆਟੇ ਨੂੰ

ਵੱਖ-ਵੱਖ ਕਰਨਾ।

ਮੈਂ ਆਪਣੀਆਂ ਪੁਸਤਕਾਂ ਵਿਚੋਂ ਵੱਖਰੇ ਮੁਕੰਮਲ ਟੁਕੜੇ ਨਹੀਂ ਲੱਭ ਸਕਦਾ, ਜੋ ਸਮੁੱਚੇ ਕੈਨਵਸ ਵਿਚੋਂ ਵੱਖਰੇ ਹੋ ਸਕਦੇ ਹੋਣ। ਹਰ ਚੀਜ਼ ਇਕੱਠੀ ਵਹਿੰਦੀ ਹੈ। ਇਸ ਲਈ ਮੈਂ ਇਹਨਾਂ ਨੂੰ ਟੁਕੜਿਆਂ ਵਿਚ ਵੰਡਣ ਨੂੰ ਘ੍ਰਿਣਾ ਕਰਦਾ ਹਾਂ।

? : **ਮੈਂ ਤੇਰੀ ਰਚਨਾਤਮਿਕ ਪ੍ਰਕਿਰਿਆ ਬਾਰੇ ਤੇ ਇੱਕ ਲੇਖਕ ਵਜੋਂ ਤੇਰੇ ਸਿਧਾਤਾਂ ਬਾਰੇ ਗੱਲ ਕਰਨੀ ਚਾਹੁੰਦਾ ਹਾਂ।**

– : ਠੀਕ ਹੈ, ਆਓ ਉਹਨਾਂ ਬਾਰੇ ਗੱਲ ਕਰੀਏ। ਹਰ ਕਿਸੇ ਸ਼ਖ਼ਸ ਵਾਂਗ ਮੇਰਾ ਵੀ ਆਪਣਾ ਪੁਲਾੜ ਤੇ ਆਪਣਾ ਸਮਾਂ ਹੈ। ਵਾਧਾ ਇਹ ਕਿ ਮੇਰਾ ਆਪਣਾ ਇਲਾਕਾ ਹੈ, ਆਪਣਾ ਸੰਵਿਧਾਨਕ ਜ਼ਿਲਾ ਸੁਪਰੀਮ ਸੋਵੀਅਤ ਦੇ ਪ੍ਰਤੀਨਿਧ ਵਾਂਗ, ਮੈਂ ਲੋਕਾਂ ਨੂੰ ਮਿਲਦਾ ਹਾਂ, ਉਹਨਾਂ ਦੀਆਂ ਦਿਲਚਸਪੀਆਂ ਤੋਂ ਪ੍ਰਭਾਵਿਤ ਹੁੰਦਾ ਹਾਂ ਤੇ ਉਨ੍ਹਾਂ ਦੀਆਂ ਚਿੰਤਾਵਾਂ ਤੇ ਸਮੱਸਿਆਵਾਂ ਲੱਭਦਾ ਹਾਂ। ਤੁਸੀਂ ਸਿਰਫ਼ ਸਥਾਨਿਕ ਹਾਲਾਤ ਤੋਂ ਵਾਕਿਫ਼ ਹੀ ਨਹੀਂ ਹੁੰਦੇ, ਸਗੋਂ ਭਾਂਤ-ਭਾਂਤ ਦੀਆਂ ਸਮਾਜਿਕ ਸਮੱਸਿਆਵਾਂ ਪ੍ਰਤੀ ਅੰਤਰ-ਦ੍ਰਿਸ਼ਟੀ ਵੀ ਪ੍ਰਾਪਤ ਕਰਦੇ ਹੋ ਤੇ ਲੋਕਾਂ ਦੀਆਂ ਜ਼ਿੰਦਗੀਆਂ ਵਿਚ, ਜਿਥੋਂ ਤੀਕ ਸੰਭਵ ਹੋਵੇ, ਖੁੱਭਦੇ ਹੋ। ਅਸੀਂ ਕਈ ਤਬਦੀਲੀਆਂ ਬਾਰੇ ਮਾਣ ਕਰ ਸਕਦੇ ਹਾਂ। 'ਬਾਜ਼ਾਰ-ਕੁਰਗਾਨ' ਪਿੰਡ ਦੀ ਮਿਸਾਲ ਹੀ ਲੈ ਲਵੋ, ਜਿੱਥੇ ਮੈਂ ਹੁਣੇ ਜਿਹੇ ਗਿਆ ਸੀ। ਬਹੁਤੀ ਦੇਰ ਨਹੀਂ ਹੋਈ ਕਿ ਇਹ ਇੱਕ ਨਿੱਕਾ ਜਿਹਾ ਪਿੰਡ ਸੀ। ਹੁਣ ਉਹ ਜ਼ਿਲ੍ਹਾ ਕੇਂਦਰ ਉਹਨਾਂ ਭਾਗਾਂ ਵਿਚ ਸ਼ਾਇਦ ਸਭ ਤੋਂ ਵਧੀਆ ਵਿਚੋਂ ਇੱਕ ਹੈ। ਪਿਛਲੇ ਸਾਲ ਉੱਥੇ ਇੱਕ ਸਭਿਆਚਾਰਕ ਮਹੱਲ ਦਾ ਆਰੰਭ ਕੀਤਾ ਗਿਆ ਸੀ। ਜਿਹੜਾ ਕਿਸੇ ਵੀ ਸ਼ਹਿਰੀ ਥੀਏਟਰ ਜਿੰਨਾ ਹੀ ਸੁੰਦਰ ਹੈ। ਲਾਗਲੇ ਜ਼ਿਲ੍ਹੇ ਦੇ ਮੇਰੇ ਵੋਟਰਾਂ ਨੇ ਜੋ 'ਲੈਨਿਨ ਜੋਲ' ਪਿੰਡ ਦੇ ਹਨ, ਪਹਿਲਾਂ ਹੀ ਮੈਨੂੰ ਆਖਿਆ ਹੈ ਕਿ ਮੈਂ ਉਹਨਾਂ ਲਈ ਇੱਕ ਵੱਡੀ ਨਹਿਰ ਸਿੰਜਾਈ ਲਈ ਬਣਵਾ ਕੇ ਦਿਆਂ ਜੋ ਨਰਾਇਨ ਤੋਂ ਮੈਲੀਸ਼ੀਆ ਜਲ-ਭੰਡਾਰ ਤੀਕ ਹੋਵੇ ਤੇ ਬੰਜਰ ਧਰਤੀ ਦੀ ਸਿੰਜਾਈ ਸ਼ੁਰੂ ਕਰੇ।

ਹਾਲੀਂ ਤੀਕ ਜੋ ਕੁਝ ਵੀ ਵਾਪਰ ਰਿਹਾ ਹੈ, ਉਸ ਬਾਰੇ ਖ਼ਾਸ ਗੱਲ ਕੋਈ ਨਹੀਂ, ਪਰ ਬਾਅਦ ਵਿਚ ਨਹਿਰ ਦੀ ਖੁਦਾਈ ਦੇ ਇਸ ਪ੍ਰਾਜੈਕਟ ਨਾਲ ਸਬੰਧਿਤ ਵੱਖ-ਵੱਖ ਘਟਨਾਵਾਂ ਮੇਰੀ ਇੱਕ ਹੋਰ ਕਿਤਾਬ ਦਾ ਵਸਤੂ ਬਣ ਸਕਦੀਆਂ ਹਨ। ਕੌਣ ਜਾਣੇ?

ਨਾਵਲ ਦਾ ਪਲਾਟ ਜਿਊਂਦੀਆਂ ਕਹਾਣੀਆਂ, ਕਿਸਮਤਾਂ ਤੇ ਜੀਵਨ ਦਾ ਇੱਕ ਟੁਕੜਾ ਹੀ ਹੁੰਦਾ ਹੈ। ਹਰ ਇੱਕ ਦੇ ਪਲਾਟ ਦੀ ਚੋਣ ਦਾ ਆਪਣਾ ਹੀ ਢੰਗ ਹੁੰਦਾ ਹੈ। ਇੱਕ ਲੇਖਕ ਕੋਈ ਦਿਲਚਸਪ ਚੀਜ਼ ਲੱਭਦਾ ਹੈ ਤੇ ਕੋਈ ਹੋਰ ਦੂਸਰਾ ਜੀਵਨ ਨਾਲ ਸੰਬੰਧਿਤ ਸੱਚੀ ਗੱਲ ਤਲਾਸ਼ਦਾ ਹੈ, ਜੋ ਪਾਠਕ ਪਛਾਣ ਸਕਦੇ ਹਨ। ਮੁੱਖ ਗੱਲ ਇਹ ਹੁੰਦੀ ਹੈ ਕਹਾਣੀ ਵਿਚ ਕੁਝ ਖ਼ਿਆਲ ਹੁੰਦੇ ਹਨ, ਜੋ ਸਮਕਾਲੀ ਜੀਵਨ ਦੀਆਂ ਜਟਿਲ ਸਮੱਸਿਆਵਾਂ ਨੂੰ ਨਜਿੱਠਦੇ ਹਨ। ਫਿਰ ਵੀ ਮੈਨੂੰ ਇਹ ਮੰਨਣਾ ਚਾਹੀਦਾ ਹੈ



ਕਿ ਹਾਲ ਦੀ ਘੜੀ ਮੈਂ ਇੱਕ ਨਵਾਂ ਨਾਵਲ ਨਹੀਂ ਲਿਖ ਸਕਦਾ। ਮਿਸਾਲ ਵਜੋਂ ਬੈਕਾਲ-ਐਮੂਰ ਰੇਲਵੇ-ਉਸਾਰੀ ਦੀ ਯੋਜਨਾ ਬਾਰੇ ਜਾਂ ਕਿਸੇ ਹੋਰ ਯੋਜਨਾ ਬਾਰੇ। ਮੇਰਾ ਵਿਸ਼ਵਾਸ ਹੈ ਕਿ ਸਮਕਾਲੀ ਸਮਾਜ ਤਤਕਾਲੀ ਅਰਥਾਂ ਵਿਚ ਨਹੀਂ ਸਮਝਿਆ ਜਾ ਸਕਦਾ ਕਿ ਉਸਾਰੀ ਦੀ ਯੋਜਨਾ ਮੁੱਕਣ ਤੋਂ ਪਹਿਲਾਂ ਹੀ ਨਾਵਲ ਤਿਆਰ ਹੋ ਜਾਵੇ।

ਮੈਂ ਇਹ ਗੱਲ ਕਿਸੇ ਹੋਰ ਦੀ ਆਲੋਚਨਾ ਕਰਨ ਲਈ ਨਹੀਂ ਕਹਿ ਰਿਹਾ। ਸਾਹਿਤ ਕਦੇ ਵੀ ਇੱਕ ਰੰਗ ਦਾ ਨਹੀਂ ਹੁੰਦਾ, ਨਾ ਹੀ ਹੋਣਾ ਚਾਹੀਦਾ। 'ਮੇਰਾ' ਸਮਾਂ ਆਮ ਕਰਕੇ ਜੰਗ ਤੋਂ ਬਾਅਦ ਦੇ ਸਾਲ ਹਨ, ਪੰਜਾਹਵੇਂ, ਸੱਠਵੇਂ ਤੇ ਸੱਤਰਵੇਂ ਦਾ ਕੁਝ ਹਿੱਸਾ। ਇਹ ਸਮਾਂ ਹੈ, ਜਿਸਨੇ ਮੈਂ ਜੋ ਕੁਝ ਹਾਂ, ਉਸਨੂੰ ਬਣਾਇਆ ਹੈ ਤੇ ਮੈਂ ਇਸਦਾ ਸਭ ਤੋਂ ਵੱਧ ਅਨੁਭਵ ਪ੍ਰਾਪਤ ਕੀਤਾ ਹੈ। ਜੰਗ ਉਦੋਂ ਸ਼ੁਰੂ ਹੋਈ, ਜਦੋਂ ਮੈਂ ਬਾਰਾਂ ਸਾਲਾਂ ਦਾ ਸੀ। ਮੈਂ ਖੇਤਾਂ ਵਿਚ ਕੰਮ ਕੀਤਾ। ਪਿੰਡ ਦੀ ਸੋਵੀਅਤ ਦਾ ਸਕੱਤਰ ਤੇ ਟਰੈਕਟਰ ਟੀਮ ਦਾ ਲੇਖਾਕਾਰ ਸੀ।

ਇਸ ਸਾਰੇ ਦਾ ਕੀ ਅਰਥ ਹੈ? ਅਸੀਂ ਕਿਸ਼ੋਰ-ਅਵਸਥਾ ਵਿਚਲੇ ਮੁੰਡੇ ਹਾਲਾਤ ਕਾਰਨ, ਸਾਨੂੰ ਆਪਣੇ ਲੋਕਾਂ ਦੀਆਂ ਸਮੱਸਿਆਵਾਂ ਨਾਲ ਵਾਹ ਪੈਂਦਾ ਸੀ ਤੇ ਉਹਨਾਂ ਨੂੰ ਸਮਝਣਾ ਪੈਂਦਾ ਸੀ। ਅਸੀਂ ਉਹਨਾਂ ਸਾਰਿਆਂ ਬਾਰੇ ਸੋਚਦੇ ਹੁੰਦੇ ਸੀ। ਮੋਰਚੇ ਉੱਤੇ ਸੈਨਿਕਾਂ ਦਾ ਇਹ ਸੁਪਨਾ ਹੁੰਦਾ ਸੀ ਕਿ ਵੈਰੀ ਦੇ ਹੱਲੇ ਨੂੰ ਠੱਲ੍ਹ ਪਾਉਣੀ ਅਤੇ ਅੰਤ ਤੇ ਜਿੱਤ ਪ੍ਰਾਪਤ ਕਰਨੀ, ਪਰ ਮੋਰਚੇ ਤੋਂ ਪਿਛਵਾੜੇ ਅਸੀਂ ਮੋਰਚੇ ਲਈ ਹੀ ਕੰਮ ਕਰਦੇ ਸੀ ਤੇ ਆਪ ਉਹ ਕੁਝ ਲੈਂਦੇ ਸੀ, ਜੋ ਬਾਕੀ ਬਚਿਆ ਰਹਿ ਜਾਂਦਾ ਸੀ। ਮੇਰਾ ਨਹੀਂ ਖ਼ਿਆਲ ਕਿ ਕਦੇ ਅਜਿਹਾ ਸਮਾਂ ਵੀ ਹੋਵੇਗਾ, ਜਦੋਂ ਲੋਕਾਂ ਨੂੰ ਸਾਂਝੀ ਭਲਾਈ ਲਈ ਕੁਰਬਾਨੀ ਕਰਨ ਦੀ ਲੋੜ ਦੀ ਏਨੀ ਸਮਝ ਸੀ। ਇਹ ਉਹ ਸਮਾਂ ਸੀ, ਜਦੋਂ ਲੋਕਾਂ ਨੇ ਸਭ ਤੋਂ ਵੱਧ ਸਰੀਰਕ ਤੇ ਜਜ਼ਬਾਤੀ ਸ਼ਕਤੀ ਦਾ ਵਿਖਾਵਾ ਕੀਤਾ। ਪਿੰਡ ਦੀ ਸੋਵੀਅਤ ਵਿਚ ਕੰਮ ਕਰਦਿਆਂ ਮੈਂ ਹਰੇਕ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਜ਼ਿੰਦਗੀ ਨੇ ਹਰ ਸੰਭਵ ਪੱਖੋਂ ਸਾਡੀ ਪ੍ਰੀਖਿਆ ਲਈ। ਇਹ ਲੰਮਾ ਤੇ ਬਿਖੜਾ ਰਾਹ ਸੀ ਮੇਰਾ। ਮੈਂ ਇਸ ਬਾਰੇ ਐਨਾ ਜ਼ਿਆਦਾ ਗੱਲਾਂ ਨਹੀਂ ਸੀ ਕਰਨਾ ਚਾਹੁੰਦਾ। ਪਰ ਮੈਂ ਇਸ ਬਾਰੇ ਬੋਲਣੋਂ ਵੀ ਰਹਿ ਨਹੀਂ ਸਕਦਾ, ਕਿਉਂਕਿ ਇਹ ਮੇਰੇ ਤਜ਼ਰਬੇ ਅਤੇ ਵਿਸ਼ਵਾਸਾਂ ਦਾ ਹਿੱਸਾ ਹੈ।

? : **ਜਿਹਨਾਂ ਲੋਕਾਂ ਨੂੰ ਤੁਸੀਂ ਯਾਦ ਕਰਦੇ ਹੋ, ਕੀ ਉਹ ਤੁਹਾਡੀਆਂ ਰਚਨਾਤਮਿਕ ਲਿਖਤਾਂ ਵਿਚ ਦੁਬਾਰਾ ਜੀਵੰਤ ਹੋ ਜਾਂਦੇ ਹਨ?**

– : ਮੇਰੇ ਬਹੁਤੇ ਪਾਤਰ ਕਾਲਪਨਿਕ ਹੁੰਦੇ ਹਨ, ਇਹ ਸਿੱਧੇ ਹੀ ਜੀਵਨ ਵਿਚੋਂ ਨਹੀਂ ਲਏ ਗਏ ਹੁੰਦੇ। ਮੇਰੇ ਲਈ ਸਭ ਤੋਂ ਵੱਧ ਮਹੱਤਵ ਵਾਲੀ ਗੱਲ ਹੁੰਦੀ ਹੈ ਕਿ ਉਹਨਾਂ ਵਰ੍ਹਿਆਂ ਦੇ ਵਾਤਾਵਰਨ ਨੂੰ ਪ੍ਰਗਟ ਕੀਤਾ ਜਾਵੇ ਤੇ ਉਹਨਾਂ ਸਮਿਆਂ ਦੀ ਵਿਸ਼ੇਸ਼ ਸੋਚ ਨੂੰ ਦੱਸਿਆ ਜਾਵੇ, ਭਾਵੇਂ ਕਿ ਅੱਜ ਇਹ ਗੱਲ ਸਿੱਧੜ ਜਿਹੀ ਪ੍ਰਤੀਤ ਹੁੰਦੀ ਹੈ।

? : **ਪੁਸ਼ਕਿਨ ਲੇਖਕ ਵਿਚਲੀ ਬੁੱਧੀ ਦੇ ਸੱਚ ਨੂੰ ਕੀਮਤੀ ਸਮਝਦਾ ਹੁੰਦਾ ਸੀ ਅਤੇ ਤੁਰਗਨੇਵ ਯਥਾਰਥ ਨੂੰ ਚਿਤਰਨ ਵੇਲੇ ਗਣਿਤ ਵਾਂਗੂੰ ਸਹੀ ਹੋਣ ਦੀ ਮੰਗ ਕਰਦਾ ਸੀ।**

– : ਮੈਂ ਇਸ ਨੂੰ ਵਰਤਮਾਨ ਵਰਤਾਰੇ, ਲੋਕਾਂ ਤੇ ਉਹਨਾਂ ਦੇ ਰਿਸ਼ਤਿਆਂ ਦੀ ਠੀਕ-ਠੀਕ ਪੇਸ਼ਕਾਰੀ ਵਜੋਂ ਸਮਝਦਾ ਹਾਂ। ਲੋਕਾਂ ਵਿਚ ਇਸ ਪਹੁੰਚ ਨੂੰ ਇਨਸਾਫ ਕਿਹਾ ਜਾਂਦਾ ਹੈ। ਤੁਸੀਂ ਹੱਠ ਕਰਕੇ ਸੱਚ ਤਲਾਸ਼ਦੇ ਹੋ ਤੇ ਭਾਵੇਂ ਇਹ ਜਾਪੇ ਕਿ ਇਹ ਉਤਲੀ ਤਹਿ ਉੱਤੇ ਹੀ ਪਿਆ ਹੈ ਤੇ ਇਹ ਸਾਡੀ ਸਮਝ ਦੀ ਪਹੁੰਚ ਵਿਚ ਹੈ। ਤੇ ਹਰ ਸੱਚ ਕਿਸੇ ਲੇਖਕ ਨੂੰ ਅਨੁਕੂਲ ਪ੍ਰਤੀਤ ਨਹੀਂ ਹੁੰਦਾ ਅਰਥਾਤ ਜੀਵਨ ਦੀ ਹਰ ਵਸਤੂ ਕਲਾ ਦਾ ਵਿਸ਼ਾ ਨਹੀਂ ਬਣ ਸਕਦੀ। ਸਾਨੂੰ ਇਹ ਮੰਨਣਾ ਚਾਹੀਦਾ ਹੈ ਕਿ ਨਿਤਾ-ਪ੍ਰਤੀ ਜੀਵਨ ਦਾ ਸੱਚ, ਕਲਾ ਕਿਰਤਾਂ ਦੇ ਸੱਚ ਤੋਂ ਵੱਖਰਾ ਹੁੰਦਾ ਹੈ। ਕਲਾ ਦੇ ਖੇਤਰ ਵਿਚ ਸੱਚ ਅਜਿਹੀ ਮਿਸ਼ਰਤ ਧਾਤ ਵਾਂਗ ਬਣ ਜਾਂਦਾ ਹੈ ਜੋ ਕਿਸੇ ਤੱਕੜੀ ਉੱਤੇ ਤੋਲਿਆ ਨਹੀਂ ਜਾ ਸਕਦਾ। ਉਹ ਸਦੀਵੀ ਪ੍ਰਭਾਵਸ਼ਾਲੀ ਤੇ ਐਨਾ ਸ਼ਕਤੀਸ਼ਾਲੀ ਹੋ ਜਾਂਦਾ ਹੈ ਕਿ ਉਹ ਅਕੱਟ ਹੁੰਦਾ ਹੈ। ਨੇਕੀ ਤੇ ਬਦੀ ਦਾ ਮਿਸ਼ਰਣ ਜਾਂ ਇਕੱਠ ਬਣ ਜਾਂਦਾ ਹੈ। ਸੰਖੇਪ ਸਿੱਟੇ ਅਤੇ ਸੱਚੀਆਂ ਭਾਵਨਾਵਾਂ ਬੇਹੱਦ ਆਵੱਸ਼ਕ ਹਨ।

? : **ਪਰ ਜਦੋਂ ਤੁਸੀਂ ਕੰਮ ਵਾਲੇ ਮੇਜ਼ ਉੱਤੇ ਹੁੰਦੇ ਹੋ ਤਾਂ ਕੀ ਤੁਸੀਂ ਉਹਨਾਂ ਜਿਊਂਦੇ ਲੋਕਾਂ ਦੇ ਬਿੰਬ ਯਾਦ ਕਰਦੇ ਹੋ, ਜਿਹਨਾਂ ਨੂੰ ਤੁਸੀਂ ਜਾਣਦੇ ਹੋ?**

– : ਹਾਂ, ਉਹ ਕਿਤੇ ਨੇੜੇ ਹੀ ਹੁੰਦੇ ਹਨ। ਇੱਕ ਪੋਰਟਰੇਟ ਵੱਲ ਤੱਕੋ, ਜੋ ਇੱਕ ਕਲਾਕਾਰ ਨੇ ਬਣਾਇਆ ਸੀ ਤੇ ਤੁਸੀਂ ਵੇਖੋਗੇ ਕਿ ਇਹ ਉਸ ਮਨੁੱਖ ਨਾਲ ਹੂਬਹੂ ਨਹੀਂ ਮਿਲਦਾ ਜੋ ਕਿ ਇਸ ਕੰਮ ਲਈ ਬੈਠਿਆ ਸੀ। ਮੈਂ ਫਿਰ ਦੁਹਰਾਉਂਦਾ ਹਾਂ ਕਿ ਮੈਂ ਆਪਣੇ ਪਾਤਰਾਂ ਨੂੰ ਈਜਾਦ ਕਰਦਾ ਹਾਂ। ਨਾਲ ਹੀ ਕਿਉਂਕਿ ਅਸੀਂ ਇੱਕ ਲੇਖਕ ਵਜੋਂ ਮੇਰੀ ਵਿਧੀ ਬਾਰੇ ਚਰਚਾ ਕਰ ਰਹੇ ਸੀ, ਮੇਰੇ ਖ਼ਿਆਲ ਪ੍ਰਤੀ ਮੇਰੇ ਮਨ ਵਿਚ ਅੰਤਿਮ ਝਾਕੀ ਦੀ ਪੂਰੀ ਸਪੱਸ਼ਟ ਤਸਵੀਰ ਹੁੰਦੀ ਹੈ। ਜਦ ਮੈਂ ਲਿਖਣਾ ਸ਼ੁਰੂ ਕਰਦਾ ਹਾਂ ਤਾਂ ਮੈਨੂੰ ਪਤਾ ਹੁੰਦਾ ਹੈ ਕਿ ਮੇਰੀ ਕਹਾਣੀ ਦਾ ਕਿੱਥੇ ਕੁ ਅੰਤ ਹੁੰਦਾ ਹੈ। ਆਰੰਭ ਅਤੇ ਵਿਚਕਾਰਲਾ ਹਿੱਸਾ ਕੁਝ ਧੁੰਦਲੇ ਹੁੰਦੇ ਹਨ, ਪਰ ਮੇਰੀ ਅੰਤਿਕਾ ਪੂਰੀ ਤਰ੍ਹਾਂ ਵਿਚਾਰੀ ਹੁੰਦੀ ਹੈ ਕਿ ਮੈਂ ਬੈਠ ਜਾਂਦਾ ਹਾਂ ਤੇ ਆਖਰੀ ਕਾਂਡ ਲਿਖ ਦਿੰਦਾ ਹਾਂ।

? : **ਇਹ ਦਿਲਚਸਪ ਗੱਲ ਹੈ।**

– : ਮੈਨੂੰ ਕੋਈ ਹੋਰ ਚੀਜ਼ ਦਿਲਚਸਪ ਲੱਗਦੀ ਹੈ …………

? : **ਉਹ ਕੀ?**

– : ਮੇਰੇ ਸਿਰਜੇ ਪਾਤਰ ਨਾਵਲਾਂ ਵਿਚ ਜਿਉਂਦੇ ਰਹਿਣ ਲਈ ਬਣਾਏ ਜਾਂਦੇ ਹਨ, ਇਹ ਅਸਲ ਜੀਵਨ ਲਈ ਨਹੀਂ ਹੁੰਦੇ। ਪਰ ਕੁਝ ਹੋਰ ਹੀ ਵਾਪਰਦਾ ਹੈ। ਨਾਵਲ ਜਾਂ ਕਹਾਣੀ ਦੇ ਛਪਣ ਪਿੱਛੋਂ ਆਮ ਕਰਕੇ, ਮੈਂ ਸਪੱਸ਼ਟ ਭਾਂਤ ਹੁੰਗਾਰਿਆਂ ਤੇ ਪਾਠਕਾਂ ਦੀਆਂ ਚਿੱਠੀਆਂ ਵਿਚ ਆਲੋਚਨਾਤਮਿਕ ਰੀਵਿਊ ਨਾਲੋਂ ਵਧੇਰੇ ਦਿਲਚਸਪੀ ਲੈਂਦਾ ਹਾਂ। ਚਿੱਠੀਆਂ ਨਾਲ ਆਮ ਕਰਕੇ ਇੰਝ ਹੁੰਦਾ ਹੈ। ਮੈਨੂੰ ਪੂਰੀ ਤਰ੍ਹਾਂ ਪਤਾ ਹੁੰਦਾ ਹੈ ਕਿ



ਕਿਹੜਾ ਪਾਤਰ ਪੂਰੀ ਤਰ੍ਹਾਂ ਪੇਸ਼ ਹੋਇਆ ਹੈ। ਉਹ ਐਥੇ ਜਾਂ ਉੱਥੇ ਕੰਮ ਕਰਦਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਤੁਹਾਡੀ 'ਜਗੀਲਾ' ਚੰਗਾ ਕੰਮ ਕਰ ਰਹੀ ਹੈ। ਉਸਦੇ ਤਿੰਨ ਬੱਚੇ ਹਨ ਤੇ ਉਸਦਾ ਚੰਗਾ ਧਿਆਨ ਰੱਖਿਆ ਜਾਂਦਾ ਹੈ। ਮੈਂ ਉਹੀ ਪੁਰਾਣਾ ਮੁਮੂ ਹਾਂ ਜਿਸ ਬਾਰੇ ਤੁਸਾਂ 'ਚਿੱਟੇ ਜਹਾਜ਼' ਵਿਚ ਲਿਖਿਆ ਸੀ। ਮੈਂ ਅਜੇ ਵੀ ਜਿਊਂਦਾ ਹਾਂ ਤੇ ਠੀਕਠਾਕ ਹਾਂ। ਮੇਰਾ ਲੜਕਾ ਵੱਡਾ ਹੋ ਗਿਆ ਹੈ। ਪਰ ਉਹ ਕੁਝ ਮੁਸ਼ਕਿਲ ਵਿਚ ਫਸ ਗਿਆ ਸੀ ਤੇ ਉਸਨੂੰ ਗਲਤ ਸਜ਼ਾ ਹੋ ਗਈ ਸੀ। ਕਿਰਪਾ ਕਰਕੇ ਮੇਰੀ ਸਹਾਇਤਾ ਕਰੋ। ਮੈਂ ਪਹਿਲਾਂ ਰੂਸੀ ਅਧਿਆਪਕ ਹਾਂ, ਭਾਵੇਂ ਕਿ ਤੁਹਾਡੇ ਨਾਵਲ ਵਿਚ ਉਹ ਕਿਰਗੀਜ਼ ਸੀ।

ਇਸ ਨਾਲ ਤੁਹਾਨੂੰ ਕਲਾਤਮਿਕ ਕਾਂਢ ਦੀ ਜਾਦੂਮਈ ਕਿਸਮ ਦਾ ਚੰਗਾ ਖ਼ਿਆਲ ਹੋ ਜਾਂਦਾ ਹੈ। ਤੁਸੀਂ ਮੈਨੂੰ ਠੀਕ ਕਰਨ ਵਿਚ ਸਹੀ ਹੱਕ ਰੱਖਦੇ ਹੋ, ਇਹ ਕਹਿੰਦੇ ਹੋਏ ਕਿ ਇਹ ਸਾਰਾ ਕੁਝ ਕਾਢ ਉੱਤੇ ਨਿਰਭਰ ਕਰਦਾ ਹੈ। ਮੈਂ ਸਹਿਮਤ ਹਾਂ, ਪਰ ਇਹ ਥਾਂ ਮੇਰੇ ਟਿੱਪਣੀ ਕਰਨ ਵਾਲੀ ਨਹੀਂ।

? : **ਕੰਮ ਮੁੱਕ ਗਿਆ ਹੈ, ਕਹਾਣੀ ਛਪ ਗਈ ਹੈ, ਆਲੋਚਕ ਬੋਲ ਚੁੱਕੇ ਹਨ ਤੇ ਪਾਠਕਾਂ ਵਲੋਂ ਆਏ ਖ਼ਤ ਪੜ੍ਹੇ ਜਾ ਚੁੱਕੇ ਹਨ। ਇੱਕ ਲੇਖਕ ਵਜੋਂ ਆਪਣੇ ਬੱਚੇ ਕੋਲ ਵਾਪਸ ਪਰਤਣ ਤੇ ਬਿਨਾਂ ਨਹੀਂ ਰਹਿ ਸਕਦੇ। ਕੀ ਤੁਹਾਨੂੰ ਕੋਈ ਸ਼ੰਕੇ ਜਾਂ ਅਫ਼ਸੋਸ ਹੈ? ਕੀ ਤੁਸੀਂ ਅਨੁਭਵ ਕਰਦੇ ਹੋ ਕਿ ਕੋਈ ਚੀਜ਼ ਹੈ ਜੋ ਨਹੀਂ ਕਹਿ ਸਕੇ, ਕੋਈ ਚੀਜ਼ ਜੋ ਤੁਸੀਂ ਰੋਕੀ ਰੱਖੀ ਹੈ? ਮੈਨੂੰ ਆਸ ਹੈ ਕਿ ਮੇਰੇ ਪ੍ਰਸ਼ਨ ਨੇ ਤੁਹਾਨੂੰ ਨਾਰਾਜ਼ ਨਹੀਂ ਕੀਤਾ?**

– : ਬਿਲਕੁਲ ਹੀ ਨਹੀਂ। ਹਾਂ ਇੰਝ ਵਾਪਰਦਾ ਹੈ, ਮੈਂ ਤੁਹਾਨੂੰ ਇੱਕ ਠੋਸ ਮਿਸਾਲ ਦਿੰਦਾ ਹਾਂ। ਪਹਿਲਾਂ ਮੇਰੀ ਪੁਸਤਕ "ਦਿਨ ਸੌ ਸਾਲ ਨਾਲੋਂ ਵੱਧ ਲੰਬਾ ਹੈ" ਵਿਚ ਅਧਿਆਪਕ ਦੀ ਹੋਣੀ ਮੇਰੇ ਮਨ ਵਿਚ ਵੱਖਰੀ ਤਰ੍ਹਾਂ ਦੀ ਸੀ। ਉਹ ਹਾਰਟ ਅਟੈਕ ਨਾਲ ਮਰਨ ਵਾਲਾ ਨਹੀਂ ਸੀ, ਜਿਵੇਂਕਿ ਨਾਵਲ ਵਿਚ ਅੰਤ ਉੱਤੇ ਵਾਪਰਦਾ ਹੈ, ਸਗੋਂ ਹਾਲਾਤ ਵੱਖਰੇ ਸਨ। ਕੈਦੀਆਂ ਨੂੰ ਸਟੇਸ਼ਨ ਲਾਗੋਂ ਦੀ ਲਿਜਾਇਆ ਜਾ ਰਿਹਾ ਸੀ, ਜਿੱਥੇ ਕਿ ਟੀਚਰ ਦਾ ਪਰਿਵਾਰ ਹਾਲੀਂ ਵੀ ਰਹਿੰਦਾ ਸੀ, ਉਸਦੀ ਪਤਨੀ ਤੇ ਬੱਚੇ ਆਦਿ। ਤੁਸੀਂ ਅਨੁਭਵ ਕਰ ਸਕਦੇ ਹੋ ਕਿ ਵਿਚਾਰਾ ਕਿਵੇਂ ਮਹਿਸੂਸ ਕਰਦਾ ਹੋਵੇਗਾ? ਰਾਤ ਨੂੰ ਉਸਨੂੰ ਬੋਰਾਨੀ- ਬੁਰਾਨੀ ਸਟੇਸ਼ਨ ਰਾਹੀਂ ਲਿਜਾਇਆ ਗਿਆ ਸੀ। ਉਹ ਸਾਰਾਤੋਵ ਵਿਖੇ ਭੱਜ ਗਿਆ, ਜਦੋਂ ਉਸਨੂੰ ਇੱਕ ਗੱਡੀ ਤੋਂ ਦੂਸਰੀ ਵਿਚ ਤਬਦੀਲ ਕੀਤਾ ਜਾ ਰਿਹਾ ਸੀ। ਇਹ ਅਨੁਭਵ ਕਰਦੇ ਹੋਏ ਕਿ ਬਚ ਕੇ ਨਿਕਲਣ ਨਾਲ ਕੀ ਵਾਪਰ ਸਕਦਾ ਸੀ। ਜੋ ਵਾਪਰਿਆ, ਉਹ ਟਾਲਿਆ ਨਹੀਂ ਸੀ ਜਾ ਸਕਦਾ।

ਇੱਕ ਲੇਖਕ ਵਜੋਂ ਮੈਂ ਅਨੁਭਵ ਕਰ ਸਕਦਾ ਸੀ ਕਿ ਕਿੰਨੇ ਨਾਟਕੀ ਅਤੇ ਮਨੋਵਿਗਿਆਨਕ ਤੌਰ ਤੇ ਮੰਨਣ ਯੋਗ ਪੰਨੇ ਲਿਖੇ ਜਾ ਸਕਦੇ ਸੀ। ਐਪਰ ਬੜੀ ਦੇਰ ਤੀਕਰ ਇਸ ਬਾਰੇ ਧਿਆਨ ਨਾਲ ਸੋਚਣ ਤੋਂ ਬਾਅਦ ਲੇਖਕ ਆਦਮੀ ਨੇ ਉਹ ਕੁਝ ਰੱਦ ਕਰ ਦਿੱਤਾ, ਜੋ ਲੇਖਕ-ਕਲਾਕਾਰ ਨੇ ਕਰਨਾ ਸੀ। ਨਾਵਲ ਵਿਚ ਨਰਮ ਢੰਗ

ਅਪਣਾਇਆ ਗਿਆ ਸੀ। ਤੁਸੀਂ ਕਹਿ ਸਕਦੇ ਹੋ ਕਿ ਮੈਂ ਸੌਖਾ ਰਾਹ ਅਪਣਾਇਆ ਪਰ ਮੇਰਾ ਮੱਤ ਹੈ ਕਿ ਮੈਂ ਆਪਣੇ ਪਾਤਰਾਂ ਉੱਤੇ ਤਰਸ ਖਾਧਾ। ਮੈਂ ਨਹੀਂ ਸੀ ਚਾਹੁੰਦਾ ਕਿ ਉਸਦੀ ਪਤਨੀ ਤੇ ਬੱਚੇ ਅਜਿਹੇ ਪੀੜਾਂ ਭਰੇ ਦ੍ਰਿਸ਼ਾਂ ਵਿਚੋਂ ਦੀ ਗੁਜ਼ਰਦੇ। ਉਹ ਪਹਿਲਾਂ ਹੀ ਬੜਾ ਦੁੱਖ ਝੱਲ ਚੁੱਕੇ ਸੀ। ਇੱਕ ਲੇਖਕ ਵਜੋਂ ਮੇਰੇ ਜਜ਼ਬਿਆਂ ਨੂੰ ਦਬਾਇਆ ਜਾਣਾ ਜ਼ਰੂਰੀ ਸੀ।

? : **ਐਪਰ ਬੰਦਾ ਇਹ ਸੋਚਣੋ ਰਹਿ ਨਹੀਂ ਸਕਦਾ ਕਿ ਕਿਸੇ ਹੱਦ ਤੀਕ ਤੁਸੀਂ ਆਪਣੇ ਹੀ ਖਿਲਾਫ਼ ਕੰਮ ਕਰ ਰਹੇ ਸੀ?**

– : ਇਹ ਠੀਕ ਭਾਂਤ ਸੱਚ ਨਹੀਂ। ਮੈਂ ਪੂਰੀ ਤਰ੍ਹਾਂ ਆਪਣੇ ਆਪ ਦੇ ਵਿਰੁੱਧ ਨਹੀਂ ਸੀ ਜਾ ਰਿਹਾ। ਮੈਂ ਮੰਨਦਾ ਕਿ ਇਹ ਸਮਝੌਤਾ ਸੌਖਾ ਨਹੀਂ ਸੀ। ਪਰ ਮੈਂ ਸਾਰੀ ਘਟਨਾ ਦੀ ਘੁੰਡੀ ਨੂੰ ਸਾਂਭਣ ਦਾ ਪ੍ਰਬੰਧ ਕਰ ਲਿਆ। ਪਰ ਸਪੱਸ਼ਟ ਭਾਂਤ ਗੱਲ ਕਰਦਿਆਂ ਤੁਹਾਡੇ ਸ਼ੰਕਿਆਂ ਦਾ ਕੁਝ ਆਧਾਰ ਹੈ। ਖ਼ਾਸ ਕਰਕੇ ਕਿਹੜੀ ਗੱਲ? ਮੇਰੇ ਕੋਲ ਦੋ ਲੇਖਕਾਂ ਦੀਆਂ ਦੋ ਕਹਾਣੀਆਂ ਹਨ। ਮੇਰੇ ਆਪਣੇ ਨਾਵਲ 'ਆਹਮੋਂ-ਸਾਹਮਣੇ' ਅਤੇ ਹਾਸਪੂਤੀਨ ਦੀ 'ਜੀਓ ਤੇ ਯਾਦ ਰੱਖੋ'। ਦੋਵੇਂ ਹੀ ਮੁੱਖ ਤੌਰ ਤੇ ਇੱਕੋ ਹੀ ਵਿਸ਼ੇ ਬਾਰੇ ਹਨ। ਗਾਸਪੂਤੀਨ ਦੀ ਕਹਾਣੀ ਕਮਾਲ ਦੀ ਹੈ, ਮੇਰੀ ਨਾਲੋਂ ਕਿਤੇ ਵਧੀਆ, ਜੋ ਬਾਅਦ ਵਿਚ ਛਪੀ। ਪਰ ਜੇ ਕਦੇ ਤੁਸੀਂ ਜਾਣ ਸਕਦੇ ਕਿ ਮੇਰੇ ਉੱਤੇ ਕੀ-ਕੀ ਤੂਫਾਨ ਝੁੱਲੇ ਤੇ ਕੀ-ਕੀ ਬਿਜਲੀਆਂ ਡਿੱਗੀਆਂ, ਮੈਂ ਜੋ ਇੱਕ ਨਵਾਂ ਤੇ ਸਿਖਾਂਦਰੂ ਲੇਖਕ ਸੀ। ਮੇਰੇ ਨੇੜਲੇ ਸਹਿਕਰਮੀ ਵੀ ਬਾਹਾਂ ਖੜ੍ਹੀਆਂ ਕਰ ਗਏ। ਅਸੀਂ ਸਾਰੀ ਦੁਨੀਆਂ ਦੀ ਹੈਰਾਨੀ ਲਈ ਇੰਨੇ ਤਕੜੇ ਦੁਸ਼ਮਣ ਨੂੰ ਹਰਾ ਦਿੱਤਾ ਹੈ ਤੇ ਤੂੰ ਸੂਰਮਿਆਂ ਦੀ ਪ੍ਰਸ਼ੰਸਾ ਕਰਨ ਦੀ ਥਾਂ, ਕਿਸੇ ਰਹਿੰਦ-ਖੂੰਹਦ ਦੀ ਚੋਣ ਕੀਤੀ ਹੈ। ਉਹ ਇਸ ਗੱਲੋਂ ਖਿੱਝ ਗਏ ਸਨ ਕਿ ਮੇਰੀ ਕਹਾਣੀ ਦਾ ਇੱਕ ਭਗੌੜਾ ਜੋ ਖੇਤ ਵਿਚੋਂ ਬੀਜ ਦੀ ਇੱਕ ਬੋਰੀ ਚੋਰੀ ਕਰਦਾ ਹੈ, ਅਖੀਰ ਨੂੰ ਆਪਣੇ ਆਪ ਹੀ ਇਸ ਗੱਲ ਨੂੰ ਅਨੁਭਵ ਕਰਦਾ ਹੈ ਕਿ ਕਾਲ ਦੇ ਦਿਨੀਂ ਬੀਜ ਦੀ ਚੋਰੀ ਕਰਨ ਦੇ ਕੀ ਅਰਥ ਹਨ, ਜਦ ਇਹ ਬੀਜੇ ਜਾਣੇ ਸਨ। ਫਿਰ ਉਹ ਭਗੌੜਾ ਇੱਕ ਗੰਦਾ ਵਿਅਕਤੀ, ਖੇਤ ਵੱਲ ਵਾਪਿਸ ਮੁੜਦਾ ਹੈ, ਬੋਰੀ ਧੂਹੀ ਆਉਂਦਾ ਤੇ ਇਸਨੂੰ ਗੱਡੇ ਵਿਚ ਸੁੱਟ ਦਿੰਦਾ ਹੈ।

ਪਿੱਛੋਂ ਮੈਂ ਇਹ ਘਟਨਾ ਕੱਢ ਦਿੱਤੀ। ਕਿਉਂਕਿ ਉਸ ਵੇਲੇ ਆਮ ਵਤੀਰਾ ਇਹ ਸੀ ਕਿ ਜੇ ਕੋਈ ਬੰਦਾ ਚੰਗਾ ਨਹੀਂ ਸੀ ਤਾਂ ਉਸਨੂੰ ਜਿੰਨਾ ਸੰਭਵ ਹੋਵੇ, ਕਾਲੇ ਰੰਗ ਵਿਚ ਪੇਸ਼ ਕੀਤਾ ਜਾਵੇ। ਐਪਰ ਜੇ ਉਹ ਵਧੀਆ ਸੀ ਤਾਂ ਉਸਨੂੰ ਸ਼ੁੱਧ ਤੇ ਸਾਫ ਸੁਥਰਾ ਵਿਖਾਇਆ ਜਾਵੇ ਤੇ ਉਹ ਸਾਡੇ ਸਭ ਨਾਲੋਂ ਉੱਚਾ ਦਿਸੇ।

ਹਰ ਇੱਕ ਲਈ ਸਹੀ ਸਿੱਟੇ ਅਚਾਨਕ ਹੀ ਨਹੀਂ ਨਿਕਲ ਆਉਂਦੇ। ਹਰ ਇੱਕ ਦੇ ਠੀਕ ਸਿੱਧ ਹੋਣ ਲਈ ਵਕਤ ਲੱਗਦਾ ਹੈ।

ਸੰਜੋਗ ਵੱਸ ਰਾਸਪੂਤੀਨ ਦਾ ਨਾਵਲ ਜੋ ਮੇਰੇ ਨਾਲੋਂ ਵੀਹ ਵਰ੍ਹੇ ਪਹਿਲਾਂ ਲਿਖਿਆ ਗਿਆ ਸੀ, ਉਹ ਪਾਠਕ ਕੋਲ ਜਿੰਨਾ ਕੁ ਮੈਂ ਜਾਣਦਾ ਹਾਂ, ਬਿਨਾਂ ਔਕੜਾਂ ਦੇ ਪਹੁੰਚ



ਗਿਆ। ਜੋ ਮੈਨੂੰ 'ਆਹਮੋਂ-ਸਾਹਮਣੇ' ਕਾਰਨ ਝੱਲਣੀਆਂ ਪਈਆਂ ਸਨ। ਪਾਠਕ, (ਮੇਰਾ ਇਰਾਦਾ ਹਮਲਾ ਕਰਨ ਦਾ ਨਹੀਂ) ਅਸਲ ਵਿਚ ਕਮਜ਼ੋਰ ਵਿਅਕਤੀ ਹੁੰਦਾ ਹੈ। ਮੈਂ ਇਸ ਨੂੰ ਇੱਕ ਅਟੱਲ ਤੇ ਕੁਦਰਤੀ ਪ੍ਰਕਿਰਿਆ ਵਜੋਂ ਤੇ ਮਖੌਲੀਆ ਅੰਦਾਜ਼ ਵਿਚ ਲੈ ਰਿਹਾ ਹਾਂ। ਪਰ ਇੱਕ-ਪਾਸੜ ਨਾ ਹੁੰਦਾ ਹੋਇਆ ਅਤੇ ਹੈਰਾਨੀਜਨਕ ਨੂੰ ਬੇਲੋੜਾ ਨਾ ਸ਼ਿੰਗਾਰਦਾ ਹੋਇਆ, ਹੇ ਮੇਰੇ ਕ੍ਰਿਪਾਲੂ ਪਾਠਕ! ਮੈਨੂੰ ਇਹ ਮੰਨਣਾ ਪਵੇਗਾ (ਬਿਨਾਂ ਤਲਖ਼ੀ ਤੋਂ) ਕਿ ਕੁਝ ਖ਼ਤ ਜੋ ਮੈਨੂੰ ਮਿਲਦੇ ਹਨ, ਉਹ ਬੜੇ ਨਿਖੇਧੀ ਵਾਲੇ ਤੇ ਨਿਰਾਸ਼ਤਾ ਭਰੇ ਹੁੰਦੇ ਹਨ। ਸਾਨੂੰ ਇਸ ਬਾਰੇ ਖੁੱਲ ਕੇ ਬੋਲਣਾ ਚਾਹੀਦਾ ਹੈ, ਖ਼ਤਰੇ ਦੀ ਘੰਟੀ ਵਜਾਉਣੀ, ਵਾਦ-ਵਿਵਾਦ ਆਰੰਭ ਕਰਨਾ, ਖ਼ਾਸ ਕਰਕੇ ਨੌਜਵਾਨਾਂ ਵਿਚ ਉਤਸ਼ਾਹਵਾਦ ਦੀ ਰਾਖੀ ਕਰਨੀ ਚਾਹੀਦੀ ਹੈ।

? : **ਕ੍ਰਿਪਾਲਤਾ ਦਾ ਪ੍ਰਚਾਰ ਕਰਨਾ?**

– : ਇਹੀ ਹੈ, ਜਿਸ ਦਾ ਸਾਹਿਤ ਪ੍ਰਾਚੀਨ ਸਮੇਂ ਤੋਂ ਕਰਦਾ ਆ ਰਿਹਾ ਹੈ। ਫਿਰ ਵੀ ਇਸ ਵਿਚ ਕੁਝ ਅਮੂਰਤਾ ਵੀ ਹੈ, ਬਿਨਾਂ ਨਿਸ਼ਾਨੇ ਤੋਂ ਗੋਲੀ ਚਲਾਉਣ ਵਾਂਗ। ਨਾਵਲ, ਕਹਾਣੀਆਂ, ਅਖ਼ਬਾਰਾਂ ਤੇ ਰਸਾਲਿਆਂ ਦੇ ਲੇਖ ਪੜ੍ਹਦਿਆਂ ਤੁਸੀਂ ਕਈ ਵੱਖ-ਵੱਖ ਢੰਗਾਂ ਨਾਲ, ਹਰ ਥਾਂ ਇਸ ਸ਼ਬਦ ਦੀ ਵਰਤੋਂ ਹੋਈ ਵੇਖਦੇ ਹੋ। ਪਰ ਕ੍ਰਿਪਾਲਤਾ ਦਾ ਸੰਕਲਪ, ਸਮਾਜਿਕ ਵਿਕਾਸ ਨਾਲ ਬਦਲ ਗਿਆ ਹੈ। ਬੀਤੇ ਸਮੇਂ ਵਿਚ ਲੋਕੀਂ ਕਿਰਪਾਲੂ ਸਮਝੇ ਜਾਂਦੇ ਸਨ। ਜੇ ਉਹ ਗਰੀਬਾਂ ਨੂੰ ਖੁਰਾਕ ਤੇ ਪੁਰਾਣੇ ਕੱਪੜੇ ਦਿੰਦੇ ਸਨ। ਗਿਰਜੇ, ਮਸੀਤ ਜਾਂ ਮੱਠ ਨੂੰ ਦਾਨ ਕਰਦੇ ਤੇ ਕੁਝ ਖ਼ਾਸ ਦਿਨੀਂ ਗਰੀਬਾਂ ਨੂੰ ਖਾਣ ਨੂੰ ਦਿੰਦੇ ਸਨ। ਕਿਰਪਾਲਤਾ ਦਾ ਸੰਕਲਪ ਆਤਮਿਕ ਹੈ, ਪਰ ਉਸ ਪ੍ਰਸੰਗ ਵਿਚ ਇਸਦਾ ਆਧਾਰ ਨਿਰੋਲ ਪਦਾਰਥਕ ਸੀ।

ਮੇਰਾ ਵਿਸ਼ਵਾਸ ਹੈ ਕਿ ਕਿਰਪਾਲਤਾ ਇੱਕ ਮਨੁੱਖੀ ਗੁਣ ਹੈ ਤੇ ਘਰ ਅਤੇ ਪਰਿਵਾਰ ਉੱਤੇ ਜ਼ਿਆਦਾ ਢੁੱਕਦਾ ਹੈ। ਮੈਨੂੰ ਕਲਪਨਾ ਕਰਦੇ ਔਕੜ ਆਉਂਦੀ ਹੈ ਕਿ ਇੱਕ ਕਾਰਖਾਨੇ ਵਿਚ ਡਾਇਰੈਕਟਰ ਤੇ ਮਜ਼ਦੂਰ ਕਿਸ ਭਾਂਤ ਦੇ ਵਿਹਾਰ ਨੂੰ ਕਿਰਪਾਲੂ ਸਮਝਦੇ ਹਨ। ਜਦੋਂ ਮਜ਼ਦੂਰ ਨੂੰ ਗ਼ੈਰਹਾਜ਼ਰ ਹੋਣ ਲਈ ਕੋਈ ਬਹਾਨਾ ਨਾ ਮਿਲੇ, ਉਦੋਂ? ਕੀ ਉਸਦੇ ਬੋਨਸ ਨੂੰ ਉਸ ਵੇਲੇ ਨਾ ਰੋਕੇ, ਜਦੋਂ ਕਿ ਦੇਰ ਤੀਕ ਉਹ ਆਪਣੀ ਯੋਜਨਾ ਦਾ ਟੀਚਾ ਪੂਰਾ ਨਾ ਕੀਤਾ ਹੋਵੇ? ਜੇ ਅਜਿਹੇ ਵਿਹਾਰ ਨੂੰ ਕਿਰਪਾਲਤਾ ਸਮਝਿਆ ਜਾਂਦਾ ਹੈ ਤਾਂ ਇਹ ਸਟੇਟ ਦੇ ਖਰਚੇ ਉੱਤੇ ਪੈਂਦਾ ਹੈ।

ਮੇਰਾ ਯਕੀਨ ਹੈ, ਕਿ ਮਜ਼ਦੂਰ ਅਮੂਰਤ ਭਾਂਤ ਦੀ ਕਿਰਪਾਲਤਾ ਵਿਚ ਯਕੀਨ ਨਹੀਂ ਕਰਦੇ, ਸਗੋਂ ਇਹ ਉਹਨਾਂ ਪ੍ਰਤੀ ਵਧੀਆ ਵਿਹਾਰ, ਜੁਗਤੀ ਰਿਸ਼ਤਿਆਂ ਤੇ ਉਹਨਾਂ ਦੀਆਂ ਲੋੜਾਂ ਪ੍ਰਤੀ ਚਿੰਤਾ ਵਿਚ ਹੋਣੀ ਚਾਹੀਦੀ ਹੈ। ਉਹਨਾਂ ਲਈ, ਇਸ ਨਾਲੋਂ ਵੱਧ ਮਹੱਤਵ ਵਾਲੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਸਮਾਜਿਕ ਇਨਸਾਫ ਮਿਲੇ, ਜੋ ਸਾਡੀ ਜੀਵਨ-ਸ਼ੈਲੀ ਦੀ ਆਧਾਰ-ਸ਼ਿਲਾ ਹੈ? ਆਓ ਉੱਜਡਪੁਣੇ ਤੇ ਵੱਡਿਆਂ ਪ੍ਰਤੀ ਹੱਤਕ ਦੇ ਵਿਰੁੱਧ ਤਕੜੇ ਹੋ ਕੇ ਲੜਾਈ ਲੜੀਏ। ਆਖ਼ਰ ਪੂਰਬ ਵਿਚ,

ਵਿਅਕਤੀਗਤ ਤੇ ਸਮਾਜਿਕ ਰਿਸ਼ਤਿਆਂ ਵਿਚ ਵੱਡਿਆਂ ਦੀ ਇੱਜ਼ਤ ਕਰਨ ਦਾ ਚੰਗਾ ਕਾਰਨ ਹੁੰਦਾ ਸੀ। ਕਿਉਂ ਇਹ ਰਿਸ਼ਤੇ ਸਦੀਆਂ ਤੀਕ ਸਿਖਾਏ ਜਾਂਦੇ ਰਹੇ ਅਤੇ ਆਚਾਰਣਕ ਅਸੂਲਾਂ ਤੇ ਰਵਾਇਤਾਂ ਦਾ ਹਿੱਸਾ ਬਣੇ ਰਹੇ।

ਸੰਖੇਪ ਵਿਚ ਹਰ ਮਨੁੱਖ, ਦੀ ਪਾਲਣਾ ਪੋਸ਼ਣਾ ਚੰਗੀ ਤਰ੍ਹਾਂ ਹੋਵੇ। ਉਹ ਸਭਿਅਕ ਹੋਵੇ, ਦੂਸਰਿਆਂ ਦੀ ਇੱਜ਼ਤ ਕਰੇ, ਆਜ਼ਾਦ ਤੇ ਰਚਨਾਤਮਿਕ ਹੋਵੇ।

ਇਸ ਵਾਰ ਜਦੋਂ ਮੈਂ ਆਪਣੇ ਇਲਾਕੇ ਦੇ ਵੋਟਰਾਂ ਨੂੰ ਮਿਲਿਆ ਤਾਂ ਮੈਂ ਵੱਡ-ਵਡੇਰਿਆਂ ਨਾਲ ਗੱਲਾਂ ਕੀਤੀਆਂ। ਉਹਨਾਂ ਸ਼ਿਕਾਇਤ ਕੀਤੀ ਕਿ ਨੌਜਵਾਨ ਉਹਨਾਂ ਦੀ ਇੱਜ਼ਤ ਨਹੀਂ ਕਰਦੇ, ਉਹ ਗੁਸਤਾਖ ਤੇ ਜ਼ਿੱਦੀ ਹਨ। ਇਸੇ ਕਾਰਨ ਸ਼ਰਾਬ ਦਾ ਐਬ, ਗੁੰਡਾਗਰਦੀ ਤੇ ਜੁਰਮ ਹੋ ਰਹੇ ਹਨ। ਇੱਕ ਬਜ਼ੁਰਗ ਖ਼ਾਸ ਤੌਰ ਤੇ ਪ੍ਰੇਸ਼ਾਨ ਸੀ। ਉਸਨੇ ਦੱਸਿਆ ਕਿ ਉਸਦਾ ਪੋਤਾ ਪੰਦਰਾਂ ਸਾਲ ਤੀਕ ਵਧੀਆ ਮੁੰਡਾ ਹੁੰਦਾ ਸੀ। ਜਦੋਂ ਉਹ ਬਿਲਕੁਲ ਬਦਲ ਗਿਆ ਤਾਂ ਉਹ ਹੁਣ ਵੱਡਿਆਂ ਦੀ ਇੱਜ਼ਤ ਨਹੀਂ ਕਰਦਾ, ਨਾ ਹੀ ਪਰੰਪਰਾਵਾਂ ਦੀ ਪ੍ਰਵਾਹ ਕਰਦਾ ਹੈ ਤੇ ਕਈ ਸਾਰੀਆਂ ਗੱਲਾਂ ਦੀ ਆਲੋਚਨਾ ਕਰਦਾ ਹੈ। ਮੈਂ ਉਸਨੂੰ ਦੱਸਿਆ ਕਿ ਸ਼ਾਇਦ ਲੜਕਾ ਗਲਤ ਭੀੜ ਵਿਚ ਰਲ ਗਿਆ ਹੈ। ਫਿਰ ਉਸਨੇ ਮੈਨੂੰ ਪੁੱਛਿਆ ਕਿ ਇਹ ਭੀੜ ਕਿੱਥੋਂ ਆ ਗਈ ਹੈ ਤੇ ਇਸ ਲਈ ਕੌਣ ਜ਼ਿੰਮੇਵਾਰ ਹੈ? ਮੈਨੂੰ ਉਸਦਾ ਉੱਤਰ ਦੇਣ ਵਿਚ ਕਾਫ਼ੀ ਮੁਸ਼ਕਿਲ ਆਈ। ਮੈਂ ਅਜੇ ਵੀ ਉਸ ਪ੍ਰੇਸ਼ਾਨੀ ਉੱਤੇ ਕਾਬੂ ਨਹੀਂ ਪਾ ਸਕਿਆ।

? : **ਹਰ ਇੱਕ ਲਈ ਤੇ ਹਰ ਚੀਜ਼ ਲਈ ਜ਼ਿੰਮੇਵਾਰੀ ਦੀ ਐਨੀ ਡੂੰਘੀ ਭਾਵਨਾ ਰੱਖਣੀ ਚੰਗੀ ਗੱਲ ਹੈ।**

– : ਜਦੋਂ ਮੈਂ ਆਪਣੇ ਮੇਜ਼ ਉੱਤੇ ਕੰਮ ਕਰਦਾ ਹਾਂ ਤਾਂ ਮੈਂ ਆਪਣੇ ਸਮਕਾਲੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਉਹਨਾਂ ਨਾਲ ਜੁੜਨ ਦੀ ਡੂੰਘੀ ਤਾਂਘ ਰੱਖਦਾ ਹੁੰਦਾ ਹਾਂ। ਮੈਂ ਉਹਨਾਂ ਬਾਰੇ ਬੜੀ ਫ਼ਿਕਰਮੰਦੀ ਕਰਦਾ ਹਾਂ। ਮੈਂ ਆਪਣੇ ਦੇਸ਼ ਦੀ ਵੱਡੀ ਜ਼ਿੰਮੇਵਾਰੀ ਨੂੰ ਭਾਂਪਣ ਦਾ ਯਤਨ ਵੀ ਕਰਦਾ ਹਾਂ। ਇੱਕ ਹੋਰ ਜੰਗ ਨਹੀਂ ਲੱਗਣੀ ਚਾਹੀਦੀ। ਜੰਗ ਵਿਚ ਹਮਲੇ ਸਮੇਂ, ਜਿੰਦਗੀ ਰੁਲ ਜਾਂਦੀ ਹੈ ਤੇ ਟੈਂਕ ਉੱਤੇ ਇੱਕ ਬੰਬ ਦੇ ਸੁੱਟਣ ਨਾਲ ਕਿੰਨੀ ਤਬਾਹੀ ਮੱਚਦੀ ਹੈ।

ਹਰ ਮਨੁੱਖ ਨੂੰ ਧਰਤੀ ਉੱਤੇ ਦੇਰ ਤੀਕਰ ਜੀਣ ਦਾ ਅਵੱਸ਼ ਮੌਕਾ ਮਿਲਣਾ ਚਾਹੀਦਾ ਹੈ। ਆਪਣੀ ਹੋਂਦ ਦੀ ਸੱਚੀ ਖੁਸ਼ੀ ਦੇ ਤੋਹਫੇ ਦਾ ਆਨੰਦ ਮਾਨਣ ਦਾ। ਜਿੰਦਗੀ ਜੋ ਭੇਡਾਂ ਚਾਰਨ ਵਾਲੇ ਤੇ ਜੂਲੀਅਸ ਸੀਜਾਰ ਨੂੰ ਇੱਕੋ ਵਾਰ ਹੀ ਮਿਲਦੀ ਹੈ। ਕਿਸੇ ਨੂੰ ਅਧਿਕਾਰ ਨਹੀਂ ਹੈ ਕਿ ਉਹ ਕਿਸੇ ਆਦਮੀ ਕੋਲੋਂ ਸਿਰਜਣਾ ਦਾ ਫਲ ਖਾਣ ਦਾ ਹੱਕ ਖੋਹ ਲਵੇ। ਧਰਤੀ ਉੱਤੇ ਰਹਿਣਾ ਤੇ ਇਸ ਵਿਚ ਵਾਧਾ ਕਰਨਾ, ਆਤਮਾ ਤੇ ਬੁੱਧੀ ਨੂੰ ਹੋਰ ਪਵਿੱਤਰ ਬਣਾਉਣਾ ਹਰ ਇੱਕ ਦਾ ਮੌਲਿਕ ਅਧਿਕਾਰ ਹੈ।

**ਅੰਗ੍ਰੇਜ਼ੀ ਵਿਚੋਂ ਅਨੁਵਾਦ (1984)**





# ਅਰਨੈਸਟ ਹੈਮਿੰਗਵੇ ਦੀ ਪਤਨੀ ਮੇਰੀ ਹੈਮਿੰਗਵੇ ਨਾਲ ਗੁਫ਼ਤਗੂ

- ਓਰੀਆਨਾ ਫਲਾਸੀ

ਓਰੀਆਨਾ ਫਲਾਸੀ : ਕਿੰਨੀ ਅਜੀਬ ਗੱਲ ਹੈ ਮਿੱਸ ਮੇਰੀ, ਤੈਨੂੰ ਨਿਊਯਾਰਕ ਵਿਚ ਮਿਲ ਕੇ, ਸ਼ਹਿਰ ਕਿ ਜਿਸ ਨੂੰ ਹੈਮਿੰਗਵੇ ਏਨੀ ਘ੍ਰਿਣਾ ਕਰਦਾ ਹੁੰਦਾ ਸੀ ਕਿ ਉਹ ਇੱਥੇ ਬਹੁਤੀ ਦੇਰ ਰੁਕਦਾ ਨਹੀਂ ਸੀ ਹੁੰਦਾ?

ਮੇਰੀ ਹੈਮਿੰਗਵੇ : ਮੈਂ ਵੀ ਇਸ ਨੂੰ ਘ੍ਰਿਣਾ ਕਰਦੀ ਹਾਂ। ਇਹ ਗੰਦਾ ਸ਼ੋਰੀਲਾ ਸ਼ਹਿਰ। ਫਿਰ ਮੈਂ ਕਿਉਂ ਠਹਿਰਦੀ ਹਾਂ? ਖ਼ੈਰ .... ਪ੍ਰਕਾਸ਼ਨ, ਵਕੀਲ, ਦਸਤਾਵੇਜ਼ ਪ੍ਰਮਾਣਤ ਕਰਨ ਵਾਲੇ ਤੇ ਇਕੱਲਤਾ। ਤੁਸੀਂ ਜਾਣਦੇ ਹੋ ਕਿ ਉਸ ਥਾਂ ਰਹਿਣਾ ਕਿਹੜਾ ਸੌਖਾ ਹੈ, ਜਿੱਥੇ ਅਸੀਂ ਕਦੇ ਵੀ ਇਕੱਠੇ ਨਹੀਂ ਸੀ ਰਹੇ। ਇਹ ਅਸਲ ਵਿਚ ਮੇਰਾ ਘਰ ਨਹੀਂ ਹੈ। ਮੇਰਾ ਅਸਲੀ ਘਰ ਅਜੇ ਵੀ ਕਿਊਬਾ ਵਿਚ ਹੈ, ਭਾਵੇਂ ਕਿ ਉਹ ਹੁਣ ਮੇਰੀ ਮਾਲਕੀ ਨਹੀਂ ਰਿਹਾ, ਏਨਾ ਸੋਹਣਾ ਘਰ। ਕੀ ਤੂੰ ਮੋਰਾਵੀਆ ਦਾ ਲੇਖ ਪੜ੍ਹਿਆ ਹੈ? ਉਸਨੇ ਇਸ ਨੂੰ ਐਨੀ ਸੋਹਣੀ ਤਰ੍ਹਾਂ ਬਿਆਨ ਕੀਤਾ ਹੈ। ਇੱਕੋ ਹੀ ਚੀਜ਼ ਜੋ ਮੈਂ ਨਹੀਂ ਸਮਝ ਸਕੀ, ਉਹ ਇਹ ਹੈ ਕਿ ਉਹ ਇਸਨੂੰ ਐਂਗਲੋ-ਸੈਕਸਨ ਵੇਖ ਕੇ ਐਨਾ ਹੈਰਾਨ ਹੋਇਆ ਸੀ। ਆਖ਼ਰਕਾਰ ਮੈਂ ਤੇ ਅਰਨੈਸਟਸ ਦੋਵੇਂ ਅਮਰੀਕੀ ਐਂਗਲੋ ਸੈਕਸਨ ਪਿਛੋਕੜ ਵਾਲੇ ਸੀ। ਕੀ ਅਸੀਂ ਨਹੀਂ ਸੀ? ਮੇਰਾ ਘਰ ..... ਇਸ ਤਸਵੀਰ ਵੱਲ ਵੇਖੋ। ਸਾਹਮਣੇ ਵਾਲੀ ਟੁੱਟੀ ਪੌੜੀ ਦੇ। ਅਰਨੈਸਟ ਇਸਨੂੰ ਕਦੇ ਵੀ ਜੋੜਨਾ ਨਹੀਂ ਸੀ ਚਾਹੁੰਦਾ, ਕਿਉਂਕਿ ਇਸ ਦੀਆਂ ਤਰੇੜਾਂ ਵਿਚੋਂ ਜੰਗਲੀ ਫੁੱਲ ਨਿਕਲ ਆਉਂਦੇ ਸੀ। ਇਸ ਪਾਸੇ ਮੇਰਾ ਸੌਣ ਵਾਲਾ ਕਮਰਾ ਸੀ। ਅਰਨੈਸਟ ਦਾ ਦੂਸਰੇ ਪਾਸੇ। ਪਰ ਉਹ ਉੱਥੇ ਕਦੇ ਨਹੀਂ ਸੀ ਸੁੱਤਾ। ਉਹ ਮੇਰੇ ਕੋਲ ਸੌਂਦਾ ਸੀ। ਉਸਨੇ ਇਹ ਕਮਰੇ ਸੋਲਾਂ ਸਾਲ ਤੀਕ ਮੇਰੇ ਨਾਲ ਸਾਂਝਾ ਵਰਤਿਆ ਤੇ ਉਹ ਕਹਿੰਦਾ ਹੁੰਦਾ ਸੀ, "ਇਹ ਥਾਂ ਹੈ, ਜਿੱਥੇ ਤੂੰ ਹਮੇਸ਼ਾਂ ਹੀ ਵਾਪਸ ਆ ਜਾਂਦੀ ਹੈ, ਭਾਵੇਂ ਤੂੰ ਕਿਤੇ ਵੀ ਜਾ ਆਵੇਂ।" ਕਈ ਵਾਰ ਮੈਂ ਵਾਪਸ ਜਾਣ ਦਾ ਸੁਪਨਾ ਲੈਂਦੀ ਹਾਂ, ਫਿਰ ਮੇਰੀ ਅੱਖ ਖੁੱਲ ਜਾਂਦੀ ਹੈ ਤੇ ਕਹਿ ਦਿੰਦੀ ਹਾਂ, ਨਹੀਂ। ਤੁਹਾਨੂੰ ਪਤਾ ਹੈ ਮੈਂ ਬੈਠਣ-ਉੱਠਣ ਵਾਲੇ ਕਮਰੇ ਵਿਚ ਜਾਂਦੀ ਹਾਂ। ਉਸਦੀ ਕੁਰਸੀ ਨੂੰ ਵੇਖਦੀ ਹਾਂ। ਉਡੀਕਦੀ ਹਾਂ ਕਿ ਉਹ ਅੰਦਰ ਆਵੇਗਾ ਤੇ ਬੈਠ ਜਾਵੇਗਾ। ਮੈਂ ਲਾਇਬ੍ਰੇਰੀ ਵਿਚ ਜਾਂਦੀ ਹਾਂ। ਉਸਦਾ ਡੈਸਕ ਤੱਕਦੀ ਹਾਂ, ਉਸਦੇ ਆਉਣੇ ਤੇ ਬੈਠਣ ਨੂੰ ਉਡੀਕਦੀ ਹਾਂ। ਮੈਂ ਇਹ ਸਹਾਰ ਨਹੀਂ ਸਕਦੀ। ਤੈਨੂੰ ਪਤਾ ਹੀ ਹੈ? ਪਰ ਇਹ ਗੱਲ ਮੈਂ ਕੇਚਮ ਵਾਲੇ ਘਰ ਪ੍ਰਤੀ ਅਨੁਭਵ ਨਹੀਂ ਕਰਦੀ। ਉਹ ! ਨਹੀਂ, ਇਹ ਨਹੀਂ ਕਿ ਉਹ ਉੱਥੇ ਮਰਿਆ ਸੀ। ਇਹ ਤੱਥ ਕਿ ਉਸਨੇ ਆਪਣੇ ਆਪ ਨੂੰ ਉੱਥੇ ਮਾਰ ਲਿਆ ਸੀ, ਇਸ ਲਈ ਮੈਨੂੰ ਉਹ ਥਾਂ ਨਾ-ਪਸੰਦ ਨਹੀਂ ਹੈ। ਮੈਂ ਕੇਚਮ ਵਾਲੇ ਘਰ ਪ੍ਰਤੀ ਏਨੀ

ਵਫ਼ਾਦਾਰੀ ਅਨੁਭਵ ਕਰਦੀ ਹਾਂ। ਮੈਨੂੰ ਨਹੀਂ ਪਤਾ ਕਿ ਇਸਨੂੰ ਹੋਰ ਕਿਸ ਤਰ੍ਹਾਂ ਬਿਆਨ ਕਰਾਂ। ਵਫ਼ਾਦਾਰੀ ਹੀ ਢੁੱਕਵਾਂ ਸ਼ਬਦ ਹੈ। ਇਸ ਲਈ ਮੈਂ ਕੈਚਮ ਵਾਪਸ ਵੀ ਜਾ ਸਕਦੀ ਹਾਂ। ਮੈਂ ਅਕਸਰ ਹੀ ਵਾਪਸ ਚਲੇ ਜਾਂਦੀ ਹਾਂ। ਉੱਥੇ ਅਸੀਂ ਬੜੇ ਖ਼ੁਸ਼ੀਆਂ ਭਰੇ ਦਿਨ ਬਤੀਤ ਕੀਤੇ ਸੀ। ਤੁਹਾਨੂੰ ਪਤਾ ਹੀ ਹੈ। ਪਰ ਅਸੀਂ ਉੱਥੇ ਬਹੁਤੀ ਦੇਰ ਤੀਕ ਨਹੀਂ ਰਹੇ ਅਤੇ....

? : ਟੋਕਣ ਲਈ ਮੁਆਫ਼ੀ ਮੰਗਦੀ ਹਾਂ, ਮਿੱਸ ਮੇਰੀ। ਤੁਸੀਂ ਹੁਣੇ ਹੀ ਆਖਿਆ ਹੈ, "ਕਿ ਉਸਨੇ ਉੱਥੇ ਆਪਣੇ ਆਪ ਦਾ ਘਾਤ ਕਰ ਲਿਆ ਸੀ।" ਮੇਰੇ ਗਿਆਨ ਅਨੁਸਾਰ ਇਹ ਪਹਿਲਾ ਮੌਕਾ ਹੈ ਕਿ ਤੁਸੀਂ ਹੈਮਿੰਗਵੇ ਦੇ ਆਤਮਘਾਤ ਨੂੰ ਪ੍ਰਵਾਨ ਕੀਤਾ ਹੈ। ਹੁਣ ਤੀਕ ਤੇ ਸਾਰੀ ਗਵਾਹੀ ਦੇ ਸਨਮੁੱਖ ਤੁਸਾਂ ਹਮੇਸ਼ਾਂ ਹੀ ਇਹ ਗੱਲ ਆਖੀ ਹੈ ਕਿ ਉਸਦੀ ਮੌਤ ਘਟਨਾਤਮਕ ਸੀ।

– : ਨਹੀਂ, ਉਸਨੇ ਆਪਣੇ ਆਪ ਨੂੰ ਗੋਲੀ ਮਾਰੀ ਸੀ। ਬੱਸ ਐਨੀ ਗੱਲ ਸੀ, ਹੋਰ ਕੁਝ ਨਹੀਂ। ਦੇਰ ਤੀਕ ਮੈਂ ਖ਼ੁਦ ਵੀ ਇਸਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ, ਪਰ ਇਹ ਸੱਚ ਹੈ। ਮੈਨੂੰ ਨਹੀਂ ਪਤਾ ਕਿ ਮੇਰੇ ਅਚੇਤ ਮਨ ਵਿਚ ਕੀ ਵਾਪਰਿਆ ਸੀ, ਮੇਰਾ ਮਤਲਬ ਹੈ ਕਿ ਮੈਂ ਇਹ ਕਦੇ ਕਿਸੇ ਮਨੋਵਿਗਿਆਨਕ ਨਾਲ ਵਿਚਾਰਿਆ ਨਹੀਂ। ਪਰ ਮੇਰਾ ਅਨੁਮਾਨ ਹੈ ਕਿ ਇਸ ਦਾ ਕੁਝ ਸਬੰਧ ਸਵੈ-ਰੱਖਿਆ ਨਾਲ ਹੈ। ਇਹ ਕੋਈ ਇਸ ਤਰ੍ਹਾਂ ਦੀ ਗੱਲ ਹੈ ਕਿ ਜਦੋਂ ਕੋਈ ਤੁਹਾਨੂੰ ਸੱਟ ਮਾਰਦਾ ਹੈ ਤੇ ਤੁਸੀਂ ਅਚੇਤ ਹੀ, ਪੀੜ ਨੂੰ ਘੱਟ ਕਰਨ ਲਈ ਆਪਣੇ ਪੱਠਿਆਂ ਨੂੰ ਕੱਸਦੇ ਹੋ, ਤੇ ਆਪਣੇ ਚਿਹਰੇ ਨੂੰ ਢੱਕਦੇ ਹੋ। ਜਾਂ ਤੁਸੀਂ ਆਪਣੇ ਬਦਨ ਦੁਆਲੇ ਆਪਣੀਆਂ ਬਾਹਾਂ ਵਲਦੇ ਹੋ। ਮੈਂ ਆਪਣੇ ਆਪ ਨੂੰ ਇੰਝ ਰਾਖੀ ਕਰਦੀ ਰਹੀ ਹਾਂ। ਇਹ ਬਹਾਨਾ ਕਰਦੀ ਰਹੀ ਕਿ ਉਹ ਇੱਕ ਦੁਰਘਟਨਾ ਸੀ। ਸੱਚ ਨੂੰ ਪ੍ਰਵਾਨ ਕਰਨਾ ਇੰਝ ਸੀ ਜਿਵੇਂ ਆਪਣੀਆਂ ਨਾੜਾਂ ਨੂੰ ਕੱਟਣਾ, ਆਪਣੇ ਦਿਮਾਗ ਨੂੰ ਚੀਰ ਕੇ ਵੇਖਣਾ। ਪਰ ਮੈਂ ਛੇਤੀ ਹੀ ਅਨੁਭਵ ਕਰ ਲਿਆ ਕਿ ਇਸਨੂੰ ਦੁਰਘਟਨਾ ਸਮਝੀ ਜਾਣਾ ਜਾਂ ਵਿਸ਼ਵਾਸ ਕਰੀ ਜਾਣਾ ਬੇਵਕੂਫ਼ੀ ਸੀ, ਬਿਲਕੁਲ ਬੇਵਕੂਫ਼ੀ। ਬਹੁਤ ਸਾਰੇ ਲੋਕੀਂ, ਤੁਹਾਡੇ ਵਰਗੇ ਕਹਿੰਦੇ ਸਨ ਕਿ ਮੌਤ ਉੱਚਿਤ ਸੀ ਕਿ ਉਹ ਬੰਦਾ ਬੀਮਾਰੀ ਅੱਗੇ ਹਾਰਨ ਵਾਲਾ ਨਹੀਂ ਸੀ, ਨਾ ਹੀ ਬਿਸਤਰ ਵਿਚ ਪਿਆ, ਮਰਨ ਵਾਲਾ। ਮੈਨੂੰ ਨਹੀਂ ਪਤਾ ਇਸ ਗੱਲ ਦਾ ਕੀ ਉੱਤਰ ਦਿਆਂ। ਉਸਨੂੰ ਗਵਾ ਬੈਠਣਾ, ਮੈਨੂੰ ਇੱਕ ਹਨ੍ਹੇਰੇ ਵਿਚ, ਇਕ ਅੰਤਹੀਣ ਸੁਰੰਗ ਵਿਚ ਗਵਾਚ ਜਾਣ ਵਾਂਗ ਸੀ, ਤੇ ਹੁਣ ਵੀ ਮੈਂ ਇਸ ਤੋਂ ਬਚ ਨਿਕਲਣ ਦੀ ਕੋਸ਼ਿਸ਼ ਕਰ ਰਹੀ ਹਾਂ। ਪਰ ਅਰਨੈਸਟ ਦੀ ਭੈਣ ਨੇ ਇੱਕ ਵਾਰ ਆਖਿਆ ਸੀ, "ਜੇ ਅਰਨੈਸਟ ਨੇ ਸੋਚਿਆ ਸੀ ਕਿ ਇੰਝ ਕਰਨਾ ਸਭ ਤੋਂ ਦਰੁੱਸਤ ਗੱਲ ਸੀ, ਤਾਂ ਉਹ ਇੰਝ ਕਰਨ ਵਿਚ ਬਿਲਕੁਲ ਠੀਕ ਸੀ।" ਮੈਨੂੰ ਉਸਦੀ ਘਾਟ ਬੁਰੀ ਤਰ੍ਹਾਂ ਮਹਿਸੂਸ ਹੁੰਦੀ ਹੈ। ਫਿਰ ਵੀ ਮੈਂ



ਸਹਿਮਤ ਹਾਂ, ਕਿਉਂਕਿ ਮੈਂ ਉਸਨੂੰ ਜਿਉਂਦਾ, ਪਰ ਬੀਮਾਰ, ਅਸੁਰੱਖਿਅਤ ਅਤੇ ਨਾਖੁਸ਼ ਨਹੀਂ ਸੀ ਵੇਖ ਸਕਦੀ। ਕਾਹਦੇ ਲਈ? ਸਿਰਫ਼ ਆਪਣੇ ਨਾਲ ਰੱਖਣ ਲਈ? ਇਹ ਕਿੰਨੀ ਸੁਆਰਥੀ ਗੱਲ ਸੀ। ਹਾਂ, ਜੇ ਅਰਨੈਸਟ ਨੇ ਇਸ ਤਰ੍ਹਾਂ ਕਰਨ ਨੂੰ ਠੀਕ ਸੋਚਿਆ ਸੀ ਤਾਂ ਮੈਨੂੰ ਇਹ ਪ੍ਰਵਾਨ ਕਰਨਾ ਚਾਹੀਦਾ ਹੈ। ਬਿਨਾਂ ਇਹ ਸੋਚਣ ਦੇ ਕਿ ਉਹ ਮੈਨੂੰ ਕਿੰਨਾ ਇਕੱਲਾ ਛੱਡ ਗਿਆ ਸੀ, ਬਿਨਾਂ ਰੋਣ-ਧੋਣ ਦੇ ਤੇ ਅਫਸੋਸ ਕਰਨ ਦੇ ਕਿ ਮੈਂ ਉਸਨੂੰ ਅਜਿਹਾ ਕਰਨ ਤੋਂ ਰੋਕ ਨਾ ਸਕੀ। ਉਹ ਬੀਮਾਰ ਤੇ ਨਿਰਾਸ਼ ਸੀ ਤੇ ਅਸੀਂ ਬੀਮਾਰ ਅਤੇ ਨਿਰਾਸ਼ ਬੰਦੇ ਦੇ ਵਿਹਾਰ ਨੂੰ ਪਰਖ ਨਹੀਂ ਸਕਦੇ। ਸ਼ਾਇਦ ਉਸਦੇ ਮਾਮਲੇ ਵਿਚ, ਮੈਂ ਵੀ ਉਸ ਦੁੱਖ ਨੂੰ ਅਣਡਿੱਠ ਕਰ ਦਿੰਦੀ, ਜਿਸ ਵਿਚ ਮੈਂ ਘਿਰ ਜਾਣ ਵਾਲੀ ਸੀ। ਤੁਸੀਂ ਜਾਣਦੇ, ਇੱਕ ਇਕੱਲਤਾ ਮੇਰੀ ਹੁਣ ਦੀ ਇਕੱਲਤਾ ਤੋਂ ਵੀ ਬੁਰੀ ਹੁੰਦੀ ਹੈ। ਉਸਦੀ ਇਕੱਲਤਾ ਤੇ ਲੇਖਕ ਇਕੱਲ-ਖੋਰੇ ਹੁੰਦੇ ਹਨ, ਉਦੋਂ ਵੀ ਜਦ ਉਹ ਪਿਆਰ ਕਰ ਰਹੇ ਹਨ ਜਾਂ ਪਿਆਰੇ ਜਾ ਰਹੇ ਹੁੰਦੇ ਹਨ।

? : ਮਿਸ ਮੇਰੀ, ਤੁਸੀਂ ਆਖਦੇ ਹੋ ਕਿ ਉਹ ਬੀਮਾਰ ਸੀ। ਕੀ ਬੀਮਾਰੀ ਸੀ ਇਹ?

– : ਜਦੋਂ ਉਹ 1961 ਵਿਚ ਸਰਦ-ਰੁੱਤੇ ਮੇਓ ਹਸਪਤਾਲ ਗਿਆ ਸੀ ਤਾਂ ਉਸਦਾ ਲਹੂ ਦਾ ਦਬਾਅ ਬਹੁਤ ਵੱਧ ਸੀ। ਪਰ ਉਸ ਦੀ ਤਕਲੀਫ ਗੰਭੀਰ ਸੀ, ਬਹੁਤ ਹੀ ਗੰਭੀਰ। ਨਿਰਾਸ਼ਤਾ, ਉਹ ਏਨਾ ਨਿਰਾਸ਼ ਸੀ। ਮੈਂ ਨਹੀਂ ਕਹਿ ਸਕਦੀ ਕਿ ਉਹ ਕਦੋਂ ਤੋਂ ਐਨਾ ਨਿਰਾਸ਼ ਅਨੁਭਵ ਕਰਨ ਲੱਗਾ ਸੀ। ਮੈਂ ਕੋਈ ਸਮਾਂ ਨਹੀਂ ਦੱਸ ਸਕਦੀ। ਨਾ ਹੀ ਮੈਂ ਠੀਕ-ਭਾਂਤ ਦੱਸ ਸਕਦੀ ਹਾਂ ਕਿ ਉਹ ਆਤਮ-ਘਾਤ ਬਾਰੇ ਕਿਵੇਂ ਸੋਚਦਾ ਸੀ। ਤੁਸਾਂ ਮੇਰੇ ਜਨਮ ਦਿਨ ਬਾਰੇ ਉਸਦਾ ਲਿਖਿਆ ਨੋਟ ਵੇਖਿਆ ਹੈ। ਤਿੰਨ ਮਹੀਨੇ ਪਹਿਲਾਂ ਦਾ। ਕੀ ਉਹ ਉਸ ਆਦਮੀ ਦਾ ਲਿਖਿਆ ਜਾਪਦਾ ਹੈ, ਜੋ ਆਤਮ-ਘਾਤ ਬਾਰੇ ਸੋਚ ਰਿਹਾ ਸੀ? ਨਿਰਸੰਦੇਹ ਮੈਂ ਉਸਦੀ ਬੀਮਾਰੀ ਦੇ ਸਮੇਂ ਦੀਆਂ ਕੁਝ ਘਟਨਾਵਾਂ ਜਾਣਦੀ ਹਾਂ। ਉਸਦੇ ਆਖ਼ਰੀ ਦਿਨਾਂ ਦੇ ਕੁਝ ਚਿੰਨ ਯਾਦ ਆਉਂਦੇ ਨੇ। ਪਰ ਮੈਂ ਉਹਨਾਂ ਬਾਰੇ ਗੱਲ ਨਹੀਂ ਕਰਨਾ ਚਾਹੁੰਦੀ। ਕਿਉਂਕਿ ਮੈਂ ਨਹੀਂ ਸੋਚਦੀ ਕਿ ਉਹਨਾਂ ਬਾਰੇ ਆਮ ਲੋਕਾਂ ਨੂੰ ਦੱਸਿਆ ਜਾਵੇ। ਲੇਖਕ ਜਨਤਾ ਦਾ ਨਹੀਂ ਹੁੰਦਾ, ਸਿਰਫ਼ ਉਸਦੀ ਲਿਖਤ ਹੀ ਲੋਕਾਂ ਦੀ ਹੁੰਦੀ ਹੈ। ਗੀਤ-ਗਾਇਕਾ ਤੇ ਐਕਟਰੈਸ ਦੇ ਉਲਟ, ਉਸਦਾ ਹੱਕ ਹੈ ਕਿ ਨਿਜੀ ਭੇਦ ਬੰਦ ਰੱਖੇ, ਜੇ ਉਸਦੀ ਇਸ ਤਰ੍ਹਾਂ ਦੀ ਚਾਹਤ ਹੋਵੇ ਤੇ ਅਰਨੈਸਟ ਇਸ ਤਰ੍ਹਾਂ ਚਾਹੁੰਦਾ ਸੀ। ਉਹ ਆਖਦਾ ਹੁੰਦਾ ਸੀ ਕਿ ਹਰ ਇੱਕ ਨੂੰ ਆਪਣੇ ਭੇਤ ਲੁਕਾ ਕੇ ਰੱਖਣ ਦਾ ਹੱਕ ਹੈ, ਖ਼ਾਸ ਤੌਰ ਤੇ ਜਦ ਇਸਦਾ ਸੰਬੰਧ ਬੀਮਾਰੀ ਨਾਲ ਹੋਵੇ। ਇਹ ਕਾਰਨ ਹੈ ਕਿ ਮੈਂ ਹਾਚਨਰ ਦੀ ਕਿਤਾਬ ਦੇ ਵਿਰੁੱਧ ਹਾਂ। ਜੇ ਇਸਦੀਆਂ ਬਾਕੀ ਗਲਤੀਆਂ ਨੂੰ ਪਾਸੇ ਕਰ ਦੇਈਏ ਤਾਂ ਵੀ। ਕਿਸੇ ਨੂੰ ਵੀ ਇਹ

ਅਧਿਕਾਰ ਨਹੀਂ ਦਿੱਤਾ ਜਾਣਾ ਚਾਹੀਦਾ ਕਿ ਉਹ ਆਦਮੀ ਦੇ ਵਿਨਾਸ਼ ਦੀ ਕਹਾਣੀ ਦੱਸੇ। ਇਸ ਤੋਂ ਵੀ ਘੱਟ ਕਿ ਉਹ ਪੈਸੇ ਜਾਂ ਸਨਸਨੀ ਪੈਦਾ ਕਰਨ ਲਈ ਦੱਸੇ। ਅਜਿਹੀ ਸੁਰੱਖਿਆ ਮਨੁੱਖ ਦੇ ਨਾਗਰਿਕ ਅਧਿਕਾਰਾਂ ਦਾ ਤੇ ਮਨੁੱਖੀ ਗੌਰਵ ਦਾ ਹਿੱਸਾ ਬਣਨਾ ਚਾਹੀਦੀ ਹੈ। ਲੋਕਾਂ ਨੂੰ ਦੂਸਰਿਆਂ ਦੀ ਨਿਜੀ ਜਿੰਦਗੀ ਬਾਰੇ ਲਿਖਣ ਤੋਂ ਰੋਕਿਆ ਜਾਣਾ ਚਾਹੀਦਾ ਹੈ। ਤੇ ਮੈਂ ਆਪਣੀ ਲੜਾਈ ਉੱਤੇ ਜ਼ੋਰ ਦਿੰਦੀ ਹਾਂ। ਮੈਂ ਆਪਣੇ ਵਕੀਲਾਂ ਕੋਲ ਜਾਂਦੀ ਰਹਿੰਦੀ ਹਾਂ ਤੇ ਮੈਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਕਿ ਜੋ ਪ੍ਰਚਾਰ 'ਹਾਚਨਰ' ਦੇ ਅਜਿਹਾ ਕਰਨ ਕਰਕੇ ਮੇਰੇ ਬਾਰੇ ਹੋ ਰਿਹਾ ਹੈ। ਇਹ ਮੇਰਾ ਫਰਜ਼ ਹੈ ਕਿ ਮੈਂ ਆਪਣੇ ਪਤੀ ਦੀ ਸ਼ਾਨ ਦੀ ਉਦੋਂ ਤੀਕ ਰਾਖੀ ਕਰਾਂ, ਜਦੋਂ ਤੀਕ ਕਿ ਮੈਂ ਕਰ ਸਕਦੀ ਹਾਂ। ਇਹ ਅਸੂਲ ਦਾ ਸਵਾਲ ਹੈ, ਕੈਨੇਡੀ ਬਾਰੇ ਲਿਖੀਆਂ ਗਈਆਂ ਪੁਸਤਕਾਂ ਉੱਤੇ ਨਜ਼ਰ ਮਾਰੋ। ਕੀ ਤੁਸੀਂ ਇਸ ਗੱਲ ਨੂੰ ਠੀਕ ਸਮਝਦੇ ਹੋ ਕਿ ਜਦੋਂ ਵੀ ਕੋਈ ਪ੍ਰਸਿੱਧ ਆਦਮੀ ਮਰੇ, ਉਸ ਉੱਤੇ ਕੁੱਦ ਕੇ ਪਿਆ ਜਾਵੇ ਤੇ ਉਸਦੇ ਭੇਤ ਨਸ਼ਰ ਕੀਤੇ ਜਾਣ।

? : ਮਿਸ ਮੇਰੀ, ਇੱਕ ਹੋਰ ਸਵਾਲ ਹੈ, ਜੋ ਮੈਂ ਪੁੱਛਣਾ ਚਾਹੁੰਦੀ ਹਾਂ। ਇਹ ਗੱਲ ਕਈ ਵਾਰ ਆਖੀ ਗਈ ਹੈ ਤੇ ਦੁਹਰਾਈ ਵੀ ਗਈ ਹੈ ਕਿ ਆਪਣੇ ਆਖਰੀ ਸਾਲਾਂ ਵਿਚ ਜਾਂ ਸ਼ਾਇਦ ਉਸਦੇ ਆਖਰੀ ਮਹੀਨਿਆਂ ਵਿਚ ਹੈਮਿੰਗਵੇ ਨੂੰ ਵੇਖਿਆ ਕਿ ਉਸ ਕੋਲੋਂ ਹੁਣ ਲਿਖਿਆ ਨਹੀਂ ਸੀ ਜਾ ਰਿਹਾ ਤੇ ਇਹੀ ਕਾਰਨ ਸੀ ਕਿ ਉਸਨੇ ਆਤਮ-ਘਾਤ ਕਰ ਲਿਆ। ਕੀ ਇਹ ਸੱਚ ਹੈ?

– : ਨਹੀਂ, ਇਹ ਸੱਚ ਨਹੀਂ ਹੈ। ਇਹ ਸਮੁੱਚੇ ਰੂਪ ਵਿਚ ਊਲ-ਜਲੂਲ ਤੇ ਮਨਘੜ੍ਹਤ ਗੱਲ ਹੈ। ਅਰਨੈਸਟ ਨੇ ਦੋ ਜੁਲਾਈ, 1961 ਨੂੰ ਆਤਮ-ਘਾਤ ਕੀਤਾ ਸੀ ਤੇ ਘੱਟੋ-ਘੱਟ ਉਹ 1961 ਦੀ ਬਹਾਰ ਦੀ ਰੁੱਤ ਤੀਕ ਕੰਮ ਕਰਦਾ ਰਿਹਾ ਸੀ। ਮੈਂ ਤੁਹਾਨੂੰ ਭਰੋਸੇ ਨਾਲ ਦੱਸ ਸਕਦੀ ਹਾਂ ਕਿ ਉਹ ਮੇਓ ਹਸਪਤਾਲ ਵਿਚ ਵੀ ਕੰਮ ਕਰਦਾ ਰਿਹਾ ਸੀ, ਜਿੱਥੇ ਉਹ ਮਾਰਚ 1961 ਤੀਕ ਰਿਹਾ ਸੀ। ਉਹ 'ਮੂਵੇਬਲ ਫੀਸਟ' ਉੱਤੇ ਕੰਮ ਕਰਦਾ ਰਿਹਾ ਸੀ। ਉਸਤੋਂ ਪਹਿਲਾਂ 'ਡੈਂਜਰਸ ਸਮਰ' ਤੇ ਕੰਮ ਕਰਦਾ ਰਿਹਾ ਸੀ। ਇਹ ਵੱਡਾ ਕੰਮ ਸੀ ਤੇ ਇਹ ਬਹੁਤ ਚੰਗੀ ਕਿਤਾਬ ਸੀ। 'ਲਾਈਫ' ਪੱਤ੍ਰਿਕਾ ਨੇ ਜਿਸ ਵਿਚ ਕਿ ਇਸਦੇ ਕੁਝ ਹਿੱਸੇ ਛਪੇ ਸਨ, ਉਸਨੂੰ ਲਿਖਣ ਲਈ ਪ੍ਰੇਰਿਤ ਕੀਤਾ ਸੀ ਅਤੇ ਕੁਝ ਸਮੇਂ ਲਈ ਉਸਨੇ 'ਮੂਵੇਬਲ ਫੀਸਟ' ਨੂੰ ਪਾਸੇ ਰੱਖ ਦਿੱਤਾ ਸੀ ਤੇ 'ਡੈਂਜਰਸ ਸਮਰ' ਲਿਖਣ ਲੱਗ ਪਿਆ ਸੀ। ਉਸਨੇ ਲਗਭਗ ਇੱਕ ਸੌ ਪੰਜਾਹ ਹਜ਼ਾਰ ਦੇ ਕਰੀਬ ਸ਼ਬਦ ਲਿਖੇ ਸਨ। ਹੈਰਾਨੀਜਨਕ ਸਫ਼ੇ। ਇਹ ਗੱਲ ਆਖਣੀ ਕਿੰਨੀ ਬੇਵਕੂਫੀ ਭਰੀ ਹੈ ਕਿ ਉਹ ਹੁਣ ਹੋਰ ਨਹੀਂ ਸੀ ਲਿਖ ਸਕਦਾ। ਜੀਵਨ ਦੇ ਅੰਤ ਤੀਕ ਉਹ ਲਿਖੀ ਗਿਆ, ਇਥੋਂ ਤੀਕ ਕਿ ਮੇਓ ਹਸਪਤਾਲ ਛੱਡਣ ਤੋਂ ਪਿੱਛੋਂ ਕੇਚਮ ਤੀਕ। ਕੇਚਮ ਵਿਚ, ਉਹ



ਸਵੇਰੇ ਛੇ ਵਜੇ ਉੱਠ ਖਲੋਂਦਾ ਸੀ, ਜਿਵੇਂ ਕਿ ਹਮੇਸ਼ਾਂ ਇੰਝ ਕਰਦਾ ਸੀ ਤੇ ਸ਼ਾਮ ਤੀਕ ਲਿਖਦਾ ਰਹਿੰਦਾ ਸੀ। ਜਦ ਤੀਕ ਦਿਨ ਦਾ ਚਾਨਣ ਮੁੱਕ ਜਾਂਦਾ ਸੀ। ਇਹ ਉਸਦਾ ਕੰਮ ਕਰਨ ਦਾ ਤਰੀਕਾ ਸੀ। ਮੈਂ ਉਸਨੂੰ ਕਦੇ ਰਾਤ ਨੂੰ ਕੰਮ ਕਰਦੇ ਨਹੀਂ ਸੀ ਵੇਖਿਆ। ਕਈ ਵਾਰ ਉਹ ਸਰਘੀ ਵੇਲੇ ਉੱਠ ਖੜ੍ਹਦਾ ਸੀ। ਉਸ ਸਵੇਰ ਨੂੰ, ਮੈਨੂੰ ਚੇਤੇ ਹੈ, ਮੈਂ ਛੇ ਵਜੇ ਪਾਣੀ ਦਾ ਗਿਲਾਸ ਪੀਣ ਲਈ ਉੱਠੀ ਸੀ ਤੇ ਉਹ ਪਹਿਲਾਂ ਹੀ ਜਾਗਿਆ ਹੋਇਆ ਸੀ। ਉਹ ਰਾਤ ਨੂੰ ਸਵਖਤੇ ਹੀ ਸੌਂ ਜਾਂਦਾ ਸੀ ਤਾਂ ਕਿ ਉਹ ਸਵੇਰੇ ਸਵਖਤੇ ਉੱਠ ਸਕੇ। ਮੈਂ ਫਿਰ ਸੌਣ ਚਲੇ ਗਈ। ਮੈਂ ਉਸ ਨਾਲੋਂ ਲੇਟ ਉੱਠਦੀ ਹੁੰਦੀ ਸੀ, ਕੋਈ ਸੱਤ ਵਜੇ। ਹਾਂ ਗੋਲੀ ਦੀ ਆਵਾਜ਼ ਨੇ ਮੈਨੂੰ ਜਗਾ ਦਿੱਤਾ। ਹਾਂ ਜਦ ਮੈਂ ਉਸਦੇ ਨੇੜੇ ਪਹੁੰਚੀ ਤਾਂ ਉਹ ਪਹਿਲਾਂ ਹੀ ਮਰ ਚੁੱਕਾ ਸੀ। ਬਿਲਕੁਲ ਮੁਰਦਾ.... ਆਪਾਂ ਕਿਸ ਬਾਰੇ ਗੱਲ ਕਰ ਰਹੇ ਸੀ?

? : ਮਿੱਸ ਮੇਰੀ, ਉਸਦੇ ਖਰੜਿਆਂ ਬਾਰੇ। ਇਸ ਬਾਰੇ ਲੋਕਾਂ ਵਿਚ ਬੜੀ ਉਤਸੁਕਤਾ ਹੈ ਕਿ ਉਸਦੀਆਂ ਕਿਹੜੀਆਂ ਪੁਸਤਕਾਂ ਪਿੱਛੇ ਰਹਿ ਗਈਆਂ ਸਨ ਤੇ ਜੋ ਅਜੇ ਛਪਣ ਵਾਲੀਆਂ ਹਨ?

– : ਉਹ ਪਿੱਛੇ ਚਾਲੀ ਪੌਂਡ ਵਜ਼ਨ ਦੇ ਖਰੜੇ ਛੱਡ ਗਿਆ ਸੀ। ਅਰਨੈਸਟ ਨੇ ਕਾਫੀ ਸਾਰਾ ਲਿਖਿਆ ਸੀ। ਲਿਖਣਾ ਉਸ ਲਈ ਜੀਵਨ ਸੀ, ਪਰ ਉਹ ਛਪਣ ਸਮੇਂ ਕਾਹਲ ਨਹੀਂ ਕਰਦਾ ਸੀ। ਜਦ ਉਹ ਨਾਵਲ ਜਾਂ ਕਹਾਣੀ ਮੁਕੰਮਲ ਕਰ ਲੈਂਦਾ ਸੀ ਤਾਂ ਬੈਂਕ-ਆਫ਼-ਹਵਾਨਾ ਵਿਚਲੇ ਆਪਣੇ ਸੇਫ਼ ਡਿਪਾਜ਼ਿਟ ਵਿਚ ਰੱਖ ਕੇ ਜਿੰਦਰਾ ਲਾ ਦਿੰਦਾ ਸੀ ਤੇ ਉੱਥੇ ਪਿਆ ਰਹਿਣ ਦਿੰਦਾ ਸੀ। ਕਈ ਵਾਰ ਸਾਲਾਂ ਬੱਧੀ ਹੀ। ਕਈ ਵਾਰ ਉਹ ਆਖਦਾ ਸੀ ਕਿ ਉਹ ਕੋਈ ਵੀ ਰਚਨਾ ਛਪਵਾਉਣ ਲਈ ਉਤਸੁਕ ਨਹੀਂ, ਜੋ ਕਿ ਉਸਨੇ ਲਿਖਿਆ ਹੈ ਤੇ ਉਸਨੂੰ ਪ੍ਰਕਾਸ਼ਕ ਨਿਸਫਲ ਹੀ ਉਸ ਕੋਲੋਂ ਖਰੜਾ ਲੈਣ ਲਈ ਮਿੰਨਤਾਂ ਕਰਦੇ ਰਹਿੰਦੇ ਸੀ। ਉਹ ਉਹਨਾਂ ਦੀ ਗੱਲ ਕਿਉਂ ਸੁਣੇ? ਉਹ ਜਿਵੇਂ ਚਾਹੁੰਦਾ ਸੀ, ਜੀਣ ਲਈ ਉਸ ਕੋਲ ਕਾਫੀ ਪੈਸੇ ਸਨ। ਅਰਥਾਤ ਲਿਖਣਾ ਉਸ ਲਈ ਲੋੜ ਨਹੀਂ ਸੀ, ਪਿਆਰ ਦਾ ਕੰਮ ਸੀ, ਮੱਛੀਆਂ ਫੜਨ ਜਾਣਾ, ਸੈਰਾਂ ਕਰਨੀਆਂ, ਸ਼ਿਕਾਰ ਖੇਡਣਾ ਤੇ ਸਫ਼ਰ ਕਰਨਾ। ਮੇਰੇ ਤੇ ਯਕੀਨ ਕਰੋ, ਇਹੀ ਕਾਰਨ ਹੈ ਕਿ ਇਹ ਮੇਰੇ ਲਈ ਮੁਸੀਬਤ ਹੈ ਕਿ ਉਸਦੀ ਵਸੀਅਤ ਅਨੁਸਾਰ ਛਾਪਣ ਲਈ ਜ਼ਿੰਮੇਵਾਰ ਬਣਾਂ ਤੇ ਫੈਸਲਾ ਕਰਾਂ ਕਿ ਕੋਈ ਚੀਜ਼ ਛਾਪਣੀ ਹੈ ਜਾਂ ਨਹੀਂ। ਜਦੋਂ ਉਸਨੇ 1955 ਵਿਚ ਵਸੀਅਤ ਲਿਖੀ ਸੀ ਤਾਂ ਮੈਨੂੰ ਕੀ ਕਲਪਣਾ ਸੀ ਕਿ ਇਹ ਮੇਰੇ ਲਈ ਇੱਕ ਦਿਨ ਵੱਡੀ ਜ਼ਿੰਮੇਵਾਰੀ ਬਣ ਜਾਵੇਗੀ। ਅਸਲ ਵਿਚ ਹੁਣ ਤੀਕ ਮੈਂ ਇੱਕ ਹੀ ਪੁਸਤਕ ਛਾਪਣ ਦੀ ਖੁੱਲ੍ਹ ਦਿੱਤੀ ਹੈ ਤੇ ਉਹ ਹੈ 'ਮੂਵੇਬਲ ਫੀਸਟ'। ਮੈਂ ਇਹ ਇਰਾਦਾ ਇਸ ਕਾਰਨ ਬਣਾਇਆ ਸੀ, ਕਿਉਂਕਿ ਮੈਨੂੰ ਪਤਾ ਸੀ ਕਿ ਉਹ ਇਸਨੂੰ ਕਾਫੀ ਛੇਤੀ

ਛਾਪਣਾ ਚਾਹੁੰਦਾ ਸੀ ਅਤੇ ਕਿਉਂਕਿ ਮੈਲਕਮ ਕਾਊਲੇ, ਇੱਕ ਪ੍ਰਸਿੱਧ ਆਲੋਚਕ ਨੇ ਸੁਝਾਅ ਦਿੱਤਾ ਸੀ ਕਿ ਮੈਨੂੰ ਹੋਰ ਉਡੀਕਣਾ ਨਹੀਂ ਚਾਹੀਦਾ। ਇੱਕ ਹੋਰ ਨਾਵਲ ਵੀ ਅਜੇ ਛਪਣਾ ਰਹਿੰਦਾ ਹੈ, ਸ਼ਾਇਦ ਦੋ ਹੀ ਹੋਣ। ਮੇਰਾ ਮਤਲਬ ਹੈ 'ਡੇਂਜਰਸ ਸਮਰ' ਅਤੇ ਕਰੇਬੀਅਨ ਬਾਰੇ ਇੱਕ ਹੋਰ ਸੰਗ੍ਰਹਿ। ਫਿਰ ਕਈ ਕਹਾਣੀਆਂ ਹਨ। ਅਗਲਾ ਆਉਣ ਵਾਲਾ ਸੈੱਟ ਯਕੀਨੀ ਤੌਰ ਤੇ ਕਰੇਬੀਅਨ ਬਾਰੇ ਹੋਵੇਗਾ। ਮੈਂ ਪਬਲਿਸ਼ਰਾਂ ਨਾਲ ਮਿਲਕੇ ਇਸ ਉੱਤੇ ਕੰਮ ਕਰ ਰਹੀ ਹਾਂ। ਨਿਰਸੰਦੇਹ, ਮੈਂ ਉਹਨਾਂ ਦੀ ਸਲਾਹ ਲੈਂਦੀ ਹਾਂ ਤੇ ਅਰਨੈਸਟ ਦੇ ਮਿੱਤਰਾਂ ਦੀ ਵੀ। ਖ਼ਾਸ ਤੌਰ ਤੇ ਕੁਝ ਕੱਟਣ ਵੱਢਣ ਬਾਰੇ, ਜੋ ਉਹ ਵੀ ਚਾਹੁੰਦਾ ਹੁੰਦਾ ਸੀ। ਉਸਦੀ ਰਚਨਾ ਨੂੰ ਪ੍ਰਕਾਸ਼ਕ ਨੂੰ ਦੇਣ ਤੋਂ ਪਹਿਲਾਂ, ਅਰਨੈਸਟ ਵਾਧਾ ਕਰਨ ਦੀ ਥਾਂ ਕੱਟਦਾ ਵਧੇਰੇ ਹੁੰਦਾ ਸੀ। ਖ਼ਾਸ ਤੌਰ ਤੇ ਦੂਸਰੇ ਪਾਠ ਸਮੇਂ। ਮੈਨੂੰ ਇਸਦਾ ਪਤਾ ਹੁੰਦਾ ਸੀ, ਕਿਉਂਕਿ ਮੈਂ ਇਸਦੀ ਨਕਲ ਤਿਆਰ ਕਰਨੀ ਹੁੰਦੀ ਸੀ। ਭਾਵੇਂ ਉਹ ਇਸ ਨੂੰ ਹੱਥ ਨਾਲ ਲਿਖੇ ਜਾਂ ਟਾਈਪ ਕਰੇ। ਹਾਂ, ਕਈ ਵਾਰ ਕੁਝ ਸਫ਼ੇ ਹੁੰਦੇ ਸਨ ਜੋ ਅਣਛੋਹੇ ਰਹਿ ਜਾਂਦੇ ਸਨ ਤੇ ਕਦੇ ਇਹ ਦਰੁਸਤੀਆਂ ਨਾਲ ਭਰੇ ਹੁੰਦੇ ਸਨ। ਉਹ ਇਹਨਾਂ ਨੂੰ ਹੱਥ ਨਾਲ ਠੀਕ ਕਰਦਾ ਹੁੰਦਾ ਸੀ। ਤੁਸਾਂ ਵੇਖ ਹੀ ਲਿਆ ਹੈ।

? : ਮਿੱਸ ਮੇਰੀ, ਉਸਦੇ ਖਰੜੇ ਪ੍ਰਾਪਤ ਕਰਨ ਦੀ ਵੀ ਇੱਕ ਕਹਾਣੀ ਹੈ, ਜੋ ਪਹਿਲਾਂ ਕਦੇ ਦੱਸੀ ਨਹੀਂ ਗਈ?

– : ਹਾਂ ਹੈ। ਉਸਦੀ ਮੌਤ ਦੇ ਛੇਤੀ ਹੀ ਪਿੱਛੋਂ ਜਾਂ ਕਹੋ ਕਿ ਬੜੀ ਹੀ ਛੇਤੀ ਪਿੱਛੋਂ ਮੈਨੂੰ ਕੇਚਮ ਤੋਂ ਕਿਊਬਾ ਦੀ ਸਰਕਾਰ ਦਾ ਫੋਨ ਆਇਆ ਸੀ, ਜਿਸ ਵਿਚ ਪੁੱਛਿਆ ਗਿਆ ਸੀ ਕਿ ਕੀ ਮੈਂ ਉਸ ਦਾ ਘਰ ਇੱਕ ਅਜਾਇਬ-ਘਰ ਬਣਾਉਣ ਵਾਸਤੇ ਦਾਨ ਦੇਣ ਲਈ ਤਿਆਰ ਹਾਂ। ਇਸਦੇ ਬਦਲੇ ਵਿਚ ਮੈਨੂੰ ਬੈਂਕ ਤੋਂ ਉਸ ਦੇ ਸਾਰੇ ਕਾਗਜ਼-ਪੱਤਰ ਤੇ ਹੋਰ ਚੀਜ਼ਾਂ ਪ੍ਰਾਪਤ ਕਰਨ ਦੀ ਖੁੱਲ ਹੋਵੇਗੀ। ਮੈਂ ਇਹ ਗੱਲ ਪ੍ਰਵਾਨ ਕਰ ਲਈ ਸੀ। ਉਸ ਵੇਲੇ ਮੈਂ ਐਨੀ ਗ਼ਮਜਦਾ ਸੀ ਕਿ ਮੈਂ ਘਰ ਛੱਡ ਦੇਣ ਬਾਰੇ ਪ੍ਰਵਾਹ ਨਾ ਕੀਤੀ। ਜਦੋਂ ਜੀਵਨ ਦਾ ਅਸਲ ਉਤਸ਼ਾਹ ਹੀ ਮਰ ਜਾਵੇ ਤਾਂ ਵਸਤੂਆਂ ਕੀ ਅਰਥ ਰੱਖਦੀਆਂ ਹਨ? ਨਾਲ ਹੀ ਮੈਨੂੰ ਅਸਲ ਚਿੰਤਾ ਇਹਨਾਂ ਖਰੜਿਆਂ ਦੇ ਪ੍ਰਾਪਤ ਕਰਨ ਦੀ ਸੀ। ਬਾਕੀ ਉਹ ਸਭ ਕੁਝ ਲੈ ਸਕਦੇ ਸਨ। ਸਭ ਕੁਝ ਉੱਥੇ ਹੀ ਪਿਆ ਸੀ। ਅਸੀਂ ਬਿਨਾਂ ਕੁਝ ਬੰਨ੍ਹਣ ਤੋਂ ਉੱਥੇ ਹੀ ਛੱਡ ਆਏ ਸੀ। ਇਥੋਂ ਤੀਕ ਕਿ ਅਣਖੋਲ੍ਹੀਆਂ ਚਿੱਠੀਆਂ ਦਾ ਢੇਰ ਵੀ। ਅਸੀਂ ਸਰਦ ਰੁੱਤ ਤੋਂ ਪਹਿਲਾਂ ਵਾਪਸ ਆਉਣਾ ਚਾਹੁੰਦੇ ਸੀ। ਇਹ ਸੀ ਜੋ ਅਸੀਂ ਕਰ ਰਹੇ ਸੀ, ਜਦੋਂ ਅਰਨੈਸਟ ਬੀਮਾਰ ਹੋ ਗਿਆ ਤੇ ਜਿਸ ਬੀਮਾਰੀ ਨੇ ਉਸਨੂੰ ਮਾਰ ਦਿੱਤਾ। ਮੇਰਾ ਮਤਲਬ ਹੈ, ਜਿਸ ਕਾਰਨ ਉਹ ਆਤਮ-ਘਾਤ ਲਈ ਤਿਆਰ ਹੋ ਗਿਆ। ਅਸੀਂ ਜੁਲਾਈ 1960 ਵਿਚ 'ਕੈਚਮ' ਜਾਣ ਲਈ ਤੁਰੇ ਸੀ।



ਅਸੀਂ ਉੱਥੇ ਕੁਝ ਸਮੇਂ ਲਈ ਠਹਿਰਨਾ ਚਾਹੁੰਦੇ ਸੀ, ਫਿਰ ਪੂਰਬ ਵੱਲ ਸ਼ਿਕਾਰ ਖੇਡਣ ਜਾਣਾ ਸੀ ਤੇ ਉਸ ਤੋਂ ਬਾਅਦ ਕਿਊਬਾ ਚਲੇ ਜਾਣਾ ਸੀ। ਮੈਂ ਇਕੱਲੀ ਕਿਊਬਾ ਵਾਪਿਸ ਪਰਤੀ। ਉਸ ਫੋਨ ਦੇ ਸੱਦੇ ਪਿਛੋਂ ਤਾਂ ਕਿ ਮੈਂ ਚਾਲੀ ਪੌਂਡ ਕੀਮਤੀ ਕਾਗਜ਼, ਘਰ ਦੇ ਇਵਜ਼ਾਨੇ ਵਿਚ, ਪ੍ਰਾਪਤ ਕਰ ਸਕਾਂ। ਮੈਂ ਕੁਝ ਨਿਜੀ ਚੀਜ਼ਾਂ ਵੀ ਲੈ ਲਈਆਂ। ਜਿਵੇਂ ਕੁਝ ਗਹਿਣੇ ਜੋ ਮੇਰੇ ਕੋਲ ਉਸ ਵੇਲੇ ਤੀਕ ਥੋੜ੍ਹੇ ਜਿਹੇ ਸੀ ਤੇ ਦੋ ਪੇਂਟਿੰਗਾਂ, ਪੰਜੀ ਪੁਸਤਕਾਂ। ਇਹ ਕੋਈ ਜ਼ਿਆਦਾ ਨਹੀਂ ਸਨ, ਜੇ ਅਸੀਂ ਉਹਨਾਂ ਦੀ ਵੱਡੀ ਲਾਇਬ੍ਰੇਰੀ ਬਾਰੇ ਸੋਚੀਏ। ਕਿਊਬਾ ਵਿਚ, ਅਰਨੈਸਟ ਨੂੰ ਸਭ ਨਵੀਆਂ ਛਪੀਆਂ ਪੁਸਤਕਾਂ ਪਹੁੰਚ ਜਾਂਦੀਆਂ ਸਨ। ਅੰਤ ਉੱਤੇ ਮੈਂ ਸਾਰੀਆਂ ਚਿੱਠੀਆਂ ਅਤੇ ਲਿਖੀਆਂ ਪਰਚੀਆਂ ਵੀ ਚੁੱਕ ਲਈਆਂ। ਅਰਨੈਸਟ ਕਦੇ ਵੀ ਕੋਈ ਚਿੱਠੀ ਜਾਂ ਝਰੀਟੀ ਪਰਚੀ ਸੁੱਟਦਾ ਨਹੀਂ ਸੀ ਹੁੰਦਾ। 1938 ਵਿਚ ਜਦੋਂ ਅਸੀਂ "ਕੀਏਵੈਸਟ" ਤੋਂ ਕਿਊਬਾ ਚਲੇ ਗਏ ਸੀ ਤਾਂ ਉਸਨੇ ਡਾਕ ਤੇ ਚਿੱਠੀਆਂ ਦਾ ਭਰਿਆ ਕਮਰਾ ਹੀ ਮੰਗਵਾ ਲਿਆ ਸੀ। ਹੁਣ ਮੈਂ ਕੈਨੇਡੀ ਲਾਇਬ੍ਰੇਰੀ ਖੁੱਲ੍ਹਣ ਉੱਤੇ ਇਹ ਸਭ ਕਾਗਜ਼ ਉਹਨਾਂ ਨੂੰ ਦੇ ਦਿਆਂਗੀ। ਇਹ ਹੈ ਖਰੜਿਆਂ ਦੀ ਪਿਛਲੀ ਸੰਖੇਪ ਕਹਾਣੀ। ਨਿਰਸੰਦੇਹ ਮੈਂ ਕੁਝ ਨਹੀਂ ਸੀ ਲੈ ਸਕਣਾ, ਜੇ ਫੀਦਲ ਕਾਸਤਰੋ ਦਖਲ ਨਾ ਦਿੰਦੇ ਹੁੰਦੇ। ਪਰ ਇਹ ਅਜਿਹੀ ਗੱਲ ਹੈ, ਜਿਸ ਬਾਰੇ ਮੈਂ ਖ਼ੁਦ ਲਿਖਾਂਗੀ।

ਓ. ਫ. : ਹਾਏ! ਤਰਸ ਆਉਂਦਾ ਹੈ, ਮਿੱਸ ਮੇਰੀ, ਮੈਨੂੰ ਦੱਸੋਂ ਕੀ ਹੈਮਿੰਗਵੇ ਤੇ ਫੀਦਲ ਇੱਕ ਦੂਸਰੇ ਨੂੰ ਜਾਣਦੇ ਸੀ?

ਮ. ਮੇਰੀ : ਉਹ ਇੱਕ ਮੱਛੀਆਂ ਪਕੜਨ ਦੇ ਮੁਕਾਬਲੇ ਵਿਚ ਮਿਲੇ ਸਨ, ਜੋ ਅਰਨੈਸਟ ਨੇ ਕੁਝ ਸਾਲ ਪਹਿਲਾਂ ਸ਼ੁਰੂ ਕੀਤਾ ਸੀ। ਫੀਦਲ ਨੇ ਵੀ ਇਸ ਵਿਚ ਹਿੱਸਾ ਲਿਆ ਸੀ ਤੇ ਜਿੱਤਿਆ ਸੀ। ਉਸਨੇ ਵਧੇਰੇ ਮੱਛੀਆਂ ਫੜੀਆਂ ਸਨ ਤੇ ਕਿਉਂਕਿ ਅਰਨੈਸਟ ਹੀ ਸੀ, ਜਿਸ ਨੇ ਇਨਾਮ ਵੰਡੇ ਸੀ ਤਾਂ ਉਸ ਨੇ ਇਹ ਇਨਾਮ ਫੀਦਲ ਨੂੰ ਪ੍ਰਦਾਨ ਕੀਤਾ ਸੀ। ਉਹਨਾਂ ਬਹੁਤੀਆਂ ਗੱਲਾਂ ਨਹੀਂ ਸੀ ਕੀਤੀਆਂ, ਬੱਸ ਕਹਿ ਲਵੋ ਕਿ ਅੱਠ ਜਾਂ ਦਸ ਮਿੰਟ। ਤੇ ਮੈਂ ਅਸਲੀ ਸ਼ਬਦ ਨਹੀਂ ਦੁਹਰਾ ਸਕਦੀ, ਕਿਉਂਕਿ ਭਾਵੇਂ ਮੈਂ ਸਪੇਨੀ ਭਾਸ਼ਾ ਜਾਣਦੀ ਹਾਂ। ਪਰ ਮੈਂ ਸਾਰਾ ਕੁਝ ਸਮਝ ਨਹੀਂ ਸੀ ਸਕੀ। ਜਦੋਂ ਉਹ ਰਾਜਸੀ ਤਕਰੀਰਾਂ ਨਾ ਕਰ ਰਿਹਾ ਹੋਵੇ, ਤਾਂ ਫੀਦਲ ਦੀ ਆਵਾਜ਼ ਨਰਮ ਤੇ ਧੀਮੀ ਹੁੰਦੀ ਹੈ ਤੇ ਅਰਨੈਸਟ ਦੀ ਆਵਾਜ਼ ਵੀ ਨਰਮ ਤੇ ਹੌਲੀ ਸੀ। ਫਿਰ ਵੀ, ਮੈਨੂੰ ਚੇਤੇ ਹੈ ਕਿ ਉਹ ਸਾਰਾ ਸਮਾਂ ਮੱਛੀਆਂ ਦੇ ਸ਼ਿਕਾਰ ਬਾਰੇ ਹੀ ਗੱਲਾਂ ਕਰਦੇ ਰਹੇ। ਰਾਡ ਤੇ ਕੁੰਡੀਆਂ ਬਾਰੇ ਤੇ ਮੱਛੀ ਦੇ ਸ਼ਿਕਾਰ ਲਈ ਵਧੀਆ ਮੌਸਮ ਬਾਰੇ ਆਦਿ।

ਮੈਨੂੰ ਇਹ ਵੀ ਚੇਤੇ ਹੈ ਕਿ ਫੀਦਲ ਇਸ ਬਾਰੇ ਸ਼ਿਕਾਇਤ ਕਰਦਾ ਰਿਹਾ ਕਿ ਮੈਂ ਵੱਡਾ ਮਾਹੀਗੀਰ ਨਹੀਂ ਹਾਂ ਤੇ ਇਸ ਵਾਰ ਤਾਂ ਉਹ ਖੁਸ਼ਕਿਸਮਤ ਹੀ ਸੀ। ਇਸ ਪਿੱਛੋਂ ਉਹ

ਕਦੇ ਮਿਲੇ ਨਹੀਂ, ਪਰ ਮੈਨੂੰ ਪਤਾ ਹੈ ਕਿ ਉਹਨਾਂ ਇੱਕ ਦੂਜੇ ਨੂੰ ਪਸੰਦ ਕੀਤਾ ਸੀ। ਇੱਕ ਆਪਸੀ ਸਤਿਕਾਰ। ਫੀਦਲ ਨੇ ਇੱਕ ਵਾਰ ਆਖਿਆ ਸੀ ਕਿ ਉਸਨੇ ਗੁਰੀਲਾ ਜੰਗ "ਘੰਟੀਆਂ ਕਿਸ ਲਈ ਵੱਜਦੀਆਂ ਹਨ" ਨੂੰ ਪੜ੍ਹਕੇ ਸਿੱਖੀ ਸੀ ਤੇ ਇੱਕ ਵਾਰ ਮੇਰੇ ਹੱਥ ਇੱਕ ਖ਼ਤ ਲੱਗਾ ਸੀ, ਜਿਸ ਉੱਤੇ ਅਰਨੈਸਟ ਨੇ ਲਿਖਿਆ ਸੀ, "ਕਿਊਬਾ ਦੀ ਕ੍ਰਾਂਤੀ ਇੱਕ ਇਤਿਹਾਸਕ ਲੋੜ ਹੈ।"

ਪਰ ਕ੍ਰਾਂਤੀ ਨੇ ਸਾਡੀ ਜ਼ਿੰਦਗੀ ਨਹੀਂ ਬਦਲੀ। ਕੁਝ ਇਸ ਕਰਕੇ ਕਿ ਕੋਈ ਵੀ ਸਾਡੇ ਉੱਤੇ ਇਹ ਦੂਸ਼ਣ ਨਹੀਂ ਲਾ ਸਕਦਾ, ਕਿ ਅਸੀਂ ਲੋਕਾਂ ਦੀ ਲੁੱਟ ਕਰਦੇ ਸੀ। ਅਸੀਂ ਉੱਥੇ ਐਨਾ ਪੈਸਾ ਖਰਚਦੇ ਸੀ..... ਨਹੀਂ ਮੈਨੂੰ ਇਸਦਾ ਕੋਈ ਅਫ਼ਸੋਸ ਨਹੀਂ ਕਿ ਸਾਨੂੰ ਉਹ ਘਰ ਛੱਡਣਾ ਪਿਆ। ਮੈਨੂੰ ਸਿਰਫ਼ ਇੱਕੋ ਗੱਲ ਦੀ ਨਾਰਾਜ਼ਗੀ ਹੈ ਕਿ ਉਹਨਾਂ ਨੇ ਸਾਡੀ ਬੇੜੀ ਪਿਲਰ ਜ਼ਮੀਨ ਉੱਤੇ ਲਿਆ ਰੱਖੀ ਹੈ। ਫਿੰਕਾ ਦੇ ਵਿਚਕਾਰ। ਬੇੜੀ ਤਾਂ ਪਾਣੀ ਵਿਚ ਹੀ ਸ਼ੋਭਦੀ ਹੈ, ਧਰਤੀ ਤੇ ਨਹੀਂ। ਉਹ ਗਲ ਜਾਵੇਗੀ, ਉਸ ਤਰ੍ਹਾਂ ਪਈ-ਪਈ। ਭਾਵੇਂ ਕਿ ਗਰੀਗੋਰੀਆ ਉਸਦੀ ਵੇਖ ਭਾਲ ਚੰਗੀ ਤਰ੍ਹਾਂ ਕਰਦਾ ਹੈ। ਗਰੀਗੋਰੀਆ ਸਾਡਾ ਮਾਹੀਗੀਰ ਹੁੰਦਾ ਸੀ, ਹੁਣ ਉਹ ਅਜਾਇਬ ਘਰ ਦੀ ਸੰਭਾਲ ਕਰਦਾ ਹੈ। ਕਿੰਨਾ ਜੀਅ ਕਰਦਾ ਹੈ, ਉਸਨੂੰ ਦੁਬਾਰਾ ਵੇਖਣ ਤੇ। ਮੈਂ ਉਹਨਾਂ ਸਾਰਿਆਂ ਨੂੰ ਮਿਲਣਾ ਚਾਹੁੰਦੀ ਹਾਂ। ਲਾਫਲੋਰੀਡੀਟਾ ਤੇ ਉਹਨਾਂ ਸਾਰਿਆਂ ਮਛੇਰਿਆਂ ਨੂੰ, ਜੋ ਸਾਨੂੰ ਕਹਾਣੀਆਂ ਸੁਣਾਉਂਦੇ ਹੁੰਦੇ ਸੀ, ਜਦੋਂ ਅਸੀਂ ਲਾ ਫਲੋਰੀਡੀਟਾ ਜਾਂਦੇ ਹੁੰਦੇ ਸੀ।

? : **ਭਾਵੇਂ ਇਹ ਗੱਲ ਕੁਝ ਬੁਰੀ ਲੱਗੇ, ਪਰ ਮਿੱਸ ਮੇਰੀ ਮੈਂ ਇਹ ਤੁਹਾਨੂੰ ਦੱਸਣਾ ਚਾਹੁੰਦੀ ਹਾਂ। ਕਈ ਸਾਲ ਪਹਿਲਾਂ ਯੂਰਪ ਵਿਚ ਇੱਕ ਅਫਵਾਹ ਘੁੰਮ ਰਹੀ ਸੀ, ਜਿਸ ਵਿਚ ਇਹ ਕਿਹਾ ਗਿਆ ਸੀ ਕਿ 'ਬੁੱਢਾ ਆਦਮੀ ਤੇ ਸਮੁੰਦਰ' ਦੀ ਘਟਨਾ ਇੱਕ ਮਛੇਰੇ ਨਾਲ ਵਾਪਰੀ ਸੀ। ਜਿਸਨੇ ਹੈਮਿੰਗਵੇ ਨੂੰ ਇੱਕ ਬੇੜੀ ਲੈਣ ਦੇ ਬਦਲੇ ਸੁਣਾਈ ਸੀ। ਪਰ ਅਫ਼ਵਾਹ ਅਨੁਸਾਰ ਹੈਮਿੰਗਵੇ ਨੇ ਉਸਨੂੰ ਬੇੜੀ ਖਰੀਦ ਕੇ ਨਾ ਦਿੱਤੀ।**

– : ਹਾਂ, ਮੈਂ ਜਾਣਦੀ ਹਾਂ। ਪਰ ਕੀ ਤੁਸੀਂ ਸੱਚੀਂ ਹੀ ਸੋਚਦੇ ਹੋ ਕਿ ਅਰਨੈਸਟ ਕਹਾਣੀਆਂ ਵਾਸਤੇ ਕਿਸ਼ਤੀਆਂ ਦੇ ਵਟਾਂਦਰੇ ਵਿਚ ਸਮਾਂ ਬਰਬਾਦ ਕਰਦਾ ਸੀ? ਅਰਨੈਸਟ ਤੇ ਮੈਂ ਹਮੇਸ਼ਾਂ ਅਜਿਹੀਆਂ ਕਈ ਕਹਾਣੀਆਂ ਸੁਣਦੇ ਸੀ। ਕਿਊਬਾ ਵਿਚ ਇੱਕ ਵੀ ਅਜਿਹਾ ਮਛੇਰਾ ਨਹੀਂ, ਜਿਸ ਕੋਲ ਬਾਹਰਲੀ ਮੱਛੀ ਨਾਲ ਸੰਬੰਧਤ ਇਸ ਤਰ੍ਹਾਂ ਦੀ ਬਹਾਦਰੀ ਭਰੇ ਜ਼ਾਤੀ ਸੰਘਰਸ਼ ਦੀ ਕੋਈ ਕਹਾਣੀ ਨਾ ਹੋਵੇ। ਤੇ ਜਦੋਂ ਪੁਸਤਕ ਛਪੀ, ਤਾਂ ਹਰ ਇੱਕ ਨੇ ਸੋਚਿਆ ਕਿ ਉਸਦੀ ਹੀ ਕਹਾਣੀ ਦੁਬਾਰਾ ਸੁਣਾਈ ਗਈ ਹੋਵੇ। ਕੁਝ ਸਮੇਂ ਪਹਿਲਾਂ ਮੈਨੂੰ ਮਿਆਮੀ ਤੋਂ ਇੱਕ ਫੋਨ ਆਇਆ, ਜੋ ਇਮੀਗ੍ਰੇਸ਼ਨ ਦਫ਼ਤਰ ਤੋਂ ਸੀ। ਉਹਨਾਂ ਪੁੱਛਿਆ, "ਕੀ ਤੁਸੀਂ ਅਨਸਲਮੋ ਨਾਂ ਦੇ ਕਿਸੇ ਵਿਅਕਤੀ ਨੂੰ ਜਾਣਦੇ ਹੋ?" ਮੈਂ ਉੱਤਰ ਦਿੱਤਾ, "ਹਾਂ, ਮੈਂ ਇੱਕ ਅਨਸਲਮੋ ਨੂੰ ਜਾਣਦੀ ਹਾਂ। ਛਿਆਨਵੇਂ ਸਾਲ ਦੇ ਬੁੱਢੇ ਆਦਮੀ ਨੂੰ। ਉਹ ਇੱਕ ਚੰਗਾ ਮੁੰਡਾ ਹੁੰਦਾ ਸੀ। ਖ਼ੈਰ ਉਸਨੇ ਕਿਊਬਾ ਛੱਡ



ਦਿੱਤਾ ਹੈ ਤੇ ਉਹ ਅਮਰੀਕਾ ਵਿਚ ਦਾਖਲ ਹੋਣਾ ਚਾਹੁੰਦਾ ਹੈ ਤੇ ਉਹ ਹਰ ਇੱਕ ਨੂੰ ਦੱਸ ਰਿਹਾ ਹੈ ਕਿ ਪੁਸਤਕ ਵਿਚਲਾ ਬੁੱਢਾ ਆਦਮੀ ਉਹੀ ਹੈ।" "ਜੇ ਉਹ ਇਸ ਵਿਸ਼ਵਾਸ ਨਾਲ ਖੁਸ਼ ਹੁੰਦਾ ਹੈ ਤਾਂ ਉਸਨੂੰ ਨਿਰਾਸ਼ ਨਾ ਕਰੋ" ਮੈਂ ਆਖਿਆ। ਪਰ ਜਿਹੜੀ ਅਫਵਾਹ ਦਾ ਜ਼ਿਕਰ ਤੁਸਾਂ ਕੀਤਾ ਹੈ, ਉਸਦੇ ਕੇਂਦਰ ਵਿਚ ਇੱਕ ਹੋਰ ਵਿਅਕਤੀ ਹੈ। ਪਰ ਹੁਣ ਮੈਨੂੰ ਉਸਦਾ ਨਾਂ ਚੇਤੇ ਨਹੀਂ, ਪਰ ਮੈਂ ਜਾਣਦੀ ਹਾਂ ਕਿ ਉਸਨੇ ਕੁਝ ਡਾਲਰਾਂ, ਦਸ ਜਾਂ ਹੋਰ ਲਈ, ਹਵਾਨਾ ਦੀ ਇੱਕ ਅਖ਼ਬਾਰ ਨੂੰ ਖਬਰ ਦਿੱਤੀ ਸੀ। ਜਦੋਂ ਉਹਨਾਂ ਨੇ ਇਸ ਬਾਰੇ ਸੁਣਿਆ ਤਾਂ ਦੂਸਰੇ ਮਛੇਰਿਆਂ ਨੇ ਉਸਨੂੰ ਸਾਡੇ ਘਰ ਲੈ ਆਂਦਾ ਤੇ ਟੇਪ ਰਿਕਾਰਡਰ ਦੇ ਸਾਹਮਣੇ ਆਪਣੇ ਸ਼ਬਦਾਂ ਤੋਂ ਮੁਕਰਨ ਲਈ ਮਜ਼ਬੂਰ ਕੀਤਾ। ਮੇਰੇ ਕੋਲ ਉਹ ਟੇਪ ਅਜੇ ਵੀ ਹੈ। "ਆ ਸਾਡੇ ਨਾਲ" ਉਹਨਾਂ ਕਿਹਾ "ਜੇ ਉਹ ਤੇਰੀ ਹੈ ਤਾਂ ਦੁਬਾਰਾ ਸੁਣਾ। ਅਸੀਂ ਇਹ ਕਹਾਣੀ ਸੁਣਨਾ ਚਾਹੁੰਦੇ ਹਾਂ, ਜਿਵੇਂ ਤੂੰ ਪਾਪਾ (ਹੈਮਿੰਗਵੇ) ਨੂੰ ਸੁਣਾਈ, ਕਿੱਥੇ ਤੇ ਕਿਵੇਂ।" ਤੇ ਉਹ ਮੰਨ ਗਿਆ ਕਿ ਇਹ ਮਨੋ-ਕਲਪਤ ਗੱਲ ਹੈ।

? : ਮਿੱਸ ਮੇਰੀ, ਮੈਂ ਹੈਰਾਨ ਹੁੰਦੀ ਹਾਂ ਕਿ ਕੀ ਹੈਮਿੰਗਵੇ ਨੇ ਕਦੇ ਉਹ 'ਬੁੱਢਾ ਆਦਮੀ ਤੇ ਸਮੁੰਦਰ' ਉੱਤੇ ਅਧਾਰਿਤ ਫਿਲਮ ਵੇਖੀ ਸੀ?

– : ਛੱਡੋ ਉਹਨਾਂ ਫਿਲਮਾਂ ਨੂੰ ਜੋ ਅਰਨੈਸਟ ਦੀਆਂ ਕਿਤਾਬਾਂ ਦੇ ਆਧਾਰ ਉੱਤੇ ਬਣਾਈਆਂ ਗਈਆਂ ਸਨ। ਉਹਨਾਂ ਸਭਨਾਂ ਵਿਚੋਂ ਜੋ ਬਣਾਈਆਂ ਗਈਆਂ ਸਨ, ਉਹ ਇੱਕੋ ਹੀ ਪਸੰਦ ਕਰਦਾ ਸੀ, ਜੋ ਉਸਦੀ ਕਹਾਣੀ 'ਕਿਲਰਜ਼' ਕਾਤਰ ਉੱਤੇ ਬ੍ਰੂਟ ਲੈਂਕਸਟਰ ਅਤੇ ਆਵਾ ਗਾਰਡਕਰ ਨਾਲ ਰਲ ਕੇ ਬਣਾਈ ਗਈ ਸੀ। ਤੇ ਦੂਸਰੀਆਂ ਤੁਸੀਂ ਜਾਣਦੇ ਹੋ, ਉਹ ਕਦੇ ਉਹਨਾਂ ਨੂੰ ਵੇਖਣ ਨਹੀਂ ਸੀ ਗਿਆ, ਸਗੋਂ ਉਹ ਮੈਨੂੰ ਭੇਜ ਦਿੰਦਾ ਹੁੰਦਾ ਸੀ। ਮਿਸਾਲ ਵਜੋਂ 'ਸ਼ਸਤਰਾਂ ਨੂੰ ਅਲਵਿਦਾ' ਵੇਖਣ ਲਈ ਉਸ ਮੈਨੂੰ ਭੇਜ ਦਿੱਤਾ ਸੀ। ਨਾਲ ਉਹ ਅਭਿਨੇਤਰੀ ਸੀ। ਕੀ ਸੀ ਉਸਦਾ ਭਲਾ ਜਿਹਾ ਨਾਂ ਜੈਨੀਫਰ ਜੋਨਜ਼। ਅੱਗੋਂ ਜਾਂ ਪਿੱਛੋਂ ਇਹ ਸਭ ਕਿਊਬਾ ਪਹੁੰਚ ਗਈਆਂ ਸਨ, ਪਰ ਉਸਨੇ ਇਹ ਵੇਖਣ ਤੋਂ ਨਾਂਹ ਕਰ ਦਿੱਤੀ। ਪਰ ਉਸਨੇ 'ਸੂਰਜ ਵੀ ਚੜ੍ਹਦਾ ਹੈ' ਸਾਡੇ ਨਾਲ ਜਾ ਕੇ ਵੇਖੀ..... ਖ਼ੈਰ..... ਪਰ ਅਰਨੈਸਟ, ਇਹ ਨਹੀਂ ਸੀ ਸਮਝ ਸਕਿਆ ਕਿ ਉਹਨਾਂ ਇਹ ਸਪੇਨ ਦੀ ਥਾਂ ਮੈਕਸੀਕੋ ਵਿਚ ਕਿਉਂ ਬਣਾਈ। ਬੈਲ ਏਨੇ ਛੋਟੇ ਸਨ ਜਿੰਨਾ ਇਹ ਕਾਫ਼ੀ ਵਾਲਾ ਮੇਜ਼ ਹੈ ਤੇ ਉਸ ਵਿਚ ਇੱਕ ਵੀ ਸਪੇਨ ਵਰਗਾ ਚਿਹਰਾ ਨਹੀਂ ਸੀ। ਅਰਨੈਸਟ, ਜਿਹੜਾ ਕਿ ਸੰਖੇਪਤਾ ਪ੍ਰਤੀ ਏਨਾ ਸਿਰੜੀ ਸੀ, ਉਹ ਬਾਰ-ਬਾਰ ਆਖਦਾ "ਵੇਖੋ ਇਹਨਾਂ ਚਿਹਰਿਆਂ ਵੱਲ। ਕੀ ਉਹ ਸਪੇਨੀ ਚਿਹਰੇ ਲੱਗਦੇ ਹਨ?" ਜਦ ਅਜਿਹੀਆਂ ਗੱਲਾਂ ਵਾਪਰਦੀਆਂ ਸਨ ਤਾਂ ਉਹ ਗੁੱਸੇ ਵਿਚ ਉੱਠ ਕੇ ਬਾਹਰ ਚਲਾ ਜਾਂਦਾ ਸੀ। ਉਹ ਆਖਦਾ, "ਆਓ ਬਾਹਰ ਚੱਲੀਏ, ਤੇ ਇਸਨੂੰ ਭੁੱਲਣ ਲਈ ਕੁਝ ਪੀਵੀਏ।"

ਜਿੱਥੋਂ ਤਾਈਂ 'ਬੁੱਢਾ ਆਦਮੀ ਤੇ ਸਮੁੰਦਰ' ਦੀ ਗੱਲ ਹੈ, ਬੰਦਾ ਨਹੀਂ ਕਹਿ ਸਕਦਾ ਕਿ ਮਿਸਟਰ ਟਰੇਸੀ, ਕਿਸੇ ਭੁੱਖੇ ਕਿਊਬੀਆਈ ਮਛੇਰੇ ਵਰਗਾ ਲੱਗਦਾ ਹੈ। ਮਿਸਟਰ ਟਰੇਸੀ ਨੇ ਕੁਝ ਪਤਲਾ ਹੋਣ ਦਾ ਇਕਰਾਰ ਕੀਤਾ ਸੀ, ਪਰ ਉਹ ਨਹੀਂ ਹੋਇਆ..... ਤੇ ਫਿਲਮ ਖ਼ੁਦ.... ਅਰਨੈਸਟ ਨੇ, ਮਾਹੀਗੀਰੀ ਦੇ ਕੁਝ ਹਿੱਸਿਆਂ ਬਾਰੇ ਵੀਰ ਟੈਲ ਨੂੰ ਕੁਝ ਸੁਝਾਅ ਦਿੱਤੇ ਸੀ, ਵੀਰ ਟੈੱਲ ਜਿਸਨੇ ਇਸਦਾ ਖਰੜਾ ਲਿਖਿਆ ਸੀ, ਉਹ ਮੱਛੀਆਂ ਫੜਨ ਦੇ ਕਿੱਤੇ ਬਾਰੇ ਕੱਖ ਨਹੀਂ ਜਾਣਦਾ ਸੀ। ਮੇਰਾ ਮਤਲਬ ਹੈ, ਕਿ ਉਸਨੇ ਸਲਾਹ ਹੀ ਦਿੱਤੀ ਸੀ, ਸਕਰਿਪਟ ਲਿਖੀ ਨਹੀਂ ਸੀ। ਅਰਨੈਸਟ ਕਦੇ ਵੀ ਫਿਲਮ ਵਿਚ ਕੰਮ ਕਰਨ ਲਈ ਸਹਿਮਤ ਨਹੀਂ ਹੋਇਆ। ਉਹ ਪੁਸਤਕਾਂ ਲਿਖਣੀਆਂ ਪਸੰਦ ਕਰਦਾ ਸੀ, ਸਿਰਫ਼ ਪੁਸਤਕਾਂ ਹੀ। ਉਹ ਅਕਸਰ ਹੀ ਸਾਈਰਲ ਕੋਨਾਲੀ ਦੇ ਪੈਰੇ ਦਾ ਹਵਾਲਾ ਦਿੰਦਾ ਹੁੰਦਾ ਸੀ।

"ਪੱਤਰਕਾਰੀ, ਬਰਾਡ ਕਾਸਟਿੰਗ, ਪਰਾਪੇਗੰਡਾ ਤੇ ਫਿਲਮਾਂ ਲਈ ਲਿਖਣਾ, ਭਾਵੇਂ ਕਿੰਨਾ ਵੀ ਠਾਠ ਵਾਲਾ ਕੰਮ ਹੋਵੇ, ਇਹਨਾਂ ਵਿਚੋਂ ਨਿਰਾਸ਼ਤਾ ਹੀ ਪੱਲੇ ਪੈਂਦੀ ਹੈ। ਆਪਣਾ ਸਭ ਤੋਂ ਵਧੀਆ ਸਮਾਂ ਇਹਨਾਂ ਰੂਪਾਂ ਵਿਚ ਲਾ ਦੇਣਾ ਇੱਕ ਹੋਰ ਬੇਵਕੂਫ਼ੀ ਹੈ। ਕਿਉਂਕਿ ਇੰਝ ਕਰਕੇ ਅਸੀਂ ਆਪਣੇ ਚੰਗੇ ਖ਼ਿਆਲਾਂ ਨੂੰ ਨਿੰਦਦੇ ਹਾਂ ਤੇ ਨਾਲ ਹੀ ਬੁਰਿਆਂ ਨੂੰ ਵੀ ਗੁੰਮਨਾਮੀ ਵੱਲ ਧੱਕ ਦਿੰਦੇ ਹਾਂ। ਇਹ ਕੰਮ ਚਿਰ ਸਦੀਵੀਂ ਨਹੀਂ ਹੁੰਦੇ, ਇਸ ਲਈ ਇਹ ਕਦੇ ਵੀ ਵਿੱਢਣੇ ਨਹੀਂ ਚਾਹੀਦੇ।..."

? : ਫਿਰ ਵੀ ਉਹ ਪੱਤਰਕਾਰ ਵੀ ਰਹੇ ਸਨ ਤੇ ਤੁਸੀਂ ਵੀ। ਕੀ ਤੁਸੀਂ ਦੋਵੇਂ ਰਸਾਲਿਆਂ ਲਈ ਨਹੀਂ ਸੀ ਲਿਖਦੇ ਹੁੰਦੇ, ਜਦੋਂ ਤੁਸੀਂ ਪਹਿਲੀ ਵਾਰ ਮਿਲੇ ਸੀ?

– : ਹਾਂ 1944 ਵਿਚ ਲੰਡਨ ਵਿਚ ਮੈਂ ' ਟਾਈਮ' ਤੇ 'ਲਾਈਫ ਫਾਰਚੂਨ ਗਰੁੱਪ' ਲਈ ਕੰਮ ਕਰ ਰਹੀ ਸੀ। ਅਰਨੈਸਟ 'ਕੋਲੀਅਰਜ਼' ਵਿਚ ਕੰਮ ਕਰ ਰਿਹਾ ਸੀ। ਅਸੀਂ ਦੋਵੇਂ ਜੰਗ ਦੇ ਪੱਤਰਕਾਰ ਸੀ। ਕਾਰਮੈਂਡੀ ਵਿਚ ਉਤਾਰੇ ਸਮੇਂ ਮਿੱਤਰਾਂ ਨੇ ਸਾਨੂੰ ਇੱਕ ਰੈਸਟੋਰੈਂਟ ਵਿਚ ਮਿਲਾਇਆ ਸੀ। ਮੈਂ ਉਸਨੂੰ ਤੁਰੰਤ ਪਸੰਦ ਕਰ ਲਿਆ, ਕਿਉਂਕਿ ਮੈਨੂੰ ਉਹ ਦਿਲਚਸਪ ਲੱਗਾ ਸੀ। ਐਪਰ ਮੈਂ ਸੱਚੀ ਤਰ੍ਹਾਂ ਨਹੀਂ ਕਹਿ ਸਕਦੀ ਕਿ ਇਹ ਮੇਰੇ ਲਈ ਪਹਿਲੀ ਤੱਕਣੀ ਵਾਲਾ ਪਿਆਰ ਸੀ। ਪਰ ਅਰਨੈਸਟ ਲਈ ਇੰਝ ਨਹੀਂ ਸੀ। ਸੱਤਾਂ ਦਿਨਾਂ ਬਾਅਦ ਉਸਨੇ ਸਭ ਦੇ ਸਾਹਮਣੇ ਮੈਨੂੰ ਵਿਆਹ ਲਈ ਕਹਿ ਦਿੱਤਾ, "ਮੈਂ ਚਾਹੁੰਦਾ ਹਾਂ ਕਿ ਤੂੰ ਮੇਰੇ ਨਾਲ ਸ਼ਾਦੀ ਕਰ ਲਵੇਂ। ਸੋ ਮੈਂ ਆਪਣਾ-ਆਪ ਸ਼ਾਦੀ ਲਈ ਪੇਸ਼ ਕਰ ਰਿਹਾ ਹਾਂ।" ਮੈਂ ਉੱਤਰ ਦਿੱਤਾ, "ਬੇਵਕੂਫ ਨਾ ਬਣੋ" ਅਸੀਂ ਇੱਕ ਦੂਜੇ ਨੂੰ ਬਿਲਕੁਲ ਨਹੀਂ ਸੀ ਜਾਣਦੇ। ਮੈਨੂੰ ਤੇ ਹੈਰਾਨੀ ਹੁੰਦੀ ਸੀ ਕਿ ਕੀ ਉਹ ਮਖੌਲ ਤੇ ਨਹੀਂ ਸੀ ਕਰ ਰਿਹਾ। ਨਹੀਂ ਉਹ ਨਹੀਂ ਸੀ ਕਰ ਰਿਹਾ। ਉਹ ਐਨਾ ਮਨੋਵੇਗੀ ਸੀ। ਉਸਨੂੰ ਪਤਾ ਸੀ ਕਿ ਮੈਂ ਵਿਆਹੀ ਹੋਈ ਸੀ ਤੇ ਉਹ ਵੀ ਵਿਆਹਿਆ ਹੋਇਆ ਸੀ। ਅਸਾਂ ਦੋਹਾਂ ਨੇ ਤਲਾਕ ਲੈ ਲਿਆ ਤੇ 18 ਮਹੀਨਿਆਂ ਬਾਅਦ ਵਿਆਹ ਕਰਵਾ



ਲਿਆ। ਐਪਰ ਇਹਨਾਂ ਅਠਾਰਾਂ ਮਹੀਨਿਆਂ ਵਿਚ ਅਸੀਂ ਇਕੱਠੇ ਹੀ ਰਹੇ ਸੀ। ਪਹਿਲਾਂ ਲੰਡਨ ਤੇ ਫਿਰ ਪੈਰਿਸ ਵਿਚ। ਅਰਨੈਸਟ ਪਹਿਲਾਂ ਉੱਥੇ ਚਲਾ ਗਿਆ ਸੀ। ਉਹ 'ਅਲਾਈਜ਼' ਦੇ ਨਾਲ ਹੀ ਪੈਰਿਸ ਵਿਚ ਦਾਖਲ ਹੋਇਆ ਸੀ। ਮੈਂ ਕੁਝ ਦਿਨਾਂ ਬਾਅਦ ਉਸ ਨਾਲ ਜਾ ਮਿਲੀ ਤੇ ਫਰਾਂਸ ਦੀ ਰਾਜਨੀਤੀ ਬਾਰੇ ਲਿਖਣ ਲਈ ਉੱਥੇ ਹੀ ਟਿਕ ਗਈ।

? : ਮਿੱਸ ਮੇਰੀ, ਮੈਂ ਹਮੇਸ਼ਾਂ ਹੀ ਇਸ ਗੱਲ ਪ੍ਰਤੀ ਹੈਰਾਨ ਹੋਈ ਹਾਂ ਕਿ ਇੱਕ ਪੱਤਰਕਾਰ ਤੇ ਇੱਕ ਔਰਤ, ਜੋ ਲਿਖਦੀ ਵੀ ਹੈ, ਇੱਕ ਮਹਾਨ ਲੇਖਕ ਨਾਲ ਸ਼ਾਦੀ ਕਰਦੀ ਹੈ। ਇਹ ਇੱਕ ਬੜੀ ਭਿਆਨਕ ਮਾਨਸਿਕ ਗੁੰਝਲ ਹੈ, ਜੋ ਵਿਕਸਿਤ ਹੋ ਸਕਦੀ ਹੈ। ਇਸ ਵਿਚ ਕੋਈ ਹੈਰਾਨੀ ਨਹੀਂ ਕਿ ਤੂੰ ਜਦੋਂ ਸ਼ਾਦੀ ਕੀਤੀ, ਤਾਂ ਆਪਣਾ ਪੇਸ਼ਾ ਤਿਆਗ ਦਿੱਤਾ।

– : ਆਓ ਆਖੀਏ, ਕਿ ਮੈਂ ਆਪਣਾ ਪੇਸ਼ਾ ਬਦਲ ਲਿਆ। ਅਰਨੈਸਟ ਦੀ ਪਤਨੀ ਹੋਣਾ, ਚੌਵੀ ਘੰਟੇ ਦਾ ਕੰਮ ਸੀ। ਨਿਰਸੰਦੇਹ, ਮੈਂ ਉਸ ਨਾਲ ਵਿਆਹ ਕਰਨ ਤੋਂ ਪਹਿਲਾਂ ਝਿਜਕਦੀ ਸੀ। ਮੈਂ ਆਪਣੇ ਪੇਸ਼ੇ ਨੂੰ ਪਿਆਰ ਕਰਦੀ ਸੀ। ਪਰ ਜਦੋਂ ਮੈਂ ਇੱਕ ਵਾਰ ਫੈਸਲਾ ਕਰ ਲਿਆ, ਫਿਰ ਮੈਨੂੰ ਕੋਈ ਅਫ਼ਸੋਸ ਨਹੀਂ ਸੀ। ਭਾਵੇਂ ਕਿ ਮੇਰੀ ਨਵੀਂ ਜ਼ਿੰਦਗੀ ਵੱਖਰੀ ਤਰ੍ਹਾਂ ਦੀ ਸੀ ਤੇ ਮੇਰੀ ਲੰਘ ਰਹੀ ਹੰਗਾਮੇ ਭਰੀ ਜ਼ਿੰਦਗੀ ਦੇ ਟਾਕਰੇ ਉੱਤੇ ਬੜੀ ਸ਼ਾਂਤ ਸੀ।

ਕਿਊਬਾ ਵਿਚ, ਤੁਸੀਂ ਜਾਣਦੇ ਹੋ, ਅਸੀਂ ਬੜਾ ਸਾਦਗੀ ਵਾਲਾ ਜੀਵਨ ਬਤੀਤ ਕਰ ਰਹੇ ਸੀ। ਬੜੇ ਘੱਟ ਰਾਤ ਦੇ ਖਾਣੇ, ਬੜੀਆਂ ਘੱਟ ਪਾਰਟੀਆਂ, ਤੇ ਕਦੇ-ਕਦੇ ਲੰਮਾ ਸਫ਼ਰ। ਅਫਰੀਕਾ, ਇਟਲੀ, ਸਪੇਨ, ਪੀਰੂ। ਨਹੀਂ, ਜਿਸ ਮਾਨਸਿਕ ਗੁੰਝਲ ਦਾ ਤੂੰ ਜ਼ਿਕਰ ਕਰਦੀ ਹੈ, ਉਹ ਮੈਨੂੰ ਪੇਸ਼ ਨਹੀਂ ਆਈ। ਕਦੇ-ਕਦੇ ਇੱਕ ਅੱਧੀ ਵਾਰੀ ਹਾਲੇਂ ਵੀ ਮੈਂ ਪੱਤਰਕਾਵਾਂ ਲਈ ਲਿਖਦੀ ਹੁੰਦੀ ਸੀ। ਇਸ ਨਾਲ ਮੈਂ ਘਰ-ਸੰਭਾਲ ਦੇ ਨਿਤਾ-ਪ੍ਰਤੀ ਕੰਮ ਤੋਂ ਬਚ ਜਾਂਦੀ ਸੀ। ਅਰਨੈਸਟ ਇਸਨੂੰ ਪ੍ਰਵਾਨ ਕਰਦਾ ਸੀ ਤੇ ਮੇਰੀ ਲਿਖਤ ਨੂੰ ਪਸੰਦ ਕਰਦਾ ਸੀ। ਫਿਰ ਵੀ ਉਹ ਐਸੀ ਪਤਨੀ ਪਸੰਦ ਕਰਦਾ ਸੀ, ਜੋ ਹੋਰ ਕੁਝ ਹੋਣ ਤੋਂ ਪਹਿਲਾਂ ਪਤਨੀ ਹੋਵੇ, ਪਰ ਮੈਂ ਉਸੇ ਤਰ੍ਹਾਂ ਦੀ ਹੀ ਪਤਨੀ ਸੀ, ਜੋ ਅਮਰੀਕਾ ਵਿਚ ਬਹੁਤ ਦੁਰਲੱਭ ਹੈ। ਤੁਹਾਨੂੰ ਪਤਾ ਹੈ, ਇਥੇ ਪਤਨੀਆਂ ਆਪਣੇ ਪਤੀਆਂ ਨਾਲ ਘੱਟ ਹੀ ਸਾਊ ਹੁੰਦੀਆਂ ਹਨ, ਬੜੀਆਂ ਘੱਟ ਸ਼ਰਧਾ ਵਾਲੀਆਂ। ਬਰਾਬਰੀ ਬਾਰੇ ਉਹਨਾਂ ਦੇ ਬੇਵਕੂਫੀ ਭਰੇ ਭਾਸ਼ਣ। ਬਰਾਬਰੀ। ਇਸਦਾ ਅਰਥ ਕੀ ਹੈ? ਇਸ ਬਰਾਬਰੀ ਦਾ ਲਾਭ ਕੀ? ਮੈਂ ਪਹਿਲਾਂ ਵੀ ਆਖਿਆ ਹੈ, ਤੇ ਮੈਂ ਹਮੇਸ਼ਾਂ ਹੀ ਦੁਹਰਾਵਾਂਗੀ ਕਿ ਔਰਤਾਂ ਦੂਜੇ ਦਰਜੇ ਦੀਆਂ ਨਾਗਰਿਕ ਹਨ ਤੇ ਇਹ ਗੱਲ ਸਿਰਫ਼ ਜੀਵ-ਵਿਗਿਆਨਕ ਤੌਰ ਤੇ ਹੀ ਠੀਕ ਨਹੀਂ। ਇੱਕ ਔਰਤ ਦਾ ਪਹਿਲਾ ਫਰਜ਼ ਬੱਚਿਆਂ ਨੂੰ ਜਨਮ ਦੇਣਾ ਤੇ ਉਹਨਾਂ ਨੂੰ ਪਾਲਣਾ ਹੈ। ਕੁਝ ਤਾਜ਼ਾ ਪਾਣੀ ਵਿਚਲੀਆਂ

ਮੱਛੀਆਂ ਨੂੰ ਛੱਡ ਕੇ, ਬਾਕੀ ਸਾਰੇ ਹੀ ਜੀਵ ਇਸ ਬੁਨਿਆਦੀ ਅਸੂਲ ਦੀ ਪਾਲਣਾ ਕਰਦੇ ਹਨ। ਆਮ ਕਰਕੇ ਮੈਂ ਔਰਤਾਂ ਨੂੰ ਪਸੰਦ ਨਹੀਂ ਕਰਦੀ। ਮੈਂ ਇਹ ਗੱਲ ਪ੍ਰਵਾਨ ਕਰਦੀ ਹਾਂ। ਮੇਰਾ ਜੀਅ ਕਰਦਾ ਹੈ ਕਿ ਉਹਨਾਂ ਨੂੰ ਦਬਕੇ ਮਾਰਾਂ, "ਜਾਓ ਤੇ ਕੁਝ ਕਰੋ। ਬਰਾਬਰੀ ਬਾਰੇ ਬਾਰ-ਬਾਰ ਗੱਲਾਂ ਕਰਨ ਨਾਲੋਂ ਕਿਸੇ ਖੇਤਰ ਵਿਚ ਸਫਲਤਾ ਪ੍ਰਾਪਤ ਕਰੋ।" ਬਰਾਬਰੀ! ਮੈਂ ਅਰਨੈਸਟ ਦੇ ਬਰਾਬਰ ਨਹੀਂ ਸੀ ਹੋਣਾ ਚਾਹੁੰਦੀ। ਮੈਂ ਚਾਹੁੰਦੀ ਸੀ, ਉਹ ਮੇਰਾ ਮਾਲਕ ਹੋਵੇ। ਮੇਰੇ ਨਾਲੋਂ ਵਧੇਰੇ ਤਕੜਾ, ਮੇਰੇ ਨਾਲੋਂ ਵਧੇਰੇ ਚਲਾਕ। ਮੈਂ ਸਦਾ ਹੀ ਚੇਤੇ ਰੱਖਦੀ ਸੀ ਕਿ ਉਹ ਕਿੰਨਾ ਵੱਡਾ ਸੀ ਤੇ ਮੈਂ ਕਿੰਨੀ ਛੋਟੀ ਸੀ।

ਮੈਂ ਜਾਣਦੀ ਹਾਂ ਕਿ ਮੈਂ ਬਹੁਤੀ ਜਨਾਨੜਾ ਨਹੀਂ ਲੱਗਦੀ। ਕੋਈ ਹਾਰ-ਸ਼ਿੰਗਾਰ ਨਹੀਂ, ਸਦਾ ਹੀ ਪਜਾਮੀਂ ਪਾਈ। .... ਪਰ ਮੈਂ ਇਸਤਰੀ ਲਿੰਗ ਹਾਂ ਤੇ ਉਹ ਇਹ ਗੱਲ ਜਾਣਦਾ ਸੀ। ਮੈਂ ਸਦਾ ਹੀ ਸਲੈਕਸ ਦੀ ਆਦੀ ਹੋ ਗਈ ਸੀ, ਕਿਉਂਕਿ ਉਸਨੂੰ ਇਹ ਚੰਗੀਆਂ ਲੱਗਦੀਆਂ ਸੀ। ਸਹੀ ਗੱਲ ਤਾਂ ਇਹ ਸੀ ਕਿ ਉਸਨੂੰ ਨਿੱਕਰਾਂ ਪਸੰਦ ਸਨ "ਨਿੱਕਰਾਂ ਤੇ ਕਮੀਜ਼ਾਂ" ਉਹ ਆਖਦਾ ਹੁੰਦਾ ਸੀ, "ਮੈਨੂੰ ਇਸ ਤਰ੍ਹਾਂ ਪਸੰਦ ਹੈ" ਤੇ ਮੈਂ ਪ੍ਰਵਾਨ ਕਰਦੀ ਸੀ।

? : ਮਿੱਸ ਮੇਰੀ, ਉਸ ਬਾਰੇ ਕੁਝ ਦੱਸੋ? ਉਹ ਔਰਤਾਂ ਵੱਲ ਕਿਵੇਂ ਤੱਕਦਾ ਸੀ? ਉਹ ਉਹਨਾਂ ਨੂੰ ਕਿਸ ਤਰ੍ਹਾਂ ਪਸੰਦ ਕਰਦਾ ਸੀ? ਉਹ ਉਹਨਾਂ ਨਾਲ ਕਿਸ ਤਰ੍ਹਾਂ ਵਿਹਾਰ ਕਰਦਾ ਸੀ?

\- : ਅਰਨੈਸਟ ਅਸਲੀ ਮਰਦ ਸੀ ਤੇ ਔਰਤਾਂ ਵਿਚੋਂ ਸਭ ਤੋਂ ਪਹਿਲਾਂ ਉਹ ਸੁੰਦਰ ਚਿਹਰਾ ਤੱਕਦਾ ਸੀ। ਸੁਹਣੀਆਂ ਲੱਤਾਂ, ਗੋਲ ਛਾਤੀਆਂ। ਮੇਰਾ ਅਰਥ ਹੈ, ਉਹ ਚੀਜ਼ਾਂ ਜੋ ਉਸਨੂੰ ਖੁਸ਼ੀ ਦੇ ਸਕਦੀਆਂ ਸਨ। ਮੇਰਾ ਨਹੀਂ ਯਕੀਨ ਕਿ ਅਰਨੈਸਟ ਔਰਤ ਦੀ ਬਰਾਬਰੀ ਬਾਰੇ ਤੇ ਉਹ ਔਰਤਾਂ ਜੋ ਔਰਤ ਦੀ ਬਰਾਬਰੀ ਦੀ ਗੱਲ ਕਰਦੀਆਂ ਸਨ, ਇੱਕ ਮਿੰਟ ਵੀ ਧਿਆਨ ਦਿੰਦਾ ਸੀ।

ਫਿਰ ਵੀ ਉਸਨੂੰ ਪ੍ਰਸੰਨ ਕਰਨਾ ਸੌਖਾ ਨਹੀਂ ਸੀ। ਉਸ ਲਈ ਸਰੀਰਕ ਸੁੰਦਰਤਾ ਕਾਫੀ ਨਹੀਂ ਸੀ। ਜਦ ਉਹਨੂੰ ਪੁੱਛੀਦਾ ਸੀ ਕਿ ਉਹ ਔਰਤਾਂ ਵਿਚ ਕੀ ਪਸੰਦ ਕਰਦਾ ਸੀ ਤਾਂ ਉਹ ਦੱਸਦਾ ਸੀ ਕਿ ਔਰਤ ਦੀ ਸ਼ਖ਼ਸੀਅਤ, ਤਾਕਤ, ਹੌਸਲਾ, ਆਮ ਸੂਝ, ਹਾਜ਼ਰ-ਜਵਾਬੀ, ਅਕਲ ਤੇ ਵਾਰਤਾਲਾਪ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ। ਦੂਸਰੇ ਸ਼ਬਦਾਂ ਵਿਚ ਉਹ ਸੁੰਦਰ ਔਰਤਾਂ ਨੂੰ ਚੰਗਾ ਜਾਣਦਾ ਸੀ, ਪਰ ਉਹ ਦੇਰ ਤੀਕ ਉਸ ਵਿਚ ਦਿਲਚਸਪੀ ਨਹੀਂ ਸੀ ਲੈਂਦਾ, ਜੇ ਉਹ ਬਿਨਾਂ ਦਿਮਾਗ ਤੋਂ ਹੋਣ, ਤੇ ਉਹ ਗੱਲ ਨਾ ਸਮਝ ਸਕਣ, ਜੋ ਉਹ ਆਖਦਾ ਸੀ। ਪੈਰਿਸ ਵਿਚ ਮੈਨੂੰ ਚੇਤੇ ਹੈ ਕਿ ਇੱਕ ਦਿਨ ਇੱਕ ਅਸਾਧਾਰਨ ਸੁੰਦਰ ਲੜਕੀ ਆਈ। ਆਰਨੈਸਟ ਨੇ ਉਸਨੂੰ ਲੰਚ ਲਈ ਬੁਲਾਇਆ ਸੀ ਤੇ ਉਹ ਬੜੀ ਉਤੇਜਨਾ ਵਿਚ ਸੀ। ਇਸ ਲਈ ਮੈਂ ਉਸਨੂੰ ਆਖਿਆ,



ਤੂੰ ਉਸ ਨਾਲ ਇਕੱਲਾ ਕਿਉਂ ਨਹੀਂ ਜਾਂਦਾ? ਤੂੰ ਵਧੇਰੇ ਚੰਗੀ ਤਰ੍ਹਾਂ ਆਨੰਦ ਮਾਣ ਸਕੇਂਗਾ। ਉਹ ਇਕੱਲਾ ਹੀ ਚਲਾ ਗਿਆ ਤੇ ਦੁਪਹਿਰ ਦੇ ਖਾਣੇ ਤੋਂ ਬਾਅਦ ਵਾਪਸ ਆਇਆ। ਉਹ ਇੱਕ ਚਿੱਠੀ ਲਿਖ ਰਿਹਾ ਸੀ? ਮੈਂ ਤੌਕਿਆ ਤੇ ਮਿਣ-ਮਿਣ ਕੀਤੀ, "ਪਾਪਾ, ਮੈਨੂੰ ਆਸ ਹੈ ਤੂੰ ਵਧੀਆ ਸਮਾਂ ਗੁਜਾਰਿਆ ਹੋਵੇਗਾ" ਉਸਦਾ ਉੱਤਰ ਸੀ, "ਅਜਿਹੀ ਬੁੱਧੂ ਕੁੜੀ ਨਾਲ ਬੰਦਾ ਸਵਾਹ ਆਨੰਦ ਮਾਣ ਸਕਦਾ ਹੈ?"

? : ਕੀ ਤੂੰ ਈਰਖਾਲੂ ਸੀ, ਮਿੱਸ ਮੇਰੀ?

\- : ਬਹੁਤ ਘੱਟ। ਅਜਿਹੇ ਬੰਦੇ ਨਾਲ ਈਰਖਾ ਕਰਨ ਦਾ ਕੀ ਲਾਭ? ਪ੍ਰਤਿਭਾਸ਼ੀਲ ਅਤੇ ਪ੍ਰਸਿੱਧ ਹੋਣ ਦੇ ਨਾਲ-ਨਾਲ ਉਹ ਬੜਾ ਦਿਲ ਖਿੱਚਵਾਂ ਤੇ ਏਨਾ ਸੁੰਦਰ ਸੀ। ਅਰਨੈਸਟ ਨਾਲ ਵੱਧ ਤੋਂ ਵੱਧ, ਤੁਸੀਂ ਆਪਣੇ ਆਪ ਨੂੰ ਕਹਿ ਸਕਦੇ ਸੀ, "ਮੇਰੀ ਇੱਛਾ ਹੈ ਅਸੀਂ ਐਨੇ ਖੁਸ਼ ਨਾ ਹੋਈਏ, ਏਨੇ ਉਤੇਜਕ, ਜਦ ਉਹ ਕਿਸੇ ਲੜਕੀ ਵੱਲ ਵੇਖਦਾ ਹੈ।" ਆਦਮੀਆਂ ਨਾਲ ਈਰਖਾ ਸਮਾਂ ਗੰਵਾਉਣ ਵਾਲੀ ਗੱਲ ਹੈ। ਜੇ ਕੋਈ ਆਦਮੀ ਆਜ਼ਾਦ ਅਨੁਭਵ ਨਹੀਂ ਕਰਦਾ, ਤਾਂ ਉਹ ਆਜ਼ਾਦ ਹੋਣ ਲਈ ਕੋਸ਼ਿਸ਼ ਕਰੇਗਾ। ਤੁਸੀਂ ਵੇਖੋ, ਅਰਨੈਸਟ ਨਹੀਂ ਜਾਣਦਾ ਸੀ ਕਿ ਈਰਖਾ ਕੀ ਹੁੰਦੀ ਹੈ। ਉਹ ਇਸ ਗੱਲ ਨੂੰ ਆਪਣੀ ਵਡਿਆਈ ਸਮਝਦਾ ਸੀ ਕਿ ਲੋਕ ਉਸਦੀ ਪਤਨੀ ਵੱਲ ਵੇਖਣ ਤੇ ਉਸਦੀ ਪ੍ਰਸ਼ੰਸਾ ਕਰਨ। ਸੰਭਵ ਹੈ ਕਿ ਇਸਦਾ ਕਾਰਨ ਇਹ ਹੋਵੇ ਕਿ ਉਸਨੂੰ ਮੇਰੇ ਤੋਂ ਕੋਈ ਖਦਸ਼ਾ ਨਹੀਂ ਸੀ। ਮੈਂ ਉਸ ਪ੍ਰਤੀ ਐਨੀ ਸ਼ਰਧਾ ਰੱਖਦੀ ਸੀ ਤੇ ਮੈਂ ਹੋਰ ਕਿਵੇਂ ਕਰ ਸਕਦੀ ਸੀ? ਮੇਰੇ ਕੋਲ, ਹਰ ਅਰਥਾਂ ਵਿਚ ਹਰ ਚੀਜ਼ ਸੀ। ਉਹ ਚੰਗਾ ਪਤੀ ਸੀ, ਚੰਗਾ ਮਨੁੱਖ, ਹੈਮਿੰਗਵੇ ਵਰਗਾ ਬੰਦਾ। ਨਿਰਸੰਦੇਹ ਅਸੀਂ ਝਗੜ ਵੀ ਪੈਂਦੇ ਸੀ। ਅਸੀਂ ਕਿਸੇ ਨਿਗੂਣੀ ਤੇ ਛੋਟੀ ਗੱਲ ਤੇ ਬਹਿਸ ਸ਼ੁਰੂ ਕਰਦੇ ਸੀ ਤੇ ਇਸਦਾ ਅੰਤ ਉੱਚੀ ਬੋਲ ਕੇ ਤੇ ਕੁੜ੍ਹਦਿਆਂ ਕਰਦੇ ਸੀ। ਪਰ ਇਹ ਗੱਲ ਅੱਧੇ ਘੰਟੇ ਤੋਂ ਵੱਧ ਨਹੀਂ ਸੀ ਚੱਲਦੀ। ਕਦੇ ਵੀ ਨਹੀਂ, ਉਸ ਅੱਧੇ ਘੰਟੇ ਦੌਰਾਨ ਉਹ ਮੈਨੂੰ ਮਿਸ ਮੇਰੀ ਕਰਕੇ ਨਹੀਂ, ਨਿਰਾ ਮੇਰੀ ਆਖ ਕੇ ਬੁਲਾ ਲੈਂਦਾ ਸੀ ਤੇ ਮੈਂ ਉਸਨੂੰ ਪਾਪਾ ਕਹਿਣ ਦੀ ਥਾਂ ਅਰਨੈਸਟ ਆਖ ਕੇ ਬੁਲਾ ਲੈਂਦੀ ਸੀ। ਇਸ ਤੋਂ ਵੱਧ ਨਹੀਂ। ਮੈਂ ਉਸਨੂੰ ਪਾਪਾ ਕਹਿ ਕੇ ਬੁਲਾਉਂਦੀ ਸੀ। ਜੇ ਕੋਈ ਹੋਰ ਜਣਾ ਉਸਨੂੰ ਅਰਨੈਸਟ ਆਖ ਕੇ ਬੁਲਾਉਂਦਾ ਸੀ ਤਾਂ ਉਹ ਇਸ ਗੱਲ ਨੂੰ ਘ੍ਰਿਣਾ ਕਰਦਾ ਸੀ। ਉਹ ਇਸਨੂੰ ਬੁਰਜ਼ੂਆ ਨਾ ਸਮਝਦਾ ਸੀ, ਬੇਵਕੂਫਾਂ ਵਾਲਾ, ਪ੍ਰਗਟਾਹੀਣ, ਤੇ ਕਲਪਨਾ-ਹੀਣ। ਮੈਨੂੰ ਨਹੀਂ ਪਤਾ ਕਿ ਤੁਸੀਂ ਮੇਰੀ ਗੱਲ ਸਮਝ ਰਹੇ ਹੋ ਜਾਂ ਨਹੀਂ। ਅਰਨੈਸਟ ਅੰਗਰੇਜ਼ੀ ਵਿਚ ਸੁਹਿਰਦ ਵਾਂਗ ਉਚਾਰਿਆ ਜਾਂਦਾ ਹੈ। ਜਿਸਦਾ ਅਰਥ ਹੈ, ਸੱਚਾ, ਸੰਜੀਦਾ, ਅਡੋਲ, ਚੇਤੰਨ, ਜੋਸ਼ੀਲਾ। ਜਿਹਨਾਂ ਲੋਕਾਂ ਨੂੰ ਚਾਹੀਦਾ ਸੀ, ਉਹਨਾਂ ਦੇ ਨਾਂ ਨਾਲ ਉਹ ਵਿਸ਼ੇਸ਼ਣ ਨਹੀਂ ਸੀ ਲਾਉਂਦਾ। ਸੰਜੀਦਾ ਆਦਮੀ, ਏਨਾ ਹਠ-ਧਰਮੀ। ਬਟਨਦਾਰ, ਮਿੱਠ-ਬੋਲੜਾ ਹੁੰਦਾ ਹੈ। ਤੁਸੀਂ ਉਸਨੂੰ ਪਵਿੱਤਰ ਸਮਝਦੇ ਹੋ, ਕਦੇ ਵੀ ਬਦਨਾਮ ਨਹੀਂ ਕਰਦੇ। ਹੁਣ ਕਿਉਂਕਿ ਉਸਦੀ ਮੌਤ

ਹੋ ਚੁੱਕੀ ਹੈ, ਮੈਂ ਉਸਨੂੰ ਅਰਨੈਸਟ ਹੀ ਆਖਾਂਗੀ। ਮੈਂ ਉਸਨੂੰ 'ਪਾਪਾ' ਨਹੀਂ ਆਖ ਸਕਦੀ।

? : ਇਹਨਾਂ ਝਗੜਿਆਂ ਤੋਂ ਬਿਨਾਂ, ਕਿਊਬਾ ਵਿਚ ਤੁਹਾਡੀ ਜ਼ਿੰਦਗੀ ਕੈਸੀ ਸੀ? ਮਿੱਸ ਮੇਰੀ, ਮੈਂ ਕਲਪਨਾ ਨਹੀਂ ਕਰ ਸਕਦੀ ਕਿ ਹੈਮਿੰਗਵੇ ਵਰਗਾ ਸ਼ਾਂਤ ਲੇਖਕ, ਮੱਛੀ ਫੜਨ ਜਾਵੇ ਤੇ ਮਿੱਥੇ ਸਮੇਂ ਤੇ ਲਿਖੇ।

– : ਇਸਦੇ ਉਲਟ, ਉਹ ਇਸੇ ਹੀ ਤਰ੍ਹਾਂ ਦਾ ਸੀ। ਸਤਾਰਾਂ ਸਾਲਾਂ ਵਿਚ, ਜੋ ਅਸੀਂ ਇਕੱਠੇ ਬਤੀਤ ਕੀਤੇ। ਜਦੋਂ ਉਹ ਲਿਖ ਨਹੀਂ ਸੀ ਰਿਹਾ ਹੁੰਦਾ, ਜਿਹੜੀ ਗੱਲ ਕਿ ਬਹੁਤ ਘੱਟ ਹੁੰਦੀ ਸੀ। ਉਹ ਮੱਛੀ ਫੜਨ ਚਲੇ ਜਾਂਦਾ ਸੀ ਜਾਂ ਫਿਰ ਤਲਾਅ ਵਿਚ ਨਹਾਉਣ। ਉਹ ਇੱਕ ਤਾਰੀ ਵਿਚ ਮੀਲ ਭਰ ਚਲੇ ਜਾਂਦਾ ਸੀ ਤੇ ਮੈਥੋਂ ਅੱਗੇ ਲੰਘ ਜਾਂਦਾ ਸੀ, ਕਿਉਂਕਿ ਮੈਂ ਸਿਰਫ਼ ਇੱਕ ਮੀਲ ਤਰ ਸਕਦੀ ਹੁੰਦੀ ਸੀ। ਤਰਨ ਪਿੱਛੋਂ ਅਸੀਂ ਦੁਪਹਿਰ ਦਾ ਖਾਣਾ ਖਾਂਦੇ ਸੀ। ਉਹ ਖਾਣੇ ਦਾ ਪਾਰਖੂ ਸੀ, ਪੇਟੂ ਨਹੀਂ। ਮੇਰਾ ਮਤਲਬ ਹੈ ਉਹ ਭੋਜਨ ਨੂੰ ਪਸੰਦ ਕਰਦਾ ਸੀ, ਪਰ ਉਹ ਬਹੁਤਾ ਨਹੀਂ ਸੀ ਖਾਂਦਾ। ਉਹ ਆਪਣੀ ਤਾਕਤ ਸ਼ਰਾਬ ਪੀਣ ਵਿਚੋਂ ਪ੍ਰਾਪਤ ਕਰਦਾ ਸੀ। ਦੁਪਹਿਰ ਦੇ ਖਾਣੇ ਸਮੇਂ ਹਮੇਸ਼ਾਂ ਹੀ ਅੰਗੂਰਾਂ ਦੀ ਸ਼ਰਾਬ (ਵਾਈਨ) ਦੀਆਂ ਦੋ ਬੋਤਲਾਂ ਹੁੰਦੀਆਂ ਸਨ। ਇੱਕ ਮੇਰੇ ਲਈ ਤੇ ਇੱਕ ਉਸ ਲਈ। ਲੰਚ ਪਿੱਛੋਂ ਉਹ ਪੜ੍ਹਨਾ ਪਸੰਦ ਕਰਦਾ ਸੀ। ਉਹ ਇੱਕੋਂ ਸਮੇਂ ਚਾਰ ਜਾਂ ਪੰਜ ਪੁਸਤਕਾਂ ਪੜ੍ਹਦਾ ਸੀ ਤੇ ਉਹ ਅੰਗਰੇਜ਼ੀ, ਸਪੇਨੀ, ਇਟਾਲੀਅਨ ਤੇ ਫਰੈਂਚ ਭਾਸ਼ਾ ਵਿਚ ਪੜ੍ਹਦਾ ਸੀ। ਮੈਨੂੰ ਨਹੀਂ ਪਤਾ ਕਿ ਤੁਸੀਂ ਮੇਰੀ ਗੱਲ ਸਮਝ ਰਹੇ ਜਾਂ ਨਹੀਂ। ਉਹ ਮੱਛੀ ਫੜਦੇ ਵੀ, ਇੱਕ ਜਾਂ ਦੋ ਸਫ਼ੇ ਪੜ੍ਹਦਾ ਹੁੰਦਾ ਸੀ। ਮਿਸਾਲ ਵਜੋਂ ਕਿਸੇ ਨਾਵਲ ਵਿਚੋਂ ਇੱਕ ਜਾਂ ਦੋ ਕਾਂਡ, ਫਿਰ ਕਿਸੇ ਇਤਿਹਾਸ ਦੀ ਕਿਤਾਬ ਦੇ ਦੋ ਕਾਂਡ, ਆਓ ਕਹੀਏ ਕਿ ਅਮਰੀਕਾ ਦੇ ਗ੍ਰਹਿ ਯੁੱਧ ਬਾਰੇ। ਉਹ ਸਨਸਨੀਖੇਜ਼ ਕਿਤਾਬਾਂ ਵੀ ਪੜ੍ਹਦਾ ਸੀ ਤੇ ਉਸਦਾ ਮਨਪਸੰਦ ਲੇਖਕ ਸੀ, ਜੋਰਜਜ਼ ਸਾਈਮੀਨਾਨ। ਉਹ ਸਦਾ ਹੀ ਕਹਿੰਦਾ ਸੀ, "ਇਹ ਆਦਮੀ ਸਹੀ ਅਰਥਾਂ ਵਿਚ ਲਿਖ ਸਕਦਾ ਹੈ। ਆਹ! ਉਹ ਅਜਿਹਾ ਪਾਠਕ ਸੀ। ਉਹ ਬੇੜੀ ਵਿਚ ਬੈਠਾ ਵੀ ਪੜ੍ਹ ਸਕਦਾ ਸੀ, ਜਦ ਅਸੀਂ ਮੱਛੀ ਫੜ ਰਹੇ ਹੁੰਦੇ ਸੀ ਤੇ ਜਦੋਂ ਅਸੀਂ ਅਫਰੀਕਾ ਵਿਚ ਬੰਦ ਗੱਡੀ ਵਿਚ ਜਾ ਰਹੇ ਹੁੰਦੇ ਸੀ, ਉਹ ਆਪਣੇ ਨਾਲ ਪੰਜਾਹ ਪੁਸਤਕਾਂ ਲੈ ਜਾਂਦਾ ਹੁੰਦਾ ਸੀ। ਅਮਲੀ ਤੌਰ ਤੇ ਉਹ ਕਦੇ ਵੀ ਪੜ੍ਹਨੋਂ ਰੁਕਦਾ ਨਹੀਂ ਸੀ ਹੁੰਦਾ। ਸਿਵਾਏ ਸ਼ਿਕਾਰ ਖੇਡਣ ਵੇਲੇ, ਗੋਲੀ ਚਲਾਉਣ ਸਮੇਂ। ਉਹ ਰਾਤ ਦੇ ਖਾਣੇ ਤੋਂ ਬਾਅਦ ਬਿਸਤਰੇ ਵਿਚ ਪੜ੍ਹਦਾ ਹੁੰਦਾ ਸੀ। ਉਹ ਬੜੀ ਛੇਤੀ ਸੌਂ ਜਾਂਦਾ ਹੁੰਦਾ ਸੀ। ਕਈ ਵੇਰ ਰਾਤ ਦੇ ਖਾਣੇ ਤੋਂ ਤੁਰੰਤ ਬਾਅਦ ਹੀ ਬਿਸਤਰ ਵਿਚ, ਮੇਰੇ ਜਾਣ ਬਾਅਦ, ਉਹ ਕਵਿਤਾ ਪੜ੍ਹਦਾ ਹੁੰਦਾ ਸੀ, ਉੱਚੀ-ਉੱਚੀ। ਮੈਂ ਵੀ ਉਸਨੂੰ ਪੜ੍ਹ ਕੇ ਸੁਣਾਉਂਦੀ ਹੁੰਦੀ ਸੀ ਜਾਂ ਉਹ ਮੈਨੂੰ। ਉਹ ਕਵਿਤਾ ਪਸੰਦ ਕਰਦਾ ਸੀ ਤੇ ਉਸਨੂੰ ਉੱਚੀ-ਉੱਚੀ ਪੜ੍ਹਦਾ ਸੀ। ਉਸਨੂੰ ਸੰਗੀਤ ਵੀ ਪਸੰਦ ਸੀ ਤੇ ਉਹ ਕਾਫੀ



ਸੁਣਦਾ ਸੀ। ਸਾਡੇ ਕੋਲ ਕਿਊਬਾ ਵਿਚ ਰਿਕਾਰਡਾਂ ਦੀ ਕਾਫੀ ਗਿਣਤੀ ਸੀ। ਬਾਚ, ਬੀਥੋਵਿਨ, ਡੀਬੂਸੀ ਤੇ ਜਾਜ਼ ਵੀ। ਉਹ ਨਿਊ ਆਰਲੀਅਨਜ਼ ਦੀ ਜਾਜ਼ ਸੰਗੀਤ ਪਸੰਦ ਕਰਦਾ ਸੀ ਤੇ ਫੈਟਸ ਵਾਲਰ ਵੀ। ਇਹ ਕਿੰਨਾ ਸ਼ਾਂਤ ਜੀਵਨ ਸੀ।

ਉਸ ਨੂੰ ਬਹੁਤ ਸਾਰੇ ਲੋਕ ਮਿਲਣ ਆਉਂਦੇ ਸਨ, ਕਈ ਵਾਰ ਇੱਕੋ ਸਮੇਂ ਢੇਰ ਸਾਰੇ ਲੋਕ। ਤਾਂ ਫਿਰ ਉਹ ਸ਼ਿਕਾਇਤ ਕਰਦਾ ਸੀ, ਕਿਉਂਕਿ ਇਸ ਨਾਲ ਉਸ ਦੇ ਕੰਮ ਵਿਚ ਵਿਘਨ ਪੈਂਦਾ ਸੀ। ਜਾਂ ਇਸ ਕਾਰਨ ਕਿ ਉਹ ਬੇਵਕੂਫ ਜਿਹੇ ਹੁੰਦੇ ਸਨ। ਬਹੁਤੀ ਵਾਰ ਉਹ ਉਹਨਾਂ ਨੂੰ ਮਿਲਕੇ ਖੁਸ਼ ਹੁੰਦਾ ਸੀ। ਉਹ ਮਿਲਣ-ਗਿਲਣ ਵਾਲਾ ਲੇਖਕ ਸੀ, ਇਸ ਭਾਂਤ ਦਾ ਜੋ ਕਿ ਲੋਕਾਂ ਵਿਚ ਘੁਲ-ਮਿਲ ਕੇ ਖੁਸ਼ ਹੁੰਦੇ ਹਨ ਤੇ ਹਰ ਵਾਰ ਉਹ ਸ਼ਰਾਬ ਲਈ ਉਹਨਾਂ ਨੂੰ ਲਾ-ਫਲੋਰੀਡੀਟਾ ਵਿਚ ਲੈ ਜਾਂਦਾ ਸੀ, ਜਿੱਥੇ ਉਹ ਖੂਬ ਹੱਸਦੇ ਹੁੰਦੇ ਸੀ। ਉਹ ਉਹਨਾਂ ਨੂੰ ਟੋਕਦਾ ਨਹੀਂ ਸੀ, ਜਦੋਂ ਉਹ ਇਹ ਪੁੱਛਦੇ ਹੁੰਦੇ ਸੀ, ਕਿ ਜਿਹੜੀਆਂ ਕਿਤਾਬਾਂ ਉਸਨੇ ਲਿਖੀਆਂ ਹਨ, ਉਹਨਾਂ ਵਿਚੋਂ ਉਹ ਸਭ ਤੋਂ ਵੱਧ ਕਿਹੜੀ ਪਸੰਦ ਸੀ, ਉਸਦਾ ਉੱਤਰ ਹੁੰਦਾ ਸੀ, ਰੀਮਾਰਕਿਓ ਦੀ "ਪੱਛਮੀ ਮੋਰਚੇ ਉੱਤੇ ਸ਼ਾਂਤੀ"।

? : ਤੇ ਮਿਕੋਯਾਨ ਦੇ ਆਗਮਨ ਬਾਰੇ? ਕੀ ਉਹ ਇੱਕੋਂ ਵਾਰ ਆਇਆ ਸੀ?

– : ਹਾਂ, ਉਹ ਫੀਦਲ ਕਾਸਤਰੋ ਕੋਲ ਆਉਂਦਾ ਹੁੰਦਾ ਸੀ ਤੇ ਉਸ ਨੇ ਪੁੱਛਿਆ ਸੀ ਕਿ ਕੀ ਉਹ ਮਿਲ ਸਕਦਾ ਹੈ। ਅਰਨੈਸਟ ਨੇ ਕਿਹਾ, ਹਾਂ ਅਵੱਸ਼ ਹੀ। ਇਸ ਲਈ ਉਹ ਆਇਆ ਤੇ ਉਹ ਅਸਲ ਵਿਚ ਅਰਨੈਸਟ ਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਰੂਸੀ ਸਟੇਟ ਬੈਂਕ ਵਿਚ ਉਸਦੇ ਕਾਪੀ-ਰਾਈਟ ਦੇ 150 ਹਜ਼ਾਰ ਡਾਲਰ ਦੇ ਬਰਾਬਰ ਰੂਬਲ ਜਮ੍ਹਾਂ ਹਨ। ਮਿਕੋਯਾਨ ਨੇ ਕਿਹਾ, "ਰੂਸੀ ਲੋਕ ਤੁਹਾਨੂੰ ਕਈ ਸਾਲਾਂ ਤੋਂ ਪੜ੍ਹਦੇ ਆ ਰਹੇ ਹਨ।" ਫਿਰ ਉਸ ਨੇ ਆਖਿਆ ਕਿ ਉਹ ਸੋਚ ਰਹੇ ਹਨ ਕਿ ਇਹਨਾਂ ਰੂਬਲਾਂ ਨੂੰ ਕਿਵੇਂ ਡਾਲਰ ਵਿਚ ਵਟਾ ਕੇ, ਏਥੇ ਅਮਰੀਕਾ ਵਿਚ ਤੁਹਾਨੂੰ ਦੇ ਦਿੱਤੇ ਜਾਣ, ਭਾਵੇਂ ਕਿ ਇਹ ਗੱਲ ਕਾਨੂੰਨ ਦੇ ਵਿਰੁੱਧ ਹੈ, ਤੁਸੀਂ ਜਾਣਦੇ ਹੋ ਕਿ ਸਮਾਜਵਾਦੀ ਦੇਸ਼ਾਂ ਵਿਚ ਲੇਖਕ ਦੇ ਕਾਪੀ-ਰਾਈਟ ਦੇ ਪੈਸੇ ਤਬਦੀਲ ਨਹੀਂ ਹੋ ਸਕਦੇ ਹੁੰਦੇ ਅਤੇ ਇਹ ਮੌਕੇ ਉੱਤੇ ਉੱਥੇ ਜਾ ਕੇ ਹੀ ਖਰਚੇ ਜਾ ਸਕਦੇ ਹਨ। ਮੀਕੋਯਾਨ ਨੇ ਕਿਹਾ, "ਮੈਨੂੰ ਆਸ ਹੈ ਕਿ ਛੇਤੀ ਹੀ ਤੁਸੀਂ ਇੱਕ ਸਾਲ ਵਿਚ ਦਸ ਹਜ਼ਾਰ ਡਾਲਰ ਪ੍ਰਾਪਤ ਕਰੋਗੇ" ਤੇ ਅਰਨੈਸਟ ਨੇ ਉਸਨੂੰ ਟੌਹਰ ਨਾਲ ਕਿਹਾ, ਬਹੁਤ ਹੀ ਠਾਠ ਨਾਲ। ਉਸ ਕਿਹਾ, "ਮੈਂ ਖੁਸ਼ ਹੋਵਾਂਗਾ ਇਹ ਪ੍ਰਾਪਤ ਕਰਕੇ, ਜੇ ਤੁਸੀਂ ਸਾਰੇ ਹੀ ਅਮਰੀਕੀ ਲੇਖਕਾਂ ਨਾਲ ਇੱਕੋ ਜਿਹਾ ਵਿਹਾਰ ਕਰੋ।" ਅਰਨੈਸਟ ਦੀ ਮੌਤ ਪਿੱਛੋਂ ਮੈਂ ਉਹਨਾਂ ਨੂੰ ਇਸ ਰੁਪਏ ਬਾਰੇ ਪੁੱਛਿਆ ਜਾਂ ਮੇਰੀ ਤਜਵੀਜ਼ ਸੀ ਕਿ ਮੈਂ ਉੱਥੇ ਜਾ ਕੇ ਇਹ ਖਰਚ ਸਕਾਂ, ਪਰ ਉਹਨਾਂ ਦਾ ਉੱਤਰ ਸੀ ਕਿ ਅਰਨੈਸਟ ਦੀ ਰਕਮ, ਉਸਦੀ ਵਿਧਵਾ ਦੇ ਨਾਂ ਤਬਦੀਲ ਨਹੀਂ ਕੀਤੀ ਜਾ ਸਕਦੀ ਤੇ 150 ਹਜ਼ਾਰ ਦੀ ਥਾਂ ਹੁਣ ਉੱਥੇ ਤਿੰਨ ਹਜ਼ਾਰ ਹੀ ਸਨ। ਮੈਂ ਰੂਸ

ਜਾਣ ਦੇ ਖ਼ਿਆਲ ਨੂੰ ਪਸੰਦ ਕਰਦੀ ਸੀ, ਪਰ ਅਰਨੈਸਟ ਸਦਾ ਹੀ ਉਥੇ ਜਾਣ ਤੋਂ ਨਾਂਹ ਕਰ ਦਿੰਦਾ ਸੀ। ਮੈਂ ਨਹੀਂ ਸਮਝਦੀ ਕਿ ਕਿਉਂ? ਤੇ ਮੈਨੂੰ ਹੁਣ ਵੀ ਹੈਰਾਨੀ ਹੁੰਦੀ ਹੈ। ਸੰਭਵ ਹੈ ਭਾਸ਼ਾ ਕਾਰਨ, ਜੋ ਉਹ ਨਹੀਂ ਸੀ ਜਾਣਦਾ, ਜਾਂ ਸ਼ਾਇਦ ਇਸ ਕਾਰਨ ਕਿ ਉਸਨੂੰ ਰਾਜਨੀਤੀ ਵਿਚ ਕੋਈ ਦਿਲਚਸਪੀ ਨਹੀਂ ਸੀ। ਉਸਦੇ ਵਾਕਿਫਕਾਰਾਂ ਦੇ ਵੱਡੇ ਘੇਰੇ ਵਿਚ, ਮੈਂ ਇੱਕ ਵੀ ਰਾਜਨੀਤੀਵਾਨ ਯਾਦ ਨਹੀਂ ਕਰ ਸਕਦੀ। ਕਿਸੇ ਵੀ ਸਥਿਤੀ ਵਿਚ, ਹੁਣ ਉਹ ਮਰ ਗਿਆ ਹੈ ਤੇ ਮੈਨੂੰ ਰੂਸ ਦੀ ਕਾਹਦੀ ਫ਼ਿਕਰ ਹੈ?

? : ਮਿੱਸ ਮੇਰੀ, ਤੂੰ ਬਿਲਕੁਲ ਇਕੱਲੀਕਾਰੀ ਹੈ। ਕੀ ਨਹੀਂ?

– : ਬਿਲਕੁਲ ਇਕੱਲੀ। ਮੇਰੇ ਪਤੀ ਦੇ ਪਹਿਲੇ ਪੁੱਤਰ ਸਾਰੀ ਦੁਨੀਆਂ ਵਿਚ ਖਿੰਡਰੇ ਪਏ ਹਨ। ਇੱਕ ਅਫਰੀਕਾ ਵਿਚ ਹੈ, ਇੱਕ ਮਿਆਮੀ ਵਿਚ ਤੇ ਇਕ ਸਾਨ ਫਰਾਂਸਿਸਕੋ ਵਿਚ। ਮੇਰਾ ਆਪਣਾ ਕੋਈ ਬੱਚਾ ਨਹੀਂ ਸੀ। ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਮੇਰਾ ਕੋਈ ਨਿੱਕਾ ਅਰਨੈਸਟ ਇਸ ਸੰਸਾਰ ਵਿਚ ਨਹੀਂ ਹੈ। ਮੈਂ ਬੱਚੇ ਲਈ ਕਿੰਨਾ ਤਰਸਦੀ ਰਹੀ। ਉਹ ਵੀ ਇੰਝ ਕਰਦਾ ਸੀ। 1946 ਵਿਚ ਸਾਡੇ ਵਿਆਹ ਤੋਂ ਸਾਲ ਬਾਅਦ, ਮੈਂ ਗਰਭਵਤੀ ਹੋ ਗਈ ਸੀ। ਅਰਨੈਸਟ ਕਿੰਨਾ ਖੁਸ਼ ਸੀ ਤੇ ਉਸਨੂੰ ਆਸ ਸੀ ਕਿ ਇਹ ਲੜਕੀ ਹੋਵੇਗੀ। ਉਹ ਸਦਾ ਹੀ ਧੀ ਲੋੜਦਾ ਸੀ, ਪਰ ਬੱਚਾ ਨਾ ਹੋਇਆ। ਅਸੀਂ ਵਿਓਮਿੰਗ ਦੀ ਯਾਤਰਾ ਸਮੇਂ ਇਹ ਗੰਵਾ ਬੈਠੇ। ਅਰਨੈਸਟ ਦੀ ਮੌਤ ਨੂੰ ਛੱਡ ਕੇ ਇਹ ਮੇਰੇ ਜੀਵਨ ਦਾ ਸਭ ਤੋਂ ਵੱਡਾ ਨੁਕਸਾਨ ਸੀ। ਹਾਂ, ਮੈਂ ਇਕੱਲੀ ਹਾਂ। ਅਟੋਰਨੀਆਂ, ਪ੍ਰਕਾਸ਼ਕਾਂ, ਵਕੀਲਾਂ ਨਾਲ ਇਕੱਲੀ। ਅਰਨੈਸਟ ਦੀਆਂ ਪੁਸਤਕਾਂ ਛਾਪਣ ਦੀ ਜਿੰਮੇਵਾਰੀ ਸਮੇਂ ਵੀ ਇਕੱਲੀ-ਕਾਰੀ। ਆਪਣੇ ਦਿਨਾਂ ਨੂੰ ਭਰਨ ਲਈ, ਮੈਂ ਲਿਖਣਾ ਸ਼ੁਰੂ ਕਰ ਦਿੱਤਾ ਹੈ। ਇੱਕ ਭਾਂਤ ਦੀ ਸਵੈ-ਜੀਵਨੀ। ਉੱਤਰੀ ਮਿਨੀ ਸੋਟਾ ਵਿਚ ਜੰਮੀ ਇੱਕ ਇਸਤਰੀ ਦੀ ਕਹਾਣੀ। ਇੱਕ ਲੜਕੀ ਜੋ ਅਖਬਾਰਾਂ ਦਾ ਕਿੱਤਾ ਚੁਣਦੀ ਹੈ ਤੇ ਸ਼ਿਕਾਗੋ ਜਾਂਦੀ ਹੈ ਤੇ ਫਿਰ 'ਡੇਲੀ ਐਕਸਪ੍ਰੈਸ' ਲਈ ਲੰਡਨ, ਫਿਰ ਪੈਰਿਸ ਤੇ ਫਿਰ ਦੁਬਾਰਾ ਲੰਡਨ। ਉੱਥੇ ਉਹ ਅਰਨੈਸਟ ਹੈਮਿੰਗਵੇ ਨੂੰ ਮਿਲਦੀ ਹੈ ਤੇ ਉਸ ਨਾਲ ਵਿਆਹ ਕਰਵਾ ਲੈਂਦੀ ਹੈ। ਫਿਰ ਉਸ ਨਾਲ ਕਿਊਬਾ ਜਾ ਵਸਦੀ ਹੈ। ਮੈਂ ਇਤਿਹਾਸਕ ਕਾਲ-ਕਰਮ ਦੀ ਪ੍ਰਵਾਹ ਕੀਤੇ ਬਗੈਰ ਲਿਖਦੀ ਹਾਂ। ਹੁਣ ਤੀਕ ਮੈਂ ਆਪਣੀ ਅਫਰੀਕਨ 'ਸਫਾਰੀ' ਉੱਤੇ ਚਾਲੀ ਹਜ਼ਾਰ ਸ਼ਬਦ ਪਾ ਚੁੱਕੀ ਹਾਂ। ਅਗਲਾ ਕੰਮ ਅਰਨੈਸਟ ਦੀ ਸਪੇਨ ਤੋਂ ਵਾਂਪਸੀ ਤੀਕ ਹੋਵੇਗਾ। ਗ੍ਰਹਿ-ਯੁੱਧ ਤੋਂ ਪਿੱਛੋਂ ਉਹ ਵਾਪਸ ਨਹੀਂ ਜਾਵੇਗਾ। ਇਹ ਕਹਿੰਦੇ ਹੋਏ ਕਿ ਉਹ ਉਦੋਂ ਵਾਪਸ ਜਾਵੇਗਾ, ਜਦੋਂ ਉਸਦੇ ਸਾਰੇ ਮਿੱਤਰ ਜੇਲ੍ਹ ਵਿਚੋਂ ਰਿਹਾ ਹੋ ਜਾਣਗੇ। 1953 ਵਿਚ ਉਸਦੇ ਸਾਰੇ ਮਿੱਤਰ ਰਿਹਾ ਹੋ ਜਾਂਦੇ ਹਨ। ਇਸ ਲਈ ਉਹ ਉੱਥੇ ਵਾਪਸ ਚਲਾ ਜਾਂਦਾ ਹੈ। ਉਸ ਮੌਕੇ ਉਸਨੇ ਨਵੇਂ ਮਿੱਤਰ ਬਣਾਏ, ਮਿਸਾਲ ਵਜੋਂ ਓਰਡੋਨੇਜ਼। ਅਰਨੈਸਟ ਉਸਦੀ ਕਿਸਾਨੀ ਸਿਆਣਪ ਦੀ ਕਦਰ ਕਰਦਾ ਸੀ ਤੇ ਉਸਦੇ ਹੌਸਲੇ ਦੀ ਵੀ। ਅਰਨੈਸਟ, ਜਿੱਥੇ ਵੀ ਗਿਆ ਉਥੋਂ



ਸਿਆਣਪ ਤੇ ਹੌਂਸਲਾ ਪ੍ਰਾਪਤ ਕੀਤਾ।

? : ਮਿੱਸ ਮੇਰੀ, ਕੀ ਤੂੰ ਕਦੇ ਦੁਬਾਰਾ ਵਿਆਹ ਕਰਾਉਣ ਦਾ ਸੋਚਿਆ ਹੈ? ਕੀ ਤੂੰ ਅਨੁਭਵ ਕਰਦੀ ਹੈਂ ਕਿ ਤੂੰ ਕਰ ਸਕੇਂਗੀ?

– : ਮੇਰਾ ਨਹੀਂ ਖ਼ਿਆਲ। ਪਹਿਲੀ ਗੱਲ, ਮੈਂ ਅਰਨੈਸਟ ਵਰਗਾ ਮਨੁੱਖ ਕਿੱਥੋਂ ਲੱਭਾਂਗੀ। ਕਿਸੇ ਹੋਰ ਨਾਲ ਜ਼ਿੰਦਗੀ ਨਿਰੰਤਰ ਟਾਕਰਾ ਕਰਨ ਦੀ ਗੱਲ ਹੋਵੇਗੀ। ਨਾਲ ਹੀ, ਕੌਣ ਅਜਿਹੀ ਪਤਨੀ ਚਾਹੇਗਾ, ਜਿਹੜੀ ਆਪਣੇ ਪਹਿਲੇ ਪਤੀ ਦੇ ਕਾਗਜ਼-ਪੱਤਰ ਥਾਂ ਸਿਰ ਕਰਨ ਵਿਚ ਸਾਰਾ ਸਮਾਂ ਲਾ ਦਿੰਦੀ ਹੈ। ਜੋ ਉਸ ਦੀਆਂ ਕਿਤਾਬਾਂ ਦੀ ਛਪਾਈ ਦਾ ਧਿਆਨ ਰੱਖਦੀ ਹੈ। ਉਸ ਬਾਰੇ ਲਿਖਦੀ ਹੈ, ਲਗਾਤਾਰ ਉਸ ਬਾਰੇ ਗੱਲਾਂ ਕਰਦੀ ਹੈ। ਮੇਰੀ ਹੋਣੀ ਵੱਖਰੀ ਹੈ, ਪਰ ਮੈਂ ਰੋਂਦੀ ਨਹੀਂ। ਨਹੀਂ ਰੋਂਦੀ ਰਤਾ ਵੀ। ਸਿਰਫ਼ ਉਸ ਸਵੇਰ ਨੂੰ ਪਹਿਲੀ ਵਾਰ ਰੋਈ ਸੀ, ਜਦ ਮੈਂ ਉਸਨੂੰ ਲੱਭਿਆ ਤੇ ਕਾਬੂ ਨਾ ਪਾ ਸਕੀ ਤੇ ਫਿਰ ਨਹੀਂ, ਅੱਥਰੂ ਕੁਝ ਨਹੀਂ ਹਨ, ਸਿਵਾਏ ਸਵੈ-ਤਰਸ ਦੇ। ਤੇ ਸਵੈ-ਤਰਸ ਵਕਤ ਦੀ ਬਰਬਾਦੀ ਹੈ।

? : ਹੰਢਣਸਾਰ, ਮਿੱਸ ਮੇਰੀ, ਇੰਝ ਲਿਖਿਆ ਸੀ ਹੈਮਿੰਗਵੇ ਨੇ।

– : ਕੀ ਤੈਨੂੰ ਪਤਾ ਹੈ, ਹੰਢਣਸਾਰ ਤੋਂ ਉਸਦਾ ਕੀ ਅਰਥ ਸੀ?

? : ਹਾਂ ਮੈਂ ਇਸ ਤਰ੍ਹਾਂ ਸੋਚਦੀ ਹਾਂ, ਸਦੀਵੀਂ ਅੜਨ ਵਾਲਾ।

– : ਹੰਢਣਸਾਰ ਦਾ ਅਰਥ ਹੈ, ਉਹ ਚੀਜ਼ ਜੋ ਜ਼ਿਆਦਾ ਦੇਰ ਤੀਕ ਰਹਿੰਦੀ ਹੈ, ਕਿਉਂਕਿ ਉਹ ਦੇਰ ਤੀਕ ਰਹਿਣਾ ਚਾਹੁੰਦੀ ਹੈ। ਇਹ ਨਹੀਂ ਕਿ ਦੇਰ ਤੀਕ ਰਹਿਣ ਲਈ ਬਣਾਈ ਗਈ। ਲੋਹੇ ਦਾ ਟੁਕੜਾ, ਜੋ ਹਵਾ, ਬਾਰਿਸ਼ ਤੇ ਧੁੱਪ ਵਿਚ ਪਿਆ ਹੋਵੇ, ਹੰਢਣਸਾਰ ਨਹੀਂ ਹੁੰਦਾ, ਕਿਉਂਕਿ ਉਹ ਇਸ ਤਰ੍ਹਾਂ ਕਰਨ ਦਾ ਕੋਈ ਯਤਨ ਨਹੀਂ ਕਰਦਾ। ਪਰ ਮੱਕੜੀ ਦਾ ਜਾਲਾ ਹੰਢਣਸਾਰ ਹੈ। ਇਹ ਕਿੰਨਾ ਕਮਜ਼ੋਰ ਵਿਖਾਈ ਦਿੰਦਾ ਹੈ ਪਰ ਇਹ ਸਖ਼ਤ ਝੱਖੜਾਂ, ਹਵਾਵਾਂ ਤੇ ਬਾਰਿਸ਼ਾਂ ਦਾ ਮੁਕਾਬਲਾ ਕਰਦਾ ਹੈ। ਕਿਊਬਾ ਵਿਚ ਸਾਡੇ ਘਰ ਦੇ ਬਾਗ ਵਿਚ ਬਹੁਤ ਸਾਰੇ ਮੱਕੜੀ ਦੇ ਜਾਲੇ ਸਨ। ਤੇ ਹਰ ਬੰਦਾ ਸੋਚਦਾ ਹੈ ਕਿ ਇਹ ਹਰ ਤੂਫਾਨ ਨਾਲ ਉੱਡ-ਪੁੱਡ ਜਾਣਗੇ। ਉੱਤਰਾ-ਖੰਡ ਦੇ ਤੂਫਾਨ ਆਪਣੀ ਹਿੰਸਾ ਵਿਚ ਬੇਕਿਰਕ ਹੁੰਦੇ ਹਨ। ਉਹ ਬਿਰਖਾਂ, ਸੜਕਾਂ ਤੇ ਘਰਾਂ ਨੂੰ ਤਬਾਹ ਕਰ ਦਿੰਦੇ ਹਨ। ਪਰ ਉਹ ਮੱਕੜੀ ਦੇ ਜਾਲਿਆਂ ਨੂੰ ਬਰਬਾਦ ਨਹੀਂ ਕਰਦੇ। ਮੱਕੜੀ ਦੇ ਜਾਲੇ, ਹਵਾ ਵਿਚ ਝੂਲਦੇ ਹਨ ਤੇ ਬਾਰਿਸ਼ ਦੀਆਂ ਕਣੀਆਂ ਨੂੰ ਆਪਣੇ ਜਾਲ ਵਿਚੋਂ ਲੰਘ ਜਾਣ ਦੀ ਆਗਿਆ ਦੇ ਦਿੰਦੇ ਹਨ ਤੇ ਜਦੋਂ ਝੱਖੜ ਥੰਮ੍ਹ ਜਾਂਦਾ ਹੈ ਤਾਂ ਬੰਦਾ ਉਹਨਾਂ ਨੂੰ ਪਹਿਲੀ ਹੀ ਥਾਂ ਤੇ ਕਾਇਮ ਵੇਖਦਾ ਹੈ, ਅਮਲੀ ਤੌਰ ਤੇ ਅਣਛੋਹਿਆ ਤੇ ਕਾਇਮ।

**(ਨੀਊਯਾਰਕ ਮਾਰਚ, 1966)**

# ਪ੍ਰਤਿਭਾਸ਼ਾਲੀ ਹਿੰਦੀ ਕਵੀ ਕੁਮਾਰ ਵਿਕਲ

## ("ਅਨੁਭਵ ਦੇ ਤੁਰੰਤ ਬਾਅਦ ਮੈਂ ਕਵਿਤਾ ਨਹੀਂ ਲਿਖਦਾ")

**ਪ੍ਰਸ਼ਨਕਰਤਾ - ਮਹਾਵੀਰ ਅਗਰਵਾਲ**

1992 ਸਾਲ ਦਾ 'ਪਹਿਲ' ਸਨਮਾਨ ਸੱਤਵੇਂ ਦਹਾਕੇ ਵਿਚ ਉੱਭਰੇ ਅਨੂਠੇ ਕਵੀ ਕੁਮਾਰ ਵਿਕਲ ਨੂੰ ਦੇਣ ਦਾ ਐਲਾਨ ਹੋਇਆ ਸੀ। ਪੰਜਾਬ ਵਿਚ ਰਹਿੰਦੇ ਹੋਏ ਬਹੁਤੇ ਹਿੰਦੀ ਸਮਾਜ ਵਿਚ ਕੁਮਾਰ ਵਿਕਲ ਨੇ ਆਪਣੀ ਇੱਕ ਵਿਸ਼ੇਸ਼ ਪਛਾਣ ਬਣਾਈ ਸੀ। ਉਹ ਇਕੱਲਾ ਹਿੰਦੀ ਕਵੀ ਸੀ ਜਿਸਨੇ ਪੰਜਾਬ ਦੇ ਤਣਾਅਪੂਰਨ ਤੇ ਸੰਵੇਦਨਸ਼ੀਲ ਸਮਾਜ ਵਿਚ ਭਰਪੂਰ ਤੌਰ ਤੇ ਜੀਉਂਦੇ ਹੋਏ ਪਾਰਦਰਸ਼ੀ ਦ੍ਰਿਸ਼ਟੀ ਪਾਈ ਸੀ, ਜੋ ਕਵਿਤਾ ਵਿਚ ਵਿਰਲੀ-ਟਾਵੀਂ ਮਿਲਦੀ ਹੈ। ਉਸਦੀ ਕਵਿਤਾ ਹਿੰਦੀ ਦੇ ਨਵੇਂ ਕਾਵਿ-ਸ਼ਾਸਤਰ ਨਾਲ ਟਕਰਾਉਂਦੀ ਸੀ। ਮਾਰਕਸਵਾਦ ਵਿਚ ਡੂੰਘੇ ਵਿਸ਼ਵਾਸ ਰੱਖਣ ਵਾਲੇ ਲਾਡਲੇ ਤੇ ਹਰਮਨ ਪਿਆਰੇ ਕਵੀ ਕੁਮਾਰ ਵਿਕਲ ਨੇ ਪੰਜਾਬ ਦੀ ਤਰਾਸਦਿਕ ਸਥਿਤੀ ਦਾ ਬਾਰ-ਬਾਰ ਜ਼ਿਕਰ ਕੀਤਾ ਸੀ। ਉਸਦੇ ਤਿੰਨ ਕਾਵਿ-ਸੰਗ੍ਰਹਿ ਛਪ ਚੁੱਕੇ ਹਨ। ਪੇਸ਼ ਹੈ ਉਸ ਨਾਲ ਸੰਖੇਪ ਗੱਲਬਾਤ –

? : **ਕਵਿਤਾ ਲਿਖਣੀ ਤੁਸਾਂ ਕਦੋਂ ਸ਼ੁਰੂ ਕੀਤੀ। ਜੇ ਯਾਦ ਹੋਵੇ ਤਾਂ ਇਹ ਦੱਸੋ ਕਿ ਆਪਦੀ ਪਹਿਲੀ ਕਵਿਤਾ ਦਾ ਵਿਸ਼ਾ ਕੀ ਸੀ? ਨਾਲ ਹੀ ਇਹ ਵੀ ਦੱਸੋ ਕਿ ਆਪਦੀ ਪਹਿਲੀ ਕਵਿਤਾ ਕਿਸ ਪ੍ਰਤਿਕਾ ਵਿਚ ਕਦੋਂ ਛਪੀ ਸੀ?**

ਵਿਕਲ : ਮੈਂ ਕਵਿਤਾ ਲਿਖਣੀ ਸੰਨ 1954 ਵਿਚ ਸ਼ੁਰੂ ਕੀਤੀ। ਉਸਦਾ ਸਿਰਲੇਖ ਸੀ 'ਦੇਵਦਾਸ ਦੀ ਆਖਰੀ ਰਾਤ'। ਇਹ ਇੱਕ ਰੋਮਾਂਟਿਕ ਕਵਿਤਾ ਸੀ। ਸਭ ਤੋਂ ਪਹਿਲੀ ਕਵਿਤਾ 'ਜਤਨ' ਵਿਚ 1956 ਵਿਚ ਛਪੀ ਸੀ।

? : **ਤੁਸੀਂ ਕਵਿਤਾ ਕਿਉਂ ਲਿਖਦੇ ਹੋ?**

ਵਿਕਲ : ਮਜਬੂਰੀ ਹੈ। ਸੁਭਾਅ ਹੈ, ਅੰਦਰਲੀ ਮਜਬੂਰੀ ਹੈ।

? : **ਆਪਣੀ ਰਚਨਾ-ਪ੍ਰਕਿਰਿਆ ਬਾਰੇ ਵਿਚ ਕੁਝ ਦੱਸੋ?**

ਵਿਕਲ : ਅਨੁਭਵ ਦੇ ਤੁਰੰਤ ਬਾਅਦ ਕਵਿਤਾ ਨਹੀਂ ਲਿਖਦਾ। ਕਈ ਦਿਨਾਂ ਤੀਕ ਸੋਚਦਾ ਰਹਿੰਦਾ ਹਾਂ। ਫਿਰ ਸਮੁੱਚੀ ਕਵਿਤਾ ਇੱਕੋ ਵਾਰ ਨਹੀਂ ਲਿਖਦਾ। ਉਸਦੀ ਰਚਨਾ ਕਈ ਦਿਨਾਂ ਵਿਚ ਫੈਲੀ ਹੁੰਦੀ ਹੈ। ਮੈਂ ਕਵਿਤਾ ਨੂੰ ਚੇਤੰਨ ਕਿਰਿਆ ਸਮਝਦਾ ਹਾਂ। ਮੇਰੀ ਕਵਿਤਾ ਵਿਚ ਬਿੰਬ, ਅਲੰਕਾਰ ਤੇ ਲੈਅ ਸਭ ਸੁਚੇਤ ਹੁੰਦੇ ਹਨ।

? : **ਵਸਤੂ ਤੇ ਸ਼ਿਲਪ ਵਿਚੋਂ ਆਪ ਕਿਸਨੂੰ ਪ੍ਰਮੁੱਖਤਾ ਦਿੰਦੇ ਹੋ ਅਤੇ ਕਿਉਂ?**

ਵਿਕਲ : ਵਸਤੂ ਨੂੰ, ਕਵਿਤਾ ਦੀ ਰਚਨਾ ਲਈ ਮੇਰੇ ਅੰਦਰ ਦਾ ਉਬਾਲ ਹੀ ਮਹੱਤਵਪੂਰਨ ਹੁੰਦਾ ਹੈ। ਮੇਰੀ ਕਵਿਤਾ ਲਿਖਣ ਦਾ ਆਧਾਰ ਕੇਵਲ ਇਹੀ ਹੈ।

? : **ਕਵਿਤਾ ਵਿਚ ਬਿੰਬ ਪ੍ਰਤੀਕ ਤੇ ਮਿੱਥਾਂ ਦੀ ਵਰਤੋਂ ਕਿਵੇਂ ਹੋਵੇ?**

ਵਿਕਲ : ਕਾਫੀ ਵਰਤੋਂ ਚਾਹੀਦੀ ਹੈ। ਮੈਂ ਨਹੀਂ ਸਮਝਦਾ ਕਿ ਇਸ ਤਰ੍ਹਾਂ ਕਵਿਤਾ ਦੂਸ਼ਿਤ ਹੁੰਦੀ ਹੈ। ਮੇਰੇ ਵਿਚਾਰ ਵਿਚ ਪੂਰੀ ਕਵਿਤਾ ਹੀ ਬਿੰਬ ਹੈ। ਮਿੱਥਾਂ ਦੀ ਵਰਤੋਂ ਵੀ ਬਿੰਬਾਤਮਕ ਹੋਵੇ। ਪ੍ਰਤੀਕ ਵੀ ਇਸੇ ਤਰ੍ਹਾਂ ਹੋਣ।



? : **ਕਵਿਤਾ ਦੀ ਭਾਸ਼ਾ ਨੂੰ ਲੈ ਕੇ ਅਕਸਰ ਹੀ ਸਵਾਲ ਖੜ੍ਹਾ ਕੀਤਾ ਜਾਂਦਾ ਹੈ। ਤੁਸੀਂ ਦੱਸੋ ਕਿ ਕਵਿਤਾ ਦੀ ਭਾਸ਼ਾ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ?**

ਵਿਕਲ : ਸਪੱਸ਼ਟ, ਸਰਲ ਹੋਣੀ ਚਾਹੀਦੀ ਹੈ।

? : **ਪਾਠਕ-ਵਰਗ ਦੀ ਆਮ ਸ਼ਿਕਾਇਤ ਹੈ ਕਿ ਕਵਿਤਾਵਾਂ ਦਿਨ-ਬ-ਦਿਨ ਜਟਿਲ ਹੁੰਦੀਆਂ ਜਾ ਰਹੀਆਂ ਹਨ। ਇਸ ਲਈ ਲੋਕੀ ਕਵਿਤਾਵਾਂ ਨਾਲ ਜੁੜ ਨਹੀਂ ਰਹੇ। ਇਸ ਬਾਰੇ ਤੁਹਾਡਾ ਕੀ ਵਿਚਾਰ ਹੈ?**

ਵਿਕਲ : ਉਹ ਗਲਤ ਕਹਿੰਦੇ ਹਨ। ਅੱਜ ਦੀ ਕਵਿਤਾ ਕਾਫੀ ਸਾਫ-ਸੁਥਰੀ ਹੈ। ਇਹ ਕਹਿਣਾ ਵੀ ਗਲਤ ਹੈ ਕਿ ਲੋਕੀਂ ਅਜਿਹੀ ਕਵਿਤਾ ਨਾਲ ਜੁੜ ਨਹੀਂ ਰਹੇ।

? : **ਲਿਖਣਾ ਇੱਕ ਸਮਾਜਿਕ ਫਰਜ਼ ਹੈ। ਤੁਸੀਂ ਦੱਸੋ ਕਿ ਲੇਖਕ ਦਾ ਕੀ ਕੁਝ ਨਿੱਜੀ ਨਹੀਂ ਰਹਿ ਜਾਂਦਾ?**

ਵਿਕਲ : ਲੇਖਕ ਦਾ ਸਭ ਕੁਝ ਸਮਾਜਿਕ ਹੈ। ਬਿਲਕੁਲ ਨਿਜੀ ਇਕ ਜੀਵਨ ਹੁੰਦਾ ਹੈ, ਪਰ ਉਸਨੂੰ ਵੀ ਸਮਾਜ ਦੇ ਸ਼ੀਸ਼ੇ ਵਿਚੋਂ ਦੀ ਵੇਖਦੇ ਰਹਿਣਾ ਚਾਹੀਦਾ ਹੈ।

? : **ਕਵੀ ਦੇ ਅੰਦਰ ਵਿਅਕਤੀ ਅਤੇ ਸਮਾਜ ਦੇ ਹਿੱਤਾਂ ਵਿਚਕਾਰ ਦਾ ਦਵੰਦ ਕੀ ਕਿਸੇ ਸਾਰਥਕ ਲਿਖਤ ਦੀ ਭੂਮਿਕਾ ਬਣਾਉਂਦੇ ਹਨ?**

ਵਿਕਲ : ਹਾਂ ਬਣਾਉਂਦਾ ਹੈ। ਜਿਸਨੂੰ ਮੈਂ ਅੰਦਰ ਦਾ ਉਬਾਲ ਆਖਿਆ ਹੈ। ਉਹ ਇਸ ਨਾਲ ਤੇਜ਼ ਹੁੰਦਾ ਹੈ।

? : **ਲਿਖਤ ਕਾਰਨ ਤੁਹਾਨੂੰ ਵਿਅਕਤੀਗਤ ਪੱਧਰ ਉੱਤੇ ਜੀਵਨ ਵਿਚ, ਕਿਸੇ ਸੰਘਰਸ਼ ਦਾ ਸਾਹਮਣਾ ਕਰਨਾ ਪਿਆ ਹੋਵੇਗਾ, ਕੋਈ ਜ਼ਿਕਰ-ਯੋਗ ਘਟਨਾ?**

ਵਿਕਲ : ਲਿਖਤ ਕਾਰਨ ਮੈਨੂੰ ਗੰਭੀਰ ਆਤਮ-ਸੰਕਟ ਵਿਚੋਂ ਦੀ ਲੰਘਣਾ ਪਿਆ ਸੀ। ਬਾਹਰਲੇ ਸੰਘਰਸ਼ ਦੇ ਰੂਪ ਵੀ ਵੇਖਣੇ ਪਏ। ਨਕਸਲਬਾੜੀ ਦੌਰ ਵਿਚ ਖੁਫ਼ੀਆ ਪੁਲਸ ਮੇਰਾ ਪਿੱਛਾ ਕਰਦੀ ਸੀ। ਉਸ ਵੇਲੇ ਮੇਰੇ ਘਰ ਦੀ ਤਲਾਸ਼ੀ ਵੀ ਲਈ ਗਈ।

? : **ਕੀ ਤੁਸੀਂ ਰਚਨਾਕਾਰ ਲਈ ਵਿਚਾਰਧਾਰਕ ਪ੍ਰਤੀਬੱਧਤਾ ਦਾ ਹੋਣਾ ਜ਼ਰੂਰੀ ਮੰਨਦੇ ਹੋ?**

ਵਿਕਲ : ਹੋਣੀ ਚਾਹੀਦੀ। ਇਹ ਗੱਲ ਮੈਂ ਮਾਰਕਸਵਾਦ ਤੋਂ ਸਿੱਖੀ ਹੈ। ਬਾਕੀ ਇਹ ਲੇਖਕ ਦੀ ਆਪਣੀ ਚੋਣ ਹੈ, ਮੇਰੇ ਖ਼ਿਆਲ ਵਿਚ ਵਿਚਾਰਧਾਰਕ ਵਿਸ਼ਵਾਸ ਸਾਹਿਤ ਲਈ ਜ਼ਰੂਰੀ ਹੈ। ਉਸਦੇ ਬਿਨਾਂ ਚੰਗਾ ਸਾਹਿਤ ਨਹੀਂ ਲਿਖਿਆ ਜਾ ਸਕਦਾ। ਕਵਿਤਾ ਆਦਮੀ ਦਾ ਨਿਜੀ ਮਾਮਲਾ ਨਹੀਂ ਹੈ।

? : **ਵਰਤਮਾਨ ਵਿਚ ਕੀ ਲਿਖਤ ਰਾਹੀਂ ਸਮਾਜਿਕ-ਆਰਥਿਕ ਤਬਦੀਲੀ ਸੰਭਵ ਹੈ?**

ਵਿਕਲ : ਸੰਭਵ ਹੈ, ਪਰ ਸਾਹਿਤ ਕੇਵਲ ਤਬਦੀਲੀ ਦੀ ਚੇਤਨਾ ਪੈਦਾ ਕਰਦਾ ਹੈ। ਇਹ ਧਿਆਨ ਵਿਚ ਰੱਖੋ। ਇਹ ਠੀਕ ਹੈ ਕਿ ਸਾਹਿਤ ਅੱਜਕੱਲ ਥੋੜ੍ਹੇ ਲੋਕਾਂ ਤੀਕ ਜਾ ਰਿਹਾ ਹੈ। ਪਰ ਯਤਨਾਂ ਨਾਲ ਇਸਨੂੰ ਵਧਾਇਆ ਜਾ ਸਕਦਾ ਹੈ। ਮਿਸਾਲ ਵਜੋਂ ਕਵਿਤਾ ਦਾ ਨਾਟਕੀ-ਕਰਣ ਕਰਕੇ ਉਸਨੂੰ ਕਾਫੀ ਜ਼ਿਆਦਾ ਲੋਕਾਂ ਤੀਕ ਪਹੁੰਚਾਇਆ ਜਾ ਸਕਦਾ ਹੈ।

? : **ਤੁਸੀਂ ਕਿਸ ਕਵੀ ਤੋਂ ਜ਼ਿਆਦਾ ਪ੍ਰਭਾਵਿਤ ਹੋਏ ਹੋ ਜਾਂ ਰਹੇ ਹੋ? ਉਸਦੀਆਂ ਕੁਝ ਜ਼ਿਕਰਯੋਗ ਰਚਨਾਵਾਂ ਜਿਨ੍ਹਾਂ ਕਾਰਨ ਤੁਹਾਡੀ ਲੇਖਣੀ ਨੂੰ ਗਤੀ ਜਾਂ ਦਿਸ਼ਾ ਮਿਲੀ ਹੋਵੇ?**

ਵਿਕਲ : ਮੁਕਤੀ ਬੋਧ। ਖ਼ਾਸ ਕਰ ਉਸਦੀ 'ਹਨ੍ਹੇਰੇ ਵਿਚ ਕਵਿਤਾ' ਕੇਦਾਰ ਨਾਥ ਸਿੰਘ ਤੋਂ ਵੀ ਪ੍ਰਭਾਵਿਤ ਰਿਹਾ ਹਾਂ। ਖ਼ਾਸ ਕਰ ਉਹਨਾਂ ਦੀਆਂ ਆਰੰਭਿਕ ਕਵਿਤਾਵਾਂ ਤੋਂ।

? : **ਕਵਿਤਾ ਵੀ ਇੱਕ ਯਾਤਰਾ ਹੈ। ਤੁਸੀਂ ਆਪਣੇ ਸਮਕਾਲੀਆਂ ਵਿਚੋਂ ਕਿਹੜੇ ਕਵੀਆਂ ਨੂੰ ਆਪਣਾ ਸਹਿ-ਯਾਤਰੀ ਮੰਨਦੇ ਹੋ? ਆਪਣੀ ਪਸੰਦ ਦੇ ਕੁਝ ਕਵੀ ਤੇ ਉਹਨਾਂ ਦੀਆਂ ਕੁਝ ਕਵਿਤਾਵਾਂ ਦੇ ਬਾਰੇ ਵਿਚ ਦੱਸੋ।**

ਵਿਕਲ : ਕੇਦਾਰ ਨਾਥ ਸਿੰਘ, ਧੂਮਿਲ, ਮੰਗਲੇਸ਼ ਡਬਰਾਲ, ਉਦੈ ਪ੍ਰਕਾਸ਼, ਪ੍ਰਯਾਗ ਸ਼ੁਕਲਾ, ਵਿਸ਼ਣੂ ਨਾਗਰਾ, ਧੂਮਿਲ ਦੀ ਕਵਿਤਾ 'ਪਟਕਥਾ' ਮੰਗਲੇਸ਼ ਦੀ 'ਪਹਾੜ ਉੱਤੇ ਲਾਲਟੈਨ ਦਾ ਰਸਤਾ' ਹੋਰ ਕਵਿਤਾਵਾਂ ਦੇ ਨਾਂ ਇਸ ਵਕਤ ਯਾਦ ਨਹੀਂ ਆ ਰਹੇ।

? : **ਕਵਿਤਾ ਦੇ ਵਿਕਾਸ ਅਤੇ ਸਾਰਥਕ ਫੈਲਾਅ ਵਿਚ ਰੇਡੀਓ ਤੇ ਕਵੀ ਸੰਮੇਲਨਾਂ ਬਾਰੇ ਆਪ ਦੇ ਕੀ ਵਿਚਾਰ ਹਨ?**

ਵਿਕਲ : ਰੇਡੀਓ ਤੇ ਟੈਲੀਵਿਜ਼ਨ ਕਵਿਤਾ ਦਾ ਨੁਕਸਾਨ ਕਰਦੇ ਹਨ। ਕਵੀ-ਸੰਮੇਲਨ ਵੀ ਨੁਕਸਾਨ ਪਹੁੰਚਾਉਂਦੇ ਹਨ। ਉਸ ਨਾਲ ਪਾਪੂਲਰਿਜ਼ਮ (ਸਸਤੀ ਸ਼ੋਅਰਤ) ਦਾ ਪ੍ਰਸਾਰ ਹੁੰਦਾ ਹੈ।

? : **ਕਵਿਤਾ-ਪੋਸਟਰ ਨੂੰ ਆਪ ਕਿਸ ਰੂਪ ਵਿਚ ਵੇਖਦੇ ਹੋ? ਕੀ ਕਵਿਤਾ ਨੂੰ ਹਰਮਨ ਪਿਆਰੀ ਬਣਾਉਣ ਲਈ ਅਤੇ ਚੇਤਨਾ ਦੇ ਵਿਕਾਸ ਲਈ ਇਸਦੀ ਕੋਈ ਸਾਰਥਕ ਭੂਮਿਕਾ ਬਣ ਸਕਦੀ ਹੈ?**

ਵਿਕਲ : ਚੰਗੀ ਰਾਏ ਹੈ। ਇਸ ਨਾਲ ਕਵਿਤਾ ਦਾ ਪ੍ਰਸਾਰ ਹੁੰਦਾ ਹੈ। ਦ੍ਰਿਸ਼ ਦਰਸ਼ਕ ਨੂੰ ਆਪਣੇ ਵੱਲ ਖਿੱਚਦਾ ਹੈ। ਨਾਲ ਹੀ ਕਵਿਤਾ ਦੇ ਭਾਵ ਦੀ ਵੀ ਬਿਹਤਰ ਪੇਸ਼ਕਾਰੀ ਹੁੰਦੀ ਹੈ।

? : **ਕਵਿਤਾ ਤੋਂ ਬਿਨਾਂ ਤੁਸੀਂ ਹੋਰ ਕਿਸ ਵਿਧਾ (ਰੂਪ) ਵਿਚ ਲਿਖਦੇ ਹੋ? ਕੀ ਹੋਰ ਸਾਹਿਤ-ਰੂਪਾਂ ਵਿਚ ਲਿਖਣ ਦਾ ਕੋਈ ਕਾਰਨ ਹੈ?**

ਵਿਕਲ : ਕਵਿਤਾ ਤੋਂ ਬਿਨਾਂ ਇੱਕ ਨਾਟਕ 'ਚੀਖ਼' ਲਿਖਿਆ ਸੀ। ਇਹ ਔਰਤ ਦੇ ਜੀਵਨ ਨਾਲ ਸੰਬੰਧਿਤ ਹੈ। ਮੈਂ ਉਸਨੂੰ ਕਿਸੇ ਹੋਰਸ ਢੰਗ ਨਾਲ ਕਹਿ ਵੀ ਨਹੀਂ ਸਕਦਾ ਸੀ?

? : **ਤੇ ਅੰਤ ਵਿਚ, ਕਵਿਤਾ ਦੀ ਆਲੋਚਨਾ ਅਤੇ ਉਸਦੇ ਆਲੋਚਕਾਂ ਦੇ ਵਿਸ਼ੇ ਬਾਰੇ ਤੁਹਾਡੀ ਕੀ ਰਾਏ ਹੈ?**

ਵਿਕਲ : ਮੇਰੇ ਵਿਚਾਰ ਵਿਚ ਸਮਕਾਲੀ ਕਾਵਿ-ਆਲੋਚਕਾਂ ਦੀ ਸਥਿਤੀ ਚੰਗੀ ਹੈ। ਡਾ. ਰਾਮ ਬਿਲਾਸ ਸ਼ਰਮਾ, ਨਾਮਵਰ ਸਿੰਘ, ਵਿਸ਼ਵ ਨਾਥ ਤ੍ਰਿਪਾਠੀ ਚੰਗੇ ਆਲੋਚਕ ਹਨ।

**ਵਿਕਲਪ ਨੰਬਰ 4, ਹਿੰਦੀ ਵਿਚੋਂ ਅਨੁਵਾਦ, ਮਾਰਚ 1999**





# ਸਰਗੇਈ ਮੀਖਾਲਕੋਵ ਨਾਲ ਕੀਤੀ ਗੁਫ਼ਤਗੂ

ਸਰਗੇਈ ਮੀਖਾਲਕੋਵ ਸੋਵੀਅਤ ਰੂਸ ਦੇ ਵੇਲੇ ਦਾ ਉੱਘਾ ਲੇਖਕ ਸੀ। ਉਹ ਕਵੀ, ਨਾਟਕਕਾਰ ਤੇ ਵਿਗਿਆਨੀ ਸੀ। ਉਹ ਰੂਸੀ ਬਾਲ-ਸਾਹਿਤ ਦਾ ਮੋਢੀ ਮੰਨਿਆ ਜਾਂਦਾ ਹੈ। ਉਹ ਲੇਖਕਾਂ ਦੀ ਰੂਸੀ ਸੰਸਥਾ ਦਾ ਚੇਅਰਮੈਨ ਰਿਹਾ ਸੀ ਤੇ ਕਈ ਕੌਮਾਂਤਰੀ ਲੇਖਕ ਸੰਸਥਾਵਾਂ ਦਾ ਮੈਂਬਰ ਤੇ ਸਲਾਹਕਾਰ ਹੁੰਦਾ ਸੀ। ਉਸਨੂੰ ਸੋਵੀਅਤ ਰੂਸ ਦੇ ਵੱਡੇ ਪੁਰਸਕਾਰ ਪ੍ਰਾਪਤ ਹੋਏ ਸਨ।

ਹੇਠ ਲਿਖੀ ਵਾਰਤਾਲਾਪ ਕੈਨੇਡਾ ਦੀ ਅਖਬਾਰ "ਟੈਲੀਗਰਾਮ" ਦੇ ਪੱਤਰਕਾਰ ਨਾਲ ਅੱਜ ਤੋਂ ਕਈ ਸਾਲਾਂ ਪਹਿਲਾਂ ਕੀਤੀ ਗਈ ਸੀ, ਪਰ ਇਸ ਵਾਰਤਾਲਾਪ ਵਿਚਲੇ ਪੁੱਛੇ ਗਏ ਸਵਾਲਾਂ ਤੇ ਉਹਨਾਂ ਦੇ ਦਿੱਤੇ ਗਏ ਜਵਾਬਾਂ ਦੀ ਸਾਰਥਕਤਾ ਖ਼ਤਮ ਨਹੀਂ ਹੁੰਦੀ।

? : **ਤੁਸੀਂ ਸੋਵੀਅਤ ਸਾਹਿਤ ਤੇ ਕਲਾ ਦੇ ਉਦੇਸ਼ਾਂ ਨੂੰ ਕਿਵੇਂ ਪ੍ਰੀਭਾਸ਼ਤ ਕਰੋਗੇ?**

– : ਸੋਵੀਅਤ ਸਮਾਜ ਦੀ ਸੱਚੀ ਪੇਸ਼ਕਾਰੀ ਤੇ ਲੋਕਾਂ ਵਿਚਲੇ ਨਵੇਂ ਕਮਿਊਨਿਸਟ ਰਿਸ਼ਤਿਆਂ ਦੇ ਨਿਰਮਾਣ ਵਿਚ, ਹੁਣ ਦੇ ਨਵੇਂ ਸਮਾਜ ਦੇ ਨਿਰਮਾਣ ਵਿਚ ਆ ਰਹੀਆਂ ਔਕੜਾਂ ਦੀ ਕਲਾਤਮਕ ਵਿਆਖਿਆ ਤੇ ਇਸ ਸਮਾਜ ਦੇ ਆਦਰਸ਼ਾਂ ਦੀ ਪੂਰਤੀ ਲਈ, ਉਹਨਾਂ ਨੂੰ ਰੱਦ ਕਰਨ ਦੀ ਥਾਂ ਉਹਨਾਂ ਆਦਰਸ਼ਾਂ ਦੇ ਠੀਕ ਸਿੱਧ ਹੋਣ ਵਿਚ।

? : **ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਸਾਹਿਤ ਦੇ ਰਾਜਸੀ ਮਨੋਰਥ ਹੋਣੇ ਚਾਹੀਦੇ ਹਨ?**

– : ਵਿਸ਼ਵ ਸਾਹਿਤ ਵਿਚ ਕਦੇ ਵੀ ਰਾਜਸੀ ਤੌਰ ਤੇ ਨਿਰਪੱਖ ਲਿਖਤਾਂ ਦੀ ਕਦੇ ਹੋਂਦ ਨਹੀਂ ਹੋਈ। ਕਿਉਂਕਿ ਸਾਹਿਤ ਤੇ ਕਲਾ ਦੇ ਰਾਜਨੀਤਿਕ ਰੂਪ ਤੋਂ ਇਨਕਾਰ ਕਰਨਾ ਵੀ ਕਲਾਕਾਰ ਦੇ ਰਾਜਸੀ ਦ੍ਰਿਸ਼ਟੀਕੋਣ ਨੂੰ ਲੁਕਾਉਣਾ ਹੀ ਹੁੰਦਾ ਹੈ। ਸੰਸਾਰ ਵਿਚ ਅਸਲੀ ਰਾਜਨੀਤਿਕ ਸੰਘਰਸ਼ ਚੱਲ ਰਿਹਾ ਹੈ ਤੇ ਸਾਹਿਤ ਇੱਕ ਸ਼ੀਸ਼ਾ ਹੈ, ਜਿਸ ਵਿਚੋਂ ਇਹ ਸੰਘਰਸ਼ ਪ੍ਰਤੀਬਿੰਬਤ ਹੁੰਦਾ ਹੈ। ਜੇ ਇਸ ਸ਼ੀਸ਼ੇ ਦਾ ਮੂੰਹ ਸੰਘਰਸ਼ ਤੋਂ ਉਲਟਾ ਕਰ ਦੇਈਏ ਤਾਂ ਉਸ ਕਲਾਕਾਰ ਦਾ ਜੋ ਸੰਸਾਰ ਨਾਲ ਕੋਈ ਵਾਸਤਾ ਨਹੀਂ ਰੱਖਦਾ, ਦੇ ਚਿਹਰੇ ਦਾ ਆਤਮਮੋਹ ਪ੍ਰਗਟ ਹੋ ਜਾਵੇਗਾ।

? : **ਕੀ ਸਾਹਿਤ ਦੇਸ਼-ਭਗਤੀ ਦੀ ਭਾਵਨਾ ਵਾਲਾ ਹੋਣਾ ਚਾਹੀਦਾ ਹੈ?**

– : ਜੇ ਖ਼ਰਾ ਸਾਹਿਤ ਲੋਕਾਂ ਦੀ ਆਤਮਾ ਦਾ ਪ੍ਰਗਟਾਵਾ ਹੈ, ਤੇ ਇਹ ਨਿਰਸੰਦੇਹ ਹੁੰਦਾ ਵੀ ਹੈ। ਤਾਂ ਫਿਰ ਇਹ ਦੇਸ਼ਭਗਤੀ ਦੀ ਭਾਵਨਾ ਵਾਲਾ ਹੋਣ ਤੋਂ ਬਿਨਾਂ ਨਹੀਂ ਹੁੰਦਾ। ਫਿਰ ਵੀ, ਸਾਨੂੰ ਖਰੀ ਦੇਸ਼-ਭਗਤੀ ਦੀ ਭਾਵਨਾ, ਜਿਹੜੀ ਕਿ ਪਾਠਕ ਦੇ ਦਿਲ ਵਿਚ, ਆਪਣੇ ਲੋਕਾਂ ਵਿਚ ਮਾਣ ਦੀ ਭਾਵਨਾ ਅਤੇ ਦੇਸ਼ ਲਈ ਪਿਆਰ ਪੈਦਾ ਕਰਦੀ ਹੈ, ਤੇ ਕੌਮਵਾਦੀ ਹੈਂਕੜ ਤੇ ਦੂਸਰਿਆਂ ਲੋਕਾਂ ਪ੍ਰਤੀ ਘ੍ਰਿਣਾ ਰੱਖਣ ਵਾਲੇ ਸਾਹਿਤ ਵਿਚ, ਨਿਖੇੜਾ ਕਰਨਾ ਚਾਹੀਦਾ ਹੈ।

? : **ਤੁਸਾਂ ਆਧੁਨਿਕਤਾਵਾਦ, ਨਕਲੀ ਪ੍ਰਯੋਗਾਂ ਤੇ ਨਕਲੀ ਹਰਮਨ-ਪਿਆਰਤਾ ਦੀ ਆਲੋਚਨਾ ਕੀਤੀ ਹੈ। ਕੀ ਤੁਸੀਂ ਇਹਨਾਂ ਸੰਕੇਤਾਂ ਦੀ ਪਰਿਭਾਸ਼ਾ ਦੇ ਸਕਦੇ ਹੋ? ਮਿਸਾਲ**

**ਵਜੋਂ, "ਵਿਚਾਰਧਾਰਕ ਤੌਰ ਤੇ ਕੱਚ ਘਰੜ ਲੇਖਕ' ਦੇ ਸੰਕੇਤ ਨੂੰ ਸਮਝਣ ਦੀ ਲੋੜ ਹੈ?**

– : ਜ਼ਾਤੀ ਤੌਰ ਤੇ ਮੇਰਾ ਵਿਸ਼ਵਾਸ ਹੈ ਕਿ ਆਧੁਨਿਕਤਾਵਾਦ ਕਲਾਕਾਰ ਨੂੰ ਯਥਾਰਥ ਤੋਂ ਦੂਰ ਅੰਤਰ-ਮੁਖੀ ਭਰਮ-ਭੁਲੇਖਿਆਂ ਦੇ ਸੰਸਾਰ ਵਿਚ ਲੈ ਜਾਂਦਾ ਹੈ। ਨਕਲੀ ਪ੍ਰਯੋਗਕਾਰ 'ਰੂਪ ਖਾਤਰ ਰੂਪ' ਵਿਚ ਦਿਲਚਸਪੀ ਲੈਂਦਾ ਹੈ ਤੇ ਉਹ ਅੰਤ ਉੱਤੇ ਸਫਲ ਪ੍ਰਯੋਗ ਕਰਨ ਤੋਂ ਦੁਰਾਡੇ ਚਲੇ ਜਾਂਦਾ ਹੈ। ਨਕਲੀ ਖੋਜ, ਕਲਾ ਨਾਲੋਂ ਵਿਗਿਆਨ ਵਿਚ ਛੇਤੀ ਪਛਾਣੀ ਜਾਂਦੀ ਹੈ। ਨਕਲੀ ਹਰਮਨ-ਪਿਆਰਤਾ ਸਾਹਿਤ, ਆਪਣੇ ਲੋਕਾਂ ਦੇ ਬੀਤੇ ਤੇ ਵਰਤਮਾਨ ਦੀ ਡੂੰਘੀ ਤੇ ਗੰਭੀਰ ਵਿਆਖਿਆ ਦੀ ਥਾਂ, ਰਾਸ਼ਟਰੀ ਲੱਛਣਾਂ ਤੇ ਪਰੰਪਰਾਵਾਂ ਦੇ ਬਾਹਰੀ ਰੂਪਾਂ ਦੀ ਕਾਲਪਨਿਕ ਮੰਤਵਾਂ ਲਈ ਵਰਤੋਂ ਕਰਨਾ ਹੁੰਦਾ ਹੈ।

ਮੈਂ 'ਵਿਚਾਰਧਾਰਕ ਤੌਰ ਤੇ ਕੱਚ ਘਰੜ' ਸੰਕੇਤ ਨਹੀਂ ਸੀ ਵਰਤਿਆ। ਮੈਂ ਉਹਨਾਂ ਲੋਕਾਂ ਬਾਰੇ ਆਖਿਆ ਸੀ, ਜੋ ਆਪਣੇ ਵਿਚਾਰਾਂ ਵਿਚ ਕੱਚ ਘਰੜੇ ਹੁੰਦੇ ਹਨ। ਆਪਣੇ ਖ਼ਿਆਲਾਂ ਵਿਚ ਉਹ ਲੇਖਕ ਅੱਲੜ ਹੁੰਦਾ ਹੈ, ਜੋ ਭਾਵੇਂ ਪ੍ਰਤਿਭਾਵਨ ਹੋਵੇ, ਪਰ ਜਿਸ ਨੇ ਪ੍ਰਗਤੀਸ਼ੀਲ ਸਮਾਜਿਕ ਚੇਤਨਾ ਦੀ ਪੱਧਰ ਪ੍ਰਾਪਤ ਨਹੀਂ ਕੀਤੀ ਹੁੰਦੀ।

? : **ਤੁਹਾਡੇ ਖ਼ਿਆਲ ਵਿਚ, ਕਿਹੜੇ ਲੱਛਣ ਹਨ ਜਿਨ੍ਹਾਂ ਕਰਕੇ ਪੱਛਮੀ ਕਲਾ ਨੂੰ ਖੜੋਤ-ਮਾਰੀ ਤੇ ਬੁਰਜੁਆ ਆਖਿਆ ਜਾਂਦਾ ਹੈ?**

– : ਸਭ ਤੋਂ ਪਹਿਲਾਂ ਮੈਨੂੰ ਇਹ ਆਖਣ ਦੀ ਇਜਾਜ਼ਤ ਦਿਉ ਕਿ ਅਸੀਂ ਇਸ ਤਰ੍ਹਾਂ ਕਦੇ ਨਹੀਂ ਸੋਚਿਆ ਕਿ ਸਾਰੀ ਪੱਛਮੀ ਕਲਾ ਨਿੱਘਰੀ ਤੇ ਬੁਰਜੁਆ ਹੈ। ਉਹ ਕਲਾ ਜੋ ਯਥਾਰਥਵਾਦੀ ਤੇ ਸੇਧ ਵਿਚ ਸਮਾਜਵਾਦੀ ਹੈ। ਉਹ ਪੱਛਮ ਵਿਚ ਸਫਲਤਾਪੂਰਵਕ ਵਿਕਾਸ ਕਰ ਰਹੀ ਹੈ। ਜਿੱਥੋਂ ਤੀਕ ਖੜੋਤ-ਮਾਰੀ ਤੇ ਬੁਰਜੁਆ ਕਲਾ ਦੇ ਲੱਛਣ ਦੀ ਗੱਲ ਹੈ, ਮੇਰੀ ਸੋਚ ਅਨੁਸਾਰ ਉਹ ਲੱਛਣ ਇਹ ਹਨ, ਮਨੁੱਖ ਦੀ ਹਾਰ ਅਤੇ ਆਪਣੀ ਰਚਨਾਤਮਿਕ ਸ਼ਕਤੀ ਵਿਚ ਵਿਸ਼ਵਾਸ ਦੀ ਘਾਟ, ਹਾਂ-ਪੱਖੀ ਨਾਇਕ ਦਾ ਖਾਤਮਾ, ਬੇਅੰਤ ਸ਼ੰਕਾਵਾਦ, ਨਿਰਾਸਤਾਵਾਦ ਤੇ ਸਣਕੀਪੁਣਾ, ਆਮ ਲੋਕਾਂ ਲਈ ਤ੍ਰਿਸਕਾਰ, ਬੰਦੇ ਨੂੰ ਖਪਤਕਾਰ ਵਜੋਂ ਤੱਕਣਾ, ਨਸਲਵਾਦ ਤੇ ਨਿੱਘਰੇ ਹੋਏ ਪਾਠਕ ਦੀਆਂ ਪਸ਼ੂ-ਪ੍ਰਵਿਰਤੀਆਂ ਤੇ ਸਵਾਦਾਂ ਨੂੰ ਤ੍ਰਿਪਤ ਕਰਨ ਲਈ, ਨੰਗੇਜਵਾਦ ਕਲਾ ਤੇ ਸਾਹਿਤ ਦਾ ਧੰਦੇ ਤੇ ਮੁਨਾਫਾਖੋਰੀ ਉੱਤੇ ਨਿਰਭਰ ਹੋ ਜਾਣਾ।

? : **ਕੀ ਤੁਹਾਡੇ ਦੇਸ਼ ਵਿਚ ਕਲਾ ਤੇ ਖੇਤਰ ਵਿਚ ਵੱਖ-ਵੱਖ ਵਿਚਾਰਾਂ ਤੇ ਰੁਚੀਆਂ ਨੂੰ ਪ੍ਰਗਟ ਕਰਨਾ ਸੰਭਵ ਹੈ? ਜੇ ਇੰਝ ਹੈ ਤਾਂ ਉਹ ਕਿਹੜੇ ਵਿਚਾਰ ਤੇ ਰੁਚੀਆਂ ਹਨ?**

– : ਸੋਵੀਅਤ ਯੂਨੀਅਨ ਦੀ ਕਲਾ ਤੇ ਸਾਹਿਤ ਬਹੁ-ਕੌਮੀ ਤੇ ਬਹੁ-ਭਾਂਤੀ ਹੈ ਅਤੇ ਇਹ ਹਰ ਤਰ੍ਹਾਂ ਦੀ ਵੰਨਗੀ ਤੇ ਰੁਝਾਨਾਂ ਵਾਲੇ ਕਲਾ ਦੇ ਮਾਹਿਰਾਂ ਦੀਆਂ ਰੁਚੀਆਂ ਅਤੇ ਵਿਚਾਰਾਂ ਨੂੰ ਪ੍ਰਗਟ ਕਰਦੀ ਹੈ। ਸਾਰਾ ਮਸਲਾ ਕਲਾਕਾਰ ਦੇ ਸੰਸਾਰ-ਦ੍ਰਿਸ਼ਟੀਕੋਣ ਦਾ ਹੈ। ਜੇ ਇਹ ਦ੍ਰਿਸ਼ਟੀਕੋਣ, ਸਮਾਜ ਦੇ ਬਹੁ-ਗਿਣਤੀ ਦੇ ਆਦਰਸ਼ਾਂ ਤੇ ਸੰਸਾਰ-ਦ੍ਰਿਸ਼ਟੀ ਕੋਣ ਦੇ ਮੁਕੰਮਲ ਤੌਰ ਤੇ ਉਲਟ ਹੈ ਤਾਂ ਇਹ ਨਿਸ਼ਚੇ ਹੀ, ਉਹਨਾਂ ਦੇ ਟਕਰਾ



ਵਿਚ ਆਵੇਗਾ।

? : **ਕੀ ਕੋਈ ਜਣਾ ਬੁਰਜੁਆ ਕਲਾ ਕੋਲੋਂ ਕੁਝ ਸਿੱਖ ਸਕਦਾ ਹੈ, ਜਾਂ ਕਿ ਇਹ ਸਮੁੱਚੇ ਤੌਰ ਤੇ ਇੱਕ-ਵੱਢਿਓਂ ਹੀ ਰੱਦਣ ਦੇ ਕਾਬਲ ਹੈ?**

– : ਅਸੀਂ ਬੁਰਜੂਆ ਦੇਸ਼ਾਂ ਦੀ ਕਲਾ ਨੂੰ ਕਦੇ ਵੀ ਸਮੁੱਚੇ ਤੌਰ ਤੇ ਬੁਰਜੂਆ ਕਲਾ ਨਹੀਂ ਸਮਝਿਆ। ਪੂੰਜੀਵਾਦੀ ਦੇਸ਼ਾਂ ਵਿਚ ਵੀ ਕਈ ਵੱਖਰੇ-ਵੱਖਰੇ ਝੁਕਾਅ, ਸਾਹਿਤ ਤੇ ਕਲਾ ਦੇ ਖੇਤਰ ਵਿਚ ਹਨ। ਜਿਵੇਂ ਕਈ ਝੁਕਾਅ ਹਨ, ਜਿਹੜੇ ਕਲਾ ਦੇ ਸਿਰਕੱਢ ਪ੍ਰਤੀਨਿਧਾਂ ਦੇ ਹਨ ਤੇ ਜਿਹਨਾਂ ਕੋਲੋਂ ਅਸੀਂ ਬੜਾ ਕੁਝ ਸਿੱਖ ਸਕਦੇ ਹਾਂ। ਕਲਾ ਵਿਚ ਲੋਕ-ਰਾਜੀ ਝੁਕਾ ਦੀ ਪ੍ਰਤੀਨਿਧਤਾ ਕਰਦੇ ਹੋਏ, ਉਹ ਕਲਾਤਮਿਕ ਹੁਨਰ ਦਾ ਪ੍ਰਗਟਾਵਾ ਕਰਦੇ ਹਨ, ਇਤਿਹਾਸ ਦੀ ਡੂੰਘੀ ਸਮਝਦਾਰੀ ਦੇ ਸੂਚਕ ਹਨ, ਉਹਨਾਂ ਦੀਆਂ ਮਨੁੱਖਵਾਦੀ ਤਾਂਘਾਂ ਹਨ ਤੇ ਅਸਲੀ ਜੀਵਨ ਦੀ ਡੂੰਘੀ ਸਮਝ ਹੈ। ਜੋ ਉਹ ਕਲਾ ਤੇ ਸਾਹਿਤ ਦੀਆਂ ਕਿਰਤਾਂ ਵਿਚ ਪ੍ਰਗਟ ਕਰਦੇ ਹਨ।

? : **ਤੁਸੀਂ ਰਚਨਾਤਮਿਕ ਆਜ਼ਾਦੀ ਦੇ ਸੰਕਲਪ ਨੂੰ ਕੀ ਸਮਝਦੇ ਹੋ? ਤੁਸੀਂ ਅਸੀਮ ਰਚਨਾਤਮਿਕ ਆਜ਼ਾਦੀ ਦੇ ਪੱਛਮੀ ਸੰਕਲਪ ਨੂੰ ਕਿਵੇਂ ਲੈਂਦੇ ਹੋ?**

– : ਕਲਾਕਾਰ ਉਦੋਂ ਹੀ ਆਜ਼ਾਦ ਹੈ, ਜਦੋਂ ਉਹ ਜੀਉਂਦੀਆਂ ਅਤੇ ਇਤਿਹਾਸ ਦੀਆਂ ਰਚਨਾਤਮਿਕ ਸ਼ਕਤੀਆਂ ਨਾਲ ਕੁਦਰਤੀ ਸੰਪਰਕ ਵਿਚ ਰਹਿ ਕੇ ਰਚਨਾ ਕਰਦਾ ਹੈ ਤੇ ਜਦੋਂ ਉਸਦਾ ਹੁਨਰ ਤੇ ਸੰਸਾਰ ਦ੍ਰਿਸ਼ਟੀਕੋਣ ਬੁਨਿਆਦੀ ਤੌਰ ਤੇ ਸਮਾਜ ਦੇ ਪ੍ਰਗਤੀਸ਼ੀਲ ਆਦਰਸ਼ਾਂ ਤੇ ਪ੍ਰਮੁੱਖ ਤਾਂਘਾਂ ਨਾਲ ਮੇਲ ਖਾਂਦਾ ਹੈ।

ਕਦੇ ਵੀ ਅਸੀਮ ਰਚਨਾਤਮਿਕ ਸਵਤੰਤਰਤਾ ਨਹੀਂ ਹੁੰਦੀ, ਸ਼ਾਇਦ ਸਿਵਾਏ ਪਬਲਿਕ ਦੀ ਦ੍ਰਿਸ਼ਟੀ ਦੇ ਖੇਤਰ ਤੋਂ ਬਾਹਰ। ਪੱਛਮ ਵਿਚ, ਕਲਾਕਾਰ ਸਮਾਜੀ ਪ੍ਰਬੰਧ ਦੇ ਦਬਾਅ ਹੇਠ ਹੁੰਦਾ ਹੈ, ਜਿਸ ਨਾਲ ਉਹ ਅਸਹਿਮਤ ਹੋ ਸਕਦਾ ਹੈ, ਪਰ ਜਿਸ ਉੱਤੇ ਉਹ ਪੂਰੀ ਤਰ੍ਹਾਂ ਨਿਰਭਰ ਹੈ। ਕਲਾਕਾਰਾਂ ਦੀ ਹੋਣੀ, ਖ਼ਾਸ ਤੌਰ ਤੇ ਨੌਜਵਾਨਾਂ ਦੀ, ਉਹਨਾਂ ਲੋਕਾਂ ਦੇ ਸੁਆਦਾਂ ਤੇ ਰਾਜਸੀ ਵਿਚਾਰਾਂ ਉੱਤੇ ਨਿਰਭਰ ਹੈ, ਜਿਹੜੇ ਉਹਨਾਂ ਨੂੰ ਆਪਣੇ ਮੁਨਾਫੇ ਲਈ ਵਰਤਦੇ ਹਨ। ਇਹ ਸਥਿਤੀ ਕਲਾਕਾਰ ਨੂੰ ਜਾਂ ਤੋੜ ਸੁੱਟਦੀ ਹੈ ਜਾਂ ਉਹ ਉਸਦੇ ਅਨੁਸਾਰੀ ਹੋ ਜਾਂਦਾ ਹੈ ਤੇ ਜਾਂ ਫਿਰ ਗੁੰਮਨਾਮੀ ਵਿਚ ਮਰ ਜਾਂਦਾ ਹੈ। ਪ੍ਰਵਾਨਗੀ ਅਤੇ ਹੋਂਦ ਲਈ, ਕਲਾਕਾਰ ਦਾ ਸੰਘਰਸ਼, ਸਮਾਜ ਦੇ ਕੰਟਰੋਲ ਤੋਂ ਬਾਹਰ ਹੁੰਦਾ ਹੈ ਅਤੇ ਸਮਾਜ ਦੇ ਉਸਦਾ ਸਮਰਥਨ ਕਰਨ ਦੀ ਚਾਹਤ ਨਾਲੋਂ ਅਸਬੰਧਿਤ ਹੁੰਦਾ ਹੈ। ਪੱਛਮ ਵਿਚ, ਕਲਾਕਾਰ ਐਸੀ ਵਸਤੂ ਹੈ, ਜਿਸ ਨੂੰ ਮਹਿੰਗੇ ਪ੍ਰਚਾਰ ਦੀ ਲੋੜ ਹੁੰਦੀ ਹੈ। ਜੇ ਇਹ ਵਸਤੂ ਮੁਨਾਫਾ ਦਿੰਦੀ ਹੈ, ਤਾਂ ਖਪਤਕਾਰ ਇਸ ਉੱਤੇ ਟੁੱਟ ਕੇ ਪੈ ਜਾਣਗੇ ਤੇ ਇਹ ਇਸ਼ਤਿਹਾਰਬਾਜ਼ੀ ਦੇ ਖਿੱਚੇ ਆਉਣਗੇ। ਇਸ ਦੀ ਇੱਕ ਮਿਸਾਲ ਲੇਖਕ ਹੈਨਰੀ ਮਿਲਰ ਹੈ। ਜੋ ਅਮਰੀਕਾ ਦੀਆਂ ਕਲਾਵਾਂ ਦੀ ਅਕਾਦਮੀ ਦਾ ਮੈਂਬਰ ਹੈ ਤੇ ਉਸਦੀ ਪੁਸਤਕ 'ਟਰਾਪਿਕ-ਆਫ਼-ਕੈਂਸਰ' ਦੀ ਹੋਣੀ। ਕਲਾ ਤੇ ਸਾਹਿਤ ਦੇ ਸਭ ਖੇਤਰਾਂ ਦੀਆਂ ਅਜਿਹੀਆਂ ਅਣਗਿਣਤ ਮਿਸਾਲਾਂ ਹਨ। (1969)

**(On Whose Side, Are You, Masters of Culture) ਵਿਚੋਂ ਅੰਗਰੇਜ਼ੀ ਚੋਂ ਅਨੁਵਾਦ**

# ਤੇਜ਼ ਤੇ ਬੁਨਿਆਦੀ ਤਬਦੀਲੀ ਦੇ ਦੌਰ ਕਦੇ ਵੀ ਸਾਹਿਤ ਲਈ ਮੁਆਫ਼ਕ ਨਹੀਂ ਹੁੰਦੇ

ਅਲੈਗਜ਼ਾਂਦਰ ਸੋਲਜ਼ੇਨਿਤਸਨ ਸੋਵੀਅਤ ਸਮਾਜਵਾਦੀ ਪ੍ਰਬੰਧ ਦਾ ਵੱਡਾ ਨਿੰਦਕ ਤੇ ਆਲੋਚਕ ਸੀ। ਉਸਨੇ ਸਟਾਲਿਨ ਵੇਲੇ ਦੇ ਵਗਾਰ-ਕੈਂਪਾਂ ਦੇ ਦੁੱਖਦਾਈ ਜੀਵਨ ਬਾਰੇ ਕਈ ਨਾਵਲ ਲਿਖੇ ਸਨ। ਸ਼ਾਇਦ ਇਸੇ ਕਾਰਨ ਹੀ ਉਸਨੂੰ ਨੋਬਲ ਪੁਰਸਕਾਰ ਦਿੱਤਾ ਗਿਆ ਸੀ। ਸੋਵੀਅਤ-ਪ੍ਰਬੰਧ ਦੇ ਟੁੱਟਣ ਸਾਰ ਹੀ ਸੋਲਜ਼ੇਨਿਤਸਨ ਦਾ ਜ਼ਿਕਰ ਵੀ ਹਾਸ਼ੀਏ ਤੋਂ ਬਾਹਰ ਚਲਾ ਗਿਆ ਸੀ।

ਹਥਲਾ ਇੰਟਰਵਿਊ ਕ੍ਰਿਸਟੀਅਨ ਕੀਫ ਅਤੇ ਮਾਥੀਆਸ ਸਚੈਪ ਦਾ ਕੀਤਾ ਹੋਇਆ ਹੈ। ਇਹ ਅੰਗਰੇਜ਼ੀ ਟ੍ਰਿਬਿਊਨ ਦੀ 17-8-08 ਦੀ ਅਖਬਾਰ ਵਿਚੋਂ ਲੈ ਕੇ ਧੰਨਵਾਦ ਸਹਿਤ ਅਨੁਵਾਦ ਕੀਤਾ ਗਿਆ ਹੈ। ਰੂਸੀ ਨਾਵਲਕਾਰ ਦਾ ਇਹ ਮੌਤ ਤੋਂ ਪਹਿਲਾਂ ਦਾ ਸ਼ਾਇਦ ਆਖ਼ਰੀ ਇੰਟਰਵਿਊ ਸੀ।

? : **ਆਪਣੀ ਪੁਸਤਕ 'ਮੇਰੇ ਅਮਰੀਕਣ ਸਾਲ' ਵਿਚ ਤੁਸੀਂ ਚੇਤੇ ਕਰਦੇ ਹੋਏ ਆਖਦੇ ਹੋ ਕਿ ਤੁਸੀਂ ਜੰਗਲ ਵਿਚ ਤੁਰਦੇ ਸਮੇਂ ਵੀ ਲਿਖਦੇ ਰਹਿੰਦੇ ਹੁੰਦੇ ਸੀ?**

\- : ਜਦੋਂ ਮੈਂ ਗੁਲਾਗ ਵਿਚ ਸੀ, ਤਾਂ ਕਈ ਵਾਰ ਮੈਂ ਪੱਥਰ ਦੀਆਂ ਕੰਧਾਂ ਉੱਤੇ ਵੀ ਲਿਖਿਆ ਸੀ। ਮੈਂ ਕਾਗਜ਼ ਦੇ ਟੋਟਿਆਂ ਉੱਤੇ ਵੀ ਲਿਖਿਆ ਕਰਦਾ ਸੀ। ਫਿਰ ਮੈਂ ਜੋ ਲਿਖਿਆ ਹੁੰਦਾ, ਉਹ ਯਾਦ ਕਰ ਲੈਂਦਾ ਤੇ ਟੁਕੜਿਆਂ ਨੂੰ ਤਬਾਹ ਕਰ ਦਿੰਦਾ ਸੀ।

? : **ਆਪਣੀ ਸਾਰੀ ਜ਼ਿੰਦਗੀ ਤੁਸੀਂ ਅਧਿਕਾਰੀਆਂ ਨੂੰ ਗੁਲਾਗ ਤੇ ਕਮਿਊਨਿਸਟ ਖੌਫ਼ ਦੇ ਲੱਖਾਂ ਹੀ ਪੀੜਤਾਂ ਬਾਰੇ ਪਸ਼ਚਾਤਾਪ ਕਰਨ ਲਈ ਦੁਹਾਈ ਦਿੰਦੇ ਰਹੇ ਹੋ। ਕੀ ਉਹ ਦੁਹਾਈ ਸੁਣੀ ਗਈ ਸੀ?**

\- : ਮੈਂ ਇਸ ਗੱਲ ਦਾ ਆਦੀ ਹੋ ਗਿਆ ਸੀ ਕਿ ਅਜੋਕੇ ਸਿਆਸਤਦਾਨਾਂ ਲਈ ਸ਼ਰੇਆਮ ਪਛਤਾਵਾ ਕਰਨਾ ਸਭ ਤੋਂ ਅਪ੍ਰਵਾਨ ਯੋਗ ਰਾਹ ਸੀ।

? : **ਤੇ ਨਿਰਾਸ਼ਤਾ ਦੇ ਛਿਣਾਂ ਵਿਚ ਵੀ ਤੁਹਾਡੀ ਸ਼ਕਤੀ ਕੀ ਤੁਹਾਡਾ ਸਾਥ ਛੱਡ ਨਹੀਂ ਸੀ ਜਾਂਦੀ?**

\- : ਹਾਂ, ਮੈਂ ਕਈ ਵਾਰ ਸੋਚਦਾ ਸੀ ਕਿ ਕੁਝ ਵੀ ਸਿੱਟਾ ਨਿਕਲੇ, ਜੋ ਹੁੰਦਾ ਹੋਣ ਦਿਓ। ਤੇ ਫਿਰ ਸਾਰੀਆਂ ਗੱਲਾਂ ਠੀਕ ਹੋ ਜਾਂਦੀਆਂ ਸਨ। ਇੰਝ ਲੱਗਦਾ ਸੀ ਕਿ ਕੋਈ ਚੰਗੀ ਗੱਲ ਹੋ ਰਹੀ ਹੈ।



? : **ਪੁਤਿਨ (ਉਦੋਂ ਰਾਸ਼ਟਰਪਤੀ ਸੀ) ਆਖਦਾ ਹੈ ਸੋਵੀਅਤ ਯੂਨੀਅਨ ਦਾ ਡਿੱਗਣਾ ਵੀਹਵੀਂ ਸਦੀ ਦੀ ਸਭ ਤੋਂ ਵੱਡੀ ਭੂਗੋਲਿਕ-ਰਾਜਸੀ ਬਰਬਾਦੀ ਸੀ ਤੇ ਹੁਣ ਵੇਲਾ ਹੈ ਕਿ ਬੀਤ ਗਏ ਦੀ ਪੀੜਾ ਸਹਿਣ ਦੀ ਚਿੰਤਾ ਨੂੰ ਖ਼ਤਮ ਕਰ ਦਿੱਤਾ ਜਾਵੇ। ਕੀ ਇਸ ਨਾਲ ਉਹਨਾਂ ਲੋਕਾਂ ਨੂੰ ਸਹਾਇਤਾ ਨਹੀਂ ਮਿਲਦੀ ਜੋ ਲੋਕਾਂ ਨੂੰ ਕਹਿ ਰਹੇ ਸਨ ਕਿ ਸੋਵੀਅਤ ਬੀਤੇ ਨੂੰ ਭੁਲਾ ਦਿੱਤਾ ਜਾਵੇ?**

\- : ਸਾਰੇ ਸੰਸਾਰ ਵਿਚ ਇਸ ਗੱਲ ਉੱਤੇ ਚਿੰਤਾ ਹੈ ਕਿ ਸੰਸਾਰ ਦੀ ਸਭ ਤੋਂ ਵੱਡੀ ਸ਼ਕਤੀ ਹੋਣ ਦੇ ਅਮਰੀਕਾ ਦੇ ਇਸ ਰੋਲ ਨੂੰ ਉਹ ਕਿਵੇਂ ਵਰਤੇਗਾ, ਜੋ ਇਸ ਭੂਗੋਲਿਕ-ਰਾਜਨੀਤਕ ਤਬਦੀਲੀ ਕਾਰਨ ਬਣਿਆ ਹੈ। ਜਿੱਥੋਂ ਤੀਕ 'ਬੀਤ ਗਏ ਨੂੰ ਚੇਤੇ ਕਰਨ ਦਾ ਸਵਾਲ ਹੈ, ਇਹ 'ਸੋਵੀਅਤ ਅਤੇ ਰੂਸੀ' ਦੇ ਮੇਲ ਦੀ ਗੱਲ, ਜਿਸ ਬਾਰੇ ਮੈਂ 1970 ਤੋਂ ਕਈ ਵਾਰ ਗੱਲ ਕਰ ਚੁੱਕਾ ਹਾਂ, ਇਹ ਗੱਲ ਪੱਛਮ ਵਿਚ ਜਾਂ ਸਾਬਕਾ ਸਮਾਜਵਾਦੀ ਦੇਸ਼ਾਂ ਤੇ ਜਾਂ ਫਿਰ ਸਾਬਕਾ ਸੋਵੀਅਤ ਗਣਰਾਜਾਂ ਦੀ ਗੱਲ ਖ਼ਤਮ ਨਹੀਂ ਹੋਈ। ਕਮਿਊਨਿਸਟ ਦੇਸ਼ਾਂ ਦੀ ਬਿਰਧ ਰਾਜਸੀ ਪੀੜ੍ਹੀ ਪਛਤਾਵੇ ਲਈ ਤਿਆਰ ਨਹੀਂ ਹੈ। ਜਦਕਿ ਨਵੀਂ ਪੀੜ੍ਹੀ ਆਪਣੇ ਦੁੱਖ ਦੱਸਣ ਦੇ ਇਲਜ਼ਾਮ ਲਾਉਣ ਲਈ ਬੜੇ ਬੇਸਬਰੇ ਹਨ ਤੇ ਉਹ ਹੁਣ ਦੇ ਮਾਸਕੋ ਨੂੰ ਆਸਾਨ ਨਿਸ਼ਾਨਾ ਬਣਾ ਲੈਂਦੇ ਹਨ। ਉਹ ਇੰਝ ਵਿਹਾਰ ਕਰਦੇ ਹਨ ਜਿਵੇਂ ਕਿ ਉਹਨਾਂ ਨੇ ਬੜੀ ਸੂਰਮਤਾਈ ਨਾਲ ਆਪਣੇ ਆਪ ਨੂੰ ਮੁਕਤ ਕਰਵਾ ਲਿਆ ਹੈ ਤੇ ਹੁਣ ਉਹ ਨਵੀਂ ਜ਼ਿੰਦਗੀ ਜੀ ਰਹੇ ਹਨ। ਜਦਕਿ ਮਾਸਕੋ ਅਜੇ ਵੀ ਕਮਿਊਨਿਸਟ ਹੈ। ਫਿਰ ਵੀ ਮੈਂ ਇਹ ਆਸ ਕਰਨ ਦੀ ਦਲੇਰੀ ਕਰਦਾ ਹਾਂ ਕਿ ਇਹ ਗੈਰ-ਸਿਹਤਮੰਦ ਪੜਾਅ ਛੇਤੀ ਹੀ ਖ਼ਤਮ ਹੋ ਜਾਵੇਗਾ ਤੇ ਉਹ ਸਾਰੇ ਲੋਕ ਜਿਹਨਾਂ ਕਮਿਊਨਿਜ਼ਮ ਅਧੀਨ ਦਿਨ ਬਿਤਾਏ ਹਨ, ਇਹ ਸਮਝ ਜਾਣਗੇ ਕਿ ਉਹਨਾਂ ਦੇ ਇਤਿਹਾਸ ਦੇ ਕੌੜ-ਕੜਵੇ ਪੰਨਿਆਂ ਲਈ ਸਾਮਵਾਦ ਹੀ ਜ਼ਿੰਮੇਵਾਰ ਸੀ।

? : **ਆਪਣੇ ਗੁਨਾਹ ਨੂੰ ਮੰਨ ਲੈਣ ਦਾ ਅਰਥ ਇਹ ਮੰਨ ਲੈਣਾ ਹੁੰਦਾ ਹੈ ਕਿ ਆਦਮੀ ਦੇ ਆਪਣੇ ਬੀਤੇ ਸਮੇਂ ਬਾਰੇ ਉਸ ਕੋਲ ਕਾਫ਼ੀ ਜਾਣਕਾਰੀ ਹੈ। ਪਰ ਇਤਿਹਾਸਕਾਰ ਸ਼ਿਕਾਇਤ ਕਰ ਰਹੇ ਹਨ ਕਿ ਮਾਸਕੋ ਦਾ ਪੁਰਾਤੱਤਵ ਵਿਭਾਗ 1990 ਦੇ ਟਾਕਰੇ ਉੱਤੇ ਹੁਣ ਲੋਕਾਂ ਦੀ ਪਹੁੰਚ ਵਿਚ ਨਹੀਂ ਹੈ।**

\- : ਇਹ ਇੱਕ ਜਟਿਲ ਮੁੱਦਾ ਹੈ। ਇਸ ਵਿਚ ਸੰਦੇਹ ਨਹੀਂ ਕਿ ਪਿਛਲੇ ਵੀਹਾਂ ਸਾਲਾਂ ਵਿਚ ਰੂਸ ਦੇ ਪੁਰਾਤੱਤਵ ਵਿਭਾਗ ਵਿਚ ਕ੍ਰਾਂਤੀ ਵਾਪਰੀ ਹੈ। ਹਜ਼ਾਰਾਂ ਹੀ ਫਾਈਲਾਂ ਖੋਲ੍ਹ ਦਿੱਤੀਆਂ ਗਈਆਂ ਹਨ ਅਤੇ ਹੁਣ ਹਜ਼ਾਰਾਂ ਹੀ ਗੁਪਤ ਦਸਤਾਵੇਜ਼ਾਂ ਖੋਜੀਆਂ

ਦੀ ਪਹੁੰਚ ਵਿਚ ਹਨ। ਸੈਂਕੜੇ ਹੀ ਉਹ ਖੋਜ-ਨਿਬੰਧ, ਜੋ ਇਹਨਾਂ ਦਸਤਾਵੇਜ਼ਾਂ ਨੂੰ ਬਾਹਰ ਲਿਆਉਂਦੇ ਹਨ ਜਾਂ ਛਪ ਗਏ ਹਨ ਤੇ ਜਾਂ ਛਪਣ ਦੀ ਤਿਆਰ ਅਧੀਨ ਹਨ।

1990 ਦੇ ਗੁਪਤ ਦਸਤਾਵੇਜ਼ਾਂ ਤੋਂ ਬਿਨਾਂ, ਹੋਰ ਬਹੁਤ ਸਾਰੇ ਦਸਤਾਵੇਜ਼ ਛਪ ਗਏ ਹਨ, ਜੋ ਗੁਪਤ ਪ੍ਰਕਿਰਿਆ ਵਿਚ ਦੀ ਲੰਘੇ ਹਨ। ਦਮਿੱਤਰੀ ਵੋਲਕੋਗੋਨੋਵ, ਜੋ ਸੈਨਾ ਦਾ ਇਤਿਹਾਸਕਾਰ ਹੈ ਤੇ ਅਲੈਗਜ਼ਾਂਦਰ ਯੈਕੋਵਲੇਵ, ਜੋ ਪੋਲਟ-ਬਿਊਰੋ ਦਾ ਸਾਬਕਾ ਮੈਂਬਰ ਹੈ, ਇਹਨਾਂ ਲੋਕਾਂ ਦਾ ਕਾਫੀ ਪ੍ਰਭਾਵ ਹੈ ਤੇ ਕਿਸੇ ਵੀ ਫਾਈਲ ਤੀਕਰ ਪਹੁੰਚ ਕਰਨ ਲਈ ਇਹਨਾਂ ਦਾ ਅਧਿਕਾਰ ਹੈ ਤੇ ਸਮਾਜ ਉਹਨਾਂ ਦੀਆਂ ਕੀਮਤੀ ਪ੍ਰਕਾਸ਼ਨਾਵਾਂ ਲਈ ਦੇਣਦਾਰ ਹੈ।

ਜਿੱਥੋਂ ਤੀਕ ਪਿਛਲੇ ਸਾਲਾਂ ਦਾ ਸਬੰਧ ਹੈ, ਕੋਈ ਜਵਾਬ ਵੀ ਗੁਪਤ ਰਿਕਾਰਡ ਪ੍ਰਕਿਰਿਆ ਨੂੰ ਉਲੰਘ ਨਹੀਂ ਸਕਿਆ। ਬਦਕਿਸਮਤੀ ਨਾਲ ਇਹ ਪ੍ਰਕਿਰਿਆ ਬੰਦੇ ਦੀ ਇੱਛਾ ਦੇ ਉਲਟ, ਦੇਰੀ ਲਾਉਂਦੀ ਹੈ। ਫਿਰ ਵੀ ਦੇਸ਼ ਦੇ ਸਭ ਤੋਂ ਮਹੱਤਵਪੂਰਨ ਪੁਰਾਤੱਤਵ ਵਿਭਾਗ, "ਦਾ ਨੈਸ਼ਨਲ ਆਰਕਾਈਵਜ਼ ਆਫ਼ ਰੱਸ਼ੀਅਨ ਫੈਡਰੇਸ਼ਨ (GARF)" 1990 ਜਿੰਨਾ ਹੀ ਹੁਣ ਵੀ ਪਹੁੰਚ ਵਿਚ ਹੈ। FSB ਨੇ ਇੱਕ ਲੱਖ ਕਰੀਮੀਨਲ ਇਨਵੈਸਟੀਗੇਸ਼ਨ ਮਸੌਦੇ GARF ਨੂੰ 1990 ਤੀਕ ਭੇਜੇ ਸਨ।

? : **90 ਸਾਲ ਪਹਿਲਾਂ ਰੂਸ ਨੂੰ ਫਰਵਰੀ ਕ੍ਰਾਂਤੀ ਨੇ ਹਲੂਣਾ ਦਿੱਤਾ ਸੀ ਤੇ ਫਿਰ ਅਕਤੂਬਰ ਇਨਕਲਾਬ ਨੇ। ਇਹ ਘਟਨਾਵਾਂ ਤੁਹਾਡੀਆਂ ਲਿਖਤਾਂ ਵਿਚ ਕੇਂਦਰੀ-ਭਾਵ ਵਜੋਂ ਚਲਦੀਆਂ ਹਨ। ਕੁਝ ਮਹੀਨੇ ਪਹਿਲਾਂ ਤੁਸੀਂ ਆਪਣੇ ਥੀਸਿਸ ਨੂੰ ਦੁਬਾਰਾ ਦ੍ਰਿੜ ਕੀਤਾ ਸੀ ਕਿ ਕਮਿਊਨਿਜ਼ਮ ਪਹਿਲੇ ਰੂਸੀ ਰਾਜ-ਪ੍ਰਬੰਧ ਦਾ ਸਿੱਟਾ ਨਹੀਂ ਸੀ ਕਿ ਬਾਲਸ਼ਵਿਕ ਇਨਕਲਾਬ 1917 ਵਿਚ ਕਰੰਸਕੀ ਦੇ ਮਾੜੇ ਰਾਜ-ਪ੍ਰਬੰਧ ਕਾਰਨ ਸੰਭਵ ਹੋਇਆ ਸੀ। ਜੇ ਕੋਈ ਜਣਾ ਸੋਚਣ ਦੇ ਇਸੇ ਹੀ ਰਾਹ ਤੁਰੇ ਤਾਂ ਫਿਰ ਲੈਨਿਨ ਇੱਕ ਘਟਨਾ ਦੀ ਉਪਜ ਬਣਦਾ ਹੈ, ਜਿਹੜਾ ਰੂਸ ਵਿਚ ਪਹੁੰਚਣ ਵਿਚ ਸਫਲ ਹੋਇਆ ਹੈ ਤੇ ਜਰਮਨੀ ਦੀ ਸਹਾਇਤਾ ਨਾਲ ਤਾਕਤ ਉੱਤੇ ਕਾਬਜ਼ ਹੋ ਗਿਆ। ਕੀ ਅਸੀਂ ਤੁਹਾਨੂੰ ਠੀਕ-ਠੀਕ ਸਮਝ ਲਿਆ ਹੈ?**

– : ਨਹੀਂ, ਸਿਰਫ਼ ਅਸਾਧਾਰਨ ਸਖ਼ਸ਼ ਹੀ ਮਿਲੇ ਮੌਕੇ ਨੂੰ ਯਥਾਰਥ ਵਿਚ ਬਦਲ ਸਕਦਾ ਹੈ। ਲੈਨਿਨ ਤੇ ਤਰਾਤਸਕੀ ਅਤਿ ਤੇ ਚੁਸਤ ਵਿਅਕਤੀ ਤੇ ਧੜੱਲੇਦਾਰ ਆਗੂ ਸਨ ਜਿਨ੍ਹਾਂ ਨੇ ਕੇਰੰਸਕੀ-ਸਰਕਾਰ ਦੀ ਕਮਜ਼ੋਰੀ ਨੂੰ ਥੋੜ੍ਹੇ ਸਮੇਂ ਵਿਚ ਵਰਤਣ ਦਾ ਪ੍ਰਬੰਧ ਕਰ ਲਿਆ, ਪਰ ਮੈਨੂੰ ਆਗਿਆ ਦਿਉ ਕਿ ਮੈਂ ਤੁਹਾਡੀ ਰਾਏ ਨੂੰ ਦਰੁੱਸਤ ਕਰ ਸਕਾਂ।



'ਅਕਤੂਬਰ ਇਨਕਲਾਬ' ਬਾਲਸ਼ਵਿਕ ਜੇਤੂਆਂ ਦਾ ਘੜਿਆ ਹੋਇਆ ਮਿੱਥ ਹੈ, ਜਿਸ ਨੂੰ ਪੱਛਮ ਦੇ ਪ੍ਰਗਤੀਸ਼ੀਲ ਹਲਕਿਆਂ ਨੇ ਪੂਰਾ-ਪੂਰਾ ਹਜ਼ਮ ਕਰ ਲਿਆ। 25 ਅਕਤੂਬਰ 1917 ਨੂੰ ਇੱਕ 24 ਘੰਟੇ ਦਾ ਰਾਜ-ਪਲਟਾ ਪੀਟਰੋਗਰਾਡ ਵਿਚ ਹੋਇਆ। ਇਸ ਨੂੰ ਬੜੀ ਯੋਗਤਾ ਨਾਲ ਪੂਰੀ ਤਰ੍ਹਾਂ ਟਰਾਤਸਕੀ ਨੇ ਹੀ ਯੋਜਨਾਬੱਧ ਕੀਤਾ ਸੀ। ਲੈਨਿਨ ਗੱਦਾਰੀ ਦੇ ਦੋਸ਼ ਤੋਂ ਬਚਣ ਲਈ ਛੁਪਿਆ ਹੋਇਆ ਸੀ। ਜਿਸਨੂੰ ਅਸੀਂ 1917 ਦਾ ਰੂਸੀ ਇਨਕਲਾਬ ਆਖਦੇ ਹਾਂ, ਉਹ ਫਰਵਰੀ ਦਾ ਇਨਕਲਾਬ ਸੀ।

ਇਸ ਇਨਕਲਾਬ ਨੂੰ ਕਰਨ ਵਾਲੇ ਸੋਮੇ ਰੂਸ ਦੇ ਇਨਕਲਾਬ ਤੋਂ ਪਹਿਲਾਂ ਦੀ ਸਥਿਤੀ ਵਿਚ ਸਨ ਤੇ ਮੈਂ ਕਦੇ ਵੀ ਇਸ ਤੋਂ ਉਲਟ ਨਹੀਂ ਆਖਿਆ। ਫਰਵਰੀ ਦੇ ਇਨਕਲਾਬ ਦੀਆਂ ਜੜ੍ਹਾਂ ਡੂੰਘੀਆਂ ਸਨ। ਮੈਂ ਇਹ ਰੈੱਡ ਵੀਲ ਪੁਸਤਕ ਵਿਚ ਵਿਖਾਲੀਆਂ ਹਨ। ਇਹਨਾਂ ਵਿਚੋਂ ਪਹਿਲਾ ਕਾਰਨ ਤਾਕਤ ਵਾਲੀਆਂ ਧਿਰਾਂ ਅਤੇ ਪੜ੍ਹੀ ਲਿਖੀ ਸੋਸਾਇਟੀ ਵਿਚਕਾਰ ਦੇਰ ਤੋਂ ਆਪਸੀ ਬੇਵਿਸ਼ਵਾਸੀ ਸੀ, ਇੱਕ ਕੌੜੀ ਬੇਭਰੋਸਗੀ, ਜਿਸ ਨੇ ਸਟੇਟ ਵਾਸਤੇ ਉਸਾਰੂ ਹੱਲ ਅਸੰਭਵ ਬਣਾ ਦਿੱਤੇ ਸਨ। ਇਸ ਲਈ ਤੁਸੀਂ ਕਹਿ ਸਕਦੇ ਹੋ ਕਿ ਫਰਵਰੀ ਇਨਕਲਾਬ ਦੇ ਕਾਰਨਾਂ ਵਿਚੋਂ ਇੱਕ ਕਾਰਨ ਪਹਿਲਾਂ ਰੂਸੀ, ਰਾਜਸੀ ਰਾਜ-ਪ੍ਰਬੰਧ ਸੀ।

ਪਰ ਇਸਦਾ ਇਹ ਅਰਥ ਨਹੀਂ ਕਿ ਲੈਨਿਨ ਕਿਸੇ ਤਰ੍ਹਾਂ ਵੀ ਇੱਕ ਘਟਨਾਵੀਂ ਪੁਰਸ਼ ਸੀ। ਜਾਂ ਫਿਰ ਸਮਰਾਟ ਵਿਲਹੈਲਮ ਦਾ ਮਾਲੀ ਦਖਲ ਗੈਰ-ਪ੍ਰਸੰਗਕ ਸੀ। ਅਕਤੂਬਰ ਕ੍ਰਾਂਤੀ ਵਿਚ ਕੁਝ ਵੀ ਕੁਦਰਤੀ ਨਹੀਂ ਸੀ। ਸਗੋਂ ਇਨਕਲਾਬ ਨੇ ਰੂਸ ਦਾ ਲੱਕ ਤੋੜ ਦਿੱਤਾ।

? : **ਇਹਨਾਂ ਦਿਨਾਂ ਵਿਚ ਰੂਸ ਤੇ ਪੱਛਮ ਦੇ ਆਪਸੀ ਸਬੰਧ ਕੁਝ ਠੰਡੇ ਪੈ ਗਏ ਹਨ। ਇਸ ਦਾ ਕੀ ਕਾਰਨ ਹੈ?**

– : ਸਭ ਤੋਂ ਵੱਧ ਦਿਲਚਸਪ ਕਾਰਨ ਮਨੋਵਿਗਿਆਨਕ ਹਨ, ਕਲਪਤ ਆਸ਼ਾਵਾਂ ਦਾ ਯਥਾਰਥ ਨਾਲ ਟਕਰਾ। ਇਹ ਰੂਸ ਤੇ ਯੂਰਪ ਦੋਹੀਂ ਥਾਈਂ ਵਾਪਰਿਆ। ਜਦੋਂ ਮੈਂ 1994 ਵਿਚ ਰੂਸ ਵਾਪਸ ਪਹੁੰਚਿਆ ਤਾਂ ਪੱਛਮੀ ਸੰਸਾਰ ਤੇ ਇਸ ਦੀਆਂ ਰਿਆਸਤਾਂ ਦੀ ਇੱਕ ਤਰ੍ਹਾਂ ਨਾਲ ਪੂਜਾ ਹੋ ਰਹੀ ਸੀ। ਇਸਦਾ ਕਾਰਨ ਕੋਈ ਅਸਲੀ ਗਿਆਨ ਜਾਂ ਸੁਚੇਤ ਚੋਣ ਨਹੀਂ ਸੀ, ਸਗੋਂ ਬਾਲਸ਼ਵਿਕ ਰਾਜ-ਪ੍ਰਬੰਧ ਤੋਂ ਨਿਰਾਸਤਾ ਅਤੇ ਇਸ ਦੇ ਪੱਛਮ ਵਿਰੋਧੀ ਪ੍ਰਚਾਰ ਤੋਂ ਸੀ।

ਇਹ ਰੌਂਅ ਨਾਟੋ ਵਲੋਂ ਸਰਬੀਆ ਉੱਤੇ ਬੇਰਹਿਮ ਬੰਬਾਰੀ ਨਾਲ ਬਦਲਣ ਲੱਗਾ। ਰੂਸੀ ਸਮਾਜ ਦੀਆਂ ਸਾਰੀਆਂ ਤੈਹਾਂ ਇਸ ਬੰਬਾਰੀ ਨਾਲ, ਪੱਕੇ ਤੌਰ ਤੇ ਹਿੱਲ ਗਈਆਂ।

ਸਥਿਤੀ ਉਦੋਂ ਹੋਰ ਵੀ ਬਦਤਰ ਹੋ ਗਈ, ਜਦੋਂ ਨਾਟੋ ਨੇ ਆਪਣਾ ਪ੍ਰਭਾਵ ਵਧਾਉਣਾ ਸ਼ੁਰੂ ਕੀਤਾ ਤੇ ਸਾਬਕਾ ਸੋਵੀਅਤ ਗਣਰਾਜਾਂ ਨੂੰ ਆਪਣੇ ਢਾਂਚੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ।

ਇਸ ਲਈ ਪੱਛਮ ਬਾਰੇ ਇਹ ਸੋਝੀ ਕਿ ਇਹ "ਲੋਕਰਾਜ ਦਾ ਸਰਦਾਰ" ਹੈ ਦੀ ਥਾਂ ਹੁਣ ਨਿਰਾਸ਼ ਹੋਏ ਅਮਲੀ ਵਿਹਾਰ ਨੇ ਲੈ ਲਿਆ ਸੀ। ਜਿਹੜਾ ਕਿ ਸਣਕੀ ਤੇ ਸਵਾਰਥੀ ਸੀ ਤੇ ਜੋ ਪੱਛਮ ਦੀਆਂ ਨੀਤੀਆਂ ਦੀ ਬੁਨਿਆਦ ਬਣਿਆ ਹੋਇਆ ਹੈ। ਬਹੁਤੇ ਰੂਸੀਆਂ ਲਈ ਇਹ ਗੰਭੀਰ ਨਿਰਾਸ਼ਤਾ, ਇੱਕ ਤਰ੍ਹਾਂ ਦਾ ਆਦਰਸ਼ਾਂ ਨੂੰ ਕੁਚਲੇ ਜਾਣ ਦੇ ਬਰਾਬਰ ਸੀ। ਨਾਲ ਹੀ ਪੱਛਮ ਠੰਢੀ ਜੰਗ ਦੀ ਜਿੱਤ ਦੀ ਖੁਸ਼ੀ ਮਾਣ ਰਿਹਾ ਸੀ ਅਤੇ ਗਰਬਾਚੋਵ ਤੇ ਯੈਲਨਿਤਸਨ ਦੀ ਪੰਦਰਾਂ ਸਾਲ ਦੀ ਆਪੋ-ਧਾਪੀ ਨੂੰ ਗਹੁ ਨਾਲ ਵਾਚ ਰਿਹਾ ਸੀ। ਇਸ ਗੱਲ ਦਾ ਆਦੀ ਹੋਣਾ ਸੌਖਾ ਸੀ ਕਿ ਰੂਸ ਹੁਣ ਲਗਭਗ ਤੀਸਰੇ ਜਗਤ ਦਾ ਦੇਸ਼ ਬਣ ਗਿਆ ਸੀ ਤੇ ਹੁਣ ਇਸਨੇ ਏਦਾਂ ਹੀ ਰਹਿਣਾ ਸੀ। ਜਦੋਂ ਰੂਸ ਨੇ ਆਪਣੀ ਕੁਝ ਸ਼ਕਤੀ ਮੁੜ ਪ੍ਰਾਪਤ ਕਰਨੀ ਸ਼ੁਰੂ ਕੀਤੀ ਤਾਂ ਪੱਛਮ ਦਾ ਪ੍ਰਤੀਕਰਮ, ਸ਼ਾਇਦ ਅਚੇਤ ਹੀ ਪਹਿਲੇ ਡਰਾਂ ਉੱਤੇ ਨਿਰਭਰ ਹੋਣ ਕਾਰਨ, ਘਬਰਾਹਟ ਦਾ ਸੀ।

? : **ਤੁਹਾਡੇ ਖ਼ਿਆਲ ਅਨੁਸਾਰ ਅੱਜ ਰੂਸੀ ਸਾਹਿਤ ਦੀ ਕੀ ਸਥਿਤੀ ਹੈ?**

– : ਤੇਜ਼ ਤੇ ਬੁਨਿਆਦੀ ਤਬਦੀਲੀ ਦੇ ਸਮੇਂ ਕਦੇ ਵੀ ਸਾਹਿਤ ਲਈ ਮੁਆਫ਼ਕ ਨਹੀਂ ਹੁੰਦੇ। ਮਹੱਤਵਪੂਰਨ ਲਿਖਤਾਂ ਹਮੇਸ਼ਾਂ ਹੀ ਤੇ ਹਰ ਥਾਂ ਹੀ ਸਥਿਰਤਾ ਦੇ ਸਮਿਆਂ ਵਿਚ ਹੀ ਸਿਰਜੀਆਂ ਜਾਂਦੀਆਂ ਹਨ, ਭਾਵੇਂ ਇਹ ਗੱਲ ਚੰਗੀ ਹੋਵੇ ਜਾਂ ਬੁਰੀ ਲੱਗੇ। ਆਧੁਨਿਕ ਰੂਸੀ ਸਾਹਿਤ ਨੂੰ ਇਸ ਤੋਂ ਛੋਟ ਨਹੀਂ ਹੈ। ਪੜ੍ਹਿਆ-ਲਿਖਿਆ ਪਾਠਕ ਹੁਣ ਗ਼ੈਰ-ਗਲਪੀ ਸਾਹਿਤ ਵਿਚ ਦਿਲਚਸਪੀ ਰੱਖਦਾ ਹੈ।

ਫਿਰ ਵੀ ਮੈਂ ਵਿਸ਼ਵਾਸ ਕਰਦਾ ਹਾਂ ਕਿ ਇਨਸਾਫ਼ ਤੇ ਜ਼ਮੀਰ ਹਵਾਵਾਂ ਵਿਚ ਉੱਡ ਨਹੀਂ ਜਾਣਗੀਆਂ, ਸਗੋਂ ਰੂਸੀ ਸਾਹਿਤ ਦੀਆਂ ਨੀਹਾਂ ਬਣੀਆਂ ਰਹਿਣਗੀਆਂ, ਤਾਂਕਿ ਇਹ ਸਾਡੀ ਆਤਮਾ ਨੂੰ ਰੌਸ਼ਨ ਕਰਨ ਲਈ ਸਹਾਈ ਹੋਵੇ ਤੇ ਸਾਡੀ ਗ੍ਰਹਿਣ-ਯੋਗਤਾ ਵਿਚ ਵਾਧਾ ਕਰੇ।

**(ਅੰਗਰੇਜ਼ੀ ਵਿਚੋਂ ਅਨੁਵਾਦ)**





# ਪਾਕਿਸਤਾਨੀ ਕਵੀ ਹਬੀਬ ਜਾਲਿਬ

ਨੋਟ- ਇਹ ਮੁਲਾਕਾਤ ਪਾਕਿਸਤਾਨ ਦੇ ਮਸ਼ਹੂਰ ਉਰਦੂ ਤੇ ਪੰਜਾਬੀ ਦੇ ਲੋਕ ਕਵੀ ਹਬੀਬ ਜਾਲਿਬ ਦੇ ਭਾਰਤ ਆਉਣ ਉੱਤੇ ਉਰਦੂ ਦੇ ਲੇਖਕ ਸੁਹੇਲ ਵਹੀਦ ਨੇ ਕੀਤੀ ਸੀ। ਅਸੀਂ ਇਹ ਜਾਲਿਬ ਦੇ ਭਾਈ ਸਾਹਿਬ ਸਈਦ ਪ੍ਰਵੇਜ਼ ਦੀ ਸੰਪਾਦਤ ਕੀਤੀ ਪੰਜਾਬੀ ਸ਼ਾਇਰੀ ਦੀ ਪੁਸਤਕ "ਰਾਤ-ਕੁਲਹਿਣੀ" ਵਿੱਚੋਂ ਪ੍ਰਾਪਤ ਕੀਤੀ ਹੈ।

? ਪਕਿਸਤਾਨ ਵਿੱਚ ਹੋਣ ਵਾਲੀ ਹਕੂਮਤੀ ਤਬਦੀਲੀ ਬਾਰੇ ਤੁਹਾਡੀ ਕੀ ਰਾਏ ਹੈ?

– ਇਹ ਤਾਂ ਹੋਣੀ ਹੀ ਸੀ। ਆਖਿਰ ਕਦੋਂ ਤੱਕ ਡਿਕਟੇਟਰਸ਼ਿਪ ਚੱਲਦੀ। ਲੋਕਾਂ ਦੇ ਸੁਪਨੇ ਇੱਕ ਇਕ ਕਰਕੇ ਟੁੱਟਦੇ ਗਏ। ਕਿਸੇ ਦੇ ਵੀ ਸੁਪਨੇ ਪੂਰੇ ਨਾ ਹੋਏ। ਏਸ ਤਰ੍ਹਾਂ ਖੱਬੇ, ਸਮਾਜਵਾਦੀ ਤੇ ਲੋਕਾਈ ਦੀ ਤਾਕਤ ਇਕੱਠੀ ਹੋਈ ਤੇ ਇਹ ਤਬਦੀਲੀ ਆਈ।

? ਤੁਸੀ ਆਪਣੇ ਆਪ ਨੂੰ ਅਦਬੀ ਬਹੁਤਾ ਮੰਨਦੇ ਹੋ ਜਾਂ ਸਿਆਸੀ?

– ਹੁਣ ਕੀ ਦੱਸਿਆ ਜਾਵੇ। ਜੇ ਤਾਕਤ ਵਰ ਪਾਰਟੀ ਨੂੰ ਹੀ ਮੰਨ ਲਿਆ ਜਾਵੇ ਤਾਂ ਉਸ ਦੀ ਕੀ ਗੱਲ ਕਰਨੀ ਏ। ਉਸੇ ਦੇ ਗੁਣ ਗਾਉਣ ਲਈ ਸਭ ਕੁਝ ਲਿੱਖਣਾ ਪੜ੍ਹਨਾ ਹੈ, ਤਾਂ ਬੇਕਾਰ ਹੈ। ਤਾਨਾਸ਼ਾਹੀ ਵਿੱਚ ਤਾਂ ਦਮ ਘੁੱਟਦਾ ਸੀ। ਤਾਂ ਹੀ ਮੈਂ ਸ਼ਾਇਰੀ ਵਿੱਚ ਵੀ ਅਤੇ ਆਪਣੀ ਜ਼ਿੰਦਗੀ ਵਿਚ ਵੀ ਸਭ ਕੁਝ ਬਦਲਿਆ ਤੇ ਸ਼ਾਇਰੀ ਕੁਝ ਕਹਿਣ ਦਾ ਵਸੀਲਾ ਬਣੀ।

? ਤਾਂ ਕੀ ਤੁਸੀ ਸਮਝਦੇ ਹੋ ਕਿ ਬੇਨਜ਼ੀਰ ਦੀ ਹਕੂਮਤ ਤੋ ਜਿੰਨੀਆਂ ਉਮੀਦਾਂ ਕੀਤੀਆਂ ਜਾਂ ਰਹੀਆਂ ਸਨ, ਉਹ ਸਭ ਪੂਰੀਆਂ ਹੋਣਗੀਆਂ? ਤੁਸੀ ਕੀ ਸੋਚ ਕੇ ਬੇਨਜ਼ੀਰ ਨਾਲ ਜੁੜੇ?

– ਉਸ ਪਾਸੇ ਤਾਂ ਅਸੀਂ ਜਾ ਹੀ ਨਹੀ ਸੀ ਸਕਦੇ। ਉਧਰ ਤਾਂ ਕੱਟੜ ਪ੍ਰਸਤ ਮੁਲਾਣੇ ਸਨ, ਸਮਾਜੀ ਸਿਆਸਤਦਾਨ ਬੰਦੇ ਸਨ। ਸਾਨੂੰ ਕਿਹਾ ਗਿਆ ਤੁਸੀ ਹਿੰਦੁਸਤਾਨੀ ਏਜੰਟ ਦੱਸਦੇ ਸੀ। ਅਸੀਂ ਕਿਹਾ ਠੀਕ ਹੈ। ਕੋਈ ਗੱਲ ਨਹੀਂ। ਪਰ ਅਸੀ ਰਹਾਂਗੇ ਉਸੇ ਦੇ ਨਾਲ, ਜਿਹੜਾ ਆਜ਼ਾਦੀ ਦੇ ਗੀਤ ਗਾਏ, ਜੋ ਆਜ਼ਾਦੀ ਦਾ ਚਾਹਵਾਨ ਹੋਵੇਗਾ। ਜੋ ਅਵਾਮੀ ਤਬਦੀਲੀ ਦਾ ਚਾਹਵਾਨ ਹੋਵੇਗਾ। ਹੁਣ ਉਮੀਦਾਂ ਪੂਰੀਆਂ ਹੋਣ ਜਾਂ ਨਾ, ਇਹ ਵੱਖਰੀ ਗੱਲ ਹੈ।

? ਹੁਣ ਪਾਕਿਸਤਾਨ ਵਿੱਚ ਅਜੇ ਤੀਕਰ ਹਰ ਤਰ੍ਹਾਂ ਦੀ ਆਜ਼ਾਦੀ ਹੈ। ਏਸ ਹਾਲਤ ਵਿੱਚ ਤੁਹਾਡੀ ਨਵੀਂ ਲਹਿਰ ਕੀ ਹੋਵੇਗੀ?

– ਅਸੀਂ ਤਾਂ ਮਾਰ ਖਾ ਖਾਂ ਕੇ ਪਲੇ ਆਂ। ਅਸੀਂ ਚੁੱਪ ਤਾਂ ਕਦੇ ਰਹੇ ਨਹੀਂ ਅਤੇ ਨਾ ਹੀ ਰਹਾਂਗੇ। ਜਦੋਂ ਵੇਖਾਂਗੇ ਜਮਹੂਰੀਅਤ ਨੂੰ ਖਤਰਾ ਹੈ ਤਾਂ ਉਸਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰਾਂਗੇ, ਪਰ ਇਨਸਾਫ਼ ਨਾਲ ਹੀ।

? ਪਾਕਿਸਤਾਨ ਦੇ ਸ਼ਾਇਰ ਜਿਵੇਂ ਕਿ ਤੁਸੀ ਪ੍ਰਵੀਨ ਸ਼ਾਕਰ, ਜਮੀਲ ਅਲਦੀਨ ਆਲੀ, ਜਮੀਲ ਜਾਲਬੀ, ਅਹਿਮਦ ਨਦੀਮ ਕਾਸਮੀ, ਹਮਾਬਤ ਅਲੀ ਸ਼ਾਇਰ ਅਤੇ ਨਵੇਂ

ਸ਼ਾਇਰ, ਜਿਹੜੇ ਹਿੰਦੀ ਦੇ ਸ਼ਬਦਾਂ ਦੀ ਵਰਤੋਂ ਆਪਣੀ ਸ਼ਾਇਰੀ ਵਿੱਚ ਕਰਦੇ ਹਨ। ਉਹਨਾਂ ਸ਼ਬਦਾਂ ਦਾ ਉਥੇ ਪਹੁੰਚਣ ਦਾ ਸੋਮਾ ਕੀ ਹੈ? ਜਦੋਂ ਕਿ ਹਿੰਦੁਸਤਾਨੀ ਸ਼ਾਇਰ ਅਜੇਹੇ ਸ਼ਬਦ ਨਹੀ ਵਰਤਦੇ?

- ਜਮੀਲ-ਅਲਦੀਨ ਆਲੀ ਵਿਚਾਰੇ ਦੀ ਤਾਂ ਮਜਬੂਰੀ ਹੈ। ਉਹ ਦੋਹੇ ਲਿਖਦਾ ਹੈ। ਬਾਕੀ ਦੇ ਸ਼ਾਇਰ ਉਹੀ ਜ਼ੁਬਾਨ ਵਰਤਦੇ ਹਨ ਜਿਹੜੀ ਬੋਲੀ ਜਾਂਦੀ ਹੈ।

? ਮੈਂ ਪੁੱਛਿਆ ਹੈ ਕਿ ਸੋਮਾ ਕੀ ਹੈ। ਜਿਸ ਨਾਲ ਉਹ ਉਥੇ ਪਹੁੰਚਦੇ ਹਨ। ਕਿਉਂ ਜੋ ਐਥੋਂ ਦੇ ਉਰਦੂ ਵਿੱਚ ਇਹ ਸ਼ਬਦ ਨਹੀ ਵਰਤੇ ਜਾਂਦੇ ?

- ਨਜ਼ੀਰ ਅਕਬਰ ਆਬਾਦੀ ਅਤੇ ਫਿਰਾਕ ਗੋਰਖਪੁਰੀ ਇਹਨਾਂ ਸ਼ਬਦਾਂ ਦੀ ਖ਼ੂਬ ਵਰਤੋਂ ਕਰਦੇ ਹਨ। ਦੂਜੀ ਗੱਲ ਇਹ ਹੈ ਕਿ ਪੰਜਾਬੀ ਜ਼ੁਬਾਨ ਵਿੱਚ ਇਹ ਸ਼ਬਦ ਆਮ ਵਰਤੇ ਜਾਂਦੇ ਹਨ। ਹਿੰਦੁਸਤਾਨੀ ਫਿਲਮਾਂ ਤੋਂ ਵੀ ਇਹ ਸ਼ਬਦ ਲਏ ਜਾਂਦੇ ਹਨ। ਹੁਣ ਤਾਂ ਸਾਰੇ ਹੀ ਹਜ਼ਾਰਾਂ ਹਿੰਦੀ ਸ਼ਬਦ ਉਰਦੂ ਦੇ ਬਣ ਚੁੱਕੇ ਹਨ। ਘੁਲ ਮਿਲ ਗਏ ਹਨ।

? ਹਿੰਦੁਸਤਾਨੀ ਉਰਦੂ ਸ਼ਾਇਰ ਅਤੇ ਪਾਕਿਸਤਾਨੀ ਉਰਦੂ ਸ਼ਾਇਰ ਵਿੱਚ ਤੁਸੀ ਕੀ ਫਰਕ ਸਮਝਦੇ ਹੋ?

- ਕਿਸੇ ਤਰ੍ਹਾਂ ਵੀ ਨਹੀ, ਲੋਕਾਂ ਦੀ ਸ਼ਾਇਰੀ, ਸ਼ਾਇਰੀ ਹੁੰਦਾ ਹੈ, ਉਹ ਕਵੀ ਜੀਉਂਦਾ ਰਹਿੰਦਾ ਹੈ, ਜਿਹੜਾ ਲੋਕਾਂ ਲਈ ਸ਼ਾਇਰੀ ਕਰਦਾ ਹੈ, ਲੋਕਾਂ ਦੀ ਬੋਲੀ ਵਿੱਚ ਗੱਲ-ਬਾਤ ਕਰਦਾ ਹੈ, ਸ਼ਾਇਰੀ ਕਰਦਾ ਹੈ।

? ਪਾਕਿਸਤਾਨ ਵਿੱਚ ਮੁਸ਼ਾਇਰਿਆਂ ਬਾਰੇ ਕੁਝ ਦੱਸੋ?

- ਮੁਸ਼ਹਿਰੇ ਹੁੰਦੇ ਹਨ। ਹਕੂਮਤ ਹੁਣ ਕੋਈ ਅਦਬੀ ਮਹਿਫਿਲ ਨਹੀ। ਜਿੱਥੇ ਇਕ ਦੂਜੇ ਨੂੰ ਨੀਵਾਂ ਵਿਖਾਇਆ ਜਾਂਦਾ ਹੋਵੇ, ਪਤੰਗਾਂ ਦੇ ਪੇਚਾਂ ਵਾਂਗ। ਯਹੀਯਾ ਖਾਨ ਦੇ ਜ਼ਮਾਨੇ ਵਿੱਚ ਇਕ ਮੁਸ਼ਹਿਰਾ ਹੋਇਆ ਸੀ। ਮੈਨੂੰ ਜਦੋਂ ਉਥੇ ਨਜ਼ਮ ਪੜ੍ਹਨ ਲਈ ਕਿਹਾ ਗਿਆ ਤਾਂ ਮੈਂ ਉਹਨਾਂ ਦੀ ਤਸਵੀਰ ਜਿਹੜੀ ਸਾਹਮਣੇ ਲੱਗੀ ਸੀ, ਵੱਲ ਇਸ਼ਾਰਾ ਕਰਦੇ ਹੋਇਆ ਕਿਹਾ।

**ਤੁਮ ਸੇ ਪਹਿਲੇ ਵੁਹ, ਜੋ ਇੱਕ ਸ਼ਖਸ਼ ਯਹਾਂ ਤਖਤ ਨਸ਼ੀਂ ਥਾ।**
**ਉਸ ਕੋ ਭੀ ਅਪਨੇ ਖੁਦਾ ਹੋਨੇ ਪੇ ਇਤਨਾ ਹੀ ਯਕੀਂ ਥਾ।**

ਏਸ ਤਰ੍ਹਾਂ ਮੁਸ਼ਾਇਰਾ ਖਤਮ ਹੋਇਆ ਤੇ ਹੰਗਾਮਾ ਖੜ੍ਹਾ ਹੋ ਗਿਆ। ਫੇਰ ਕੁਝ ਦਿਨਾਂ ਪਿਛੋਂ ਮੇਰੇ ਉੱਤੇ ਇਕ ਬਦਮਾਸ਼ ਨਾਲ ਝਗੜਾ ਕਰਨ ਅਤੇ ਚਾਕੂ ਮਾਰਨ ਦਾ ਇਲਜ਼ਾਮ ਲਾਇਆ ਤੇ ਜੇਲ੍ਹ ਵਿੱਚ ਬੰਦ ਕਰ ਦਿੱਤਾ। ਹੁਣ ਮੈਂ ਜਮਹੂਰੀਅਤ ਪਸੰਦ ਹਾਂ ਤਾਂ ਕੀ ਕਰਾਂ।

? ਤੁਸੀ ਹੁਣੇ ਕਿਹਾ ਸੀ ਕਿ ਤੁਹਾਨੂੰ ਭਾਰਤੀ ਏਜੰਟ ਕਿਹਾ ਜਾਂਦਾ ਹੈ?

- ਹਾਂ, ਨੈਸ਼ਨਲ ਅਵਾਮੀ ਪਾਰਟੀ ਵਿੱਚ ਹੋਣ ਕਾਰਨ ਅਜੇਹਾ ਕਿਹਾ ਜਾਂਦਾ ਹੈ। ਕਿਉਂ ਸੋ ਅਸੀ ਜਮਹੂਰੀਅਤ ਪਸੰਦ ਹਾਂ, ਫੌਜੀ ਹਕੂਮਤ ਦੇ ਖਿਲਾਫ ਹਾਂ। ਹਮੇਸ਼ਾ ਲੋਕਾਂ ਲਈ ਲੜਦੇ ਰਹੇ ਹਾਂ, ਕਿਸੇ ਨਾ ਕਿਸੇ ਰੂਪ ਵਿੱਚ।

? ਕਿਹਾ ਜਾਂਦਾ ਹੈ ਕਿ ਉਰਦੂ ਹਿੰਦੁਸਤਾਨ ਦੀ ਵੰਡ ਲਈ ਜਿਮੇਵਾਰ ਹੈ?

- ਕੋਈ ਜ਼ੁਬਾਨ ਵੰਡ ਦੀ ਜ਼ਿੰਮੇਵਾਰ ਨਹੀਂ ਹੁੰਦੀ, ਪਰ ਏਸ ਦਾ ਅਸਰ ਬਹੁਤ ਵੱਡਾ



ਪੈਂਦਾ ਏ। ਸਾਡੇ ਉਥੇ ਬੰਗਾਲੀ ਨਾਲ ਏਹੋ ਕੁਝ ਹੋਇਆ, ਉਸ ਦੇ ਖਿਲਾਫ ਜ਼ਹਿਰ ਫੈਲਾਇਆ ਗਿਆ। ਹੌਲੀ ਹੌਲੀ ਹੁੰਦੇ ਕਰਦੇ ਬੰਗਾਲ ਅਲੱਗ ਹੋ ਗਿਆ।

? ਏਸ ਦਾ ਮਤਲਬ, ਬੰਗਾਲੀ, ਦੇਸ਼ ਦੇ ਵੱਖ ਹੋਣ ਅਤੇ ਉਰਦੂ ਪਾਕਿਸਤਾਨ ਦੇ ਵੱਖ ਹੋਣ ਲਈ ਜ਼ਿੰਮੇਵਾਰ ਹੈ?

- ਗੱਲ ਇਹ ਨਹੀ। ਜ਼ੁਬਾਨਾਂ ਜੋੜਦੀਆਂ ਹਨ, ਵੱਖ ਨਹੀ ਕਰਦੀਆਂ, ਬੰਗਾਲ ਦੇ ਨਾਲ ਉਸ ਦੀਆਂ ਆਰਥਕ ਪਰੇਸ਼ਾਨੀਆਂ ਜ਼ਿਆਦਾ ਸਨ, ਰਾਜਸੀ ਅਤੇ ਭੂਗੋਲਕ ਵੀ, ਪਰ ਹਾਂ ਜ਼ੁਬਾਨ ਖਿਲਾਫ਼ ਸੋ ਜ਼ਹਿਰ ਉਗਲਿਆ ਗਿਆ, ਉਸ ਨਾਲ ਮਾਹੌਲ ਵਿਚ, ਬੰਗਾਲ ਦੇ ਵੱਖ ਵੱਖ ਹੋਣ ਵਿੱਚ ਆਸਾਨੀ ਹੋ ਗਈ। ਰਾਹ ਪੱਧਰਾ ਹੋ ਗਿਆ।

? ਪਾਕਿਸਤਾਨ ਵਿੱਚ ਕਿਹੜੇ ਕਿਹੜੇ ਹਿੰਦੁਸਤਾਨੀ ਸ਼ਾਇਰ ਤੇ ਲਿਖਾਰੀ ਪਸੰਦ ਕੀਤੇ ਜਾਂਦੇ ਸਨ?

- ਸਾਹਿਰ ਲੁਧਿਆਣਵੀ ਬਹੁਤ ਮਕਬੂਲ ਹੈ। ਉਂਝ ਤਾ ਕੈਫੀ ਆਜ਼ਮੀ, ਸਰਦਾਰ ਜਾਫਰੀ, ਮਜਰੂਹ ਸੁਲਤਾਨਪੁਰੀ, ਜਾਂ ਨਿਸਾਰ ਅਖ਼ਤਰ, ਬਾਰਾ ਬਾਂਕਵੀ ਆਦਿ ਸ਼ਾਇਰਾਂ ਅਤੇ ਕਹਾਣੀਕਾਰਾਂ ਵਿੱਚੋ ਸੱਭ ਤੋਂ ਬਹੁਤਾ ਰਾਜਿੰਦਰ ਸਿੰਘ ਬੇਦੀ ਪੜ੍ਹੇ ਜਾਂਦੇ ਹਨ ਪਸੰਦ ਕੀਤੇ ਜਾਂਦੇ ਹਨ। ਅਸਮਤ ਚੁਗਤਾਈ ਅਤੇ ਹੁਣ ਵਾਜਦਾ ਤਬੱਸਮ ਵੀ ਪੜ੍ਹੀ ਜਾਂਦੀ ਹੈ।

? ਤੁਹਾਡੀ ਨਜ਼ਰ ਵਿੱਚ ਕਾਮਯਾਬ ਸ਼ਾਇਰ ਕਿਹੜਾ ਏ?

- ਜਿਹੜਾ ਲੋਕਾਂ ਦੀ ਜ਼ੁਬਾਨ ਵਿੱਚ, ਲੋਕਾਂ ਦੇ ਮਸਲੇ ਅਤੇ ਅਜਿਹੇ ਮਸਲੇ ਜਿਨ੍ਹਾਂ ਨੂੰ ਲੋਕ ਆਪ ਨਹੀ ਦੱਸ ਸਕਦੇ, ਅਤੇ ਆਪਣੇ ਦਰਦ ਨੂੰ ਸੀਨੇ ਵਿੱਚ ਲੁਕਾਈ ਰੱਖਦੇ ਹਨ। ਅਤੇ ਜਦੋਂ ਸ਼ਾਇਰ ਗੱਲ ਕਹਿੰਦਾ ਹੈ ਤਾਂ ਕਰੋੜਾਂ ਲੋਕਾਂ ਦੀ ਤਰਜਮਾਨੀ ਹੁੰਦੀ ਹੈ। ਕਦੇ ਫੈਜ਼ ਨੇ ਕਿਹਾ ਸੀ ਕਿ "ਵਾਹ! ਇੰਤਜ਼ਾਰ ਥਾ" ਅਤੇ ਉਹੀ ਲੋਕ ਦਾਦ ਹਾਸਲ ਕਰਦੇ ਹਨ, ਤੇ ਨਜ਼ਮ ਕਹਿੰਦੇ ਹਨ ਜਿਹੜੀ ਦੂਰ ਦੂਰ ਤੱਕ ਪਹੁੰਚੇ।

? ਫੈਜ਼ ਬਾਰੇ ਕਿਹਾ ਜਾਂਦਾ ਹੈ ਕਿ ਉਹਨਾਂ ਓੜਕ ਸਮਝੌਤਾ ਕਰ ਲਿਆ ਸੀ ਅਤੇ ਰੋਮਾਂਟਿਕ ਸ਼ਾਇਰੀ ਕਰਨ ਲੱਗੇ ਸਨ?

- ਫੈਜ਼ ਨੇ ਆਪਣੀ ਸ਼ਾਇਰੀ ਵਿੱਚ ਕਿਧਰੇ ਵੀ ਸਮਝੌਤਾ ਨਹੀਂ ਕੀਤਾ। ਉਹਨਾਂ ਦੀ ਸ਼ਾਇਰੀ ਪੁਖਤਾ (ਪਰਪੱਕ) ਹੈ। ਲੋਕਾਂ ਲਈ ਸ਼ਾਇਰੀ ਹੈ। ਅਜੇਹੀ ਗੱਲ ਨਹੀ ਹੈ। ਉਂਝ ਤਾਂ ਹਰ ਇੱਕ ਬੰਦੇ ਦੇ ਵੱਖ ਵੱਖ ਹਾਲਾਤ ਹੁੰਦੇ ਹਨ। ਪਰ ਫੈਜ਼ ਨੇ ਮੇਰੀ ਸਮਝ ਵਿੱਚ ਕਿਧਰੇ ਸਮਝੌਤਾ ਨਹੀ ਕੀਤਾ।

? ਪਾਕਿਸਤਾਨ ਦੀ ਨਵੀਂ ਸ਼ਾਇਰੀ ਬਾਰੇ ਤੁਹਾਡੀ ਕੀ ਰਾਏ ਹੈ?

- ਚੰਗੀ ਹੈ, ਕਿਉਂ ਜੋ ਇੱਕ ਲੰਬੇ ਅਰਸੇ ਤੱਕ ਘੁਟਨ ਦਾ ਮਾਹੌਲ ਰਿਹਾ ਹੈ। ਉਸੇ ਕਾਰਨ ਲੋਕਾਂ ਨੇ ਵੱਖ ਵੱਖ ਢੰਗਾਂ ਨਾਲ ਆਪਣੀ ਗੱਲ ਕਹੀ ਹੈ। ਉਸੇ ਘੁਟਣ ਦੀਆਂ ਤਸਵੀਰਾਂ ਸਾਹਮਣੇ ਆਈਆਂ ਹਨ। ਨਵੇਂ ਤਜਰਬੇ ਹੋਏ ਹਨ। ਜਿਹੜੇ ਚੰਗੇ ਰਹੇ ਹਨ। ਹੁਣ ਨਵੀਂ ਪਾਕਿਸਤਾਨੀ ਸ਼ਾਇਰੀ ਵਿੱਚ ਨਿਖਾਰ ਆਇਆ ਹੈ। •

(ਜੂਨ 1989)

# ਮੈਂ ਦੂਰ-ਦੁਰਾਡੇ ਤੇ ਵਿਸਰੇ ਹੋਏ ਪਿੰਡ ਦਾ ਵਸਨੀਕ ਹਾਂ : ਮਹਿਮੂਦ ਦਰਵੇਸ਼

(ਇਹ ਮੌਲਿਕ ਕਿਸਮ ਦਾ ਇੰਟਰਵਿਊ ਟੈਲੀਵਿਜ਼ਨ ਲਈ ਕੁਝ ਸਾਲ ਪਹਿਲਾਂ (1986) ਵਿਚ ਰਿਕਾਰਡ ਕੀਤਾ ਗਿਆ ਸੀ, ਪਰ ਇਹ ਪੇਸ਼ ਨਾ ਕੀਤਾ ਜਾ ਸਕਿਆ। ਪ੍ਰਸਿੱਧ ਫਿਲਮ ਨਿਰਮਾਤਾ ਫਰਾਂਜ਼ ਚੌਧਾਂ ਨੇ ਮਹਿਮੂਦ ਦਰਵੇਸ਼ ਦੀਆਂ 25 ਸਾਲਾਂ ਦੌਰਾਨ ਲਿਖੀਆਂ ਕਵਿਤਾਵਾਂ ਵਿਚੋਂ ਕੁਝ ਟੋਟੇ ਚੁਣੇ ਅਤੇ ਕੁਝ ਕਵਿਤਾਵਾਂ ਦੇ ਸਿਰਲੇਖ ਤੇ ਨਿਬੰਧਾਂ ਦੇ ਹਿੱਸੇ ਇਸ ਇੰਟਰਵਿਊ ਦੇ ਪ੍ਰਸ਼ਨਾਂ ਲਈ ਵਰਤੋਂ ਵਿਚ ਲਿਆਂਦੇ। ਦਰਵੇਸ਼ ਲਈ ਚੁਣੌਤੀ ਇਹ ਸੀ ਕਿ ਉਹ ਟਿੱਪਣੀ ਜਾਂ ਵਿਆਖਿਆ ਤੇ ਗੱਲ ਪੂਰੀ ਕਰਨ ਲਈ ਆਪਣੇ ਜੀਵਨ ਕਾਲ ਸਮੇਂ ਲਿਖੀਆਂ ਕਵਿਤਾਵਾਂ ਨੂੰ ਹੀ ਆਧਾਰ ਬਣਾਵੇ।)

? **ਮੈਂ ਦੂਰ ਦੁਰਾਡੇ ਤੇ ਵਿਸਰੇ ਹੋਏ ਪਿੰਡ ਦਾ ਵਸਨੀਕ ਹਾਂ**
**ਜਿਸ ਦੀਆਂ ਬੇਨਾਮ ਗਲੀਆਂ ਨੇ, ਜਿਹਦੇ ਆਦਮੀ ਜਾਂ ਤਾਂ ਖੇਤਾਂ ਵਿਚ ਹਨ**
**ਤੇ ਜਾਂ ਫਿਰ ਪੱਥਰਾਂ ਦੀਆਂ ਖਾਣਾਂ ਵਿਚ**

• ਇਹ ਸੱਚ ਹੈ ਕਿ ਮੈਂ ਇੱਕ ਛੋਟੇ ਤੇ ਦੂਰ ਦੁਰਾਡੇ ਪਿੰਡ ਵਿਚੋਂ ਆਇਆ ਹਾਂ, ਜਿਸਦੀਆਂ ਗਲੀਆਂ ਬੇਨਾਮ ਹਨ। ਅਸਲ ਵਿਚ ਪਿੰਡ ਦਾ ਕੋਈ ਨਾਮ ਨਹੀਂ। ਇਹ 'ਗਾਲੀਲੀ' ਵਿਚ ਕਿਸੇ ਥਾਂ 'ਤੇ ਹੈ ਅਤੇ ਇਸਦੇ ਸਾਰੇ ਵਾਸੀ ਜਾਂ ਤਾਂ ਖੇਤਾਂ 'ਚ ਕੰਮ ਕਰਦੇ ਨੇ ਤੇ ਜਾਂ ਫਿਰ ਖਾਣਾਂ ਵਿਚ। ਇਹ ਕਵਿਤਾ (ਸੁਣੋ, ਮੈਂ ਇਕ ਅਰਬ ਹਾਂ) 25 ਸਾਲ ਪਹਿਲਾਂ ਲਿਖੀ ਗਈ ਸੀ, ਇਕ ਦਿਨ ਜਦੋਂ ਮੈਂ ਇਜ਼ਰਾਈਲ ਦੀ ਗ੍ਰਹਿ ਵਜ਼ਾਰਤ ਕੋਲ ਜਾਣ-ਪਛਾਣ ਵਾਲਾ ਕਾਰਡ ਬਣਾਉਣ ਗਿਆ ਸੀ। ਜਦੋਂ ਉਨ੍ਹਾਂ ਮੈਨੂੰ ਪੁੱਛਿਆ ਕਿ ਮੈਂ ਕਿੱਥੋਂ ਆਇਆ ਹਾਂ ਤਾਂ ਮੈਂ ਇਹ ਉੱਤਰ ਦਿੱਤਾ ਸੀ।

? **ਮੇਰਾ ਦਾਦਾ ਇਕ ਕਿਰਸਾਨ ਸੀ, ਜਿਹੜਾ ਖਿਤਾਬਾਂ ਤੇ ਧਨ ਪ੍ਰਤੀ ਅਜਨਬੀ ਸੀ, ਪਰ ਉਸ ਮੈਨੂੰ ਅੱਖਰਾਂ ਦਾ ਮਾਣ ਕਰਨਾ ਸਿਖਾਇਆ?**

• ਮੈਂ ਕਿਸਾਨੀ 'ਚੋਂ ਆਇਆ। ਅਸੀਂ ਭੌਂ ਦੇ ਆਸਰੇ ਗੁਜ਼ਾਰਾ ਕਰਦੇ ਸੀ ਤੇ ਇਸ 'ਤੇ ਕਿਸਾਨਾਂ ਵਾਲਾ ਮਾਣ ਕਰਦੇ ਸੀ। ਇਹ ਵੀ ਸੱਚ ਹੈ ਕਿ ਇਕੋ ਇਕ ਜਿਹੜੀ ਪੁਸਤਕ ਘਰ ਵਿਚ ਸੀ, ਉਹ ਕੁਰਾਨ ਸੀ, ਫੇਰ ਵੀ ਮੇਰਾ ਦਾਦਾ ਅਚੇਤ ਹੀ ਮੇਰੇ ਹਿਰਦੇ ਵਿਚ ਸਵੈ-ਸਤਿਕਾਰ ਤੇ ਮਾਣ ਭਰਨ ਵਿਚ ਸਫਲ ਹੋ ਗਿਆ ਸੀ।

? **ਸਾਡੇ ਅੰਗੂਰਾਂ ਦੇ ਜੱਦੀ-ਪੁਸ਼ਤੀ ਬਾਗ**
**ਤੇ ਧਰਤੀ, ਜਿਹੜੇ ਅਸੀਂ ਵਾਹੁੰਦੇ ਸੀ**
**ਸਾਥੋਂ ਖੋਹੇ ਗਏ ਹਨ।**



• ਇਹ ਸਤਰਾਂ, ਜੋ ਉਸੇ ਹੀ ਕਵਿਤਾ ਵਿਚੋਂ ਲਈਆਂ ਗਈਆਂ ਹਨ, ਮੇਰੀ ਹੋਂਦ ਦੀਆਂ ਨਾੜਾਂ ਦੀਆਂ ਜ਼ਾਮਨ ਹਨ। ਅਥਵਾ ਸਾਡੀ ਉਹ ਜ਼ਮੀਨ, ਜਿਸ ਨੂੰ ਖੋਹੇ ਜਾਣ ਦਾ ਖ਼ਤਰਾ ਹੈ।

? **ਕਿਸਾਨ ਸੀ ਮੇਰਾ ਦਾਦਾ?**

• ਹਾਂ ਮੇਰਾ ਦਾਦਾ ਕਿਸਾਨ ਸੀ, ਜ਼ਮੀਨ ਦੀ ਸੰਭਾਲ ਕਰਨ ਵਾਲਾ। ਉਹ ਖ਼ੁਦ ਜ਼ਮੀਨ ਦਾ ਹੀ ਰੂਪ ਸੀ। ਉਸ ਪ੍ਰਤੀ ਮੇਰੀਆਂ ਭਾਵਨਾਵਾਂ ਸਦਾ ਹੀ ਬਹੁਤ ਤਕੜੀਆਂ ਰਹੀਆਂ ਨੇ ਤੇ ਬਦਲੇ ਵਿਚ ਉਹ ਵੀ ਮੈਨੂੰ ਬੜੇ ਨਿੱਘ ਨਾਲ ਮਿਲਦਾ ਸੀ। ਉਸ ਨੇ ਹੀ ਮੇਰੀ ਵਿਦਿਆ ਦੀ ਜ਼ਿੰਮੇਵਾਰੀ ਸੰਭਾਲੀ ਹੋਈ ਸੀ। ਇਹ ਕਹਿਣਾ ਤਾਂ ਕਠਿਨ ਹੈ ਕਿ ਉਸ ਲਈ ਭੌਂ ਦਾ ਕਿੰਨਾ ਮਹੱਤਵ ਸੀ। ਉਹ ਜ਼ਮੀਨ ਨਾਲ ਲਿਪਟ ਜਾਂਦਾ ਸੀ, ਇਕ ਚੋਲੇ ਦੀ ਤਰ੍ਹਾਂ। ਜਦੋਂ ਇਹ ਉਸ ਕੋਲੋਂ ਖੋਹੀ ਗਈ, ਉਹ ਉਸ ਕੰਡਿਆਲੀ ਤਾਰ ਦੇ ਸਾਹਮਣੇ ਖਲੋ ਗਿਆ, ਜਿਹੜੀ ਉਸਦੀ ਜ਼ਮੀਨ ਦੇ ਦੁਆਲੇ ਵਲੀ ਹੋਈ ਸੀ, ਤੇ ਕੁੜੱਤਣ ਤੇ ਤ੍ਰਿਸ਼ਨਾ ਦੀ ਭਾਵਨਾ ਏਨੀ ਪ੍ਰਬਲ ਸੀ ਕਿ ਉਸ ਦੇ ਦਿਲ 'ਤੇ ਸੱਟ ਵੱਜੀ। ਉਹ ਉੱਥੇ ਹੀ ਡਿੱਗ ਪਿਆ ਤੇ ਮਰ ਗਿਆ।

? **ਤੇ ਭਾਵੇਂ ਮੈਂ ਭੁੱਖਾ ਮਰ ਜਾਵਾਂ।**
**ਮੈਂ ਆਪਣੀ ਪੈਲੀ ਵੇਚਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ**

• ਇਹ ਇੰਝ ਹੀ ਵਾਪਰਿਆ। ਉਹਨਾਂ ਉਸਦੀ ਭੌਂ ਖਰੀਦਣ ਦੀ ਪੇਸ਼ਕਸ਼ ਕੀਤੀ, ਪਰ ਉਹ ਮੰਗਤੇ ਵਾਂਗ ਭੁੱਖਾ ਰਹਿ ਕੇ ਮਰ ਤਾਂ ਸਕਦਾ ਸੀ, ਪਰ ਆਪਣੀ ਆਤਮਾ ਨਹੀਂ ਸੀ ਵੇਚ ਸਕਦਾ। ਤੁਸੀਂ ਤੱਕੋ ਕਿ ਭੌਂ ਉਸਦੀ ਰੂਹ ਤੇ ਦਿਲ ਸੀ। ਜਿਵੇਂ ਕਿ ਇਹ ਸਭ ਫਲਸਤੀਨੀ ਕਿਸਾਨਾਂ ਲਈ ਹੈ। ਇਹ ਸਿਰਫ਼ ਮਿੱਟੀ ਨਹੀਂ। ਇਹ ਸਾਡੀ ਪਹਿਚਾਣ ਹੈ, ਇਹ ਸਾਡੀ ਆਤਮਾ ਨਾਲ ਜੁੜੀ ਹੋਈ ਹੈ ਤੇ ਹੈਰਾਨ ਨਾ ਹੋਣਾ, ਇਹ ਸਾਰੇ ਫਲਸਤੀਨੀ ਸਾਹਿਤ ਵਿਚ ਹਾਜ਼ਰ ਹੈ।

ਇਹ ਸਾਡੀ ਹੁਣ ਦੀ ਟੱਕਰ ਦਾ ਸਾਰ ਤੱਤ ਹੈ। ਜਿਸ ਕਵਿਤਾ ਦਾ ਮੈਂ ਹੁਣ ਜ਼ਿਕਰ ਕੀਤਾ ਹੈ, ਇਸ ਪਿੱਛੇ ਬੜੀ ਸਾਦੀ ਘਟਨਾ ਹੈ। ਜਿਵੇਂ ਮੈਂ ਦੱਸਿਆ ਕਿ ਮੈਂ ਆਪਣੇ ਪਹਿਚਾਣ ਪੱਤਰ ਲਈ ਦਰਖ਼ਾਸਤ ਦਿੱਤੀ ਸੀ। ਕਲਰਕ ਜ਼ਿਆਨਵਾਦੀ ਸੀ, ਜਿਸਨੇ ਮੇਰਾ ਕਾਰਡ ਭਰਿਆ, ਜਿਸ ਵਿਚ ਮੇਰਾ ਕੱਦ, ਵਾਲਾਂ ਦਾ ਰੰਗ, ਵਿਸ਼ੇਸ਼ ਨੈਣ ਨਕਸ਼ ਤੇ ਹੋਰ ਸਭ ਕੁਝ। ਜਦੋਂ ਉਸ ਮੇਰੀ ਕੌਮੀਅਤ ਪੁੱਛੀ ਮੈਂ ਦੱਸਿਆ ਕਿ ਮੈਂ ਅਰਬ ਹਾਂ। ਕਲਰਕ ਹੈਰਾਨ ਰਹਿ ਗਿਆ ਤੇ ਹੈਬਰੀਊ ਭਾਸ਼ਾ ਵਿਚ ਮੈਨੂੰ ਦੁਬਾਰਾ ਪੁੱਛਿਆ। ਮੈਂ ਉੱਤਰ ਦਿੱਤਾ, "ਹਾਂ, ਇਹ ਠੀਕ ਗੱਲ ਹੈ। ਲਿਖ ਕਿ ਮੈਂ ਅਰਬ ਹਾਂ।" ਘਰ ਨੂੰ ਜਾਂਦਿਆਂ ਮੈਂ ਇਹ ਗੱਲ ਬਾਰ-ਬਾਰ ਦੁਹਰਾਈ, ਮੈਂ ਇਹ ਮਹਿਸੂਸ ਨਾ ਕੀਤਾ ਕਿ ਇਕ ਕਵਿਤਾ ਬਣ ਰਹੀ ਸੀ। ਘਰ ਪਹੁੰਚ, ਇਹ ਮੂੰਹ ਭੰਨਵਾਂ ਉੱਤਰ ਕਵਿਤਾ ਬਣ ਚੁੱਕੀ

ਸੀ। ਨਜ਼ਾਰੇਥ ਵਿਚ, ਕਵਿਤਾ ਦੇ ਉਤਸਵ ਸਮੇ ਮੈਂ ਕਈ ਕਵਿਤਾਵਾਂ ਸੁਣਾਈਆਂ, ਫਿਰ 'ਮੈਂ ਸਜਲ ਅਨਾ ਅਰਾਬੀ' ਕਵਿਤਾ ਸੁਣਾਈ, ਕਵਿਤਾ ਵਾਂਗ ਨਹੀਂ, ਸਗੋਂ ਰੋਸ ਦੇ ਇਕ ਭਜਨ ਵਾਂਗ। ਸਰੋਤਿਆਂ ਨੇ ਦੋ ਵਾਰ ਸਿਫਾਰਿਸ਼ ਕੀਤੀ ਤੇ ਉਸ ਦਿਨ ਤੋਂ ਅੱਜ ਤੀਕ, ਉਹ ਚੀਖ ਜਿੱਥੇ ਵੀ ਮੈਂ ਜਾਨਾਂ, ਮੇਰੇ ਮਗਰੇ-ਮਗਰ ਆਉਂਦੀ ਹੈ, ਭਾਵੇਂ ਕਿ ਮੈਂ ਇਸ ਕਵਿਤਾ ਨੂੰ ਨਿੱਜੀ ਯਤਨ ਨਹੀਂ, ਸਾਂਝੀ ਚੇਤਨਾ ਦੀ ਉਪਜ ਸਮਝਦਾ ਹਾਂ। ਜ਼ਰਾ ਹੋਰ ਅੱਗੇ ਵਿਕਾਸ ਕਰਨ ਲਈ, ਤੇ ਇਸ ਸੀਮਤ ਬਿੰਬ ਤੋਂ ਆਪਣੇ-ਆਪ ਨੂੰ ਅੱਗੇ ਤੋਰਨ ਲਈ ਮੈਂ ਪਬਲਿਕ ਵਲੋਂ ਬਾਰ-ਬਾਰ ਕੀਤੀਆਂ ਜਾ ਰਹੀਆਂ ਬੇਨਤੀਆਂ ਦੇ ਵਿਰੋਧ ਵਜੋਂ ਇਹ ਕਵਿਤਾ ਘੱਟ ਸੁਣਾਉਂਦਾ ਸੀ, ਪਰ ਛੇਤੀ ਹੀ ਮੈਨੂੰ ਅਨੁਭਵ ਹੋ ਗਿਆ ਕਿ ਉਸ ਗੱਲ ਤੋਂ ਬਚਣਾ ਕਿੰਨਾ ਮੁਸ਼ਕਿਲ ਸੀ, ਜਿਹੜੀ ਕਿ ਜਨਤਕ ਚੇਤਨਾ 'ਤੇ ਗੂੜ੍ਹੀ ਤਰ੍ਹਾਂ ਉੱਕਰੀ ਜਾ ਚੁੱਕੀ ਸੀ। ਇੰਝ ਲੱਗਦਾ ਸੀ ਜਿਵੇਂ ਕਵਿਤਾ ਪਬਲਿਕ ਦੀ ਜਾਇਦਾਦ ਬਣ ਚੁੱਕੀ ਸੀ ਤੇ ਮੈਨੂੰ ਪਬਲਿਕ ਅੱਗੇ ਸਿਰ ਝੁਕਾਉਣਾ ਪੈਂਦਾ ਸੀ।

? **ਇਹ ਮੇਰਾ ਪ੍ਰਾਇਮਰੀ ਸਕੂਲ ਸੀ?**

• ਕੀ ਮੈਂ ਸੱਚੀਂ ਇਸ ਤਰ੍ਹਾਂ ਕਿਹਾ? ਅਸਲ ਵਿਚ ਮੈਂ ਬੜੀ ਛੋਟੀ ਉਮਰੇ ਕਵਿਤਾ ਲਿਖਣ ਲੱਗ ਪਿਆ ਸੀ। ਇਸ ਲਈ ਮੈਂ ਜੋ ਇਸ ਸਤਰ ਵਿਚ ਕਿਹਾ ਸੀ, ਉਸਦਾ ਇਹੀ ਅਰਥ ਸੀ, ਪਰ ਮੈਨੂੰ ਯਾਦ ਨਹੀਂ, ਮੈਂ ਇਹ ਕਦੋਂ ਲਿਖੀ ਤੇ ਕਿੱਥੇ ਸੁਣਾਈ ਸੀ।

? **'ਆਮ ਸੈਨਿਕ ਦੀ ਡਾਇਰੀ' ਵਿਚ, ਮਿਲਟਰੀ ਗਵਰਨਰ ਦੇ ਆਉਣ 'ਤੇ ਕੀਤੇ ਗਏ ਜਸ਼ਨਾਂ ਸਮੇਂ।**

• ਓ ਹਾਂ। ਪ੍ਰਾਇਮਰੀ ਸਕੂਲੇ ਪੜ੍ਹਦਾ ਸੀ ਤੇ 'ਇਜ਼ਰਾਈਲ ਰਿਆਸਤ' ਦਾ ਦਿਨ ਮਨਾਉਣ ਦੇ ਜਸ਼ਨ ਹੋ ਰਹੇ ਸਨ। ਸਕੂਲ ਪ੍ਰਬੰਧਕਾਂ ਨੇ ਮਿਲਟਰੀ ਗਵਰਨਰ ਨੂੰ ਸੱਦਿਆ ਸੀ। ਤੁਹਾਨੂੰ ਚੇਤੇ ਰੱਖਣਾ ਚਾਹੀਦਾ ਏ ਕਿ ਸਕੂਲ ਦੇ ਜਸ਼ਨ ਮਿਲਟਰੀ ਦੇ ਹੁਕਮ ਅਨੁਸਾਰ ਹੋ ਰਹੇ ਸਨ। ਤੇ ਮੈਨੂੰ ਇਕ ਕਵਿਤਾ ਪੜ੍ਹਨ ਲਈ ਕਿਹਾ ਗਿਆ ਸੀ। ਇਸ ਲਈ ਮੈਂ ਉਹ ਕਵਿਤਾ ਚੁਣੀ, ਜਿਹੜੀ ਫਲਸਤੀਨੀ ਹੱਕਾਂ ਦੀ ਗੱਲ ਕਰਦੀ ਸੀ ਤੇ ਇਜ਼ਰਾਈਲ ਜ਼ੁਲਮਾਂ ਉੱਤੇ ਇਲਜ਼ਾਮ ਲਾਉਂਦੀ ਹੋਈ ਉਂਗਲ ਕਰਦੀ ਸੀ। ਜਿਵੇਂ ਕਿ ਆਸ ਕੀਤੀ ਜਾਂਦੀ ਸੀ, ਮੈਨੂੰ ਉਸ ਦਿਨ ਦਮਨ ਦਾ ਪਹਿਲਾ ਸੁਆਦ ਮਿਲਣ ਵਾਲਾ ਸੀ, ਧਮਕੀਆਂ ਤੇ ਚਿਤਾਵਨੀਆਂ ਦੀ ਲੰਮੀ ਲੜੀ ਦਾ ਪਹਿਲਾ ਸੁਆਦ। ਮੈਨੂੰ ਚੁੱਪ ਤੇ ਕਵਿਤਾ ਵਿਚੋਂ ਇਕ ਦੀ ਚੋਣ ਕਰਨੀ ਪੈਣੀ ਸੀ ਤੇ ਜਿਵੇਂ ਤੁਸੀਂ ਵੇਖ ਰਹੇ ਹੋ, ਮੈਂ ਦੂਸਰੇ ਕੰਮ ਨੂੰ ਪਹਿਲ ਦਿੱਤੀ। ਉਸ ਨਾਲ ਜੁੜੀਆਂ ਸਭ ਜ਼ਿੰਮੇਵਾਰੀਆਂ ਸਮੇਤ। ਉਸ ਸਮੇਂ ਤੋਂ ਲੱਗ ਕੇ ਮੈਂ ਚੁੱਪ ਤੇ ਸ਼ਾਂਤੀ ਨੂੰ ਅਲਵਿਦਾ ਆਖ ਦਿੱਤੀ ਸੀ। ਮੇਰੇ ਵਰਗੀ ਕਵਿਤਾ ਦੀ ਕਿਸਮ ਕੋਈ ਖੇਡ ਨਹੀਂ। ਇਹ ਮਹਿੰਗੀ ਹੈ, ਤੇ ਔਕੜਾਂ ਭਰਿਆ ਜੂਆ ਹੈ।

? **ਤੁਹਾਡੀ ਕਵਿਤਾ ਨੇ ਤੁਹਾਡੇ ਪਿਤਾ ਲਈ ਕੀ ਸਮੱਸਿਆਵਾਂ ਖੜ੍ਹੀਆਂ ਕੀਤੀਆਂ। ਕੀ ਨਹੀਂ**



**ਕੀਤੀਆਂ? ਇਥੋਂ ਤੀਕ ਕਿ ਉਨ੍ਹਾਂ ਦੀ ਰੋਟੀ ਵੀ ਖ਼ਤਰੇ ਵਿਚ ਪੈ ਗਈ ਸੀ?**

• ਜਦੋਂ ਮੈਂ ਕਵਿਤਾ ਦੀ ਚੋਣ ਕੀਤੀ, ਮੈਨੂੰ ਇਸ ਨਾਲ ਜੁੜੇ ਖ਼ਤਰਿਆਂ ਦਾ ਪੂਰਾ ਪਤਾ ਸੀ। ਪਰ ਮੇਰਾ ਮਤਲਬ ਰਾਜਸੀ ਖ਼ਤਰਿਆਂ ਤੋਂ ਹੀ ਨਹੀਂ। ਸਭ ਤੋਂ ਵੱਡੀ ਗੱਲ ਕਿ ਮੈਨੂੰ ਆਪਣਾ ਸਮੁੱਚਾ ਭਵਿੱਖ, ਮੇਰਾ ਤਜਰਬਾ ਤੇ ਮੇਰਾ ਗਿਆਨ ਕਵਿਤਾ ਨੂੰ ਅਰਪਿਤ ਕਰਨਾ ਪੈਣਾ ਸੀ। ਪਰ ਸੱਚੀ ਗੱਲ ਇਹ ਹੈ ਕਿ ਮੈਂ ਨਹੀਂ ਦੱਸ ਸਕਦਾ ਕਿ ਮੈਂ ਜੇਤੂ ਹੋ ਕੇ ਨਿਕਲਿਆ ਹਾਂ, ਮੈਂ ਤਾਂ ਸਿਰਫ਼ ਇਹ ਜਾਣਦਾ ਹਾਂ ਕਿ ਮੈਂ ਸਦਾ ਅੱਗੇ ਵਧਦਾ ਜਾਵਾਂਗਾ ਤੇ ਜੀਵਨ ਵਿਚ ਆਪਣੇ ਸਾਂਝੇ ਸਫ਼ਰ ਵਿਚ ਹੋਰ ਵਧੇਰੇ ਹਿੱਸਾ ਲੈਂਦਾ ਰਹਾਂਗਾ।

? **ਇਜ਼ਰਾਈਲੀ ਸਮਾਜ ਭੂਤਰਿਆ ਸਾਨ੍ਹ ਹੈ, ਜਿਹੜਾ ਗੇੜੇ ਕੱਢੀ ਜਾਂਦਾ ਹੈ, ਅੱਖਾਂ ਤੋਂ ਅੰਨ੍ਹਾ ਤੇ ਉਸਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਕੋਈ ਉਸਦਾ ਟਾਕਰਾ ਨਹੀਂ ਕਰ ਸਕਦਾ।**

• ਬਿਲਕੁਲ ਠੀਕ ! ਇਜ਼ਰਾਈਲੀ ਚੇਤਨਾ ਇਕ ਧਰਤੀ ਹੈ, ਸਾਰਾ ਜ਼ਿਆਨਵਾਦੀ ਜੋਸ਼ ਇਕੋ ਸ਼ਕਤੀ ਦੇ ਭਿਆਨਕ ਹਊਏ ਵਿਚ ਬਦਲ ਦਿੱਤਾ ਗਿਆ ਹੈ। ਮਿਲਟਰੀ ਦੀ ਤਾਕਤ ਵਿਚ ਤੇ ਯਕੀਨੀ ਤੌਰ 'ਤੇ ਉਹ ਤਾਕਤਵਰ ਹਨ, ਭਾਵੇਂ ਕਿ ਮੈਂ ਉਹਨਾਂ ਕਾਰਨਾਂ ਦੀ ਗੱਲ ਨਹੀਂ ਕਰਾਂਗਾ ਕਿ ਉਹ ਕਿਉਂ ਏਨੇ ਤਾਕਤਵਰ ਹਨ, ਪਰ ਅਠੱਤੀ ਸਾਲਾਂ ਤੋਂ ਸਾਡੇ ਘਰ ਖੋਹ ਕੇ ਯਹੂਦੀ ਸੰਸਾਰ ਦੀਆਂ ਨਜ਼ਰਾਂ ਵਿਚੋਂ ਬਰੀ ਨਹੀਂ ਹੋਏ, ਨਾ ਹੀ ਉਹ ਆਪੋ ਵਿਚ ਸ਼ਾਂਤੀ ਕਾਇਮ ਕਰ ਸਕੇ ਹਨ ਤੇ ਆਪਣੀ ਇਜ਼ਰਾਈਲੀ ਪਹਿਚਾਣ ਦੀ। ਟੈਂਕਾਂ ਤੇ ਬਕਤਰ ਬੰਦ-ਗੱਡੀਆਂ ਨੇ ਉਹਨਾਂ ਦੀਆਂ ਆਤਮਿਕ ਤੇ ਸੱਭਿਆਚਾਰਕ ਸਮੱਸਿਆਵਾਂ ਨੂੰ ਅਜੇ ਤੀਕ ਵੀ ਹੱਲ ਨਹੀਂ ਕੀਤਾ। ਉਹ ਐਸੀ ਜੰਗ ਵਿਚ ਖੁੱਭ ਗਏ ਹਨ ਕਿ ਜਿਸਨੂੰ ਉਹ ਠੀਕ ਸਿੱਧ ਨਹੀਂ ਕਰ ਸਕੇ। ਕੋਈ ਵੀ ਸੁਸਾਇਟੀ ਦੂਸਰੇ ਨੂੰ ਹਰਾਉਣ ਦੀ ਸ਼ਕਤੀ ਦੇ ਨਿਸ਼ਾਨੇ ਦੇ ਸਿਰ 'ਤੇ ਜਿਊਂਦੀ ਨਹੀਂ ਰਹਿ ਸਕਦੀ। ਇਸ ਤੋਂ ਬਿਨਾਂ ਉਹ ਜਿੱਤਾਂ ਸਿਰਫ਼ ਕੁਝ ਹਾਲਤਾਂ ਦਾ ਫਲ ਹਨ ਜਿਹੜੀਆਂ ਬਦਲ ਵੀ ਸਕਦੀਆਂ ਹਨ ਤੇ ਜਿਹੜੀਆਂ ਨਵੇਂ ਹਾਲਾਤ ਨੂੰ ਜਨਮ ਦੇ ਸਕਦੀਆਂ ਹਨ। ਇਕ ਸ਼ਬਦ ਵਿਚ, ਭਵਿੱਖ ਨਿਸ਼ਚਿਤ ਹੋਣ ਤੋਂ ਕੋਹਾਂ ਦੂਰ ਹੈ। ਇਹ ਇਕ-ਪਾਸੜ ਯਹੂਦੀਵਾੜਾ ਮਾਨਸਿਕਤਾ ਨਿਸ਼ਚੇ ਹੀ ਇਸ ਗੱਲ 'ਤੇ ਲੈ ਜਾਵੇਗੀ ਕਿ ਇਹ ਪ੍ਰਯੋਜਨ ਅਸਫ਼ਲ ਹੋ ਕੇ ਹੀ ਰਹਿਣਾ ਹੈ, ਪਰ ਅਰਬਾਂ ਦੇ ਪੱਖੋਂ ਇਹਨਾਂ ਵੱਖਰੀਆਂ ਹਾਲਤਾਂ ਦੀ ਲੋੜ ਹੋਵੇਗੀ।

? **ਫਲਸਤੀਨੀ ਮੌਤ ਤੇ ਜਨਮ**
**ਤੇ ਫਲਸਤੀਨੀ ਆਵਾਜ਼ਾਂ ਬਾਰੇ**

• ਇਹ ਸਤਰਾਂ ਫਲਸਤੀਨੀ ਪਿਆਰ ਕਵਿਤਾ 'ਚੋਂ ਹਨ, ਜਿਹੜੀ ਮੈਂ 1964 ਵਿਚ ਲਿਖੀ ਸੀ। ਇਹ ਕਵਿਤਾ ਇਜ਼ਰਾਈਲੀ ਜ਼ੁਲਮ ਦੀ ਪਕੜ ਵਿਰੁੱਧ 'ਫਲਸਤੀਨ'

ਸ਼ਬਦ ਨੂੰ ਉਚਾਰਨ ਕਾਰਨ ਉਭਰਵੀਂ ਪਹਿਲੀ ਕਵਿਤਾ ਹੈ। ਇਹ ਸ਼ਬਦ ਸਾਡੀ ਸ਼ਖਸੀਅਤ ਤੇ ਪਛਾਣ ਦ੍ਰਿੜ ਕਰਾਉਂਦਾ ਹੈ। ਮੈਂ ਅਨੁਭਵ ਕਰਦਾ ਹਾਂ ਕਿ ਇਹ ਕਵਿਤਾ ਸਾਡੀ ਪਛਾਣ ਤੇ ਸ਼ਖ਼ਸੀਅਤ ਦੀ ਸਦੀਵਤਾ ਦੀ ਪ੍ਰਤੀਨਿਧਤਾ ਕਰਦੀ ਹੈ।

? **ਕੀ ਅਸੀਂ ਜੂਨ ਤੀਕ ਨਿੱਕੀਆਂ ਘੁੱਗੀਆਂ**
**ਵਰਗੇ ਨਹੀਂ ਸੀ**
**ਪਰ ਸਾਡਾ ਪਿਆਰ ਹੱਥਕੜੀਆਂ**
**ਦੇ ਭਾਰ ਨਾਲ ਘਟਿਆ ਨਹੀਂ ਹੈ।**

- ਅਸੀਂ ਅਰਬਾਂ ਨੇ ਜੂਨ 1967 ਦੇ ਜ਼ਖ਼ਮ ਨੂੰ ਇਤਨਾ ਸ਼ਿੱਦਤ ਨਾਲ ਮਹਿਸੂਸ ਕੀਤਾ ਸੀ ਕਿ ਜਿਸਦੇ ਠੀਕ ਹੋਣ ਨੂੰ ਦੇਰ ਲੱਗੇਗੀ। ਇੰਝ ਜਾਪਦਾ ਸੀ ਜਿਵੇਂ ਸਾਨੂੰ ਅਸਚਰਜ ਇਕਰਾਰ ਰਾਹੀਂ ਲੋਰੀ ਦੇ ਕੇ ਗੂੜ੍ਹੀ ਨੀਂਦੇ ਸੁਆ ਦਿੱਤਾ ਗਿਆ ਸੀ ਤੇ ਅਸੀਂ ਜਾਗਣ ਉੱਤੇ ਤਬਾਹੀ ਦੇ ਮੂੰਹ ਆ ਜਾਣਾ ਸੀ। ਮੈਨੂੰ ਹੈਫ਼ਾ ਦੀ ਉਹ ਰਾਤ ਕਦੇ ਨਹੀਂ ਭੁੱਲਣੀ, ਜਦੋਂ ਸਾਡੇ ਯਹੂਦੀ ਗੁਆਂਢੀਆਂ ਨੇ ਉਹਨਾਂ ਵਲੋਂ ਅਰਬਾਂ ਨਾਲ ਗੱਲ ਕਰਕੇ ਦਖ਼ਲ ਦੇਣ ਲਈ ਤਰਲੇ ਮਾਰੇ। ਇਹਨਾਂ ਅਰਬਾਂ ਦੀ ਕਿਸੇ ਸਮੇਂ ਵੀ ਆਮਦ ਦੀ ਉਡੀਕ ਸੀ। ਪਰ ਅਗਲੇ ਦਿਨ ਅਸੀਂ ਹਾਰੇ ਹੋਏ ਬਣ ਗਏ ਸੀ ਤੇ ਉਹ ਜੇਤੂ। ਇਹ ਕੁੜੱਤਣ ਭਰੀ ਨਿਰਾਸ਼ਤਾ ਸੀ, ਜਿਸ ਕਾਰਨ ਮੈਂ ਕਿਹਾ ਸੀ ਕਿ 1976 ਦੀ ਹਾਰ ਨੇ ਸਾਨੂੰ ਏਨਾ ਹੀ ਭਿਆਨਕ ਝਟਕਾ ਲਾਇਆ ਸੀ ਜਿੰਨਾ 1948 ਦੇ ਦੁਖਾਂਤ ਨੇ।

? **ਮੈਂ ਸਭ ਸ਼ਬਦ ਸਿੱਖ ਲਏ ਨੇ,**
**ਉਹਨਾਂ ਦੇ ਸ਼ਬਦ ਜੋੜ ਕਰ ਲਏ ਨੇ**
**ਉਹਨਾਂ ਨੂੰ ਭੰਨ ਤੋੜ ਦਿੱਤਾ ਹੈ**
**ਤੇ ਇਕ ਨਵੇਂ ਸ਼ਬਦ 'ਮਾਤਭੂਮੀ' ਵਿਚ**
**ਦੁਬਾਰਾ ਉਸਾਰ ਲਿਆ ਹੈ।**

- ਮੇਰੀ ਕਵਿਤਾ ਦਾ ਵਿਕਾਸ ਨਿਰਸੰਦੇਹ ਸ਼ਬਦਾਂ ਰਾਹੀਂ, ਮਾਂ-ਭੂਮੀ ਦੀ ਉਸਾਰੀ ਰਾਹੀਂ ਦਰਸਾਇਆ ਜਾ ਸਕਦਾ ਹੈ, ਇਹ ਮੇਰੀ ਸ਼ਕਤੀ ਵੀ ਹੈ ਤੇ ਕਮਜ਼ੋਰੀ ਵੀ। ਮੈਂ ਕਦੇ ਨਹੀਂ ਸੀ ਚਾਹਿਆ ਕਿ ਇੰਝ ਹੋਵੇ, ਪਰ ਹੁਣ ਮੈਨੂੰ ਇਸੇ ਤਰ੍ਹਾਂ ਹੀ ਪ੍ਰਵਾਨ ਕਰਨਾ ਪਿਆ ਹੈ, ਮੈਂ ਇਸ ਬਰਬਾਦੀ ਵਿਚੋਂ ਤਾਂ ਹੀ ਬਾਹਰ ਨਿਕਲ ਸਕਦਾ ਹਾਂ ਜੇ ਮੇਰੇ ਕੋਲ ਸ਼ਬਦਾਂ 'ਤੇ ਆਧਾਰਿਤ ਇਖ਼ਲਾਕੀ ਹੋਂਦ ਹੋਵੇ। ਮੈਂ ਮਹਿਸੂਸ ਕੀਤਾ ਹੈ ਕਿ ਮੈਂ ਖੁਦ ਲਈ ਤੇ ਆਪਣੇ ਲਈ ਆਤਮਿਕ ਮਾਂ-ਭੂਮੀ ਸ਼ਬਦਾਂ ਰਾਹੀਂ ਉਸਾਰਨ ਲਈ ਯਤਨ ਕਰ ਰਿਹਾ ਹਾਂ। ਕਵਿਤਾ ਰਾਹੀਂ ਯਥਾਰਥ ਇਕ ਨਵੀਂ ਸ਼ਕਲ ਧਾਰਨ ਕਰਦਾ ਹੈ।

? **ਅਸਲ ਵਿਚ ਮਾਤ ਭੂਮੀ ਹੁੰਦੀ ਕੀ ਹੈ? ਕੋਈ ਵੀ ਇਸ ਦੀ ਇੰਝ ਪਕੜ ਕਰਨ ਵਿਚ ਸਫ਼ਲ ਤੇ ਨਹੀਂ ਹੋਇਆ, ਜਿਵੇਂ ਕਿ ਤੁਸੀਂ।**



- ਮਾਤ-ਭੂਮੀ ਦੀ ਮੇਰੀ ਪਰਿਭਾਸ਼ਾ ਬੜੀ ਸੁਖੈਨ ਹੈ। ਇਹ ਉਹ ਥਾਂ ਹੈ, ਜਿੱਥੇ ਮਨੁੱਖ ਜਨਮਦਾ ਤੇ ਜਿੱਥੇ ਉਹ ਰਹਿੰਦਾ ਹੈ। ਪਰ ਸਾਡੇ ਮਾਮਲੇ ਵਿਚ ਅਜਿਹੀ ਸਾਦਗੀ, ਇਕ ਕਤਲਾਮ ਤੋਂ ਪਿੱਛੋਂ ਦੂਸਰੇ ਦੇ ਸਨਮੁੱਖ ਖਲੋਣ ਦੀ ਆਸਾਧਰਣ ਸੂਰਬੀਰਤਾ ਹੈ। ਅਸੀਂ ਇਸ ਸਾਦਗੀ ਤੀਕ ਅਗਨ ਪ੍ਰੀਖਿਆ ਰਾਹੀਂ ਪੁੱਜਣ ਲਈ ਜ਼ੁੰਮੇਵਾਰ ਹਾਂ। ਕਈ ਵਾਰ, ਮਾਤ ਭੂਮੀ ਦਾ ਅਰਥ ਸਿਰਫ਼ ਭੂਮੀ ਨਹੀਂ ਹੁੰਦਾ। ਸਗੋਂ ਬਰਬਾਦੀ ਦੇ ਵਿਰੁੱਧ ਜੰਗ ਲੜਨ ਦੀ ਆਤਮਿਕ ਸ਼ਕਤੀ ਬਣਨਾ ਹੁੰਦਾ ਹੈ।

ਇਹ ਤਬਾਹੀ ਦੇ ਵਿਰੁੱਧ ਕੋਈ ਪਛਾਣ, ਇਕ ਇਤਿਹਾਸ ਸਿਰਜਣਾ ਹੁੰਦਾ ਹੈ, ਇਸਦੀ ਅਣਹੋਂਦ ਸਦਕਾ ਹੀ ਮਾਤ ਭੂਮੀ ਦਾ ਵਿਚਾਰ, ਜਿਊਂਦੇ ਰਹਿਣ ਦੀ ਲਾਜ਼ਮੀ ਸ਼ਰਤ ਬਣ ਜਾਂਦਾ ਹੈ, ਇਸ ਦੇ ਅਸਤਿਤਵ ਦੇ ਹੱਕ ਦਾ ਪ੍ਰਮਾਣ। ਇੰਝ ਮਾਤ ਭੂਮੀ ਦੇ ਅਰਥ, ਭੂਮੀ ਤੋਂ ਪਰ੍ਹੇ ਦੇ ਬਣ ਜਾਂਦੇ ਹਨ। ਸਵਤੰਤਰਾ ਵਰਗੇ, ਪਰ ਸਾਡੇ ਫਲਸਤੀਨੀਆਂ ਲਈ ਜਿੱਥੇ ਕਿਤੇ ਵੀ ਅਸੀਂ ਰਹਿ ਰਹੇ ਹਾਂ, ਇਹ ਸਾਡੀ ਹੋਂਦ ਦੇ ਹੱਕ ਦੀ ਸ਼ਰਤ ਬਣ ਜਾਂਦਾ ਹੈ। ਮਨੁੱਖਾਂ ਵਾਂਗ ਜਿਉਂਦੇ ਰਹਿਣ ਦੇ ਹੱਕ ਦੀ ਸ਼ਰਤ, ਆਪਣੀ ਮਾਤ-ਭੂਮੀ ਨਾਲ ਜੁੜਨ ਦੀ ਸਮਰੱਥਾ।

ਮਾਤ-ਭੂਮੀ ਦੀਆਂ ਬਾਕੀ ਸਭ ਪਰਿਭਾਸ਼ਾਵਾਂ ਇਨ੍ਹਾਂ ਨਾਲੋਂ ਵਧੇਰੇ ਸਾਦਾ ਹਨ। ਪਰ ਸਾਡੇ ਲਈ ਉਥੇ ਪਹੁੰਚਣ ਲਈ, ਬੜੇ ਭਿਅੰਕਰ ਇਮਤਿਹਾਨਾਂ 'ਚੋਂ ਲੰਘਣਾ ਪੈਂਦਾ ਹੈ।

? **ਸਭ ਸ਼ੀਸ਼ੇ ਹਨ**
**ਫਿਰ ਵੀ ਸਭ ਪੱਥਰ ਦੇ ਹਨ**
**ਅਸੀਂ ਅਜਿਹੀ ਯਾਤਰਾ ਦੀ ਕੋਸ਼ਿਸ਼ ਹੀ ਕਿਉਂ ਕਰਦੇ ਹਾਂ,**

- ਇਹ ਕਵਿਤਾ ਮਾਤ-ਭੂਮੀ ਦੇ ਅਰਥਾਂ ਦੀ ਡੂੰਘੀ ਤਰ੍ਹਾਂ ਪੁਣ-ਛਿਣ ਕਰਦੀ ਹੈ ਜਿਸ ਤੋਂ ਬਾਹਰ ਸ਼ੀਸ਼ਾ ਪ੍ਰਤੀਬਿੰਬ ਕਰਨ ਦੇ ਅਯੋਗ ਹੈ। ਅਸੀਂ ਮਾਤ-ਭੂਮੀ ਦੇ ਸ਼ੀਸ਼ੇ ਤੋਂ ਬਿਨਾਂ ਆਪਣੇ ਚਿਹਰੇ, ਆਪਣੇ ਨਕਸ਼ ਤੇ ਆਪਣੀਆਂ ਰੂਹਾਂ ਨਹੀਂ ਤੱਕ ਸਕਦੇ। ਇੰਝ ਇਹ ਯਾਤਰਾ, ਯਾਤਰਾ ਦੇ ਵਿਚ ਵਿਚ ਕੌਮ ਯਾਤਰਾ, ਸਾਡਾ ਸ਼ੀਸ਼ਾ ਸਿਰਜਣ ਦੀ, ਮਾਤ-ਭੂਮੀ ਦਾ ਸ਼ੀਸ਼ਾ ਸਿਰਜਣ ਦੀ ਇਕ ਕੋਸ਼ਿਸ਼ ਹੈ। ਵਰਤਮਾਨ ਹਾਲਤਾਂ ਵਿਚ, ਨਾ ਹੀ ਅਸੀਂ ਬਾਕੀ ਹੋਂਦ ਨਾਲ ਆਪਣੇ ਸਬੰਧ ਹੋਰ ਡੂੰਘੇ ਕਰ ਸਕਦੇ ਹਾਂ ਤੇ ਨਾ ਹੀ ਸੱਚੇ ਅਰਥਾਂ ਵਿਚ ਜੀ ਸਕਦੇ ਹਾਂ, ਜਾਂ ਸਾਨੂੰ ਆਪਣੀ ਮਾਤ-ਭੂਮੀ ਦਾ ਸ਼ੀਸ਼ਾ ਸਿਰਜਣ ਦੀ ਇਕ ਕੋਸ਼ਿਸ਼ ਹੈ। ਵਰਤਮਾਨ ਹਾਲਤਾਂ ਵਿਚ, ਨਾ ਹੀ ਅਸੀਂ ਬਾਕੀ ਹੋਂਦ ਨਾਲ ਆਪਣੇ ਸਬੰਧ ਹੋਰ ਡੂੰਘੇ ਕਰ ਸਕਦੇ ਹਾਂ ਤੇ ਨਾ ਹੀ ਸੱਚੇ ਅਰਥ ਵਿਚ ਜੀ ਸਕਦੇ ਹਾਂ, ਜਾਂ ਸਾਨੂੰ ਆਪਣੀ ਮਾਤ-ਭੂਮੀ ਮੁੜ ਪ੍ਰਾਪਤ ਕਰਨੀ ਚਾਹੀਦੀ ਹੈ ਤੇ ਜਾਂ ਫਿਰ ਆਪਣੇ ਅੰਦਰ ਮਾਤ-ਭੂਮੀ ਇਕੱਠੀ ਕਰਨੀ ਚਾਹੀਦੀ ਹੈ।

? **ਇਕ ਦਿਨ ਪਿਤਾ ਨੇ ਕਿਹਾ**

**ਜਿਸ ਬੰਦੇ ਦੀ ਧਰਤ ਉੱਤੇ**
**ਮਾਤ-ਭੂਮੀ ਨਹੀਂ**
**ਉਸ ਦੀ ਕਬਰ ਵੀ ਨਹੀਂ ਹੋਵੇਗੀ।**

• ਇਹ ਸਾਡੇ ਫਲਸਤੀਨੀ ਜੀਵਨ ਦਾ ਇਕ ਹੋਰ ਵਿਰੋਧਾਭਾਸ ਹੈ, ਜਿਹੜਾ ਸਾਡੇ ਸਫ਼ਰ ਦੌਰਾਨ ਵਾਰ-ਵਾਰ ਵਾਪਰਦਾ ਹੈ। ਸਿਰਫ਼ ਸਾਡੀ ਕੋਈ ਮਾਤ-ਭੂਮੀ ਹੀ ਨਹੀਂ, ਸਗੋਂ ਸਾਡੇ ਕੋਲ ਆਪਣੇ ਮਰ ਗਿਆ ਨੂੰ ਦਫ਼ਨਾਉਣ ਲਈ ਕੋਈ ਥਾਂ ਵੀ ਨਹੀਂ ਹੈ। ਮੇਰੇ ਮਿੱਤਰ, ਸਾਡੇ ਕਾਜ਼ ਲਈ ਸ਼ਹੀਦਾਂ ਵਾਸਤੇ ਆਖ਼ਰੀ ਆਰਾਮ ਲਈ ਕੋਈ ਥਾਂ ਨਹੀਂ। ਜਿਸਦੀ ਮਾਤ-ਭੂਮੀ ਨਹੀਂ ਹੁੰਦੀ, ਉਸਦਾ ਕੋਈ ਕਬਰਿਸਤਾਨ ਵੀ ਨਹੀਂ ਹੁੰਦਾ, ਕੀ ਸਾਡਾ ਇਹ ਹੱਕ ਨਹੀਂ ਕਿ ਅਸੀਂ ਆਪਣੇ ਕਬਰਿਸਤਾਨ ਨੂੰ ਆਪਣਾ ਕਹਿ ਸਕੀਏ? ਇਸ ਤੋਂ ਸਾਨੂੰ ਉਸ ਭਿਆਨਕਤਾ ਦਾ ਪਤਾ ਲੱਗਦਾ ਹੈ, ਜਿਹੜੀ ਤਬਾਹੀ ਵਿਰੁੱਧ ਆਪਣੀ ਲੜਾਈ ਵਿਚ ਸਾਡੇ ਲੋਕਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ।

? **ਬੈਰੂਤ ਇਕ ਸੇਬ ਹੈ**
**ਪਰ ਹਿਰਦੇ ਵਿਚ ਇਕ ਕਬਰ ਹੈ**
**ਉਹ ਗਰਕ ਰਹੀ ਦੁਨੀਆਂ ਵਿਚ**
**ਕਿਸੇ ਨਖਲਿਸਤਾਨ ਵਾਂਗ ਹੈ।**

• ਬੈਰੂਤ ਇਕ ਟਾਪੂ ਉੱਤੇ ਆਜ਼ਾਦੀ ਦੇ ਲੋਕ ਰਾਜ ਦਾ ਇਕ ਤਜਰਬਾ ਸੀ, ਪਰ ਇਹ ਟਾਪੂ ਖੁੱਸ ਗਿਆ ਤੇ ਡੁੱਬ ਗਿਆ। ਇਸੇ ਕਾਰਨ ਇਹ ਭਿਅੰਕਰਤਾ ਹੈ।

? **ਅਸੀਂ ਤੈਨੂੰ ਬੈਰੂਤ ਤੋਂ ਲਿਖ ਰਹੇ ਹਾਂ**
**ਇਹ ਪੁੱਛਣ ਲਈ**
**ਕਿ ਕੌਣ ਕਿਸ ਨੂੰ ਘੇਰਾ ਪਾ ਰਿਹੇ?**

• ਇਹ ਸਤਰਾਂ ਮੁਈਨ ਬਸੀਸੋ (ਇਕ ਹੋਰ ਫਲਸਤੀਨੀ ਕਵੀ) ਨਾਲ ਸਾਂਝੀਆਂ ਲਿਖੀਆਂ ਗਈਆਂ ਸਨ। ਜ਼ਿਕਰ ਅਧੀਨ ਕਵਿਤਾ ਇਕ ਖ਼ਤ ਸੀ, ਜਿਹੜਾ ਇਕ ਇਜ਼ਰਾਈਲੀ ਸੈਨਿਕ ਨੂੰ ਲਿਖਿਆ ਗਿਆ ਸੀ, ਜਿਸ ਨੇ ਕਿ ਬੈਰੂਤ 'ਤੇ ਹੱਲਾ ਕੀਤਾ ਸੀ। ਅਸੀਂ ਉਸਨੂੰ ਉਸਦਾ ਵਿਰੋਧਾਭਾਸ ਸਪੱਸ਼ਟ ਕਰਕੇ ਵਿਖਾਇਆ ਸੀ। ਉਹ ਇਕ ਅਜਿਹਾ ਸਿਪਾਹੀ ਹੈ, ਜਿਹੜਾ ਇਕ ਟੈਂਕ ਵਿਚ ਜਨਮਿਆ, ਉੱਥੇ ਹੀ ਪੜ੍ਹਿਆ, ਵਿਆਹ ਕਰਵਾਇਆ, ਟੈਂਕ ਵਿਚ ਹੀ ਰਿਹਾ ਤੇ ਨਿਸ਼ਚੇ ਹੀ ਟੈਂਕ ਵਿਚ ਮਰੇਗਾ। ਸਪੱਸ਼ਟ ਤੌਰ 'ਤੇ ਉਹ ਸਾਡੇ ਨਾਲੋਂ ਘੱਟ ਆਜ਼ਾਦ ਹੈ, ਅਸੀਂ ਜੋ ਹਰ ਰੋਜ਼ ਆਪਣੇ ਅਸੀਮ ਇਤਿਹਾਸਕ ਤੇ ਸਭਿਆਚਾਰਕ ਭਵਿੱਖ ਨਕਸ਼ੇ ਸਮੇਤ, ਉਸ ਸਿਪਾਹੀ 'ਤੇ ਹਮਲਾ ਕਰ ਰਹੇ ਸੀ, ਜਿਸਦਾ ਨਾ ਕੋਈ ਭੂਤ ਸੀ ਤੇ ਨਾ ਹੀ ਵਰਤਮਾਨ ਤੇ ਭਵਿੱਖ। ਉਸ ਕੋਲ ਤਾਂ ਬੱਸ ਇੱਕ ਬਕਤਰ ਬੰਦ ਟੈਂਕ ਹੀ ਰਹਿਣ ਵਾਲੀ ਥਾਂ ਸੀ। ਸਾਡਾ ਘੇਰਾ ਸਾਡੇ ਵਿਸ਼ਾਲ



ਦਿਸਹੱਦੇ ਦੇ ਟਾਕਰੇ 'ਤੇ ਨਿਗੂਣਾ ਲੱਗਦਾ ਸੀ। ਸੈਬਰਾ ਸਾਡੇ ਦੇਸ਼ ਦੇ ਪ੍ਰਮਾਣਿਕਤਾ ਦਾ ਸਦੀਵੀ ਚਿੰਨ੍ਹ ਹੈ।

? **ਸੈਬਰਾ ਇਕ ਲਾਸ਼ ਤੇ ਬਣਿਆ ਚੌਰਸਤਾ ਹੈ?**

• ਸੈਬਰਾ ਸਾਡੇ ਦੇਸ਼ ਦੇ ਵੱਡੇ ਕਤਲਾਮਾਂ ਵਿਚੋਂ ਇੱਕ ਸੀ। ਇਸ ਨਾਂ 'ਤੇ ਲਹੂ ਦੇ ਇੱਕੋ ਅਰਥ ਹੀ ਬਣ ਗਏ ਹਨ। ਸੈਬਰਾ ਚੱਲਦੇ-ਚੱਲਦੇ ਵਾਪਰੀ ਕੋਈ ਘਟਨਾ ਜਾਂ ਗਲਤੀ ਨਹੀਂ ਸੀ। ਜਿਹੜੀ ਇਜ਼ਰਾਈਲੀਆਂ ਤੇ ਉਸਦੇ ਸਹਿਯੋਗੀਆਂ ਨੇ ਅਰਬ ਸੰਸਾਰ ਵਿਰੁੱਧ ਕੀਤੀ ਸੀ। ਇਹ ਇਕ ਨਸਲੀ ਐਲਾਨਨਾਮਾ ਸੀ। ਕਿਉਂਕਿ ਉਹ ਸਿਰਫ਼ ਫਲਸਤੀਨ ਨੂੰ ਰਾਜਸੀ ਪਿੜ ਵਿਚੋਂ ਹਟਣ ਦੀ ਮੰਗ ਹੀ ਨਹੀਂ ਕਰ ਰਹੇ, ਸਗੋਂ ਉਹ ਇਸਦਾ ਸਰੀਰਕ ਸੰਘਾਰ ਕਰਨਾ ਲੋਚਦੇ ਹਨ। ਪਰ ਸਭ ਤੋਂ ਭਿਆਨਕ ਗੱਲ ਤਾਂ ਇਹ ਹੈ ਕਿ ਇਹ ਮੌਸਮੀ ਨਰਸੰਘਾਰ, ਜਨ-ਸੰਚਾਰ ਸਾਧਨਾਂ ਲਈ ਇਤਿਹਾਸ ਦੀਆਂ ਬਹੁਤ ਨਿੱਕੀਆਂ ਦੁਰਘਟਨਾਵਾਂ ਹਨ, ਇਸਦੇ ਉਲਟ ਇਹ ਜਨ-ਸੰਚਾਰ ਸਾਧਨ ਕਿਸੇ ਯਹੂਦੀ ਨਾਲ ਵਾਪਰੀ ਨਿੱਕੀ ਜਿਹੀ ਘਟਨਾ ਨੂੰ 'ਸੈਮਟਿਕ ਵਿਰੋਧੀ' ਵੱਡੀ ਘਟਨਾ ਬਣਾ ਕੇ ਉਸਦੀ ਭੰਡੀ ਕਰਦੇ ਹਨ। ਸੈਬਰਾ ਫਲਸਤੀਨੀ ਮੌਤ-ਸੂਚੀ ਦੀ ਇਕ ਸਾਧਾਰਨ ਚੀਜ਼ ਤੋਂ ਬਹੁਤ ਵੱਧ ਹੈ। ਇਹ ਕੌਮਾਂਤਰੀ ਲੋਕ ਰਾਇ ਦੇ ਦੰਭ ਦਾ ਪ੍ਰਮਾਣ ਹੈ, ਜਿਹੜੇ ਕਿ ਆਪਣੀ ਚੁੱਪ ਨਾਲ ਸੈਬਰਾ ਵਰਗੇ ਨਿੱਤ ਦੁਹਰਾਏ ਜਾਂਦੇ ਕਤਲਾਮ ਨੂੰ ਠੀਕ ਸਿੱਧ ਕਰਦੇ ਹਨ। ਜਦੋਂ ਫਲਸਤੀਨ ਦੇ ਲੋਕਾਂ ਕੋਲੋਂ ਉਹਨਾਂ ਦੀ ਆਜ਼ਾਦੀ ਤੇ ਉਹਨਾਂ ਦੀ ਮਾਤ-ਭੂਮੀ ਖੋਹੀ ਜਾਂਦੀ ਹੈ, ਕੌਮਾਂਤਰੀ ਲੋਕ ਜ਼ਮੀਰ 'ਕੋਈ ਬੁਰਾਈ ਨਾ ਤੱਕੋ, ਕੋਈ ਬੁਰਾਈ ਨਾ ਸੁਣੋ' ਦੀ ਪਾਲਸੀ 'ਤੇ ਨਹੀਂ ਚਲ ਸਕਦੀ, ਜਿਹੜੀ ਲੋਕ ਰਾਇ, ਯੋਜਨਾ-ਬੱਧ ਕਤਲਾਮ ਅਗਿਆਨਤਾ ਵਜੋਂ ਪ੍ਰਵਾਨਗੀ ਨਹੀਂ ਦੇ ਰਹੀ, ਸਗੋਂ ਜਾਣ ਬੁੱਝ ਕੇ ਅਣਡਿੱਠ ਕਰ ਰਹੀ ਹੈ। ਸੰਚਾਰ ਸਾਧਨਾਂ ਦਾ ਇਕੋ ਇਕ ਈਮਾਨਦਾਰੀ ਵਾਲੀ ਫਰਜ਼ ਇਹ ਹੈ ਕਿ ਉਹ ਆਪਣੀ ਸ਼ਕਤੀ ਨਾਲ ਤੇ ਮਨੁੱਖੀ ਫਰਜ਼ ਵਲੋਂ ਲੋਕਾਂ ਦੇ ਆਪਣੀ ਮਾਤ-ਭੂਮੀ ਵਿਚ ਆਜ਼ਾਦੀ ਨਾਲ ਵਿਚਰਨ ਦੇ ਜ਼ਰੂਰੀ ਅਧਿਕਾਰ ਦੀ ਡਟ ਕੇ ਹਿਮਾਇਤ ਕਰਨ।

? **ਮੈਂ ਇਕ ਵਿਦਾਇਗੀ ਤੋਂ**
**ਦੂਸਰੀ ਤੱਕ ਸਫ਼ਰ ਕਰਦਾ ਹਾਂ।**

• ਮੇਰਾ ਖ਼ਿਆਲ ਹੈ ਕਿ ਇਹ ਕਾਵਿ-ਬੰਦ ਮੇਰੀ ਕਵਿਤਾ 'ਮੁਤਨਬੀ ਜਾ ਰਿਹਾ ਹੈ' ਵਿਚੋਂ ਹੈ। ਮੈਂ ਬਹੁਤ ਵਾਰ ਮੁਤਬਨੀ ਦਾ ਹਵਾਲਾ ਦਿੰਦਾ ਹਾਂ ਜਾਂ ਉਸਦਾ ਜ਼ਿਕਰ ਕਰਦਾ ਹਾਂ, ਕਿਉਂਕਿ ਉਸਦੀ ਰਚਨਾ ਵਿਚ ਹੋਰ ਗੱਲਾਂ ਤੋਂ ਬਿਨਾਂ ਸੂਰਬੀਰਤਾ ਤੇ ਨਾਇਕਾਂ ਵਾਲੀ ਗੱਲ ਦਾ ਆਨੰਦ-ਦਾਇਕ ਮਿਸ਼ਰਨ ਹੈ ਤੇ ਨਾਲ ਹੀ ਸ਼ਬਦਾਂ ਰਾਹੀਂ ਉਸਤਤੀ ਕੀਤੀ ਗਈ ਹੁੰਦੀ ਹੈ ਕਿ ਉਹ ਇਕ ਵੱਖਰੀ ਹੀ ਚੀਜ਼ ਬਣ ਜਾਂਦੀ ਹੈ। ਲਾਲਸਾ ਤੇ ਹੰਕਾਰ ਦੀ ਅੱਗ ਨਾਲ ਭਰਿਆ, ਪਰ ਜਿਸਨੂੰ ਕੋਈ ਇਕ ਦੇਸ਼ ਆਪਣੇ ਵਿਚ ਸਮੋਅ ਨਹੀਂ ਸੀ ਸਕਦਾ, ਇਹ ਸੀ ਮੁਤਨਬੀ। ਉਹ ਕਿਸੇ ਚੀਜ਼ ਦਾ ਨਿਸ਼ਾਨਾ ਰੱਖਦਾ ਸੀ ਤੇ ਰਾਹ ਵਿਚ

ਹੋਰ ਕੋਈ ਚੀਜ਼ ਨਹੀਂ ਸੀ ਵੇਖ ਸਕਦਾ, ਇਕ ਵਿਦਾਇਗੀ ਦੂਸਰੀ ਤੀਕ ਲੈ ਜਾਂਦੀ ਸੀ। ਮੇਰੇ ਵਿਚ ਵੀ ਮੁਤਨਬੀ ਦਾ ਕੋਈ ਅੰਸ਼ ਹੈ। ਪਰ ਮੇਰਾ ਮਤਲਬ ਆਪਣੇ-ਆਪ ਦਾ ਉਸਦੇ ਕਾਵਿਕ ਮਹੱਤਵ ਨਾਲ ਟਾਕਰਾ ਕਰਨਾ ਨਹੀਂ। ਉਹ ਅਜਿਹਾ ਅਰਬ-ਕਵੀ ਹੈ ਜਿਹੜਾ ਉਸ ਸਭ ਕਾਸੇ ਦਾ ਨਿਚੋੜ ਹੈ, ਜੋ ਉਸ ਤੋਂ ਪਿੱਛੋਂ ਲਿਖਿਆ ਹੈ ਜਾਂ ਹੁਣ ਲਿਖਿਆ ਜਾ ਰਿਹਾ ਹੈ। ਅਸੀਂ ਬੱਸ ਹੁਣ ਇਹ ਕਰ ਰਹੇ ਹਾਂ ਕਿ ਮੁਤਨਬੀ ਦੇ ਕਾਵਿ-ਪੈਟਰਨਾਂ (ਨਮੂਨੇ) ਨੂੰ ਹੰਢਾ ਰਹੇ। ਹਾਂ, ਮੇਰਾ ਉਸ ਨਾਲ ਰਿਸ਼ਤਾ, ਉਸ ਤਾਂਘ ਦਾ ਰਿਸ਼ਤਾ ਹੈ, ਕਿਸੇ ਘੱਟ ਤੋਂ ਘੱਟ ਤੇ ਸਹਿਮਤ ਹੋਣ ਤੋਂ ਇਨਕਾਰ ਕਰਨਾ, ਪਹਿਲਾਂ ਦੇ ਸਥਾਪਿਤ ਵਿਸ਼ਵਾਸਾਂ ਨੂੰ ਕਵੀ ਵਜੋਂ ਆਸ ਦੇ ਸੋਮੇ ਵਜੋਂ ਰੱਦ ਕਰਨਾ ਹੈ। ਵਰਤਮਾਨ ਕਾਲ ਦੇ ਅਰਥ ਸਦਾ ਹੀ 'ਸੰਪੂਰਨ ਵਰਤਮਾਨ ਕਾਲ' ਹੁੰਦੇ ਹਨ ਅਤੇ ਇਹ ਕਵੀ ਦੇ ਹਿਰਦੇ ਨਾਲ ਵੇਦਨਾ ਨੂੰ ਉਤਪੰਨ ਕਰਦੇ ਹਨ। ਇਹ ਵੇਦਨਾ ਵਿਦਾਇਗੀਆਂ ਤੇ ਇਹ ਉਪਰਾਮਤਾ ਜਿਸ ਵਿਚੋਂ ਅਰਬ-ਸੰਸਾਰ ਲੰਘ ਰਿਹਾ ਹੈ। ਅਸੀਂ ਬਾਈਜ਼ੈਨਟਾਈਨ ਤੋਂ ਟੁੱਟ ਕੇ ਦੂਸਰੇ ਨਾਲ ਜੁੜਨ ਲਈ ਭਟਕਦੇ ਹਾਂ। ਕੀ ਅਜੋਕੇ ਸਮੇਂ ਵਿਚ ਅਰਬ-ਸੰਸਾਰ ਦੀ ਖੜੋਤ ਮੁਤਨਬੀ ਦੇ ਸੋਮਿਆਂ ਦਾ ਸ਼ੀਸ਼ਾ ਬਿੰਬ ਨਹੀਂ? ਵਰਤਮਾਨ ਛਿਣ ਵਿਚੋਂ ਕਵਿਤਾ ਬੁਣਨ ਦੀ ਯੋਗਤਾ ਬਾਰੇ ਸਾਂਝੇ ਨੁਕਤਿਆਂ ਦਾ ਜਿਥੋਂ ਤੀਕ ਸਬੰਧ ਹੈ, ਇਹ ਇਕ ਬਿਲਕੁਲ ਵੱਖਰਾ ਮਸਲਾ ਹੈ। ਮੁਤਨਬੀ ਸਮੁੱਚੇ ਜੀਵਨ-ਕਾਲ ਦਾ ਪ੍ਰਗਟਾਵਾ ਕਰਦਾ ਸੀ, ਇਸ ਕਵਿਤਾ ਵਿਚੋਂ ਸਮੁੱਚਾ ਤਜਰਬਾ। 'ਸੰਤਾਪ, ਹਵਾ ਵੱਲ ਪਿੱਠ ਕਰੀ' ਅਸੀਂ ਹੋਰ ਇਸ ਤੋਂ ਬਿਨਾਂ ਕੀ ਕਰ ਸਕਦੇ ਹਾਂ ਕਿ ਇਹ ਸੰਤਾਪ ਨੂੰ ਭੋਗਣ ਲਈ ਇਹਨੂੰ ਧਾਰਨ ਕਰ ਲਈਏ ਤੇ ਆਪਣੀ ਭਾਲ ਜਾਰੀ ਰੱਖੀਏ।

? **ਰਾਹ ਦੇ ਵਿਚ ਇਕ ਹੋਰ ਵੀ ਰਾਹ ਹੈ**
**ਤੇ ਇਸ ਰਾਹ ਵਿਚ**
**ਵਿਦਾਇਗੀ ਦੀ ਬਥੇਰੀ ਗੁੰਜਾਇਸ਼ ਹੈ।**

• ਇਹੀ ਮਸਲਾ ਹੈ। ਰਾਹ ਦੇ ਨਾਲ-ਨਾਲ ਹੋਰ ਰਸਤਾ ਹੁੰਦਾ ਹੈ, ਕਵੀ ਉੱਤਰ ਲੈ ਕੇ ਨਹੀਂ ਹਾਜ਼ਰ ਹੁੰਦੇ ਤੇ ਕੋਈ ਪੜਾਅ ਵੀ ਆਖਰੀ ਨਹੀਂ ਮੰਨਿਆ ਜਾ ਸਕਦਾ। ਹੱਲ ਦੱਸਣ ਦਾ ਮਤਲਬ ਹੈ ਕਵਿਤਾ ਲਈ ਮੌਤ ਦੀ ਸਜ਼ਾ। ਕਵੀ ਦੀ ਹੋਣੀ ਸਫ਼ਰ ਨੂੰ ਜਾਰੀ ਰੱਖਣ ਦੀ ਹੁੰਦੀ ਹੈ, ਰਾਹਾਂ ਵਿਚੋਂ ਹੋਰ ਰਾਹ ਲੱਭਣੇ। ਇਹ ਸਫ਼ਰ ਮਾਤ-ਭੂਮੀ ਵੱਲ ਪਰਤਣ ਜਾਂ ਜਾਣ ਦਾ ਸਫ਼ਰ ਹੈ ਜਾਂ ਆਪਣੇ-ਆਪ ਵੱਲ ਆਉਣ ਦਾ ਤੇ ਜਾਂ ਫਿਰ ਇਸ ਤੋਂ ਵੀ ਪਰ੍ਹੇ ਦਾ। ਇਹ ਕਵੀ ਦੀ ਹੋਣੀ ਹੈ। ਉਸਦਾ ਦਰਦ ਤੇ ਉਸਦਾ ਵਿਸ਼ੇਸ਼ ਅਧਿਕਾਰ ਵੀ।

? **ਫਲਸਤੀਨੀ ਹੋਣ ਦਾ ਪਾਗਲਪਨ?**

• ਫਲਸਤੀਨੀ ਹੋਣ ਦਾ ਅਰਥ, ਮੇਰਾ ਇੱਕ ਮਿੱਤਰ ਫਵਾਜ਼ ਤਰਾਬਊਜ਼ੀ ਦੇ ਸ਼ਬਦਾਂ ਵਿਚ, ਇਕ 'ਲਾ ਇਲਾਜ ਆਸ' ਦੀ ਬੀਮਾਰੀ ਦਾ ਮਰੀਜ਼ ਹੋਣਾ ਹੈ। ਅਜਿਹੀ ਉਮੀਦ ਫਲਸਤੀਨ ਲਈ ਖ਼ਬਤੀਪੁਣੇ ਵਿਚੋਂ ਹੀ ਜਨਮਦੀ ਹੈ। ਜ਼ੁਦਾ ਦੀ ਹੱਦ ਤੀਕ ਆਸ,



ਮੁਕੰਮਲ ਪਾਗਲਪਨ।

? **ਕਵਿਤਾ ਹਰ ਚੀਜ਼ ਨਾਲ ਨਿਰੰਤਰ ਵਿਰੋਧ ਦਾ ਨਾਂ ਹੈ। ਜਦ ਵੀ ਕੋਈ ਕਵੀ ਕਿਸੇ ਚੀਜ਼ ਨਾਲ ਇਕਸੁਰ ਹੋਣ ਲੱਗਦਾ ਹੈ ਤਾਂ ਉਸੇ ਸਮੇਂ ਉਹ ਹੋਰ ਉਲਝ ਜਾਂਦੀਆਂ ਹਨ ਤੇ ਵਿਰੋਧ ਵਿਚ ਆ ਖਲੋਂਦੀਆਂ ਹਨ**

• ਬਿਲਕੁਲ ਸੱਚ! ਕਵਿਤਾ ਵਾਦ-ਵਿਵਾਦ ਦੀ ਅਵਸਥਾ ਹੈ, ਆਦਮੀ ਆਪਣੇ-ਆਪ ਨਾਲ ਟੱਕਰ 'ਚ ਹੁੰਦਾ ਹੈ। ਫਿਰ ਦੂਸਰਿਆਂ ਨਾਲ, ਚੀਜ਼ਾਂ ਨਾਲ, ਹੁਣ ਨਾਲ ਤੇ ਫਿਰ ਖ਼ੁਦ ਨਾਲ। ਕਵਿਤਾ ਖ਼ੁਦ ਕਵੀ ਨਾਲ ਟੱਕਰ ਵਿਚ ਆ ਖਲੋਂਦੀ ਹੈ। ਜਦੋਂ ਇਹ ਖ਼ਤਮ ਹੁੰਦੀ ਹੈ ਤਾਂ ਇਹ ਬੀਤੇ ਦਾ ਅੰਗ ਬਣ ਜਾਂਦੀ ਹੈ। ਕਵਿਤਾ ਦੀ ਇਕ ਸੰਭਾਵਿਤ ਪਰਿਭਾਸ਼ਾ ਇਹ ਹੋ ਸਕਦੀ ਹੈ, 'ਅਤ੍ਰਿਪਤ ਤਾਂਘ' ਜਦੋਂ ਇੱਛਾ ਕਵਿਤਾ ਵਿਚ ਢਲ ਜਾਂਦੀ ਹੈ, ਇੱਛਾ ਸਾਧਾਰਨ ਤੌਰ 'ਤੇ ਨਵਾਂ ਰੂਪ ਧਾਰਦੀ ਹੈ। ਕਵੀ ਫਿਰ ਹੋਰ ਇੱਛਾ ਕਰਨ ਲੱਗਦਾ ਹੈ। ਤਾਂ ਫਿਰ ਕਵੀ ਹੋਣਾ, ਨਿਸ਼ਚੇ ਹੀ ਪਾਗਲਪਨ ਹੈ। ਜਾਂ ਸ਼ਾਇਦ ਕੁਝ ਸੁਧਰੇ ਰੂਪ ਵਿਚ, ਕਵੀ ਹੋਣਾ ਦਿਸ਼ਾਹੀਣ ਹੋਣਾ ਹੈ, ਅਰਥਾਤ ਹਰ ਵੇਲੇ ਨਿਰੰਤਰ, ਆਪਣੀ ਮੌਤ ਪਿੱਛੇ ਭੱਜੇ ਫਿਰਨਾ ਹੈ।

? **ਮੈਂ ਮਲਬੇ ਵਿਚੋਂ ਕਵਿਤਾ ਦੀ ਝਲਕ ਮਾਤਰ ਲੱਭਣ ਲਈ ਹੱਥ ਮਾਰਦਾ ਹਾਂ?**

• ਕਵੀ ਸਦਾ ਹੀ ਕਵਿਤਾਵਾਂ ਦੀ ਭਾਲ ਵਿਚ ਰਹਿੰਦੇ ਹਨ। ਪਰ ਉਹ ਬਹੁਤ ਘੱਟ ਕਵਿਤਾ ਵਿਚੋਂ ਉਹ ਕੁਝ ਪ੍ਰਾਪਤ ਕਰਦੇ ਹਨ, ਜੋ ਉਹ ਲੱਭਦੇ ਰਹਿੰਦੇ ਹਨ। ਕਵਿਤਾਵਾਂ ਤੋਹਫ਼ੇ ਨਹੀਂ ਹੁੰਦੀਆਂ। ਉਹ ਗੈਰ-ਕਵਿਤਾ ਵਿਚੋਂ ਜਨਮਦੀਆਂ ਹਨ, ਉਹਨਾਂ ਖੰਡਰਾਂ ਵਿਚੋਂ ਸਿਰ ਚੁੱਕਦੀਆਂ ਹਨ, ਜਿਨ੍ਹਾਂ ਦਾ ਕਵਿਤਾ ਨਾਲ ਕੁਝ ਵੀ ਮਿਲਦਾ-ਜੁਲਦਾ ਨਹੀਂ ਹੁੰਦਾ ਹੈ, ਇਸੇ ਕਾਰਨ ਪਾਗਲਪਨ ਲਗਨ ਹੈ। ਇਹੀ ਮਨੁੱਖੀ ਸਿਰਜਣਾ ਹੈ।

? **ਤੇ ਤੁਸੀਂ ਜੀਭਾਂ ਦੇ ਸੁਖਾਂਤ ਨੂੰ**
**ਸੁਫਨਿਆਂ ਦੀ ਸਰਹੱਦ ਨੂੰ ਨਾਂਹ, ਅਸੰਭਵ ਨੂੰ ਨਾਂਹ।**

• ਹਰ ਚੀਜ਼ ਨੂੰ ਨਾਂਹ। ਕਵਿਤਾ ਇਨਕਾਰ ਹੈ, ਇੱਥੋਂ ਤੱਕ ਕਿ ਕਵਿਤਾ ਨੂੰ ਵੀ ਇਨਕਾਰ। ਕਵਿਤਾ ਤਾਂ ਆਪਣੇ ਬਿੰਬ ਸਾਹਵੇਂ ਵੀ ਨਹੀਂ ਖਲੋਂਦੀ। ਕਵਿਤਾ ਨਾਂਹ ਹੈ, ਮੋਟੇ ਅੱਖਰਾਂ ਵਿਚ ਨਾਂਹ।

? **ਸੁਪਨਾ ਸਦਾ ਹੀ ਵਧੇਰੇ ਸੱਚਾ ਹੁੰਦਾ ਹੈ। ਸੁਪਨੇ ਤੇ ਰਾਕਟ ਦੇ ਖੋਲ ਵਿਚ ਛੁਪੇ ਹੋਏ ਜਿਸਮ ਵਿਚ ਕੋਈ ਫ਼ਰਕ ਨਹੀਂ ਹੁੰਦਾ, ਸਿਵਾਏ ਇਸ ਤੋਂ ਕਿ ਸੁਪਨਾ ਵਧੇਰੇ ਅਸਲੀ ਹੁੰਦਾ ਹੈ।**

• ਮੈਨੂੰ ਪੂਰੀ ਤਰ੍ਹਾਂ ਯਾਦ ਨਹੀਂ ਆਉਂਦਾ ਕਿ ਮੇਰਾ 'ਸੁਪਨਾ ਵਧੇਰੇ ਅਸਲੀ ਹੁੰਦਾ ਹੈ' ਤੋਂ ਕੀ ਅਰਥ ਸੀ। ਸ਼ਾਇਦ ਮੈਂ ਅਪ੍ਰਵਾਨ ਦੇ ਸਬੰਧ ਵਿਚ ਕਿਹਾ ਹੋਵੇ, ਅਰਬ-ਸੰਸਾਰ ਵਿਚ ਸੋਚੀ ਨਾ ਜਾ ਸਕਣ ਵਾਲੀ ਹਾਲਤ, ਜਿਥੇ ਅਮੂਰਤ ਅਸਲੀ ਬਣ ਜਾਂਦਾ ਹੈ। ਅਜਿਹੀਆਂ ਹਾਲਤਾਂ ਵਿਚ, ਸੁਪਨੇ ਦੀ ਤਲਾਸ਼ ਵਿਚ ਅਰਬ-ਯਥਾਰਥ ਦਾ ਗੈਰ-ਯਥਾਰਥਕ ਪੱਖ ਆਪਣਾ ਸੰਤੁਲਨ ਪ੍ਰਾਪਤ ਕਰ ਲੈਂਦਾ ਹੈ।

? **ਉਹ ਹੈਰਾਨ ਹੋਵੇਗੀ, ਕਵਿਤਾ ਦਾ ਕੀ ਲਾਭ ਹੈ?**
**ਕਵੀ ਦੋ ਅੱਖਰਾਂ 'ਚੋਂ ਫੁੱਲ ਤੇ ਬਾਰੂਦ ਕੱਢ ਲੈਂਦਾ ਹੈ। ਪਰ ਫੁੱਲਾਂ ਤੇ ਬਾਰੂਦ ਨੇ ਦੋਂਹ ਜੰਗਾਂ ਸਮੇਂ ਕਾਮਿਆਂ ਦਾ ਕਚੂੰਮਰ ਕੱਢ ਦਿੱਤਾ ਸੀ?**

• ਤੂੰ ਇਥੇ ਮੇਰੇ ਤੇ ਆਪਣੀ ਪਕੜ ਕੱਸੀ ਜਾ ਰਿਹਾ ਏਂ। ਮੈਂ ਇਹ ਕਦੋਂ ਕਿਹਾ ਸੀ? ਓ ਹਾਂ ਹੁਣ, ਮੈਨੂੰ ਯਾਦ ਆ ਗਿਆ ਇਹ "ਉਹ ਤਿਤਲੀਆਂ ਦਾ ਭਾਰ ਚੁੱਕਦੀ ਹੈ" ਕਵਿਤਾ 'ਚੋਂ ਹੈ। ਕੁਝ ਲੋਕ ਹਨ ਜਿਹੜੇ ਕਵਿਤਾ ਦੀ ਸੁੰਦਰਤਾ ਦੀ ਤਲਾਸ਼ ਕਰਦੇ ਹਨ। ਇਹ ਇਕ ਪੁਰਾਣਾ ਝਗੜਾ ਹੈ। ਇਕ ਗਲਤ ਫਹਿਮੀ ਜਿਸਦਾ ਹੱਲ ਨਹੀਂ ਲੱਭਾ। ਕਵਿਤਾ ਤੇ ਸਾਰਥਕਤਾ। ਕਵਿਤਾ ਪ੍ਰਭਾਵਸ਼ਾਲੀ ਨਹੀਂ ਹੋਵੇਗੀ, ਜੇ ਇਹ ਸੁੰਦਰ ਨਹੀਂ ਹੈ, ਇਸੇ ਕਾਰਨ ਹੀ ਸੁੰਦਰਤਾ ਤੇ ਪ੍ਰਭਾਵਸ਼ੀਲਤਾ ਵਿਚ ਸੰਤੁਲਨ ਦੀ ਤਲਾਸ਼ ਜਾਰੀ ਹੈ। ਸੰਕਟ ਦੇ ਸਮੇਂ ਮਨੁੱਖ ਕਵਿਤਾ ਵਿਚੋਂ ਤੁਰੰਤ ਸੁੱਖ ਦੀ ਭਾਲ ਕਰਦਾ ਹੈ। ਉਸਦੀ ਸ਼ੁਭ ਭਾਵਨਾ ਦੇ ਬਾਵਜੂਦ, ਕਵੀ ਆਮ ਕਰਕੇ ਇਹ ਲੋੜ ਪੂਰੀ ਕਰਨ ਦੇ ਕਾਬਿਲ ਨਹੀਂ ਹੁੰਦਾ। ਪਰ ਜੇ ਉਸਨੇ ਕਵੀ ਰਹਿਣਾ ਹੈ ਤਾਂ ਉਸਨੂੰ ਘੱਟੋ ਸੁਹਜ ਤੇ ਸਾਰਥਕਤਾ ਵਿਚਕਾਰ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਭਾਵੇਂ ਕਿ ਸੁਹਜ ਮਨੁੱਖ ਦੀ ਮੰਗ ਅਨੁਸਾਰ ਕਦੇ-ਕਦੇ ਨਾਲ ਕਦਮ ਮਿਲਾ ਕੇ ਚੱਲਣ ਤੋਂ ਝਿਜਕਦਾ ਹੋਵੇ।

? **ਹੇ ਪਾਠਕ ! ਮੇਰੇ ਕੋਲੋਂ ਨਾ ਗੁਣਗੁਣਾਉਣ ਦੀ ਆਸ ਰੱਖੀਂ ਤੇ ਨਾ ਹੀ ਤੀਬਰ ਆਨੰਦ ਲਈ ਬੇਨਤੀ ਕਰੀਂ।**

• ਮੇਰਾ ਸਪੱਸ਼ਟ ਤੌਰ 'ਤੇ ਅਰਥ ਇਹ ਸੀ ਕਿ ਮੇਰਾ ਰੋਲ ਕਿਸੇ ਵੀ ਤਰ੍ਹਾਂ ਆਪਣੀ ਕਵਿਤਾ ਰਾਹੀਂ ਲੋਕਾਂ ਦਾ ਮਨ ਪ੍ਰਚਾਵਾ ਕਰਨਾ ਜਾਂ ਉਹਨਾਂ ਨੂੰ ਨਸ਼ਿਆਉਣਾ ਨਹੀਂ ਸੀ। ਫਰਜ਼ ਵਜੋਂ ਮੈਂ ਪੁੱਛਗਿੱਛ ਕਰਨੀ ਹੈ, ਆਪਣੇ ਸੰਤਾਪ ਨੂੰ ਢੂੰਡਣਾ ਹੈ ਤੇ ਲੋਕਾਂ ਨੂੰ ਕੁਝ ਨਵਾਂ ਦੇਣਾ ਹੈ, ਜੋ ਵੀ ਕਵੀ, ਕਵਿਤਾ ਦੇ ਨਾਂ 'ਤੇ ਮੇਰੀ ਜ਼ਿੰਮੇਵਾਰੀ ਬਣਦੀ ਹੈ।

? **ਕਵੀ ਦੀ ਕਵਿਤਾ ਨੇ ਤੈਨੂੰ ਨੰਗਾ ਕਰ ਦਿੱਤਾ ਹੈ?**

• ਇਹ ਸੱਚ ਹੈ ਕਿ ਕਈ ਵਾਰ ਕਵੀ ਦੀ ਕਵਿਤਾ ਉਸਨੂੰ ਬਿਲਕੁਲ ਨੰਗਾ ਕਰ ਦਿੰਦੀ ਹੈ। ਉਹ ਖੋਖਲੇ ਪੱਧਰ ਦੀ ਕਵਿਤਾ ਹੈ, ਜਦੋਂ ਦਾਈਏ ਉੱਚੇ ਹੋਣ ਤੇ ਕਵੀ ਹਾਰ ਖਾ ਜਾਵੇ, ਕਿਉਂਕਿ ਉਹ ਇਕ ਅਜਿਹੀ ਚੀਜ਼ ਨਾਲ ਜੂਆ ਖੇਡ ਰਿਹਾ ਹੁੰਦਾ ਹੈ, ਜਿਹੜੀ ਵਿਰੋਧਾਂ ਦੀ ਭਰੀ ਹੁੰਦੀ ਹੈ। ਇਹ ਗੱਲ ਸੀ ਜੋ ਖਲੀਲ ਹਾਉਈ ਨਾਲ ਵਾਪਰੀ, ਇਕ ਕਵੀ ਜਿਹੜਾ ਕਦੇ ਅਨੁਭਵ ਕਰਦਾ ਹੁੰਦਾ ਸੀ ਕਿ ਉਸਦੀ ਕਵਿਤਾ ਉੱਤੇ ਮਜ਼ਬੂਤ ਪਕੜ ਸੀ, ਇਹ 'ਜੁਲਾਈ ਵਾਪਸੀ' ਤੇ 'ਪੁਨਰ ਜਨਮ' ਰਚਨਾਵਾਂ ਤੋਂ ਪ੍ਰਗਟ ਹੁੰਦੀ ਹੈ, ਐਪਰ ਬੈਰੂਤ ਦੀ ਹਾਰ ਤੇ ਮਗਰਲੇ ਹਮਲਿਆਂ ਸਮੇਂ ਉਹ ਬੱਸ, ਬੇਬਸੀ ਵਿਚ ਵੇਖਦਾ ਹੀ ਰਹਿ ਗਿਆ, ਉਸ ਦੀ ਕਵਿਤਾ ਨੇ, ਜਿਸ ਵਿਚ ਉਸਨੇ ਸਭ ਕੁਝ ਲਾ ਦਿੱਤਾ ਸੀ, ਬਦਨਾਮੀ ਦੀ ਹੱਦ ਤੀਕ ਫ਼ਜ਼ੂਲ ਪੱਖ ਲੈਣਾ ਆਰੰਭ ਕਰ ਦਿੱਤਾ ਤੇ ਆਪਣੀ ਕਵਿਤਾ ਦੇ ਅਨੁਸਾਰ ਹੀ ਉਸਨੇ ਆਤਮ ਹੱਤਿਆ ਕਰ ਲਈ। ਇਸ ਨਿਰਾਸਤਾ ਭਰੇ ਕਦਮ ਦਾ ਅਰਥ ਸੀ ਕਿ ਆਪਣੇ ਵਾਅਦੇ ਪੂਰੇ ਕਰਨ ਦਾ ਆਪਣਾ ਹੀ ਢੰਗ ਸੀ ਤੇ ਉਹ



ਯਥਾਰਥ ਵਲੋਂ ਉਪਰਾਮ ਹੋ ਚੁੱਕਾ ਸੀ।

? **ਕੀ ਤੁਸੀਂ ਹੈਰਾਨ ਹੋਣਾ ਸ਼ੁਰੂ ਨਹੀਂ ਕੀਤਾ ਕਿ ਕਵਿਤਾ ਹਾਲੀ ਵੀ ਹਵਾਈ ਜਹਾਜ਼ਾਂ ਨਾਲੋਂ ਸ਼ਕਤੀਸ਼ਾਲੀ ਹੈ ਜਾਂ ਨਹੀਂ?**

• ਮੈਂ ਕਦੇ ਵੀ ਇੰਝ ਨਹੀਂ ਸੋਚਿਆ। ਲੜਾਈ ਵਿਚ ਕੋਈ ਖੁੰਢਾ ਹਥਿਆਰ ਵੀ, ਇਕ ਕਵਿਤਾ ਨਾਲੋਂ ਤਾਕਤਵਰ ਹੁੰਦਾ ਹੈ। ਪਰ ਮੇਰਾ ਨਿਸ਼ਚੇ ਹੀ ਇਹ ਵਿਚਾਰ ਹੈ ਕਿ ਕਵਿਤਾ ਦੀ ਸ਼ਕਤੀ, ਧੀਮੀ, ਅੰਦਰ ਦੀ ਅੰਤਰ ਪ੍ਰਕਿਰਿਆ ਵਿਚ ਹੁੰਦੀ ਹੈ, ਲੜਾਈ ਦੇ ਮੈਦਾਨ ਵਿਚ ਨਹੀਂ। ਕਵਿਤਾ ਕਿਸੇ ਫੌਜ ਨੂੰ ਮਾਰ ਕੇ ਭਜਾ ਨਹੀਂ ਸਕਦੀ, ਸਗੋਂ ਇਹ ਸੰਕੇਤਮਈ ਅਥਵਾ ਅਲੰਕਾਰਕ ਹੁੰਦੀ ਹੈ। ਅਸਲ ਵਿਚ, ਕਵਿਤਾ ਨੇ ਲਗਾਤਾਰ ਆਪਣਾ ਸਾਹਿਤਕ ਤੇ ਸਮਾਜਿਕ ਪ੍ਰਮਾਣ ਪੇਸ਼ ਕਰਨਾ ਹੁੰਦਾ ਹੈ, ਇਹ ਸਾਬਤ ਕਰਨ ਲਈ ਕਿ ਇਹ ਫਜ਼ੂਲ ਨਹੀਂ ਹੁੰਦੀ। ਨਹੀਂ ਮੈਨੂੰ ਸ਼ੱਕ ਹੈ ਕਿ ਕੋਈ ਕਵਿਤਾ ਜਹਾਜ਼ ਨੂੰ ਮਾਰ ਕੇ ਭਜਾ ਸਕਦੀ ਹੈ, ਪਰ ਇਹ ਵੀ ਬਰਾਬਰ ਦਾ ਸੱਚ ਹੈ ਕਿ ਜਹਾਜ਼ਾਂ ਨੇ ਕਦੇ ਵੀ ਕਿਸੇ ਕਵਿਤਾ ਨੂੰ ਮਾਰ ਮੁਕਾਇਆ ਨਹੀਂ।

ਮਨੁੱਖ ਦੀ ਆਤਮਿਕ ਸ਼ਕਤੀ ਅਤੇ ਤਬਾਹਕਰੂ ਸਮਾਜਿਕ ਸ਼ਕਤੀਆਂ ਵਿਚਕਾਰ ਲਗਾਤਾਰ ਜੰਗ ਲੱਗੀ ਰਹਿੰਦੀ ਹੈ। ਜੇ ਇਤਿਹਾਸਕ ਦ੍ਰਿਸ਼ਟੀ ਤੋਂ ਵੇਖੀਏ, ਤਾਂ ਨਿਰਸੰਦੇਹ ਕਲਮ ਤਲਵਾਰ ਨਾਲੋਂ ਸ਼ਕਤੀਸ਼ਾਲੀ ਰਹੀ ਹੈ। ਪਰ ਸ਼ਾਬਦਿਕ ਅਰਥਾਂ ਵਿਚ ਟਾਕਰਾ ਕਰਨ ਦੇ ਕੋਈ ਅਰਥ ਨਹੀਂ ਬਣਦੇ। ਜ਼ਾਤੀ ਤੌਰ 'ਤੇ, ਉਹਨਾਂ ਕਵੀਆਂ ਨਾਲ ਕੋਈ ਲਗਾਓ ਨਹੀਂ, ਜਿਹੜੇ ਫਜ਼ੂਲ ਆਸ਼ਾਵਾਦ ਦੇ ਸ਼ਿਕਾਰ ਹਨ ਅਤੇ ਆਪਣੀ ਕਵਿਤਾ ਦੇ ਵਿਰੁੱਧ ਪਦਾਰਥਕ ਤੱਤਾਂ ਦੀ ਮਹੱਤਤਾ ਨੂੰ ਜਾਚਣ ਵਿਚ ਅਸਫ਼ਲ ਹੁੰਦੇ ਹਨ।

? **ਸਾਨੂੰ ਇਸ ਬੇਕਿਰਕ ਪਿਆਰ ਤੋਂ ਬਚਾਓ?**

• ਮੈਂ ਇਹ ਲੇਖ 1967 ਵਿਚ, ਉਸ ਸਮੇਂ ਲਿਖਿਆ ਸੀ, ਜਦੋਂ ਕਿ ਅਰਬ ਸਭਿਆਚਾਰਕ ਜੀਵਨ, ਕਬਜ਼ੇ ਹੇਠ ਆਏ ਇਲਾਕੇ ਦੀ ਕਵਿਤਾ, ਅਥਵਾ ਬਾਰੂਦ ਦੀ ਲੱਭਤ ਦੀਆਂ ਖੁਸ਼ੀਆਂ ਮਨਾ ਰਹੇ ਸੀ। ਅਚਾਨਕ ਹੀ ਸਾਰੀ ਕਵਿਤਾ ਇਸ ਅਸਚਰਜ ਲੱਭਤ ਕਾਰਨ ਦੂਜੀ ਕਵਿਤਾ ਦੀ ਥਾਂ ਲੈ ਰਹੀ ਸੀ। ਇਹ ਗੱਲ ਬੜੀ ਹਿਮਾਕਤ ਭਰੀ ਹੈ ਕਿ ਅਰਬ-ਭਰਾਵਾਂ ਨੂੰ ਅਚਾਨਕ ਹੀ ਅਸੀਂ ਲੱਭ ਪਏ ਹੋਈਏ, ਅਸੀਂ ਜਿਹੜੇ ਕਿ ਪਹਿਲਾਂ ਹੀ ਉੱਥੇ ਸੀ। ਭਾਵੇਂ ਬਹੁਤ ਸਾਰੀਆਂ ਗੱਲਾਂ ਇਸ ਵਰਤਾਰੇ ਦੀ ਵਿਆਖਿਆ ਕਰਦੀਆਂ ਹਨ, ਪਰ ਇਹ ਕਿਸੇ ਤਰ੍ਹਾਂ ਵੀ ਸਹੀ ਸਿੱਧ ਨਹੀਂ ਹੁੰਦਾ, ਕਿਸੇ ਕਵੀ ਦੀ ਰਿਹਾਇਸ਼ ਵਾਲਾ ਦੇਸ਼ ਆਪਣੇ-ਆਪ ਹੀ ਕਵੀ ਦੀ ਪ੍ਰਤਿਭਾ ਦਾ ਪ੍ਰਮਾਣ ਨਹੀਂ ਬਣਨਾ ਚਾਹੀਦਾ। ਇਹ ਹੀ ਕਾਰਨ ਹੈ ਕਿ ਮੈਂ ਅਰਬ-ਸੰਸਾਰ ਦੇ ਸਾਹਿਤਕ ਆਲੋਚਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਸਾਡੀਆਂ ਰਚਨਾਵਾਂ ਪ੍ਰਤੀ ਵਧੇਰੇ ਦਿਆਲੂ ਨਾ ਹੋਇਆ ਕਰਨ। ਤੇ ਉਹਨਾਂ ਨੂੰ ਮੁੱਖ ਤੌਰ 'ਤੇ ਕਲਾਤਮਿਕ ਰਚਨਾਵਾਂ ਵਜੋਂ ਵਾਚਿਆ ਕਰਨ ਤੇ ਸਿਰਫ਼ ਦੇਸ਼ ਭਗਤੀ ਕਾਰਨ ਹੀ ਨਹੀਂ। ਅਸੀਂ ਆਤਮ ਤ੍ਰਿਪਤੀ ਤੋਂ ਬਿਨਾਂ ਹੀ ਸਾਰ ਸਕਦੇ ਹਾਂ।

? **ਹੇ ਕਵਿਤਾਵਾਂ ਦੀਆਂ ਰੂਹੋ**

ਸਾਡੇ ਮਰ ਗਿਆਂ ਦੇ ਨਾਮ ਸੰਭਾਲਣ ਤੋਂ ਬਿਨਾਂ ਤੁਹਾਡੇ ਕੋਲ ਹੈ ਕੀ?

- ਇਹ ਬਹੁਤ ਵੱਡੀ ਪ੍ਰਾਪਤੀ ਹੋਵੇਗੀ ਜੇ ਕਵਿਤਾਵਾਂ ਨਿਰਸੰਦੇਹ ਸਾਡੇ ਮਰ ਗਏ ਲੋਕਾਂ ਦੇ ਨਾਵਾਂ ਨੂੰ ਸੰਭਾਲ ਰੱਖਣ। ਪਰ ਮੈਨੂੰ ਇਸ ਬਾਰੇ ਕੋਈ ਭਰੋਸਾ ਨਹੀਂ। ਕਵਿਤਾ ਦਾ ਹੋਰ ਵੀ ਵਿਰੋਧਾਭਾਸ ਹੈ। ਮੇਰੀ ਆਪਣੀ ਕਵਿਤਾ ਵਿਚ ਕੀ ਕੁਝ ਜਿਊਂਦਾ ਰਹੇਗਾ? ਮੇਰਾ ਖ਼ਿਆਲ ਹੈ ਕਿ ਹੋਰ ਭਾਵੇਂ ਕੁਝ ਨਾ ਰਹੇ, ਪਰ ਖ਼ਤਮ ਕੀਤੇ ਜਾ ਰਹੇ ਲੋਕਾਂ ਦੀ ਆਵਾਜ਼ ਜਿਊਂਦੀ ਰਹੇਗੀ। ਮੈਂ ਆਪਣੇ ਪਿੱਛੇ ਉਹ ਨਿਸ਼ਾਨੀਆਂ ਜਾਂ ਪੈੜਾਂ ਛੱਡ ਜਾਵਾਂਗਾ, ਜਿਹੜੀਆਂ ਜ਼ਿਆਨਾਦੀਆਂ ਵਲੋਂ ਖ਼ਤਮ ਕੀਤੇ ਜਾ ਰਹੇ ਫਲਸਤੀਨੀਆਂ ਦੀ ਔਖੀ ਘੜੀ ਵਿਚ ਸਮਰੱਥਾ ਦਾ ਪ੍ਰਮਾਣ ਬਣਨਗੀਆਂ। ਸਾਡੀਆਂ ਕਵਿਤਾਵਾਂ ਅਜਿਹੇ ਖ਼ਤਰੇ ਵਿਰੁੱਧ ਢਾਲ ਦਾ ਕੰਮ ਦਿੰਦੀਆਂ ਹਨ। ਉਹ ਲੋਕ, ਜਿਹੜੇ ਆਪਣੀਆਂ ਕਲਾਵਾਂ ਨੂੰ ਸੰਭਾਲ ਰੱਖਦੇ ਤੇ ਅਮੀਰ ਕਰਦੇ ਹਨ, ਰਚਨਾਤਮਕ ਲੋਕ ਹੁੰਦੇ ਹਨ ਤੇ ਕਵਿਤਾ ਉਹਨਾਂ ਦੀ ਰੂਹ ਨੂੰ ਸੰਭਾਲੀ ਰੱਖਦੀ ਹੈ। ਬਦਲੇ ਵਿਚ, ਉਹ ਆਪਣੀ ਕਵਿਤਾ ਨੂੰ ਸੁਰੱਖਿਅਤ ਰੱਖਦੇ ਹਨ।

? **ਸਿਰਫ਼ ਕਵਿਤਾ ਲਿਖ ਕੇ ਹੀ**
**ਮੈਂ ਤੇਰੇ ਪ੍ਰਤੀ ਆਪਣੇ ਪਿਆਰ ਨੂੰ**
**ਸਾਬਤ ਕਰ ਸਕਦਾ ਸੀ।**
**(ਸਮੀਹ ਅਲ-ਕਾਸਿਮ ਨੂੰ ਸਮਰਪਿਤ)**

- ਅਸਲ ਵਿਚ ਅਣਗਿਣਤ ਵਿਸਥਾਰ, 'ਸਮੀਹ ਕਾਸਿਮ' ਪ੍ਰਤੀ ਮੇਰੇ ਪਿਆਰ ਤੇ ਸਤਿਕਾਰ ਨੂੰ ਪ੍ਰਗਟ ਕਰਦੇ ਹਨ। ਪਰ ਫਿਰ ਵੀ ਅਸਾਂ ਲਿਖਣਾ ਤਾਂ ਹੈ ਹੀ। ਇਹ ਇਕ ਤਰ੍ਹਾਂ ਦੀ ਸਵੈ-ਰੱਖਿਆ ਹੈ, ਭਾਵੇਂ ਕਿ ਕਵਿਤਾਵਾਂ ਨਾਲੋਂ ਹਵਾਈ ਜਹਾਜ਼ ਵੱਧ ਸ਼ਕਤੀਸ਼ਾਲੀ ਹੁੰਦੇ ਹਨ, ਸਾਡੇ ਕੋਲ ਕੋਈ ਹੋਰ ਮੁਤਬਾਦਲ ਰਾਹ ਨਹੀਂ ਹੈ। ਸਾਨੂੰ ਆਤਮਿਕ ਹਾਜ਼ਰੀ ਦੀ ਲੋੜ ਹੁੰਦੀ ਹੈ।

? **ਪਰ ਮੈਂ ਗੀਤ ਦੇ ਦਰਿਆ ਮਗਰ ਜਾਵਾਂਗਾ**
**ਭਾਵੇਂ ਗੁਲਾਬ ਦੇ ਫੁੱਲ ਘੱਟ ਹੀ ਹੋਣ।**

- ਹਨੇਰੀਆਂ ਰਾਤਾਂ ਵੀ ਹੁੰਦੀਆਂ ਹਨ ਤੇ ਘੱਟ ਗੁਲਾਬ ਵੀ। ਹਾਲੀ ਹੋਰ ਵੀ ਕਾਲੀਆਂ ਰਾਤਾਂ ਰਾਹ ਵਿਚ ਆਉਣਗੀਆਂ ਤੇ ਸਾਡੀਆਂ ਅੱਖਾਂ ਸਾਹਮਣੇ ਪਹਾੜ ਢਹਿ-ਢੇਰੀ ਹੋ ਜਾਣਗੇ। ਅਸੀਂ ਇਹ ਸਭ ਕੁਝ ਵੇਖਾਂਗੇ ਪਰ ਆਪਣੇ ਸਾਰੇ ਸਾਧਨਾਂ ਨਾਲ ਇਸਦਾ ਵਿਰੋਧ ਜਾਰੀ ਰੱਖਾਂਗੇ। ਭਾਵੇਂ ਇਸ ਦਾ ਅਰਥ ਘੱਟ ਗੁਲਾਬ ਹੀ ਕਿਉਂ ਨਾ ਹੋਣ।

? **ਮੁਈਨ ਬਸੀਸੋ?**

- ਮੁਈਨ ਬਸੀਸੋ ਫਲਸਤੀਨੀ ਦੇ ਮਹਾਨ ਕਵੀਆਂ ਵਿਚੋਂ ਇਕ ਹੈ। ਅਸਲ ਵਿਚ ਉਹ ਮੇਰਾ ਚਹੇਤਾ ਕਵੀ ਹੈ। ਭਾਵੇਂ ਅਸੀਂ ਮਜਬੂਤ ਮਿੱਤਰਤਾ ਵਿਚ ਬੱਝੇ ਹੋਏ ਹਾਂ, ਪਰ ਸਾਡਾ ਰਿਸ਼ਤਾ ਵਿਰੋਧਮਈ ਵੀ ਹੈ, ਇਹ ਗੱਲ ਸਾਡੀ ਦਸ ਸਾਲ ਲੰਮੀ ਵਾਰਤਾਲਾਪ ਦੇ ਰਾਹ ਵਿਚ ਰੁਕਾਵਟ ਨਹੀਂ ਬਣੀ। ਉਸਦੇ ਕੰਮ ਵਿਚ ਕੁਝ ਕੱਚਪੁਣਾ ਤੇ ਨਿਰਦਈਪੁਣਾ



ਵੀ ਹੈ ਕਿ ਨਿਸ਼ਚੇ ਹੀ ਉਹ ਸ਼ਕਤੀਸ਼ਾਲੀ ਤੇ ਤੁਰੰਤ ਪ੍ਰਭਾਵ ਦੀ ਕੋਸ਼ਿਸ਼ ਕਰ ਰਿਹਾ ਹੈ। ਕਿਸੇ ਵੀ ਕਵਿਤਾ ਵਾਂਗ ਠੀਕ ਤੇ ਪ੍ਰਭਾਵਸ਼ਾਲੀ। ਇਹ ਮੇਰੀ ਨਿੱਜੀ ਭਾਵਨਾ ਹੈ ਕਿ ਕਵਿਤਾ ਉਦੋਂ ਹੀ ਪ੍ਰਭਾਵਸ਼ਾਲੀ ਹੁੰਦੀ ਹੈ, ਜਦੋਂ ਇਹ ਹੌਲੀ-ਹੌਲੀ ਧੀਮੀ ਤੋਰੇ ਪਾਠਕਾਂ ਦੀ ਚੇਤਨਾ 'ਤੇ ਪ੍ਰਭਾਵ ਪਾਉਂਦੀ ਹੈ। ਮੈਂ ਸੰਖੇਪ ਝਲਕਾਰਿਆਂ ਵਿਚ ਵਿਸ਼ਵਾਸ ਨਹੀਂ ਕਰਦਾ। ਰਾਵਾਂ ਦੇ ਇਸ ਵਿਰੋਧ ਸਦਕਾ ਹੀ ਸਾਡੇ ਵਿਚ ਕੁਝ ਤਰੇੜ ਪਈ ਸੀ। ਪਰ ਇਕ ਤਰ੍ਹਾਂ ਨਾਲ ਸਾਨੂੰ ਨੇੜੇ ਵੀ ਲਿਆਂਦਾ ਕਿ ਉਸਦੀ ਮੌਤ ਤੇ ਆਖਰੀ ਕਵਿਤਾ ਵੀ ਸਾਨੂੰ ਵੱਖ ਨਾ ਕਰ ਸਕੀ। ਉਹ ਸਦਾ ਹੀ ਮੇਰੇ ਵਿਚ ਹੈ, ਮਨ ਤੇ ਰੂਹ ਵਲੋਂ।

? **ਸਮੀਹ ਉਲ ਕਾਸਿਮ।**
**ਮੈਂ ਤੈਨੂੰ ਆਪਣੇ ਦਿਲ ਦੇ ਕੰਢੇ 'ਤੇ**
**ਖਿੜਿਆ ਨਰਗਸੀ ਫੁੱਲ ਕਹਿੰਦਾ ਹਾਂ।**

- ਮੇਰਾ ਦਿਲ ਇੱਕ ਫੁਹਾਰੇ ਵਾਲਾ ਛੋਟਾ ਤਲਾਅ ਹੈ ਤੇ ਇਹ ਇਕ ਪੱਥਰ 'ਤੇ ਜੜਿਆ ਹੋਇਆ ਹੈ। ਉਥੇ ਸਮੀਹ ਕਾਸਿਮ ਰਹਿੰਦਾ ਹੈ ਤੇ ਉਥੇ ਉਸ ਵਿਚੋਂ ਦੀ ਮੈਂ ਆਪਣੇ-ਆਪ ਨੂੰ ਵੇਖਦਾ ਹਾਂ। ਉਸ ਨਾਲ ਮੇਰੀ ਨੇੜਤਾ ਦੀਆਂ ਭਾਵਨਾਵਾਂ ਇੰਝ ਹਨ, ਜਿਵੇਂ ਜਲਾਵਤਨੀ ਦੇ ਦੇਸ਼ ਨੂੰ ਕੋਈ ਮਾਤ-ਭੂਮੀ ਨਾਲ ਜੋੜਦਾ ਹੈ। ਇਹੀ ਗੱਲ ਸਾਡੇ ਲੋਕਾਂ ਨੂੰ ਆਪੇ ਵਿਚ ਜੋੜਦੀ ਹੈ ਤੇ ਕਦੇ ਵੱਖ ਨਹੀਂ ਕਰ ਸਕਦੀ। ਮੈਂ ਸਮੀਹ ਕਾਸਿਮ ਨੂੰ ਇਸ ਕਾਰਨ ਖ਼ਤ ਨਹੀਂ ਲਿਖਦਾ ਕਿ ਉਹ ਮੇਰਾ ਬਚਪਨ ਦਾ ਯਾਰ ਹੈ, ਜਾਂ ਅਸੀਂ ਦੋਵੇਂ ਇਕੋ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੇ ਹਾਂ, ਸਗੋਂ ਇਸ ਕਾਰਨ ਕਿ ਉਹ ਪਿੱਛੇ ਟਿਕਿਆ ਰਿਹਾ ਤੇ ਮੈਂ ਚਲਾ ਗਿਆ। ਮੈਂ ਇਸ ਦਿਲ ਦੇ ਦੁਆਲੇ ਪ੍ਰਕਰਮਾ ਕਰਨੋਂ ਹਟ ਨਹੀਂ ਸਕਦਾ, ਇਸ ਫੁਹਾਰੇ ਵਾਲੇ ਤਲਾਅ ਦੇ।

  ਇਹ ਗੱਲ ਮੈਨੂੰ ਜਿਊਂਦੇ ਰੱਖਣ ਵਾਲੀਆਂ ਗੱਲਾਂ ਵਿਚੋਂ ਇਕ ਹੈ, ਮੇਰੀ ਮਨੋਵਿਗਿਆਨਕ ਤੇ ਕਾਵਿਕ ਪਛਾਣ ਵਾਲੀ।

? **ਤੁਸਾਂ 1981 ਵਿਚ 'ਅਲ-ਕਾਰਮਿਲ' ਨਾਂ ਦਾ ਰੀਵਿਊ ਚਾਲੂ ਕੀਤਾ ਸੀ, ਤੇ ਆਪਣੇ ਪਹਿਲੇ ਹੀ ਸੰਪਾਦਕੀ ਵਿਚ ਤੁਸਾਂ ਰਚਨਾ ਤੇ ਇਨਕਲਾਬ ਵਿਚਾਲੇ ਰਿਸ਼ਤੇ ਬਾਰੇ ਗੱਲ ਕੀਤੀ ਸੀ।**

- ਬਿਲਕੁਲ ਠੀਕ। ਇਹ ਉਹ ਮਸਲਾ ਹੈ, ਜਿਹੜਾ ਅਸੀਂ ਉਹਨਾਂ ਲੋਕਾਂ ਵਿਚ ਉਠਾਉਣਾ ਚਾਹੁੰਦੇ ਹਾਂ, ਜਿਹੜੇ ਇਨਕਲਾਬ ਦੇ ਅੰਦਰ-ਅੰਦਰ ਸਾਹਿਤ ਬਾਰੇ ਕੋਈ ਸਮਝ ਰੱਖਦੇ ਹਨ।

  ਕੁਝ ਅਜਿਹੀਆਂ ਵੀ ਲਿਖਤਾਂ ਹੁੰਦੀਆਂ ਹਨ, ਜਿਨ੍ਹਾਂ ਰਾਹੀਂ ਉਹ ਉਪਦੇਸ਼ ਦੇਣ ਦਾ ਯਤਨ ਕੀਤਾ ਹੁੰਦਾ ਹੈ ਕਿ ਕਲਾ ਦੇ ਖੇਤਰ ਵਿਚ ਇਨਕਲਾਬ ਲਿਆਏ ਤੋਂ ਬਿਨਾਂ, ਇਨਕਲਾਬ ਦੀ ਸੇਵਾ ਕਿਵੇਂ ਕਰਨੀ ਹੁੰਦੀ ਹੈ। ਦੂਸਰੇ ਪਾਸੇ ਉਹ ਲੋਕ ਵੀ ਹਨ,

ਜਿਹੜੇ ਸਾਹਿਤ ਦੇ ਇਨਕਲਾਬੀ ਰੋਲ ਨੂੰ ਨਜ਼ਰ ਅੰਦਾਜ਼ ਕਰਦੇ ਹਨ, ਉਹ ਦਲੀਲ ਦਿੰਦੇ ਹੋਏ ਕਿ ਸਾਹਿਤ ਸਵਤੰਤਰ ਹੁੰਦਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਦੋਵੇਂ ਗੱਲਾਂ ਸੱਚ ਤੋਂ ਦੂਰ ਹਨ। ਨਿਰਸੰਦੇਹ ਸਾਹਿਤ ਰਾਹੀਂ ਇਨਕਲਾਬ ਦੇ ਉਦੇਸ਼ ਨੂੰ ਨਿਭਾਇਆ ਜਾ ਸਕਦਾ ਹੈ, ਪਰ ਇਸਦੇ ਕਾਬਿਲ ਹੋਣ ਲਈ ਸਾਹਿਤ ਦੀਆਂ ਸੰਰਚਨਾਵਾਂ ਵਿਚ ਵੀ ਪਰਿਵਰਤਨ ਲਿਆਉਣਾ ਪਵੇਗਾ। ਸੌਖੇ ਸ਼ਬਦਾਂ ਵਿਚ, ਕਲਾ ਵਿਚ ਇਨਕਲਾਬ ਉਸੇ ਤਰ੍ਹਾਂ ਹਾਜ਼ਰ ਹੋਣਾ ਚਾਹੀਦਾ ਹੈ, ਜਿਵੇਂ ਇਨਕਲਾਬ ਵਿਚ ਕਲਾ ਦੀ ਹੋਂਦ ਜ਼ਰੂਰੀ ਹੈ। ਉਹ ਦੋਵੇਂ ਅੱਡ ਨਹੀਂ ਹੋ ਸਕਦੇ ਤੇ ਕਦੇ ਵੀ ਅਜੋੜ ਨਹੀਂ ਸਮਝਣੇ ਚਾਹੀਦੇ। ਜਿਵੇਂ ਕਿ ਕੁੱਝ ਬੁੱਧੀਜੀਵੀ ਕਰਨ ਦਾ ਯਤਨ ਕਰਦੇ ਹਨ।

? **ਜਿਸ ਦਿਨ ਮੇਰੇ ਸ਼ਬਦ ਮਿੱਟੀ ਵਿਚ ਰਚੇ ਗਏ ਸੀ**
**ਮੈਂ ਕਣਕ ਦੇ ਨਾੜ ਦਾ ਮਿੱਤਰ ਬਣ ਗਿਆ।**

• ਦਿਨ ਜਦੋਂ ਮੇਰੇ ਸ਼ਬਦ ਪੱਥਰਾਂ 'ਚੋਂ ਤਰਾਸ਼ੇ ਗਏ
ਮੈਂ ਵਗਦੀ ਨਦੀ ਦਾ ਮਿੱਤਰ ਬਣ ਗਿਆ
ਜਿਸ ਦਿਨ ਮੇਰੇ ਸ਼ਬਦਾਂ ਵਿਚ ਰੋਹ ਭਰ ਗਿਆ
ਮੈਂ ਜ਼ੰਜੀਰਾਂ ਦਾ ਮਿੱਤਰ ਬਣ ਗਿਆ
ਜਿਸ ਦਿਨ ਮੇਰੇ ਸ਼ਬਦ ਕਰਾਂਤੀ ਬਣ ਗਏ
ਮੈਂ ਆਸ਼ਾਵਾਦੀ ਬਣ ਗਿਆ
ਜਦੋਂ ਮੇਰੇ ਸ਼ਬਦ ਸ਼ਹਿਦ ਬਣ ਗਏ
ਮੇਰੇ ਬੁੱਲ੍ਹਾਂ 'ਤੇ ਮੱਖੀਆਂ ਆ ਬੈਠੀਆਂ

? **ਕੀ ਮੈਂ ਤੈਨੂੰ ਆਰੰਭ ਆਖਾਂ**
**ਜਾਂ ਅੰਤ ਕਹਾਂ?**

• ਆਰੰਭ ਤੇ ਅੰਤ ਇਕ ਨੁਕਤੇ ਤੇ ਮਿਲਦੇ ਹਨ, ਜਿਥੋਂ ਇਕ ਨਵਾਂ ਆਰੰਭ ਫੁੱਟੇ। ਜੇ ਚਾਹੋ ਤਾਂ ਮੈਨੂੰ ਆਰੰਭ ਕਹਿ ਲਵੋ।

? **ਤੇ ਇਕ ਵਾਰ ਫਿਰ**

• ਆਰੰਭ..... ਮੈਂ ਸਦਾ ਹੀ ਆਰੰਭ ਦੀ ਅਵਸਥਾ ਵਿਚ ਰਹਿਣ ਦੀ ਤਾਂਘ ਕਰਦਾ ਹਾਂ। ਹਰ ਦਿਨ ਹਰ ਕਵਿਤਾ, ਨਵਾਂ ਆਰੰਭ ਹੁੰਦੀ ਹੈ। ਮੈਂ ਅੰਤ ਨੂੰ ਪ੍ਰਵਾਨ ਕਰਨ ਤੋਂ ਇਨਕਾਰੀ ਹਾਂ, ਕਿਉਂਕਿ ਅਸਲ ਵਿਚ ਅਜਿਹਾ ਕੋਈ ਬੰਦਾ ਹੈ ਹੀ ਨਹੀਂ, ਜਿਹੜਾ ਗੁਫ਼ਾਵਾਂ ਵਿਚ ਬੈਠ ਗੀਤ ਬੁਣਦਾ ਰਿਹਾ ਹੋਵੇ। ਅਸੀਂ ਸਦਾ ਹੀ ਮਨੁੱਖਤਾ ਲਈ ਨਵੇਂ ਆਰੰਭ ਲੈ ਕੇ ਆਉਂਦੇ ਹਾਂ, ਨਿਰੰਤਰ ਹੀ। ਮੈਂ ਕੁਝ ਹੋਰ ਦੇਰ ਜਿਉਣਾ ਚਾਹੁੰਦਾ ਹਾਂ, ਕਿ ਮੇਰਾ ਦਿਲ ਮਿੱਤਰਾਂ ਨੂੰ ਜਾਣ ਸਕੇ। • (ਅੰਗਰੇਜ਼ੀ ਵਿਚੋਂ ਅਨੁਵਾਦ)



## ਪੁਸਤਕ ਪ੍ਰਾਪਤੀ

1. ਫੁੱਲਾਂ ਦੀ ਕੀਮਤ (ਬਾਲ ਕਾਵਿ-ਸੰਗ੍ਰਹਿ) ਵੀਰ ਭਾਨ ਨਾਰੰਗ, ਪੰਜ-ਆਬ ਪ੍ਰਕਾਸ਼ਨ ਜਲੰਧਰ
2. ਕਵੀ ਤੇ ਪਰਵਾਜ਼ (ਸਾਂਝਾ ਕਾਵਿ-ਸੰਗ੍ਰਹਿ) ਪੰਜਾਬੀ ਸਾਹਿਤ ਸਭਾ ਜ਼ੀਰਾ, ਪੰਜੰ ਆਬ ਪ੍ਰਕਾਸ਼ਨ, ਜਲੰਧਰ
3. ਸਾਝਾਂ ਦੀ ਨੀਂਹ (ਨਾਵਲ) ਦਿਆਲ ਦਾਸ ਕੰਵਲ, ਪੰਨੇ 286, ਮੁੱਲ 140/- ਯੂਨੀਸਟਾਰ ਬੁੱਕਸ, ਚੰਡੀਗੜ੍ਹ
4. ਸੁਪਨਾ, ਸ਼ੀਸ਼ਾ, ਲਹਿਰ (ਕਵਿਤਾਵਾਂ) ਡਾ. ਵਿਕਰਮਜੀਤ, ਅੰਮ੍ਰਿਤਸਰ ਮੁੱਲ 140/- ਰੂਪੀ ਪ੍ਰਕਾਸ਼ਨ, ਚੌਂਕ ਹੁਸੈਨ ਪੁਰਾ, ਅੰਮ੍ਰਿਤਸਰ
5. ਪੱਤੇ ਦੀ ਮਹਾਂ-ਯਾਤਰਾ (ਸਮੁੱਚੀ ਕਵਿਤਾ) ਪਰਮਿੰਦਰ ਸੋਢੀ, ਪੰਨੇ 368, ਮੁੱਲ 400/- ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ
6. ਤਨ ਤਕੀਆ (ਕਵਿਤਾਵਾਂ) ਪ੍ਰਮਿੰਦਰਜੀਤ, ਪੰਨੇ 168, ਮੁੱਲ 250/- ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ
7. ਮਖੌਟਿਆਂ ਦੇ ਆਰ-ਪਾਰ (ਕਵਿਤਾ) ਪਰਮਿੰਦਰ ਕੌਰ ਸਵੈਚ, ਬਲਰਾਜ ਸਾਹਨੀ ਪ੍ਰਕਾਸ਼ਨ ਬਠਿੰਡਾ
8. ਸੱਚ ਦੀ ਭਾਲ ਵਿਚ (ਵਾਰਤਕ ਲੇਖ) ਡਾ. ਦਿਲਜੀਤ ਸਿੰਘ ਪੰਨੇ 208, ਮੁੱਲ 100/- ਸਿੰਘ ਬ੍ਰਦਰਜ਼, ਅੰਮ੍ਰਿਤਸਰ
9. ਕਿਰਦੀ ਮਿੱਟੀ (ਕਵਿਤਾ) ਦਰਸ਼ਨ ਬੁਲੰਦਵੀ, ਪੰਨੇ 94, ਮੁੱਲ 120/- ਚੇਤਨਾ ਪ੍ਰਕਾਸ਼ਨ, ਲੁਧਿਆਣਾ
10. ਕੁੜਿੱਕੀ (ਪੂਰਾ ਨਾਟਕ) ਡਾ. ਜਗਜੀਤ ਸਿੰਘ ਕੋਮਲ ਮੁੱਲ 130/- ਪੰਨੇ 80 ਯੂਨੀਸਟਾਰ ਬੁੱਕਸ, ਚੰਡੀਗੜ੍ਹ
11. ਮਿੱਟੀ ਦੇ ਦੀਵੇ (ਕਵਿਤਾਵਾਂ) ਦਰਸ਼ਨ ਸਿੰਘ ਓਪਰਾਏ ਮੁੱਲ 125/- ਯੂਨੀਸਟਾਰ ਬੁੱਕਸ, ਚੰਡੀਗੜ੍ਹ
12. ਖੁਰਾਕ ਬਾਰੇ ਸੰਪੂਰਨ ਜਾਣਕਾਰੀ (ਵਾਰਤਕ) ਡਾ. ਹਰਸ਼ਿੰਦਰ ਕੌਰ ਐਮ. ਡੀ. ਪੰਨੇ 270, ਮੁੱਲ 120/- ਸਿੰਘ ਬ੍ਰਦਰਜ਼, ਅੰਮ੍ਰਿਤਸਰ
13. ਕੇਤਕੀ ਦੇ ਫੁੱਲ (ਗ਼ਜ਼ਲਾਂ) ਮੱਖਣ ਕੁਹਾੜ ਪੰਨੇ 110, ਮੁੱਲ 100/- 'ਹੁਣ' ਪ੍ਰਕਾਸ਼ਨ, ਚੰਡੀਗੜ੍ਹ
14. ਤੱਤੀ-ਠੰਢੀ ਰੇਤ (ਕਵਿਤਾ) ਹਰਭਜਨ ਸਿੰਘ ਖੇਮਕਰਨੀ, ਪੰਨੇ 96, ਮੁੱਲ 100/- ਪ੍ਰੇਰਨਾ ਪ੍ਰਕਾਸ਼ਨ, ਅੰਮ੍ਰਿਤਸਰ
15. ਜਗਿਆਸਾ (ਆਲੋਚਨਾ) ਤੇਜਵੰਤ ਮਾਨ ਪੰਨੇ 192, ਮੁੱਲ 300/- ਲਿਟਰੇਚਰ ਹਾਊਸ, ਅੰਮ੍ਰਿਤਸਰ
16. ਰੁਸਵਾਈਆਂ (ਗ਼ਜ਼ਲਾਂ) ਮੁਸ਼ਤਾਕ ਪੰਨੇ 164, ਮੁੱਲ 150/- ਅਸਥੈਟਿਕਸ ਪਬਲੀਕੇਸ਼ਨ, ਲੁਧਿਆਣਾ
17. ਸੁਖਨ ਨਿਸ਼ਾਨੀ (ਕਵਿਤਾਵਾਂ) ਪੰਨੇ 150, ਮੁੱਲ 150/- ਅਸਥੈਟਿਕਸ ਪਬਲੀਕੇਸ਼ਨਜ਼, ਲੁਧਿਆਣਾ
18. ਉਮਰਾਂ ਦੀ ਫੁਲਕਾਰੀ (ਚੋਣਵੀਂ ਕਵਿਤਾ) ਧਰਮ ਸਿੰਘ ਕੰਮੇਆਣਾ, ਪੰਨੇ 432, ਮੁੱਲ 400/- ਸਨਾਵਾਰ ਪਬਲੀਕੇਸ਼ਨਜ਼, ਪਟਿਆਲਾ

Chirag Quarterly
Jan-June 2011
Registered with the Registrar of News-Papers of India No. PUN-PUN 0 2276/AL/TC94

ਹਾਸ਼ਮ ਫਤਿਹ ਨਸੀਬ ਉਨ੍ਹਾਂ ਨੂੰ ਜਿਨਾਂ ਹਿੰਮਤ ਯਾਰ ਬਣਾਈ।

ਇੱਕ ਨਾਂ ਜਿਸ ਤੇ ਤੁਸੀਂ ਭਰੋਸਾ ਕਰ ਸਕਦੇ ਹੋ

®

ਅਮਰ ਪ੍ਰੀਤ

ਅਤੇ

AMAR PREET

Growth is Life

ਸੰਗਰਾਮ (ਗੋਲੀ ਅਤੇ ਮੈਸ਼)

ਸੰਤੁਲਿਤ ਪਸ਼ੂ ਖੁਰਾਕ

ਡੀਲਰਸ਼ਿਪ ਲਈ ਸੰਪਰਕ ਕਰੋ-

ਪ੍ਰੀਤ ਫੀਡ ਸੇਲਜ਼ ਤਰਨ ਤਾਰਨ

ਫੋਨ :-

01852-222927 (M) 98760-72265

Fax:- 01852-225327